*Published in Punjabi & English*
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ-10, ਅੰਕ-10, ਅਕਤੂਬਰ 2020 Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਮਿਹਨਤਕਸ਼ ਵਰਗ ਅਤੇ ਕਿਸਾਨ ਇਕਜੁਟ/3
ਬਦਲਵੇਂ ਰਿਹਾਇਸ਼ੀ ਪ੍ਰਬੰਧ ਤੋਂ ਵਗੈਰ ਝੁੱਗੀਆਂ ਦਾ ਉਜਾੜਾ/5
2020 ਦੀਆਂ ਹੋ ਰਹੀਆਂ ਅਮਰੀਕੀ ਚੋਣਾਂ ਗਧੀਗੇੜ/11
ਮੋਦੀ ਹਕੂਮਤੀ ਸੰਘੀ-ਲਾਣੇ ਦੀ ਫ਼ਾਸ਼ੀ ਮੁਹਿੰਮ ਦਾ ਇਕ ਹੱਥਾ/12
ਨਕਸਲਬਾੜੀ ਲਹਿਰ ਦੇ ਜਾਂਬਾਜ਼ ਕਾ. ਅਮਰ ਸਿੰਘ ਅੱਚਰਵਾਲ/16
ਅਦਾਲਤਾਂ ਨੂੰ ਸਤਿਕਾਰ ਆਪਣੇ ਫੈਸਲਿਆਂ ਕਾਰਨ ਮਿਲੂ, ਮਾਣਹਾਨੀ ਦੇ ਕੇਸਾਂ ਨਾਲ ਨਹੀਂ: ਅਰੁੰਧਤੀ ਰਾਏ/18
ਕੈਲਗਰੀ ਵਿੱਚ ਕਿਸਾਨਾਂ ਦੇ ਹੱਕ ਵਿੱਚ ਪ੍ਰਭਾਵਸ਼ਾਲੀ ਤੇ ਭਰਵੀਂ ਰੈਲੀ !/20
ਪਾਸ਼ ਕਰਕੇ ਸਿੱਖੀ ਪੰਜਾਬੀ/24
ਤਿੰਨ ਖੇਤੀ ਆਰਡੀਨੈਂਸ ਕੀ ਹਨ/26
ਕਰੋਨਾ ਨੂੰ ਲੋਕਾਂ ਦੀ ਹੱਕੀ ਆਵਾਜ਼ ਦਬਾਉਣ ਲਈ ਵਰਤ ਰਹੀਆਂ ਨੇ ਸਰਕਾਰਾਂ/27
ਕਾਮਾਗਾਟਾ ਮਾਰੂ ਦਾ ਇਤਿਹਾਸਕ ਸਾਕਾ ਅਤੇ ਗਦਰ ਲਹਿਰ/18

### ਮਾਮਲਾ ਆਰਡੀਨੈਂਸਾਂ ਦਾ

# ਖੇਤੀ ਬਿੱਲਾਂ ਵਿਰੁੱਧ ਕਿਸਾਨੀ ਦਾ ਜਬਰਦਸਤ ਉਭਾਰ





ਬੂਟਾ ਸਿੰਘ ਨਵਾਂਸ਼ਹਿਰ
94634-74342

25 ਸਤੰਬਰ ਨੂੰ 32 ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਮੁਕੰਮਲ ਬੰਦ ਨੂੰ ਪੰਜਾਬ ਦੇ ਸਮੂਹ ਹਿੱਸਿਆਂ ਵੱਲੋਂ ਦਿੱਤਾ ਗਿਆ ਬੇਮਿਸਾਲ ਹੁੰਗਾਰਾ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਦੀਆਂ ਨੀਤੀਆਂ ਵਿਰੁੱਧ ਉੱਠ ਰਹੇ ਲੋਕ ਰੋਹ ਦਾ ਸੂਚਕ ਹੈ। ਰਿਪੋਰਟਾਂ ਅਨੁਸਾਰ 250 ਕਿਸਾਨ ਜਥੇਬੰਦੀਆਂ ਦੇ 'ਦੇਸ਼ਵਿਆਪੀ ਬੰਦ ਅਤੇ ਵਿਰੋਧ ਦਿਵਸ' ਦੇ ਸੱਦੇ 'ਤੇ ਮੁਲਕ ਦੇ ਬਹੁਤ ਸਾਰੇ ਰਾਜਾਂ ਦੇ ਲੱਗਭੱਗ ਇਕ ਲੱਖ ਥਾਵਾਂ ਉੱਪਰ ਕਿਸਾਨ ਅਤੇ ਉਹਨਾਂ ਦੀ ਹਮਾਇਤ 'ਚ ਹੋਰ ਲੋਕ ਹਿੱਸਿਆਂ ਨੇ ਸੜਕਾਂ ਉੱਪਰ ਆ ਕੇ ਵਿਰੋਧ ਪ੍ਰਦਰਸ਼ਨ ਕੀਤੇ। ਪੰਜਾਬ ਤੋਂ ਇਲਾਵਾ ਹਰਿਆਣਾ, ਯੂ.ਪੀ., ਤੇਲੰਗਾਨਾ, ਕਰਨਾਟਕਾ, ਮੱਧ ਪ੍ਰਦੇਸ਼ ਅਤੇ ਹੋਰ ਰਾਜਾਂ ਵਿਚ ਵੀ ਵਿਆਪਕ ਕਿਸਾਨ ਲਾਮਬੰਦੀ ਹੋਈ। ਪੰਜਾਬ ਵਿਚ ਸੜਕਾਂ ਅਤੇ ਬਾਜ਼ਾਰ ਪੂਰੀ ਤਰ੍ਹਾਂ ਸੁੰਨ-ਮਸਾਨ ਰਹੇ। ਕੋਰੋਨਾ ਮਹਾਮਾਰੀ ਦੇ ਦੌਰ ਵਿਚ ਇਹ ਦੁਨੀਆ ਭਰ ਵਿਚ ਸਭ ਤੋਂ ਬੜੀ ਲੋਕ ਲਾਮਬੰਦੀ ਹੈ। ਸੜਕਾਂ ਉੱਪਰ ਸੰਘਰਸ਼ਸ਼ੀਲ ਇਕੱਠਾਂ ਦੀ ਹਲਚਲ ਨੂੰ ਛੱਡ ਕੇ ਬਾਕੀ ਤਮਾਮ ਕੰਮਕਾਰ ਠੱਪ ਰਹੇ। ਬੱਸਾਂ, ਰੇਲਾਂ ਦੀ ਆਵਾਜਾਈ ਦੇ ਨਾਲ-ਨਾਲ ਸਮੁੱਚੇ ਸ਼ਹਿਰ ਅਤੇ ਕਸਬੇ ਪੂਰੀ ਤਰ੍ਹਾਂ ਬੰਦ ਰਹੇ। ਵਪਾਰ ਮੰਡਲ, ਮੁਲਾਜ਼ਮ ਜਥੇਬੰਦੀਆਂ, ਵਕੀਲਾਂ ਅਤੇ ਹੋਰ ਪੇਸ਼ੇਵਰ ਲੋਕਾਂ, ਗਾਇਕਾਂ, ਕਲਾਕਾਰਾਂ, ਲੇਖਕਾਂ, ਸਾਹਿਤਕਾਰਾਂ ਸਮੇਤ ਵੱਖ-ਵੱਖ ਹਿੱਸਿਆਂ ਨੇ ਬੰਦ ਵਿਚ ਜੋਸ਼-ਖਰੋਸ਼ ਨਾਲ ਹਿੱਸਾ ਲਿਆ। ਪਿੰਡਾਂ ਵਿੱਚੋਂ ਲੋਕ ਆਪਮੁਹਾਰੇ ਤੌਰ 'ਤੇ ਕਾਫ਼ਲੇ ਬੰਨ੍ਹਕੇ ਬੰਦ ਵਿਚ ਸ਼ਾਮਲ ਹੋਏ। ਜਥੇਬੰਦੀਆਂ ਨਾਲ ਜੁੜੇ ਵਿਦਿਆਰਥੀਆਂ ਅਤੇ ਨੌਜਵਾਨਾਂ ਤੋਂ ਪਾਰ ਜਾ ਕੇ ਪਿੰਡਾਂ ਵਿੱਚੋਂ ਆਮ ਨੌਜਵਾਨਾਂ ਦੀ ਗਿਣਨਯੋਗ ਸ਼ਮੂਲੀਅਤ ਇਸ ਬੰਦ ਦੀ ਖ਼ਾਸ ਵਿਸ਼ੇਸ਼ਤਾ ਰਹੀ। ਸੰਘਰਸ਼ ਬੰਦ ਦੇ ਰੂਪ 'ਚ ਸਿਖ਼ਰਾਂ ਛੂਹ ਕੇ ਖ਼ਤਮ ਨਹੀਂ ਹੋਇਆ, ਇਸ ਦਾ ਸੰਗਰਾਮੀ ਵੇਗ ਬਰਕਰਾਰ ਹੈ। ਦੋ ਕਿਸਾਨ ਜਥੇਬੰਦੀਆਂ ਨੇ 'ਰੇਲ ਰੋਕੋ' ਐਕਸ਼ਨ ਤਹਿਤ ਬਹੁਤ ਸਾਰੀਆਂ ਥਾਵਾਂ 'ਤੇ ਰੇਲ ਪੱਟੜੀਆਂ ਉੱਪਰ 24 ਸਤੰਬਰ ਤੋਂ ਲਗਾਤਾਰ ਮੋਰਚੇ ਮੱਲੇ ਹੋਏ ਹਨ। ਇਸ ਤੋਂ ਪਹਿਲਾਂ ਵੀ ਉਹਨਾਂ ਨੇ ਬਾਦਲਾਂ ਅਤੇ ਕੈਪਟਨ ਦੇ ਘਰਾਂ ਅੱਗੇ ਕਈ-ਕਈ ਦਿਨ ਲਗਾਤਾਰ ਮੋਰਚੇ ਲਗਾ ਕੇ ਸੱਤਾ ਨੂੰ ਵਕਤ ਪਾਈ ਰੱਖਿਆ। ਸਾਂਝੇ ਸੰਘਰਸ਼ ਦੇ ਅਗਲੇ ਐਕਸ਼ਨ ਵੀ ਇਸੇ ਤਰ੍ਹਾਂ ਮਹੱਤਵਪੂਰਨ ਹੋਣਗੇ।

ਬੰਦ ਦੀ ਇਕ ਖ਼ਾਸੀਅਤ ਇਹ ਰਹੀ ਕਿ ਕਿਸਾਨ ਜਥੇਬੰਦੀਆਂ ਨੇ ਬੰਦ ਦੀ ਹਮਾਇਤ ਕਰਨ ਵਾਲੇ ਹਰ ਹਿੱਸੇ ਦਾ ਸਵਾਗਤ ਕੀਤਾ। ਲੇਕਿਨ ਹਾਕਮ ਜਮਾਤੀ ਸਿਆਸੀ ਪਾਰਟੀਆਂ ਨੂੰ ਸਖ਼ਤੀ ਨਾਲ ਸੁਣਾਉਣੀ ਕਰ ਦਿੱਤੀ ਗਈ ਸੀ ਕਿ ਕਿਸਾਨ ਇਕੱਠਾਂ ਦਾ ਰਾਜਨੀਤਕ ਲਾਹਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸੇ ਕਾਰਨ ਹਾਕਮ ਜਮਾਤੀ ਸਿਆਸਤਦਾਨਾਂ ਨੇ ਇਹਨਾਂ ਇਕੱਠਾਂ ਵੱਲ ਮੂੰਹ ਕਰਨ ਦੀ ਹਿੰਮਤ ਨਹੀਂ ਕੀਤੀ। ਕਈ ਥਾਵਾਂ 'ਤੇ ਇਕੱਠਾਂ ਦਾ

(ਬਾਕੀ ਸਫ਼ਾ 15 'ਤੇ

CONGRATULATIONS
TEAM OVER 600 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS MULTIPLE LISTING SERVICE
urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical Illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਪਾਸ਼ ਯਾਦਗਾਰੀ ਸੈਮੀਨਾਰ ਅਤੇ ਕਵੀ ਦਰਬਾਰ

**• ਸਭ ਤੋਂ ਸੂਖ਼ਮ ਹੱਲਾ ਸਾਡੇ ਸੁਪਨਿਆਂ ’ਤੇ ਹੈ : ਡਾ. ਸੁਰਜੀਤ ਸਿੰਘ ਭੱਟੀ • ਕਵੀਆਂ ਦੇ ਸਿਵਿਆਂ ਦੇ ਅੰਗਿਆਰ ਕਦੇ ਠੰਢੇ ਨਹੀਂ ਹੁੰਦੇ : ਸੁਰਜੀਤ ਪਾਤਰ**












ਜਲੰਧਰ, (ਬਲਜਿੰਦਰ ਸਿੰਘ) ਯੁੱਗ ਕਵੀ ਪਾਸ਼ ਦੇ ਜਨਮ ਦਿਹਾੜੇ ਨੂੰ ਸਮਰਪਿਤ 32ਵਾਂ ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਜੋਸ਼-ਖਰੋਸ਼ ਨਾਲ ਮਨਾਇਆ ਗਿਆ। ਸਮਾਗਮ ਦਾ ਆਗਾਜ਼ ਧਰਮਿੰਦਰ ਮਸਾਣੀ ਅਤੇ ਨਰਗਿਸ ਦੇ ਖ਼ੂਬਸੂਰਤ ਗੀਤਾਂ ਨਾਲ ਹੋਇਆ।

ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਮਨਾਏ 32ਵੇਂ ਪਾਸ਼ ਯਾਦਗਾਰੀ ਸਾਹਿਤਕ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੇਵਾਮੁਕਤ ਪ੍ਰੋ. ਸੁਰਜੀਤ ਸਿੰਘ ਭੱਟੀ (ਡਾ.) ਨੇ ‘ਪਾਸ਼ ਰਚਨਾਵਲੀ ਅਤੇ ਅਜੋਕੀਆਂ ਚੁਣੌਤੀਆਂ’ ਵਿਸ਼ੇ ਉੱਪਰ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਮਿੱਟੀ ਦਾ ਜਾਇਆ ਪਾਸ਼ ਦਾ ਸਾਰਾ ਜੀਵਨ; ਸਾਹਿਤ ਸਿਰਜਣਾ, ਕਾਵਿ-ਸੰਸਾਰ ਅਤੇ ਉਸਦਾ ਦਰਦਨਾਕ ਵਿਛੋੜਾ ਗਵਾਹੀ ਭਰਦਾ ਹੈ ਕਿ ਉਹ ਸਮਾਜ ਦੀ ਸਿਰਜਕ ਮਿਹਨਤਕਸ਼ ਜਮਾਤ ਦਾ ਵਫ਼ਾਦਾਰ, ਸੂਖ਼ਮ ਅਤੇ ਸੂਰਮਾ ਪੁੱਤ ਬਣਕੇ ਜੀਵਿਆ ਅਤੇ ਮਰਿਆ।

ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਸਾਡੀ ਬੰਦੇ ਹੋਣ ਦੀ ਸੰਵੇਦਨਾ ਦਾ ਚਿਰਾਂ ਤੋਂ ਦਮ ਘੁੱਟਿਆ ਜਾ ਰਿਹਾ ਹੈ, ਪਾਸ਼ ਦੀ ਕਵਿਤਾ ਨੇ ਇਸ ਮਾਰੂ ਹੱਲੇ ਨੂੰ ‘ਸਭ ਤੋਂ ਖ਼ਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ’ ਕਵਿਤਾ ਵਿੱਚ ਬਹੁਤ ਦੇਰ ਪਹਿਲਾਂ ਹੀ ਜਾਣ ਲਿਆ ਸੀ।

ਉਹਨਾਂ ਕਿਹਾ ਕਿ ਪਾਸ਼ ਨੇ ਇੱਕੋ ਸਮੇਂ ਅਨੇਕਾਂ ਮੋਰਚਿਆਂ ’ਤੇ ਕਲਮ ਨਾਲ ਗੌਰਵਮਈ ਅੰਦਾਜ਼ ਵਿੱਚ ਯੁੱਧ ਕੀਤਾ। ਉਹ ਨਾਰੀਅਲ ਦੇ ਗੁੱਟ ਵਰਗਾ ਅਜੇਹਾ ਕਵੀ ਸੀ ਜੋ ਕਾਲੀਆਂ ਤਾਕਤਾਂ ਲਈ ਖਰਵਾ ਪਰ ਆਪਣੇ ਸਮਾਜ ਸਿਰਜਕ ਲੋਕਾਂ ਲਈ ਨਾਰੀਅਲ ਦੇ ਅੰਦਰਲੀ ਠੂਠੀ ਵਰਗਾ ਚਿੱਟਾ ਅਤੇ ਸਿਹਤਮੰਦ ਸਾਹਿਤ ਦਾ ਸਾਗਰ ਸੀ।

ਡਾ. ਸੁਰਜੀਤ ਸਿੰਘ ਭੱਟੀ ਨੇ ਕਿਹਾ ਕਿ ਅੱਜ ਜਦੋਂ ਮੁਲਕ ਦੇ ਮੰਨੇ-ਪ੍ਰਮੰਨੇ ਵਿਦਵਾਨ, ਕਵੀ, ਲੇਖਕ, ਜਮਹੂਰੀ ਅਤੇ ਸਮਾਜਿਕ ਕਾਰਕੁੰਨ ਜੇਲ੍ਹਾਂ ਪਿੱਛੇ ਡੱਕੇ ਹਨ ਅਜਿਹੇ ਦੌਰ ਅੰਦਰ ਪਾਸ਼ ਦੀ ਕਵਿਤਾ ਗੂੰਗਿਆਂ ਨੂੰ ਬੋਲਣ ਅਤੇ ਬਹਿਰਿਆਂ ਨੂੰ ਸੁਣਨ ਦੇ ਹਾਣੀ ਬਣਾਉਣ ਦੀ ਅਥਾਹ ਸ਼ਕਤੀ ਰੱਖਦੀ ਹੈ। ਉਹਨਾਂ ਕਿਹਾ ਕਿ ‘ਦੜ ਵੱਟ ਜ਼ਮਾਨਾ ਕੱਟ’ ਵਾਲੀ ਪ੍ਰਵਿਰਤੀ ਸਾਡੀ ਮੁੱਢੋਂ ਵੈਰਨ ਹੈ ਇਸ ਲਈ ਮੁਲਕ, ਸਾਹਿਤ ਅਤੇ ਸਾਡੇ ਸਮਿਆਂ ਨੂੰ ਦਰਪੇਸ਼ ਚੁਣੌਤੀਆਂ ਨਾਲ ਸਿੱਧੇ ਮੱਥੇ ਪਰ ਬਹੁਤ ਹੀ ਸੂਝ-ਬੂਝ ਅਤੇ ਕਲਮ ਦੀ ਆਪਾਰ ਸ਼ਕਤੀ ਨੂੰ ਸਮਝਦਿਆਂ ਹੀ ਫਤਿਹ ਪਾਈ ਜਾ ਸਕਦੀ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ, ਕਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਨਾਮਵਰ ਕਵੀ ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਜੌਹਲ ਅਤੇ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੈਂਬਰ ਅਮੋਲਕ ਸਿੰਘ ਦੀ ਪ੍ਰਧਾਨਗੀ ’ਚ ਹੋਏ ਇਸ ਸਮਾਗਮ ’ਚ ਹੱਥ ਖੜੇ ਕਰਕੇ ਮਤੇ ਪਾਸ ਕੀਤੇ ਗਏ ਕਿ ਮੁਲਕ ਦੀਆਂ ਨਾਮਵਰ ਹਸਤੀਆਂ, ਲੇਖਕਾਂ, ਕਵੀਆਂ, ਰੰਗਕਰਮੀਆਂ, ਤਰਕਸ਼ੀਲ, ਜਮਹੂਰੀ ਸਮਾਜਿਕ ਕਾਮਿਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉੱਤੇ ਮੜ੍ਹੀਆਂ ਪਾਬੰਦੀਆਂ ਖਤਮ ਕੀਤੀਆਂ ਜਾਣ। ਪੰਜਾਬੀ ਭਾਸ਼ਾ ਨੂੰ ਸਾਡੇ ਅਤੇ ਵੱਖ-ਵੱਖ ਸੂਬਿਆਂ ਵਿੱਚ ਦਰਕਿਨਾਰ ਕਰਨ ਦੇ ਬੋਲੇ ਹੱਲੇ ਬੰਦ ਕੀਤੇ ਜਾਣ। ਖੇਤੀ ਆਰਡੀਨੈਂਸ ਰੱਦ ਕਰਨ ਲਈ ਚੱਲ ਰਹੀ ਕਿਸਾਨ ਲਹਿਰ ਦੀ ਹਮਾਇਤ ਵਿੱਚ ਵੀ ਸਰੋਤਿਆਂ ਨੇ ਹੱਥ ਖੜ੍ਹੇ ਕਰਕੇ ਮਤੇ ਪਾਸ ਕੀਤੇ।

ਪ੍ਰੋ. ਸਤਿੰਦਰ ਔਲਖ (ਡਾ.) ਦੇ ਅਚਨਚੇਤ ਵਿਛੋੜੇ ਕਾਰਨ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਦੇ ਮੈਂਬਰ ਡਾ. ਪਰਮਿੰਦਰ ਸਿੰਘ ਨੂੰ ਪੁੱਜੇ ਸਦਮੇ ’ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਖੜੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਪਾਸ਼ ਟਰੱਸਟ ਦੇ ਕਨਵੀਨਰ ਸੁਰਿੰਦਰ ਧੰਜਲ (ਡਾ.) ਦਾ ਸੁਨੇਹਾ ਪੜ੍ਹਕੇ ਸੁਣਾਇਆ ਅਤੇ ਵੰਡਿਆ ਗਿਆ।

ਵਿਚਾਰ ਚਰਚਾ ਦੇ ਇਸ ਸੈਸ਼ਨ ਦਾ ਮੰਚ ਸੰਚਾਲਨ ਅਮੋਲਕ ਸਿੰਘ ਨੇ ਕੀਤਾ।

ਪ੍ਰਧਾਨਗੀ ਮੰਡਲ ਵੱਲੋਂ ਡਾ. ਹਰਿਭਗਵਾਨ ਬਰਨਾਲਾ ਦੀਆਂ ਪੁਸਤਕਾਂ ‘ਪੰਜਾਬੀ ਜੁਝਾਰ ਕਾਵਿ : ਇੱਕ ਅਧਿਐਨ’ ਦੇ ਦੋਵੇਂ ਭਾਗ ਅਤੇ ਹਰਮੇਸ਼ ਮਾਲੜੀ ਦੇ ਨਾਵਲ ‘ਅਸੀਂ ਨੀ ਜਾਣਾ ਪਾਤਾਲ ਲੋਕ’ ਲੋਕ ਅਰਪਣ ਕੀਤੇ ਗਏ। ‘ਕਿੱਥੇ ਹੈ ਰਾਤ ਦਾ ਚੰਨ’ (ਸੰਪਾਦਕ : ਅਮੋਲਕ ਸਿੰਘ) ਪੁਸਤਕ ਹਾਜ਼ਰ ਕਵੀਆਂ ਨੂੰ ਭੇਂਟ ਕੀਤੀ ਗਈ।

ਸਮਾਗਮ ਦੇ ਦੂਜੇ ਸੈਸ਼ਨ ਕਵੀ ਦਰਬਾਰ ਵਿੱਚ ਸ਼ਬਦੀਸ਼, ਮੋਹਨ ਮਤਿਆਲਵੀ, ਹਰਵਿੰਦਰ ਭੰਡਾਲ, ਸੁਸ਼ੀਲ ਦੁਸਾਂਝ, ਹਰਮੀਤ ਵਿਦਿਆਰਥੀ, ਸੁਰਜੀਤ ਜੱਜ, ਰਸ਼ੀਦ ਅੱਬਾਸ ਮਲੇਰਕੋਟਲਾ, ਕੁਲਵੰਤ ਕੌਰ ਨਗਰ, ਲਖਵਿੰਦਰ ਜੌਹਲ, ਅੰਮ੍ਰਿਤਪਾਲ ਬੰਗੇ ਬਠਿੰਡਾ, ਦਰਸ਼ਨ ਖਟਕੜ ਅਤੇ ਸੁਰਜੀਤ ਪਾਤਰ ਨੇ ਆਪਣੀਆਂ ਨਜ਼ਮਾਂ ਦਾ ਖ਼ੂਬਸੂਰਤ ਰੰਗ ਪੇਸ਼ ਕੀਤਾ।

ਫ਼ਿਰਕੂ ਜ਼ਹਿਰ ਭਰੀਆਂ ਪੌਣਾਂ, ਬੇਰੁਜ਼ਗਾਰੀ, ਲੋਕਾਂ ਉੱਪਰ ਚੌਤਰਫੇ ਹੱਲਿਆਂ, ਕਸ਼ਮੀਰ, ਜੰਗਲ, ਵਿਚਾਰਾਂ ਦੇ ਪ੍ਰਗਟਾਵੇ ਨੂੰ ਨੱਪਣ ਲਈ ਜੁਬਾਨਬੰਦੀ, ਖੇਤੀ ਆਰਡੀਨੈਂਸਾਂ ਦੀ ਮਾਰ, ਦਲਿਤ, ਮੁਸਲਮਾਨ ਭਾਈਚਾਰੇ ਅਤੇ ਬੌਧਿਕ ਹਲਕਿਆਂ ਨੂੰ ਚੋਣਵੇਂ ਨਿਸ਼ਾਨੇ ਦੀ ਮਾਰ ਹੇਠ ਲਿਆਉਣ ਖਿਲਾਫ਼ ਅੱਜ ਦੇ ਕਵੀ ਦਰਬਾਰ ’ਚ ਕਵੀਆਂ ਦੀਆਂ ਕਵਿਤਾਵਾਂ ਨੇ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੱਤਾ।

ਕਵੀ ਦਰਬਾਰ ਦਾ ਸਿਖਰ ਹੋ ਨਿੱਬੜੀ ਸੁਰਜੀਤ ਪਾਤਰ ਵੱਲੋਂ ਐਨ.ਡੀ.ਟੀ.ਵੀ. ਇੰਡੀਆ ਦੇ ਪੱਤਰਕਾਰ ਰਵੀਸ਼ ਕੁਮਾਰ ਦੇ ਨਾਂਅ ਲਿਖੀ ਨਜ਼ਮ। ਨਜ਼ਮ ਬੋਲਦੀ ਹੈ ਕਿ:

**ਸਾਨੂੰ ਤੰਗ ਬਹੁਤ ਕਰਦਾ ਤੂੰ**
**ਤਰਕ ਅਤੇ ਤਕਰਾਰ ਦੇ ਨਾਲ**
**ਅਸੀਂ ਵਿਚਾਰੇ ਕੱਟ ਨਹੀਂ ਸਕਦੇ**
**ਕੋਈ ਵਿਚਾਰ, ਵਿਚਾਰ ਦੇ ਨਾਲ**
**ਸਾਡੀ ਗੱਲ ਹੋ ਗਈ ਹੈ**
**ਰਾਤੀਂ ਇੱਕ ਕਾਤਲ ਦੇ ਨਾਲ**
**ਜੇ ਅਸੀਂ ਤੇਰੀ ਗੱਲ ਨਹੀਂ ਕੱਟ ਸਕਦੇ**
**ਤੇਰਾ ਗਲ ਤਾਂ ਕੱਟ ਸਕਦੇ ਹਾਂ।”**

ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ।

ਪਾਤਰ ਨੇ ਕਿਹਾ ਕਿ, “ਕਵੀਆਂ ਦੇ ਸਿਵਿਆਂ ’ਚ ਦਹਿਕਦੇ ਅੰਗਿਆਰ ਕਦੇ ਠੰਢੇ ਨਹੀਂ ਹੁੰਦੇ।”

ਕਵੀ ਦਰਬਾਰ ਦਾ ਮੰਚ ਸੰਚਾਲਨ ਜਗੀਰ ਜੋਸਨ ਨੇ ਕੀਤਾ।

ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਉੱਘੇ ਕਹਾਣੀਕਾਰ ਅਤਰਜੀਤ ਨੇ ਹਾਜ਼ਰੀਨ ਸਰੋਤਿਆਂ, ਵਿਦਵਾਨਾਂ, ਕਵੀਆਂ ਦਾ ਧੰਨਵਾਦ ਕੀਤਾ।

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com



**Honorary Advisory Board**

Sukhdev Singh Sandhu (Toronto)

Master Balbir Singh Gill (Toronto)
Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


# ਮਿਹਨਤਕਸ਼ ਵਰਗ ਅਤੇ ਕਿਸਾਨ ਇਕਜੁਟ




ਹਰੀਪਾਲ
403-714-4816




ਅੱਜ ਕੱਲ ਪੰਜਾਬ ਜਾਂ ਹਰਿਆਣਾਂ ਦੇ ਕਿਸਾਨ ਸੁਰਖੀਆਂ ਵਿੱਚ ਹਨ। ਕਿਸਾਨਾਂ ਦਾ ਸਾਥ ਦੇਣ ਲਈ ਖੇਤ ਮਜ਼ਦੂਰ ਵੀ ਨਾਲ਼ ਆ ਖੜੇ ਹਨ। ਕਿਸਾਨਾਂ ਦਾ ਇਹ ਸੰਘਰਸ਼ ਇੱਕ ਫੈਸਲਾਕੁੰਨ ਮੋੜ ਤੇ ਪਹੁੰਚ ਗਿਆ ਹੈ । ਸੜਕਾਂ ਬੱਸਾਂ ਜਾਮ ਹਨ, ਪਹਿਲਾਂ ਤੋਂ ਹੀ ਦੁਖੀ ਕਿਸਾਨ ਦਾ ਗੁੱਸਾ ਪਾਰੇ ਵਾਂਗੂ ਚੜ ਗਿਆ ਹੈ। ਦੁਨੀਆਂ ਭਰ ਵਿੱਚ ਪੰਜਾਬੀ ਜਾਂ ਭਾਰਤੀ ਕਿਸਾਨਾਂ ਦੇ ਹੱਕ ਵਿੱਚ ਮੁਜਾਹਰੇ ਹੋ ਰਹੇ ਹਨ। ਦੁਨੀਆਂ ਭਰ ਦੀਆਂ ਸਰਕਾਰਾਂ ਆਪਦੇ ਕਾਰਪੋਰੇਟ ਬੌਸਾਂ ਦੇ ਇਸ਼ਾਰਿਆਂ ਤੇ ਨੱਚ ਰਹੀਆਂ ਹਨ। ਕਾਰਪੋਰੇਸ਼ਨਾਂ ਨਾਲ਼ ਮਿਲ਼ੀਆਂ ਹੋਈਆਂ ਸਰਕਾਰਾਂ ਇਸ ਤਾਕ ਵਿੱਚ ਹਨ ਕਿ ਕਿਸਾਨਾਂ ਨੂੰ ਵੱਧ ਤੋਂ ਵੱਧ ਔਖਾ ਕੀਤਾ ਜਾਵੇ ਤਾਂ ਕਿ ਕਿਸਾਨ ਆਪਦੇ ਆਪ ਹੀ ਹੱਥ ਖੜੇ ਕਰ ਜਾਣ ਤੇ ਜ਼ਮੀਨਾਂ ਕਾਰਪੋਰੇਸ਼ਨਾਂ ਦੇ ਕੋਲ਼ ਆ ਜਾਣ। ਪਹਿਲਾਂ ਤਾਂ ਖੇਤੀ ਲਈ ਜ਼ਰੂਰੀ ਰੇਹ ਤੇਲ ਇੰਨੇ ਮਹਿੰਗੇ ਕਰ ਦਿੱਤੇ ਗਏ ਕਿ ਖੇਤੀ ਲਾਹੇਬੰਦਾ ਸੌਦਾ ਹੀ ਨਹੀਂ ਰਿਹਾ। ਹੁਣ ਰਹਿੰਦੀ ਕਸਰ ਸਿੱਧਾ ਕਿਸਾਨ ਨੂੰ ਵਪਾਰੀ ਦੇ ਰਹਿਮੋ ਕਰਮ ਤੇ ਕਰਨਾ ਤਾਂ ਕਿ ਜਿਨਸ ਦੇ ਮੁੱਲ ਦੀ ਜਿਹੜੀ ਥੋੜੀ ਬਹੁਤ ਗਰੰਟੀ ਸੀ, ਉਹ ਵੀ ਚੱਕੀ ਜਾਵੇ ਅਤੇ ਕਿਸਾਨੀ ਹੋਰ ਪਿਸ ਜਾਵੇ, ਇਸਦੇ ਨਾਲ਼ ਸਿਰਫ ਕਿਸਾਨੀ ਹੀ ਨਹੀਂ ਖੇਤ ਮਜ਼ਦੂਰ ਅਤੇ ਛੋਟੇ ਮੋਟੇ ਵਪਾਰੀਆਂ ਦੇ ਚੁੱਲ੍ਹੇ ਵੀ ਠੰਡੇ ਹੋ ਜਾਣਗੇ। ਪਰ ਇਹ ਮਸਲਾ ਸਿਰਫ ਪੰਜਾਬ ਜਾਂ ਭਾਰਤ ਦਾ ਨਹੀਂ ਹੈ। ਪਿਛਲੀ ਸਦੀ ਵਿੱਚ ਸ਼ੁਰੂ ਹੋਏ ਫਰੀ ਟਰੇਡ ਜਾਂ ਨਵ-ਉਦਾਰਵਾਦ ਨੇ ਕਾਰਪੋਰੇਸ਼ਨਾਂ ਕੋਲ਼ ਇੰਨੀ ਦੌਲਤ ਜਮਾਂ ਕਰ ਦਿੱਤੀ ਹੈ ਕਿ ਉਹਨਾਂ ਨੂੰ ਇਨਵੈਸਟਮੈਂਟ ਲਈ ਹੋਰ ਖੇਤਰ ਚਾਹੀਦੇ ਹਨ, ਕਰੋਨਾਂ ਦੀ ਮਹਾਂਮਾਰੀ ਨੇ ਤਾਂ ਜਿੱਥੇ ਗਰੀਬਾਂ ਦਾ ਰਹਿੰਦਾ ਖ਼ੂਨ ਵੀ ਨਿਚੋੜ ਦਿੱਤਾ ਹੈ ਉਥੇ ਅਰਬਪਤੀਆਂ ਨੂੰ ਖ਼ਰਬਤਪਤੀ ਬਣਾ ਦਿੱਤਾ ਹੈ। ਹੁਣ ਜਿਹੜਾ ਸਭ ਤੋਂ ਵੱਡਾ ਖੇਤਰ ਸੀ, ਉਹ ਸੀ ਜ਼ਮੀਨ, ਜ਼ਮੀਨ ਜਿਹੜੀ ਕਿ ਸਭ ਤੋਂ ਸੇਫ ਇਨਵੈਸਟਮੈਂਟ ਹੈ ਕਿਉਂਕਿ ਜਮੀਨ ਕਿਸਾਨ ਲਈ ਜ਼ਰੂਰ ਮਾਂ ਦਾ ਦਰਜਾ ਰੱਖਦੀ ਹੈ ਪਰ ਕਾਰਪੋਰੇਸ਼ਨਾਂ ਲਈ ਸਿਰਫ ਇੱਕ ਇਨਵੈਸਟਮੈਂਟ ਹੈ। ਕਾਰਪੋਰੇਸ਼ਨਾਂ ਨੇ ਹੋਰ ਮੁਨਾਫਾ ਹੋਰ ਮੁਨਾਫਾ ਕਮਾਉਣਾ ਹੈ। ਕਾਰਪੋਰੇਸ਼ਨਾਂ ਦੀ ਸੋਚ ਨੈਤਿਕ ਨਾਂ ਹੋ ਕੇ ਸਿਰਫ ਮੁਨਾਫੇ ਤੱਕ ਸੀਮਤ ਹੁੰਦੀ ਹੈ। ਹੁਣ ਜਦਕਿ ਕਰੋਨਾਂ ਮਹਾਂਮਾਰੀ ਡੁੱਬ ਰਹੇ ਪੂੰਜੀਵਾਦ ਲਈ ਇੱਕ ਸੰਜੀਵਨੀ ਬੂਟੀ ਬਣ ਕੇ ਆਇਆ ਹੈ ਤਾਂ ਇਹੋ ਜਿਹੇ ਮੌਕੇ ਦਾ ਫਾਇਦਾ ਉਠਾਉਣਾ ਹੋਰ ਵੀ ਸੌਖਾ ਹੈ ਕਿਉਂਕਿ ਇਹੋ ਜਿਹੇ ਮੌਕੇ ਵਿਰੋਧੀ ਅਵਾਜ ਦਬਾਉਣੀ ਬਹੁਤ ਸੌਖੀ ਹੁੰਦੀ ਹੈ। ਛੋਟੀ ਜਿਹੀ ਉਦਾਹਰਣ ਹੀ ਦੇਖੀਏ, ਦੁਨੀਆਂ ਭਰ ਵਿੱਚ ਵਿਦਰੋਹੀ ਅਵਾਜੇਲ਼ਾਂ ਵਿੱਚ ਸੁੱਟ ਦਿੱਤੀ ਗਈ ਹੈ। ਸਾਰੀ ਦੁਨੀਆਂ ਵਿੱਚ ਕਰੋਨੇ ਦਾ ਇੱਕ ਇਹੋ ਜਿਹਾ ਹਊਆ ਖੜਾ ਕਰ ਦਿੱਤਾ ਗਿਆ ਹੈ ਕਿ ਲੋਕਾਂ ਨੂੰ ਇੱਕ ਦੂਜੇ ਤੋਂ ਛੇ ਛੇ ਫੁੱਟ ਦੂਰ ਰਹਿਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ ਤਾਂ ਕਿ ਲੋਕ ਇਕੱਠੇ ਹੋਣ ਤੋਂ ਵੀ ਡਰਨ। ਲੋਕਾਂ ਨੂੰ ਭੁਲਾ ਦਿੱਤਾ ਗਿਆ ਹੈ ਕਿ ਕਰੋਨੇ ਨਾਲ਼ੋ ਦਸ ਗੁਣਾ ਵੱਧ ਲੋਕ ਹਰ ਰੋਜ਼ ਭੁੱਖ ਨਾਲ਼ ਮਰ ਰਹੇ ਹਨ। ਅੱਜ ਭੁੱਖ ਨਾਲ਼ ਮਰਨ ਵਾਲ਼ਿਆਂ ਦਾ ਕੋਈ ਨਾਂ ਵੀ ਨਹੀਂ ਲੈਂਦਾ, ਜਿਹੜਾ ਕੋਈ ਕਿਸੇ ਹੋਰ ਬਿਮਾਰੀ ਨਾਲ਼ ਮਰਦਾ ਹੈ, ਉਹ ਵੀ ਲੋਕਾਂ ਵਿੱਚ ਦਹਿਸ਼ਤ ਪਾਉਣ ਲਈ ਕਰੋਨੇ ਦੇ ਖਾਤੇ ਵਿੱਚ ਪਾ ਦਿੱਤਾ ਜਾਂਦਾ ਹੈ। ਅਖੌਤੀ ਡੈਮੋਕਰੇਟਿਕ ਸਰਕਾਰਾਂ ਆਪਦੀ ਮਨਮਰਜੀ ਤੇ ਉਤਰ ਆਈਆਂ ਹਨ ਕਿਉਂਕਿ ਵਿਰੋਧ ਤਾਂ ਬਿਲਕੁੱਲ ਹਾਸ਼ੀਏ ਤੇ ਧੱਕ ਦਿੱਤਾ ਗਿਆ ਹੈ। ਲੋਕਾਂ ਦਾ ਦੁੱਖ ਦਰਦ ਸਮਝਣ ਵਾਲ਼ਿਤਾਂ ਨੂੰ ਜੇਲ਼ਾਂ ਵਿੱਚ ਸੁੱਟ ਦਿੱਤਾ ਗਿਆ ਹੈ।

ਜੇਕਰ ਅਸੀਂ ਅੰਤਰਾਸ਼ਟਰੀ ਪੱਧਰ ਤੇ ਦੇਖੀਏ ਤਾਂ ਇਹ ਵਰਤਾਰਾ ਕਾਫੀ ਚਿਰ ਤੋਂ ਚੱਲ ਰਿਹਾ ਹੈ । ਕੁੱਝ ਚਿਰ ਪਹਿਲਾਂ 'ਗਰੇਨ' ਨਾਂ ਦੇ ਮੈਗਜ਼ੀਨ ਵਿੱਚ ਇੱਕ ਰਿਪੋਰਟ "ਸੀਜਡ" ਨਾਂ ਦੇ ਥੱਲੇ ਛਪੀ ਸੀ ਜਿਹੜੀ ਕਿ ਕਿਸੇ ਐਨ.ਜੀ.ਓ ਨੇ ਛਾਪੀ ਸੀ। ਇਹ ਰਿਪੋਰਟ ਇੱਕ ਅਲਾਰਮ ਦੀ ਤਰ੍ਹਾਂ ਆਈ ਕਿ ਕਿਸਤਰਾਂ ਕੁੱਝ ਏਸ਼ੀਅਨ ਅਤੇ ਅਰਬ ਦੇਸ਼ ਅਫਰੀਕਾ ਵਿੱਚ ਗਰੀਬ ਲੋਕਾਂ ਤੋਂ ਜਮੀਨ ਲੈ ਕੇ ਸਰਕਾਰਾਂ ਦੀ ਮਿਲ਼ੀਭੁਗਤ ਨਾਲ਼ ਵੱਡੇ ਵੱਡੇ ਮੈਗਾ ਫਾਰਮ ਬਣਾ ਰਹੇ ਹਨ ਤਾਂ ਕਿ ਉਥੇ ਅਨਾਜ ਉਗਾ ਕੇ ਮਿਡਲ ਈਸਟ ਦੇ ਦੇਸ਼ਾਂ ਵਿੱਚ ਮਹਿੰਗੇ ਮੁੱਲ ਤੇ ਵੇਚ ਸਕਣ। ਇਸ ਨਾਲ਼ ਇੱਕ ਤਾਂ ਅਫਰੀਕਾ ਦੀ ਸਸਤੀ ਲੇਬਰ ਦਾ ਫਾਇਦਾ ਉਠਾਇਆ ਜਾ ਸਕੇ ਦੂਜੇ ਇਹਨਾਂ ਮੁਲਕਾਂ ਦੀਆਂ ਕੁਰੱਪਟ ਸਰਕਾਰਾਂ ਨਾਲ਼ ਹੋਈ ਗੰਡ ਸੰਡ ਕਿਸੇ ਵਾਤਾਵਰਣ ਪਰੇਮੀ ਨੂੰ ਸਿਰ ਚੱਕਣ ਨਹੀ ਦੇਵੇਗੀ। ਹੋਰ ਵੀ ਬਹੁਤ ਸਾਰੇ ਮੁਲਕ ਰੂਸ, ਚੀਨ ਅਤੇ ਬਰਾਜ਼ੀਲ ਵਗੈਰਾ, ਅਫਰੀਕਾ ਦੀਆਂ ਦਲਾਲ ਸਰਕਾਰਾਂ ਦੀ ਮਦਦ ਨਾਲ਼ ਕਿਸ ਤਰ੍ਹਾਂ ਗਰੀਬ ਲੋਕਾਂ ਤੋਂ ਜ਼ਮੀਨ ਲੈ ਕੇ ਵੱਡੇ ਵੱਡੇ ਮੈਗਾ ਫਾਰਮ ਬਣਾ ਰਹੀਆਂ ਹਨ। ਇੱਥੋਪੀਆ ਜਿਸਦੀ ਲੋਕ ਦਾਣੇ ਦਾਣੇ ਨੂੰ ਤਰਸ ਰਹੇ ਹਨ, ਉਥੋਂ ਦੀ ਸਰਕਾਰ ਤੋਂ 7.5 ਮਿਲੀਅਨ ਏਕੜ ਜ਼ਮੀਨ ਲੈ ਕੇ ਸਾਊਦੀ ਅਰਬ ਦੇ ਵਪਾਰੀਆਂ ਨੇ ਵੱਡੇ ਵੱਡੇ ਫਾਰਮ ਬਣਾਏ ਹਨ ਤਾਂ ਕਿ ਮਿਡਲ ਈਸਟ ਦੇ ਦੇਸ਼ਾਂ ਵਿੱਚ ਤਾਜ਼ੀਆਂ ਫਲ਼ ਸਬਜ਼ੀਆਂ ਵੇਚ ਕੇ ਨਫਾ ਕਮਾਇਆ ਜਾ ਸਕੇ, ਇੱਥੇ ਹੀ ਬੱਸ ਨਹੀਂ ਘੱਟੋ ਗੱਟ 20 ਸੌਕਰ ਫੀਲਡਾਂ ਦੇ ਏਰੀਏ ਜਿੱਡਾ ਗਰੀਨ ਹਾਊਸ ਬਣਾਇਆ ਗਿਆ ਹੈ। ਜਿੱਥੇ ਵੇਲ਼ੇ ਕੁਵੇਲ਼ੇ ਦੀਆਂ ਫਸਲਾਂ ਉਗਾਈਆਂ ਜਾ ਸਕਣਗੀਆਂ। ਇਹਨਾਂ ਗਰੀਨ ਹਾਊਸਾਂ ਦੀ ਕੰਸਟਰੱਕਸ਼ਨ ਅਤੇ ਪਾਣੀ ਵਗੈਰਾ ਦਾ ਸਿਸਟਮ ਲਾਉਣ ਲਈ ਯੂਰਪੀਨ ਮੁਲਕਾਂ ਨੂੰ ਠੇਕੇ ਦਿੱਤੇ ਗਏ ਹਨ। ਹੁਣ ਸਵਾਲ ਦੇਖੋ ਇੱਕ ਤਾਂ ਇਥੋਪੀਆ ਦੇ ਗਰੀਬ ਲੋਕ ਦਾਣੇ ਦਾਣੇ ਨੂੰ ਤਰਸ ਰਹੇ ਹਨ ਤੇ ਉਥੋਂ ਦੀ ਸਰਕਾਰ ਗਰੀਨ ਹਾਊਸ ਲਈ ਜ਼ਮੀਨ ਮੁਹੱਈਆ ਕਰਵਾ ਰਹੀ ਹੈ। ਜਾਣੀ ਇੱਥੋਪੀਆ ਦੇ ਲੋਕ ਬੇਸ਼ੱਕ ਭੁੱਖੇ ਮਰਨ ਪਰ ਅਨਾਜ ਪੈਦਾ ਕਰਕੇ ਬਾਹਰਲੇ ਮੁਲਕਾਂ ਦਾ ਢਿੱਡ ਭਰਨ। ਅਫਰੀਕਨ ਮੁਲਕਾਂ ਦੇ ਬਹੁਤ ਲੋਕ ਹਨ ਜਿਹੜੇ ਸਿਰਫ ਪਸ਼ੂ ਚਾਰਨ ਦਾ ਧੰਦਾ ਕਰਦੇ ਹਨ ਪਰ ਹੁਣ ਉਹਨਾਂ ਦੀਆਂ ਚਰਗਾਹਾਂ ਖੋਹੀਆਂ ਜਾ ਰਹੀਆ ਹਨ ਤੇ ਉਹਨਾਂ ਨੂੰ ਇਹਨਾਂ ਡੀਲਾਂ ਦਾ ਉਥੋਂ ਦੀਆਂ ਸਰਕਾਰਾਂ ਪਤਾ ਵੀ ਨਹੀ ਲੱਗਣ ਦਿੰਦੀਆਂ।

ਸਿਰਫ ਅਫਰੀਕਾ ਹੀ ਨਹੀਂ, ਦੁਨੀਆਂ ਭਰ ਵਿੱਚ ਖੇਤੀ ਯੋਗ ਜ਼ਮੀਨਾਂ, ਜੰਗਲ਼ ਤੇ ਚਰਗਾਹਾਂ ਬਹੁਤ ਜਲਦੀ ਵੱਡੇ ਵੱਡੇ ਫਾਰਮਾ ਵਿੱਚ ਤਬਦੀਲ ਹੋ ਰਹੇ ਹਨ। ਇਹ ਸਭ ਕੁੱਝ ਉਹਨਾਂ ਮੁਲਕਾਂ ਦੀਆਂ ਸਰਕਾਰਾਂ ਦੀ ਰਜ਼ਾਮੰਦੀ ਨਾਲ਼ ਹੋ ਰਿਹਾ ਹੈ ਜਿਸਦਾ ਖ਼ਮਿਆਜਾ ਛੋਟੇ ਫਾਰਮਰ ਭੁਗਤ ਰਹੇ ਹਨ ਜਿਹੜੇ ਕਿ ਹੁਣ ਆਪਦੇ ਹੀ ਖੇਤਾਂ ਵਿੱਚ ਦਿਹਾੜੀ ਕਰਦੇ ਹਨ। ਬਹੁਤ ਵਾਰੀ ਇਹ ਜ਼ਮੀਨ ਧੱਕੇ ਨਾਲ਼ ਖਰੀਦੀ ਜਾਂਦੀ ਹੈ ਤੇ

(ਬਾਕੀ ਸਫ਼ਾ 28 'ਤੇ)









ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਇੰਟਰਟੇਨਮੈਂਟ ਬਨਾਮ ਆਤਮਿਕ ਆਨੰਦ !

ਦੁਨੀਆਂ ਭਰ ਵਿੱਚ ਪ੍ਰਚਲਤ ਜਥੇਬੰਧਕ ਧਾਰਮਿਕ ਫਿਰਕਿਆਂ ਦੇ ਪ੍ਰਚਾਰ ਸਾਧਨਾਂ, ਮਰਿਯਾਦਾਵਾਂ ਜਾਂ ਗ੍ਰੰਥਾਂ ਵੱਲ ਨਿਗ੍ਹਾ ਮਾਰੀਏ ਤਾਂ ਦੇਖਣ ਨੂੰ ਲਗਦਾ ਹੈ ਕਿ ਇਹ ਸਭ ਮਨੁੱਖਤਾ ਦੀ ਭਲਾਈ ਲਈ ਜਾਂ ਸਮਾਜ ਨੂੰ ਬਿਹਤਰ ਬਣਾਉਣ ਲਈ, ਆਪਣੇ ਸ਼ਰਧਾਲੂਆਂ ਨੂੰ ਜਿਸ ਢੰਗ ਨਾਲ ਨੈਤਿਕਤਾ ਦਾ ਪਾਠ ਪੜ੍ਹਾ ਰਹੇ ਹਨ, ਇਸ ਨਾਲ ਇਹ ਮਨੁੱਖਤਾ ਦਾ ਬੜਾ ਭਲਾ ਕਰ ਰਹੇ ਹਨ। ਪਰ ਉਨ੍ਹਾਂ ਦੇ ਅਜਿਹੇ ਪ੍ਰਚਾਰ ਨਾਲ ਪਿਛਲ਼ੇ 5000 ਸਾਲ ਦੇ ਇਨ੍ਹਾਂ ਦੇ ਅਖੌਤੀ ਧਰਮ ਪ੍ਰਚਾਰ ਨੇ ਮਨੁੱਖ ਨੂੰ ਅੱਗੇ ਤੋਂ ਅੱਗੇ ਅਨੈਤਿਕ ਹੀ ਬਣਾਇਆ ਹੈ। ਜੇ ਸੰਸਾਰ ਭਰ ਦੇ ਵੱਖ-ਵੱਖ ਦੇਸ਼ਾਂ ਦੇ ਸਮਾਜਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾਵੇ ਤਾਂ ਇਹ ਗੱਲ ਪ੍ਰਤੱਖ ਸਮਝ ਆਉਂਦੀ ਹੈ ਕਿ ਉਹ ਸਮਾਜ ਵੱਧ ਅਨੈਤਿਕ, ਚਰਿਤਰਹੀਣ ਜਾਂ ਅਸੱਭਿਅਕ ਹਨ, ਜਿਥੇ ਇਨ੍ਹਾਂ ਅਖੌਤੀ ਧਰਮਾਂ ਦਾ ਵੱਧ ਬੋਲ-ਬਾਲਾ ਹੈ ਤੇ ਖਾਸਕਰ ਉਥੇ ਜਿਥੇ ਧਰਮ ਅਧਾਰਿਤ ਰਾਜ ਪ੍ਰਬੰਧ ਹੈ। ਪਿਛਲਾ ਤੇ ਮੌਜੂਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਧਰਮ ਅਧਾਰਿਤ ਰਾਜ, ਸਭ ਤੋਂ ਨਖਿਧ ਸਾਬਿਤ ਹੋਏ ਹਨ। ਜਿਥੇ ਮਨੁੱਖ ਦਾ ਹੋਣਾ ਕੋਈ ਅਹਿਮੀਅਤ ਨਹੀਂ ਰੱਖਦਾ, ਸਗੋਂ ਗਲ਼ੀਆਂ, ਸੜ੍ਹੀਆਂ ਤੇ ਰੂੜੀਵਾਦੀ ਧਾਰਮਿਕ ਮਰਿਯਾਦਾਵਾਂ ਤੇ ਪ੍ਰੰਪਰਾਵਾਂ ਦੀ ਪ੍ਰਧਾਨਤਾ ਹੈ, ਜਿਸਨੇ ਮਨੁੱਖ ਨੂੰ ਦਵੰਧ ਵਿੱਚ ਪਾ ਕੇ ਸਿਰੇ ਦਾ ਪਾਖੰਡੀ ਬਣਾ ਦਿੱਤਾ ਹੈ। ਬਾਹਰੋਂ ਧਾਰਮਿਕ ਪਹਿਰਾਵੇ ਤੇ ਚਿੰਨ੍ਹਾਂ ਨਾਲ ਲੈਸ ਤੇ ਧਰਮ ਵਿੱਚ ਵੱਧ ਵਿਸ਼ਵਾਸ਼ੀ ਦਿਸਣ ਵਾਲਾ ਮਨੁੱਖ ਹੀ ਸਭ ਤੋਂਵੱਧ ਅਧਾਰਮਿਕ ਤੇ ਅਨੈਤਿਕ ਹੁੰਦਾ ਹੈ। ਅਜਿਹੇ ਵਿੱਚ ਬਾਹਰੋਂ ਧਾਰਮਿਕ ਰੀਤਾਂ, ਰਸਮਾਂ ਨਿਭਾਉਂਦਾ ਮਨੁੱਖ, ਅੰਦਰੋਂ ਖੋਖਲਾ ਹੁੰਦਾ ਜਾ ਰਿਹਾ ਹੈ ਤੇ ਲੁਕ-ਛਿਪ ਕੇ ਉਹ ਅਜਿਹਾ ਸਭ ਕੁੱਝ ਕਰਰਿਹਾ ਹੈ, ਜਿਸਨੂੰ ਇਹ ਧਾਰਮਿਕ ਫਿਰਕੇ ਸਦੀਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਅਨੈਤਿਕ ਤੇ ਅਸਭਿਅਕ ਦੱਸ ਰਹੇ ਹਨ। ਆਮ ਤੌਰ ਤੇ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਤਕਰੀਬਨ ਸਾਰੇਧਾਰਮਿਕ ਫਿਰਕੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਆਪਣੇ ਪ੍ਰਚਾਰ ਸਾਧਨਾਂ ਰਾਹੀਂ ਕਾਮ (ਸੈਕਸ), ਨਸ਼ੇ (ਡਰੱਗਜ), ਮਨੋਰੰਜ਼ਨ (ਇੰਟਰਟੇਨਮੈਨਟ) ਆਦਿ ਦਾ ਵਿਰੋਧ ਕਰਦੇ ਹਨ ਤੇ ਇਸਨੂੰਨਾ ਸਿਰਫ ਧਰਮ ਵਿਰੋਧੀ ਗਰਦਾਨਦੇ ਹਨ, ਸਗੋਂ ਇਸਨੂੰ ਮਨੁੱਖਤਾ ਵਿਰੋਧੀ ਕੁਕਰਮ ਕਹਿ ਕੇ ਵੀ ਪ੍ਰਚਾਰ ਕਰਦੇ ਹਨ। ਜਥੇਬੰਧਕ ਧਰਮ ਮਨੁੱਖ ਨੂੰ ਆਪਣੀਆਂ ਨਾਕਾਰਤਮਕ ਤਾਕਤਾਂ (ਨੈਗੇਟਿਵ ਅਨਰਜੀ) ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੇਸ਼, ਨਫਤਰ ਆਦਿ ਨੂੰ ਸਕਾਰਾਤਮਕ ਬਣਾ ਕੇ ਜੀਵਨ ਨੂੰ ਆਨੰਦਮਾਈ ਬਣਾਉਣ ਦਾ ਰਸਤਾ ਦਿਖਾਉਣ ਦੀ ਥਾਂ, ਉਨ੍ਹਾਂ ਦਾ ਦਮਨ (ਸਪਰੈਸ਼ਨ) ਕਰਨਾ ਸਿਖਾਉਂਦੇ ਹਨ, ਜਿਸ ਨਾਲ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਕੇ ਨਾ ਸਿਰਫ ਧਾਰਮਿਕ ਪਾਖੰਡੀ ਬਣ ਜਾਂਦਾ ਹੈ, ਸਗੋਂ ਅਨੇਕਾਂ ਤਰ੍ਹਾਂ ਦੇ ਮਾਨਸਿਕ ਰੋਗਾਂ ਦਾਸ਼ਿਕਾਰ ਵੀ ਹੋ ਜਾਂਦਾ ਹੈ। ਅਜਿਹਾ ਪ੍ਰਚਾਰ ਅੱਜ ਤੋਂ ਨਹੀਂ, ਜਦੋਂ ਤੋਂ ਜਥੇਬੰਧਕ ਧਰਮ ਹੋਂਦ ਵਿੱਚ ਆਏ ਹਨ, ਉਦੋਂ ਤੋਂ ਹੀ ਅਜਿਹਾ ਕਰਦੇ ਆ ਰਹੇ ਹਨ। ਬੇਸ਼ੱਕ ਮਨੁੱਖ ਇਸ ਧਰਤੀ ਤੇ ਲੱਖਾਂਸਾਲਾਂ ਤੋਂ ਇਸ ਰੂਪ ਵਿੱਚ ਵਿਚਰ ਰਿਹਾ ਹੈ, ਪਰ ਮੌਜੂਦਾ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਇਤਿਹਾਸ 5000 ਸਾਲ ਤੋਂ ਜ਼ਿਆਦਾ ਪੁਰਾਣਾ ਨਹੀਂ ਹੈ ਤੇ ਇਤਿਹਾਸ ਇਸ ਗੱਲ ਦੀ ਵੀ ਗਵਾਹੀ ਭਰਦਾ ਹੈ ਕਿ ਮਨੁੱਖ ਜਿਤਨਾ ਅਨੈਤਿਕ ਇਨ੍ਹਾਂ 5000 ਸਾਲਾਂ ਵਿੱਚ ਹੋਇਆ ਹੈ, ਉਤਨਾ ਅਨੈਤਿਕ ਪਹਿਲਾਂ ਕਦੇ ਵੀ ਨਹੀਂ ਸੀ। ਇਸ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਮੌਜੂਦਾ ਜਥੇਬੰਧਕ ਧਰਮਾਂ ਨੇ ਮਨੁੱਖ ਦੀ ਨਿੱਜ਼ੀ ਆਜ਼ਾਦੀ ਨੂੰ ਧਰਮ ਦੀਆਂ ਅਖੌਤੀ ਮਰਿਯਾਦਾਵਾਂ ਜਾਂ ਪ੍ਰੰਪਰਾਵਾਂ ਦੇ ਨਾਮ ਤੇ ਕੁਚਲਿਆ ਹੈ ਤੇ ਉਸਦੀ ਸੋਚ ਨੂੰ ਵੀ ਮਾਨਵਤਾਵਾਦੀ ਨਹੀਂ ਰਹਿਣ ਦਿੱਤਾ ਅਤੇ ਉਸਨੂੰ ਫਿਰਕਿਆਂ ਦੀ ਸੰਕੀਰਣ ਸੋਚ ਵਿੱਚ ਬੰਨ੍ਹ ਕੇ ਮਨੁੱਖ ਨੂੰ ਮਨੁੱਖ ਤੋਂ ਤੋੜਿਆ ਹੈ, ਮਨੁੱਖੀ ਸਾਂਝ ਨੂੰ ਬਰਬਾਦ ਕੀਤਾ ਹੈ, ਇਸੇ ਕਰਕੇ ਧਰਮ ਮਨੁੱਖ ਲਈ ਕੱਚ ਦਾ ਸਮਾਨ ਬਣਿਆ ਹੋਇਆ ਹੈ, ਜਿਥੇ ਉਸਦੀਆਂ ਧਾਰਮਿਕ ਭਾਵਨਾਵਾਂ ਛੋਟੀ ਛੋਟੀ ਗੱਲ ਤੇ ਭੜਕ ਜਾਂਦੀਆਂ ਹਨ, ਮਨੁੱਖ ਨੂੰ ਇਨ੍ਹਾਂ ਜਥੇਬੰਧਕ ਧਾਰਮਿਕ ਫਿਰਕਿਆਂ ਨੇ ਬਹੁਤ ਹੀ ਅਸਹਿਣਸ਼ੀਲ ਬਣਾ ਦਿੱਤਾ ਹੈ। ਮਨੁੱਖ ਧਰਮ ਦੇ ਨਾਮ ਤੇ ਹਮੇਸ਼ਾਂ ਮਰਨ ਮਾਰਨ ਲਈ ਤਿਆਰ ਰਹਿੰਦਾ ਹੈ। ਪੰਜ ਹਜਾਰ ਸਾਲ ਦੇ ਇਤਿਹਾਸ ਵਿੱਚ ਪੰਦਰਾਂ ਹਜ਼ਾਰ ਯੁੱਧ ਧਰਮ ਦੇ ਨਾਮ ਤੇ ਹੋ ਚੁੱਕੇ ਹਨ। ਅੱਜ ਵੀ ਅਨੇਕਾਂ ਧਾਰਮਿਕ ਗਰੁੱਪਾਂ ਵਲੋਂ ਧਰਮ ਦੇ ਨਾਮ ਤੇ ਅੱਤਵਾਦ ਫੈਲਾਇਆ ਜਾ ਰਿਹਾ ਹੈ। ਧਰਮ ਦਾ ਰਾਜ ਸਥਾਪਿਤ ਕਰਨ ਦੇ ਨਾਮ ਤੇ ਮਨੁੱਖਤਾ ਦਾ ਕਤਲ ਕੀਤਾ ਜਾਂਦਾਹੈ। ਇਸ ਸਭ ਨਾਲ ਮਨੁੱਖ ਦਾ ਮਾਨਸਿਕ ਵਿਕਾਸ ਨਹੀਂ, ਵਿਨਾਸ਼ ਹੀ ਹੋਇਆ ਹੈ। ਇੱਕ ਪਾਸੇ ਸਾਇੰਸਦਾਨਾਂ ਵਲੋਂ ਬਣਾਏ ਖਤਰਨਾਕ ਹਥਿਆਰਾਂ ਨੂੰ ਧਾਰਮਿਕ ਫਿਰਕੇ ਭੰਡਦੇ ਹਨ, ਦੂਜੇਪਾਸੇ ਇਨ੍ਹਾਂ ਖਤਰਨਾਕ ਤੇ ਮਾਰੂ ਹਥਿਆਰਾਂ ਦੀ ਵਰਤੋਂ ਵੀ ਸਭ ਤੋਂ ਵੱਧ ਧਾਰਮਿਕ ਫਿਰਕਿਆਂ ਦੇ ਜਨੂੰਨੀ ਲੋਕ ਹੀ ਕਰ ਰਹੇ ਹਨ। ਬੇਸ਼ੱਕ ਮਨੁੱਖ ਨੇ ਆਪਣੀ ਮਿਹਨਤ ਤੇ ਦਿਮਾਗ ਨਾਲ ਆਰਥਿਕ ਤੇ ਮਸ਼ੀਨੀ ਤਰੱਕੀ ਕੀਤੀ ਹੈ, ਪਰ ਇਨ੍ਹਾਂ ਧਰਮਾਂ ਨੇ ਮਨੁੱਖ ਦੀ ਇਸ ਖੋਜੀ ਬਿਰਤੀ ਜਾਂ ਵਿਗਿਆਨਕ ਸੋਚ ਨੂੰ ਵੀ ਖੁੰਡਾ ਕਰਨ ਲਈ ਜਾਂ ਇਸ ਤੇ ਰੋਕਾਂ ਲਗਾਉਣ ਵਿੱਚ ਕਦੇ ਕੋਈਕਸਰ ਬਾਕੀ ਨਹੀਂ ਛੱਡੀ। ਇਨ੍ਹਾਂ ਜਥੇਬੰਧਕ ਧਰਮਾਂ ਦੇ ਅਨੇਕਾਂ ਵਿਰੋਧਾਂ ਦੇ ਬਾਵਜੂਦ ਵੀ ਮਨੁੱਖ ਨੇ ਆਰਥਿਕ ਤੇ ਵਿਗਿਆਨਕ ਖੇਤਰ ਵਿੱਚ ਬੜੀਆਂ ਵੱਡੀਆਂ ਮੱਲਾਂ ਮਾਰੀਆਂ ਹਨ, ਜਿਸ ਨਾਲ ਮਨੁੱਖ ਨੂੰ ਅੱਜ ਹਰ ਖੇਤਰ ਵਿੱਚ ਅਨੇਕਾਂ ਸੁੱਖ-ਸੁਵਿਧਾਵਾਂ ਉਪਲਬਧ ਹੋਈਆਂ ਹਨ ਤੇ ਮਨੁੱਖ ਦੀ ਜਾਨ ਕੁੱਝ ਸੁਖਾਲੀ ਹੋਈ ਹੈ। ਪਰ ਮੌਜੂਦਾ ਧਾਰਮਿਕ ਫਿਰਕਿਆਂ ਦੇ ਇਸ ਨੈਤਿਕਤਾਦੇ ਪ੍ਰਚਾਰ ਅਤੇ ਮਨੁੱਖ ਦੀ ਆਰਥਿਕ ਤੇ ਵਿਗਿਆਨਕ ਤਰੱਕੀ ਦੇ ਬਾਵਜੂਦ ਮਨੁੱਖ ਅਨੈਤਿਕ ਹੋਇਆ ਹੈ।

ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ, ਜਿਸਦਾ ਤਕਰੀਬਨ ਸਾਰੇ ਧਾਰਮਿਕ ਫਿਰਕੇ ਵਿਰੋਧ ਕਰਦੇ ਹਨ, ਇਸਦੇ ਬਾਵਜੂਦ ਮਨੁੱਖ ਇਸ ਵੱਲ ਜ਼ਿਆਦਾ ਉਲਾਰ ਹੋਇਆ ਹੈ। ਅੱਜ ਦੁਨੀਆਂ ਭਰ ਵਿੱਚ ਇਨ੍ਹਾਂ ਤਿੰਨਾਂ ਖੇਤਰਾਂ ਨਾਲ ਸਬੰਧਿਤ ਕਰਾਈਮ ਵਧ ਰਿਹਾ ਹੈ। ਲੋਕ ਦਿਨੋ-ਦਿਨ ਕਾਮ, ਨਸ਼ੇ ਤੇ ਮਨੋਰੰਜਨ ਵੱਲ ਜ਼ਿਆਦਾ ਅਕਰਸ਼ਿਤ ਹੋ ਰਹੇ ਹਨ। ਤਿੰਨਾਂ ਨਾਲ ਸਬੰਧਤ ਬਹੁਤ ਵੱਡੀ ਸਨਅਤ ਬਣ ਚੁੱਕੀ ਹੈ। ਪਿਛਲੇ 50 ਕੁ ਸਾਲਾਂ ਵਿੱਚ ਜਥੇਬੰਧਕ ਧਾਰਮਿਕ ਫਿਰਕਿਆਂ ਦਾ ਆਧਾਰ ਵੱਡੀ ਪੱਧਰ ਤੇ ਖੁਰਿਆ ਹੈ। ਪਿਛਲੇ 20-25 ਸਾਲਾਂ ਵਿੱਚ ਪੈਦਾ ਹੋਈ ਨਵੀਂ ਜਨਰੇਸ਼ਨਦਾ ਇਨ੍ਹਾਂ ਧਰਮਾਂ ਵਿੱਚ ਕੋਈ ਬਹੁਤਾ ਯਕੀਨ ਨਹੀਂ ਰਿਹਾ, ਬੇਸ਼ਕ ਉਹ ਆਪਣੇ ਮਾਪਿਆਂ ਜਾਂ ਸਮਾਜ ਦੇ ਪ੍ਰਭਾਵ ਵਿੱਚ ਲੋਕ ਦਿਖਾਵੇ ਲਈ ਥੋੜ੍ਹੀ ਬਹੁਤ ਰੁਚੀ ਜਰੂਰ ਦਿਖਾਉਂਦੇ ਹਨ। ਜੇ ਇਹੀ ਵਰਤਾਰਾ ਚਲਦਾ ਰਿਹਾ ਤਾਂ ਆਉਣ ਵਾਲੇ 50 ਕੁ ਸਾਲਾਂ ਵਿੱਚ ਲੋਕਾਂ ਦਾ ਵਿਸ਼ਵਾਸ਼ ਇਨ੍ਹਾਂ ਅਖੌਤੀ ਜਥੇਬੰਧਕ ਨਕਲੀ ਧਰਮਾਂ ਤੋਂ ਉਠ ਜਾਵੇਗਾ।

ਸੋਚਣ ਵਾਲਾ ਵਿਸ਼ਾ ਇਹ ਹੈ ਕਿ ਹਰ ਤਰ੍ਹਾਂ ਦੇ ਵਿਰੋਧ ਤੇ ਪ੍ਰਚਾਰ ਦੇ ਬਾਵਜੂਦ ਲੋਕ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਵੱਲ ਉਲਾਰ ਕਿਉਂ ਹੁੰਦੇ ਹਨ ? ਉਨ੍ਹਾਂ ਨੂੰ ਇਸ ਵਿਚੋਂ ਕੀ ਮਿਲਦਾ ਹੈ ਕਿਉਹ ਪਰਿਵਾਰ, ਸਮਾਜ, ਕਨੂੰਨ ਆਦਿ ਦੇ ਵਿਰੋਧ ਨੂੰ ਝੱਲ ਕੇ ਵੀ ਇਸਦਾ ਸੁਆਦ ਲੈਣਾ ਚਾਹੁੰਦੇ ਹਨ। ਇਸ ਵਿੱਚ ਅਜਿਹਾ ਕੀ ਹੈ ਕਿ ਉਨ੍ਹਾਂ ਨੂੰ ਬਚਪਨ ਤੋਂ ਪੜ੍ਹਾਏ ਗਏ ਨੈਤਿਕਤਾ ਦੇ ਸਾਰੇਪਾਠ ਭੁੱਲ ਜਾਂਦੇ ਹਨ, ਇਨ੍ਹਾਂ ਦਾ ਮਜ਼ਾ ਲੈਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਰਹਿੰਦੇ ਹਨ। ਅੱਜ ਇਨ੍ਹਾਂ ਤਿੰਨਾਂ ਖੇਤਰਾਂ ਨਾਲ ਸਬੰਧਿਤ ਬਹੁਤ ਵੱਡੀ ਇੰਡਸਟਰੀ ਬਣ ਚੁੱਕੀ ਹੈ। ਦੁਨੀਆਂ ਭਰ ਦੇ ਕਰਾਈਮ ਦੇ ਅੰਕੜੇ ਇਸ ਗੱਲ ਦੇ ਗਵਾਹ ਹਨ ਕਿ ਹਰ ਕਰਾਈਮ ਕਿਸੇ ਨਾ ਕਿਸੇ ਢੰਗ ਨਾਲ ਇਨ੍ਹਾਂ ਤਿੰਨਾਂ ਨਾਲ ਹੀ ਸਬੰਧਿਤ ਹੁੰਦਾ ਹੈ।



ਅਸਲ ਵਿੱਚ ਮਨੁੱਖ ਦੇ ਅੰਦਰ ਕੁਦਰਤ ਵਲੋਂ ਕੁੱਝ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਉਸਨੂੰ ਆਨੰਦ ਦੀ ਤੀਬਰ ਤਲਾਸ਼ ਹੈ। ਉਹ ਚਾਹੁੰਦਾ ਹੈ ਕਿ ਆਪਣੀ ਦੁਨੀਆਂਦਾਰੀ ਨਿਭਾਉਂਦੇ ਹੋਏਵੀ ਉਸ ਕੋਲ ਕੁੱਝ ਪੱਲ ਅਜਿਹੇ ਹੋਣ, ਜਿਸ ਨਾਲ ਉਸਨੂੰ ਸਭ ਕੁੱਝ ਭੁੱਲ ਜਾਵੇ ਤੇ ਉਹ ਆਨੰਦ ਵਿੱਚ ਜੀਅ ਸਕੇ। ਦੁਨੀਆਂਦਾਰੀ ਦੇ ਝਮੇਲਿਆਂ ਵਿੱਚ ਫਸਿਆ ਮਨੁੱਖ ਅਨੇਕਾਂ ਤਰ੍ਹਾਂ ਦੀਆਂ ਚਿੰਤਾਵਾਂ, ਈਰਖਾਵਾਂ, ਲਾਲਸਾਵਾਂ ਵਿੱਚ ਘਿਰਿਆ ਮਹਿਸੂਸ ਕਰਦਾ ਹੈ। ਪਦਾਰਥ ਤੇ ਮਸ਼ੀਨਰੀ ਦੀ ਤਰੱਕੀ ਨੇ ਮਨੁੱਖ ਨੂੰ ਵੀ ਮਸ਼ੀਨ ਬਣਾ ਦਿੱਤਾ ਹੈ। ਉਹ ਇਸ ਮਸ਼ੀਨੀ ਜ਼ਿੰਦਗੀ ਨੂੰ ਕੁੱਝ ਵਕਤ ਲਈ ਭੁੱਲ ਜਾਣਾ ਚਾਹੁੰਦਾ ਹੈ। ਇਸ ਲਈ ਅਨੇਕਾਂ ਤਰ੍ਹਾਂ ਦੀਆਂ ਦੁਬਿਦਾਵਾਂ ਤੇ ਪਾਖੰਡਾਂ ਦੇ ਬਾਵਜੂਦ ਵੀ ਮਨੁੱਖ ਜਥੇਬੰਧਕ ਧਾਰਮਿਕ ਫਿਰਕਿਆਂ ਦੀ ਸੰਗਤ ਵਿੱਚ ਉਸ ਆਨੰਦ ਦੀ ਭਾਲ ਵਿੱਚ ਜਾਂਦਾ ਹੈ, ਜਿਥੇ ਉਸਨੂੰ ਝੂਠੀ ਨੈਤਿਕਤਾ ਤੇ ਕਿਤਾਬੀ (ਗ੍ਰੰਥਾਂ ਆਦਿ ਦੀ) ਜਾਣਕਾਰੀ ਤੋਂ ਵੱਧ ਕੁੱਝ ਹਾਸਲ ਨਹੀਂ ਹੁੰਦਾ। ਪਰ ਜਦੋਂ ਉਹ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਦੀ ਸ਼ਰਣ ਜਾਂਦਾ ਹੈ ਤਾਂ ਉਸਨੂੰ ਆਨੰਦ ਮਿਲਦਾ ਹੈ, ਸਕੂਨ ਮਿਲਦਾ ਹੈ, ਸੁੱਖ ਮਿਲਦਾ ਹੈ, ਬੇਸ਼ਕ ਉਹ ਵਕਤੀ ਹੀ ਹੁੰਦਾ ਹੈ। ਉਹ ਇਸ ਆਨੰਦ ਵਿੱਚ ਸਦੀਵੀ ਰਹਿਣਾ ਚਾਹੁਣ ਦੇ ਬਾਵਜੂਦ ਰਹਿਨਹੀਂ ਸਕਦਾ। ਇਸ ਲਈ ਉਹ ਇਹ ਆਨੰਦ ਮਾਨਣ ਤੋਂ ਬਾਅਦ ਹੋਰ ਦੁਖੀ ਹੁੰਦਾ ਹੈ।

ਆਉ ਦੇਖੀਏ ਕਿ ਅਸਲ ਵਿੱਚ ਆਨੰਦ ਕੀ ਹੈ ? ਜਿਸਦੀ ਇਛਾ ਹਰ ਇਨਸਾਨ ਦੇ ਅੰਦਰ ਕਿਸੇ ਨਾ ਕਿਸੇ ਤਰ੍ਹਾਂ ਮੌਜੂਦ ਹੈ। ਉਸ ਆਨੰਦ ਦੀ ਭਾਲ ਮਨੁੱਖ ਜਾਣੇ-ਅਣਜਾਣੇ, ਵੱਖ-ਵੱਖ ਢੰਗਾਂਰਾਹੀਂ ਸਾਰੀ ਉਮਰ ਕਰਦਾ ਰਹਿੰਦਾ ਹੈ, ਪਰ ਬਹੁਤ ਵਿਰਲੇ ਹੀ ਮਨੁੱਖ ਹੁੰਦੇ ਹਨ, ਜਿਨ੍ਹਾਂ ਨੂੰ ਉਸ ਆਨੰਦ ਨੂੰ ਮਾਨਣ ਦਾ ਸੁਭਾਗ ਪ੍ਰਾਪਤ ਹੋਵੇ। ਕਈ ਵਾਰ ਅਸੀਂ ਸੁੱਖ ਨੂੰ ਵੀ ਆਨੰਦ ਸਮਝਣਦਾ ਭੁਲੇਖਾ ਖਾ ਲੈਂਦੇ ਹਾਂ ਤੇ ਇਸ ਵਿੱਚ ਹੀ ਫਸ ਕੇ ਰਹਿ ਜਾਂਦੇ ਹਾਂ। ਪਰ ਥੋੜੇ ਸੁੱਖਾਂ ਤੋਂ ਬਾਅਦ ਫਿਰ ਦੁੱਖ ਆ ਜਾਂਦੇ ਹਨ ਤੇ ਅਸੀਂ ਮਨ ਨੂੰ ਸਮਝਾਉਂਦੇ ਹਾਂ ਕਿ ਜੀਵਨ ਇਸੇ ਤਰ੍ਹਾਂ ਹੀ ਚਲਦਾਹੈ, ਕਦੇ ਸੁੱਖ ਤੇ ਕਦੇ ਦੁੱਖ। ਕੋਈ ਵਿਅਕਤੀ ਨਾ ਹਮੇਸ਼ਾਂ ਸੁੱਖੀ ਰਹਿ ਸਕਦਾ ਹੈ ਤੇ ਨਾ ਹੀ ਹਮੇਸ਼ਾਂ ਦੁੱਖੀ ਰਹਿ ਸਕਦਾ ਹੈ। ਅਜਿਹਾ ਕੁੱਝ ਹੀ ਸਾਡੇ ਧਾਰਮਿਕ ਫਿਰਕੇ ਵੀ ਪ੍ਰਚਾਰ ਕਰਦੇ ਹਨ। ਇਸ ਲਈ ਮਨੁੱਖ ਉਸ ਪਰਮ ਆਨੰਦ ਦੀ ਭਾਲ ਛੱਡ ਦਿੰਦਾ ਹੈ, ਜਿਥੇ ਹਮੇਸ਼ਾਂ ਪਰਮ ਸ਼ਾਂਤੀ ਤੇ ਪਰਮ ਆਨੰਦ ਹੈ। ਫਿਰ ਮਨੁੱਖ ਇਹ ਵੀ ਸੋਚਦਾ ਹੈ ਕਿ ਸ਼ਾਇਦ ਇਸ ਪਰਮ ਸ਼ਾਂਤੀ ਅਤੇ ਪਰਮ ਆਨੰਦ ਤੇ ਅਧਿਕਾਰ ਕੁੱਝ ਗੁਰੂਆਂ, ਭਗਤਾਂ, ਸੰਤਾਂ, ਮਹਾਂਪੁਰਸ਼ਾਂ ਨੂੰ ਹੀ ਹੈ। ਇਸ ਲਈ ਸੋਚਦਾ ਹੈ ਕਿ ਸਾਡੇ ਲਈ ਤੇ ਸੁੱਖ ਬਾਹਰ ਹੀ ਹੈ। ਪਰ ਸੁੱਖ ਅਸਲ ਵਿੱਚ ਦੁੱਖ ਦਾ ਹੀ ਛੋਟਾਰੂਪ ਹੈ ਤੇ ਜੋ ਆਨੰਦ ਮਨੁੱਖ ਨੂੰ ਸੈਕਸ, ਡਰੱਗਜ਼ ਤੇ ਇੰਟਰਟੇਨਮੈਂਟ ਤੋਂ ਮਿਲਦਾ ਹੈ, ਉਹ ਸੁੱਖ ਦਾ ਥੋੜਾ ਵੱਡਾ ਰੂਪ ਹੈ। ਜੇ ਥੋੜਾ ਧਿਆਨ ਨਾਲ ਦੇਖੀਏ ਤਾਂ ਕਿਹਾ ਜਾਂਦਾ ਸੁੱਖ, ਅਸਲ ਵਿੱਚ ਦੁੱਖ ਦਾ ਛੋਟਾ ਰੂਪ ਹੁੰਦਾ ਹੈ ਤੇ ਜੇ ਉਸ ਅਖੌਤੀ ਸੁੱਖ ਦੀ ਮਾਤਰਾ ਵਧਾ ਦਿੱਤੀ ਜਾਵੇ ਤਾਂ ਉਹੀ ਸੁੱਖ ਫਿਰ ਦੁੱਖ ਦਾ ਕਾਰਨ ਬਣ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਮਨੁੱਖ ਨੂੰ ਨਸ਼ੇ ਵਿਚੋਂ ਸੁੱਖ ਜਾਂ ਆਨੰਦ ਮਿਲਦਾ ਹੈ, ਜੇ ਉਹ ਇਸਨੂੰ ਇੱਕ ਲਿਮਿਟ ਵਿੱਚ ਰਹਿ ਕੇ ਵਰਤਦਾ ਹੈ, ਪਰ ਜੇ ਉਹ ਵੱਧ ਸੁੱਖ ਲੈਣ ਲਈ ਵੱਧ ਨਸ਼ੇ ਕਰਨ ਲੱਗੇ ਤਾਂ ਉਹੀ ਨਸ਼ੇ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਇਸੇ ਤਰ੍ਹਾਂ ਹੋਰ ਸੁੱਖ ਹਨ। ਜੇ ਅਸੀਂ ਉਨ੍ਹਾਂ ਦੀ ਮਾਤਰਾ ਵਧਾ ਦੇਈਏ ਤਾਂ ਉਹ ਦੁੱਖਾਂ ਦਾ ਕਾਰਨ ਬਣ ਜਾਂਦੇ ਹਨ। ਇਸੇ ਲਈ ਹਰ ਸੁੱਖ, ਦੁੱਖ ਦਾ ਹੀ ਛੋਟਾ ਰੂਪ ਹੂੰਦਾ ਹੈ ਤੇ ਦੁੱਖ-ਸੁੱਖ ਇੱਕ ਹੀ ਸਿੱਕੇ ਦੇ ਦੋ ਪਹਿਲੂ ਹਨ। ਪਰ ਆਨੰਦ ਇਨ੍ਹਾਂ ਤੋਂ ਬਹੁਤ ਉਪਰਲੀ ਅਵਸਥਾ ਦਾ ਨਾਮ ਹੈ। ਆਮ ਤੌਰ ’ਤੇ ਮਨੁੱਖ ਉਸ ਹਿਰਨ ਵਾਂਗ ਸੁੱਖਾਂ ਜਾਂ ਆਨੰਦ ਦੀ ਭਾਲ ਬਾਹਰ ਵਸਤੂਆਂ, ਦੁਨੀਆ ਵੀ ਸੁੱਖ-ਸਹੂਲਤਾਂ, ਧੀਆਂ-ਪੁੱਤਰਾਂ, ਪਦਵੀਆਂ, ਧਨ-ਦੌਲਤ, ਸ਼ੋਹਰਤ, ਸਮਾਜ ਸੇਵਾ, ਧਰਮ ਸੇਵਾ, ਦੇਸ਼ ਸੇਵਾ ਆਦਿ ਵਿਚੋਂ ਲੱਭਦਾ ਹੈ, ਜਦਕਿ ਉਸਨੂੰ ਪਤਾ ਨਹੀਂ ਕਿ ਆਨੰਦ ਕਿਤੇ ਬਾਹਰ ਨਹੀਂ, ਇਹ ਤੇ ਸਾਡੇ ਅੰਦਰ ਹੀ ਹੈ। ਜਿਸ ਤਰ੍ਹਾਂ ਹਿਰਨ ਦੇ ਖੁਸ਼ਬੂਦਾਰ ਕਸਤੂਰੀ ਤਾਂ ਅੰਦਰ ਹੀ ਹੁੰਦੀ ਹੈ, ਪਰ ਉਹ ਉਸਦੀ ਭਾਲ ਵਿੱਚ ਜੰਗਲ ਵਿੱਚ ਭਟਕਦਾ ਫਿਰਦਾ ਹੈ। ਇਸੇ ਤਰ੍ਹਾਂ ਮਨੁੱਖਸੁੱਖਾਂ ਜਾਂ ਆਨੰਦ ਦੀ ਭਾਲ ਬਾਹਰ ਕਰਦਾ ਹੈ। ਨਕਲੀ ਧਰਮ ਵੀ ਬਾਹਰੀ ਪੂਜਾ ਪਾਠ ਜਾਂ ਕਰਮਕਾਂਡਾਂ ਵਿਚੋਂ ਹੀ ਸੁੱਖਾਂ ਜਾਂ ਆਨੰਦ ਮਿਲਣਾ ਦੱਸਦੇ ਹਨ ਕਿਉਂਕਿ ਉਨ੍ਹਾਂ ਕੋਲ ਵੀ ਆਨੰਦ ਦਾ ਕੋਈ ਅਨੁਭਵ ਨਹੀਂ ਹੈ। ਉਨ੍ਹਾਂ ਨੇ ਵੀ ਉਸ ਆਨੰਦ ਦਾ ਸੁਆਦ ਨਹੀਂ ਚੱਖਿਆ ਹੁੰਦਾ। ਉਸ ਅੰਮ੍ਰਿਤ ਨੂੰ ਨਹੀਂ ਪੀਤਾ ਹੁੰਦਾ, ਜਿਹੜਾ ਅੰਦਰੋਂ ਮਿਲਦਾ ਹੈ।

ਅਜਿਹਾ ਕੀ ਹੈ ਕਿ ਮਨੁੱਖ ਸਭ ਕੁੱਝ ਮਾੜਾ ਸਹਾਰ ਕੇ ਵੀ ਸੈਕਸ, ਨਸ਼ੇ ਤੇ ਮਨੋਰੰਜਨ ਨੂੰ ਨਹੀਂ ਛੱਡਦਾ। ਇਸ ਵਿਚੋਂ ਅਜਿਹਾ ਕੀ ਮਿਲਦਾ ਹੈ ਕਿ ਉਹ ਸਮਾਜ ਵਿੱਚ ਬਦਨਾਮੀ, ਪਰਿਵਾਰ ਵਲੋਂ ਲਾਹਨਤਾਂ, ਧਨ ਦੀ ਬਰਬਾਦੀ ਆਦਿ ਬਰਦਾਸ਼ਤ ਕਰਨ ਲਈ ਤਿਆਰ ਹੁੰਦਾ ਹੈ, ਪਰ ਇਨ੍ਹਾਂ ਦਾ ਰਸ ਜਰੂਰ ਮਾਨਣਾ ਚਾਹੁੰਦਾ ਹੈ। ਅਸਲ ਵਿੱਚ ਇਨ੍ਹਾਂ ਦੀ ਵਰਤੋਂ ਕਰਕੇ ਉਹ ਆਪਣਾ ਅੱਗਾਪਿਛਾ ਭੁੱਲ ਜਾਂਦਾ ਹੈ, ਭਾਵ ਉਸਨੂੰ ਨਾ ਪਿਛੋਕੜ (ਭੂਤਕਾਲ) ਦਾ ਕੋਈ ਦੁੱਖ ਤੇ ਨਾ ਹੀ ਭਵਿੱਖ ਦੀ ਕੋਈ ਚਿੰਤਾ ਰਹਿੰਦੀ ਹੈ। ਆਮ ਤੌਰ ਤੇ ਅਸੀਂ ਭੂਤਕਾਲ ਤੇ ਭਵਿੱਖ ਵਿੱਚ ਜਿਉਂਦੇ ਹਾਂ, ਇਸੇ ਕਰਕੇ ਹੁਣ (ਪਰੈਜੈਂਟ) ਜੋ ਸਾਡੇ ਕੋਲ ਹੈ, ਜੋ ਪਲ ਪਲ ਕਰਕੇ ਸਾਡੇ ਤੋਂ ਖਿਸਕਦਾ ਜਾ ਰਿਹਾ ਹੈ, ਉਸਨੂੰ ਮਾਨਣਾ ਨਹੀਂ ਆਉਂਦਾ। ਤੁਸੀਂ ਕਦੇ ਵੀ ਆਪਣੇ ਆਪ ਨੂੰ ਜਾਗਰੂਕ ਹੋ ਕੇ ਦੇਖੋ, ਹਮੇਸ਼ਾਂਪਾਸਟ ਜਾਂ ਫਿਊਚਰ ਵਿੱਚ ਹੀ ਹੁੰਦੇ ਹਾਂ, ਇਹੀ ਸਾਡੇ ਦੁੱਖਾਂ-ਤਕਲੀਫਾਂ ਦਾ ਕਾਰਨ ਹੈ। ਸਾਨੂੰ ਪਰੈਜੈਂਟ ਮੋਮੈਂਟ ਜੀਉਣਾ ਨਹੀਂ ਆਉਂਦਾ। ਸੈਕਸ, ਨਸ਼ੇ ਤੇ ਮਨੋਰੰਜਨ ਵਿੱਚ ਮਨੁੱਖ ਅਜਿਹਾਗੁਆਚਦਾ ਹੈ ਕਿ ਉਸਨੂੰ ਭੂਤ ਤੇ ਭਵਿੱਖ ਭੁੱਲ ਜਾਂਦਾ ਹੈ ਤੇ ਉਹ ਆਪਣੇ ਅੰਦਰ ਸ਼ਾਂਤੀ ਤੇ ਆਨੰਦ ਦਾ ਅਨੁਭਵ ਕਰਦਾ ਹੈ। ਪਰ ਇਹ ਆਨੰਦ ਸਦੀਵੀ ਨਹੀਂ, ਕੁੱਝ ਪਲ ਜਾਂ ਕੁੱਝ ਸਮੇਂ ਦਾਹੁੰਦਾ ਹੈ, ਮੁੜ ਕੇ ਮਨੁੱਖ ਫਿਰ ਉਥੇ ਹੀ ਪਹੁੰਚ ਜਾਂਦਾ ਹੈ ਤੇ ਇਸੇ ਤਰ੍ਹਾਂ ਸਾਰੀ ਉਮਰ ਭਟਕਦਾ ਹੈ। ਇਸਦੇ ਉਲਟ ਸੱਚੇ ਧਰਮ ਗਿਆਨੀਆਂ ਜਾਂ ਸੰਤਾਂ ਨੇ ਆਪਣੇ ਅਨੁਭਵ ਨਾਲ ਉਸ ਅੰਦਰਦੇ ਆਨੰਦ ਨੂੰ ਮਾਨਣ ਤੋਂ ਬਾਅਦ ਸਾਨੂੰ ਕਿਹਾ ਹੈ ਕਿ ਜੇ ਅਸੀਂ ਉਸ ਆਨੰਦ ਜਾਂ ਪਰਮ ਸ਼ਾਂਤੀ ਨੂੰ ਉਪਲਬਧ ਹੋ ਜਾਈਏ ਤਾਂ ਇਸਦਾ ਨਸ਼ਾ ਕਦੇ ਉਤਰਦਾ ਨਹੀਂ। ਇਹ ਨਸ਼ਾ ਸਦੀਵੀ ਹੈ। ਇਹਨਾਮ ਦੀ ਉਹ ਖੁਮਾਰੀ ਹੈ, ਜਿਹੜੀ ਹਮੇਸ਼ਾਂ ਚੜ੍ਹੀ ਰਹਿੰਦੀ ਹੈ। ਇਸ ਪਰਮ ਆਨੰਦ ਦੀ ਅਵਸਥਾ ਨੂੰ ਮਾਣਦਾ ਹੋਇਆ, ਮਨੁੱਖ ਦੁੱਖ-ਸੁੱਖ ਤੋਂ ਉਪਰ ਉਠ ਜਾਂਦਾ ਹੈ। ਪਰ ਸਾਡੇ ਅਖੌਤੀ ਨਕਲੀਧਰਮਾਂ ਦੇ ਨਕਲੀ ਪੁਜਾਰੀਆਂ ਜਾਂ ਪ੍ਰਚਾਰਕਾਂ ਕੋਲ ਉਸ ਨਾਮ ਦੇ ਨਸ਼ੇ ਦਾ ਕੋਈ ਅਨੁਭਵ ਨਹੀਂ ਹੈ, ਉਨ੍ਹਾਂ ਨੇ ਤਾਂ ਧਾਰਮਿਕ ਗ੍ਰੰਥਾਂ ਦੇ ਸ਼ਬਦ ਯਾਦ ਕੀਤੇ ਹੋਏ ਹਨ ਤੇ ਸਾਨੂੰ ਸੁਣਾਈ ਜਾਂਦੇ ਹਨ। ਵਿਦਵਾਨਾਂ ਨੇ ਧਰਮ ਗ੍ਰੰਥਾਂ ਦੇ ਆਪਣੇ ਦਿਮਾਗ ਨਾਲ ਅਰਥਾਂ ਦੇ ਅਨਰਥ ਕਰਕੇ ਆਪਣੀ ਵਿਦਵਤਾ ਦਾ ਵਿਖਾਵਾ ਹੀ ਕੀਤਾ ਹੁੰਦਾ ਹੈ, ਵਿਚੋਂ ਕੱਢਣ ਪਾਉਣ ਲਈ ਕੁੱਝ ਨਹੀਂ ਹੁੰਦਾ। ਅੱਖਰਾਂਜਾਂ ਸ਼ਬਦਾਂ ’ਚੋਂ ਕਦੇ ਕਿਸੇ ਨੂੰ ਨਾ ਗਿਆਨ ਮਿਲਿਆ ਹੈ ਤੇ ਨਾ ਹੀ ਆਨੰਦ। ਪਰ ਇਹ ਨਕਲੀ ਧਾਰਮਿਕ ਫਿਰਕੇ ਮਨੁੱਖ ਤੋਂ ਉਹ ਸਭ ਨੈਤਿਕਤਾ ਦੇ ਨਾਮ ਤੇ ਖੋਹਣਾ ਚਾਹੁੰਦੇ ਹਨ, ਜੋ ਮਨੁੱਖ ਨੂੰ ਕੁੱਝ ਪਲ ਲਈ ਸਕੂਨ ਜਾਂ ਆਨੰਦ ਦਿੰਦੇ ਹਨ। ਮੇਰਾ ਇਹ ਮੰਨਣਾ ਹੈ ਕਿ ਦੁਨੀਆਂ ਭਰ ਦੇ ਧਾਰਮਿਕ ਫਿਰਕੇ, ਸਰਕਾਰਾਂ ਜਾਂ ਸਮਾਜ ਸੇਵੀ ਸੰਗਠਨ, ਜਿਤਨਾ ਮਰਜੀ ਪ੍ਰਚਾਰ ਕਰਨ, ਜਿਤਨੀਆਂ ਮਰਜ਼ੀ ਰੋਕਾਂ ਲਗਾਉਣ, ਜਿਤਨੇ ਮਰਜ਼ੀ ਨੈਤਿਕਤਾ ਦੇ ਪਾਠ ਪੜ੍ਹਾਉਣ, ਨਰਕਾਂ ਦੇ ਡਰਾਵੇ ਦੇਣ, ਲੋਕ ਇਨ੍ਹਾਂ ਦੀ ਕਦੇ ਨਹੀਂ ਸੁਣਨਗੇ, ਬੇਸ਼ਕ ਦਿਖਾਵੇ ਲਈ ਬਾਹਰੋਂ ਧਰਮੀ ਭਾਵੇਂਬਣੇ ਰਹਿਣ। ਜੇ ਮਨੁੱਖ ਨੂੰ ਕਹੀਆਂ ਜਾਂਦੀਆਂ ਬੁਰਾਈਆਂ ਤੋਂ ਬਚਾਉਣਾ ਹੈ, ਕਾਮ, ਨਸ਼ਿਆਂ ਤੇ ਹੋਰ ਤਰ੍ਹਾਂ ਦੇ ਜ਼ੁਰਮ ਤੋਂ ਬਚਾਉਣਾ ਹੈ ਤਾਂ ਮਨੁੱਖ ਨੂੰ ਇਨ੍ਹਾਂ ਤੋਂ ਮਿਲਣ ਵਾਲੇ ਆਨੰਦ ਜਾਂ ਸੁੱਖ ਤੋਂਵੱਡਾ ਸੁੱਖ ਦੇਣਾ ਪਵੇਗਾ। ਵਕਤੀ ਆਨੰਦ ਦੀ ਥਾਂ ਸਦੀਵੀ ਆਨੰਦ ਵਾਲੇ ਨਸ਼ੇ ਦੀ ਚਾਟ ਲਗਾਉਣੀ ਪਵੇਗੀ, ਜਿਸਨੂੰ ਉਹ ਰੋਜ਼ਾਨਾ ਆਪਣੇ ਅੰਦਰੋਂ ਬਿਨਾਂ ਕਿਸੇ ਖਰਚੇ ਦੇ, ਜਦੋਂ ਮਰਜ਼ੀ ਪੀਸਕੇ। ਜਦੋਂ ਤੱਕ ਸਾਡੇ ਅਖੌਤੀ ਧਰਮ ਜਾਂ ਧਾਰਮਿਕ ਪ੍ਰਚਾਰਕ ਜਾਂ ਸਮਾਜ ਸੇਵਕ ਜਾਂ ਸਰਕਾਰਾਂ ਅਜਿਹਾ ਆਨੰਦ ਪ੍ਰਦਾਨ ਨਹੀਂ ਕਰ ਸਕਦੇ, ਉਦੋਂ ਤੱਕ ਮਨੁੱਖ ਨੂੰ ਇਨ੍ਹਾਂ ਤੋਂ ਹਟਾਉਣਾ ਅਸੰਭਵਹੈ। ਜੇ ਅਸੀਂ ਮਨੁੱਖ ਤੋਂ ਇਹ ਥੋੜ ਚਿਰਾ ਆਨੰਦ ਖੋਹਣ ਦਾ ਯਤਨ ਕਰਾਂਗੇ ਤਾਂ ਨਤੀਜੇ ਹੋਰ ਵੀ ਭਿਆਨਕ ਹੀ ਨਿਕਲਣਗੇ, ਜਿਸ ਤਰ੍ਹਾਂ ਅੱਗੇ ਤੋਂ ਅੱਗੇ ਨਿਕਲ ਰਹੇ ਹਨ। ਜਿਵੇਂ ਜਿਵੇਂ ਸਾਇੰਸਦਾਨ ਕੁਦਰਤ ਦੇ ਭੇਦਾਂ ਨੂੰ ਖੋਜਦੇ ਜਾ ਰਹੇ ਹਨ ਤੇ ਮਨੁੱਖ ਲਈ ਬਾਹਰੀ ਸੁੱਖ-ਸਹੂਲਤਾਂ ਵੀ ਪੈਦਾ ਕਰ ਰਹੇ, ਉਸੇ ਤਰ੍ਹਾਂ ਮਨੁੱਖ ਨਕਲੀ ਧਰਮਾਂ ਵਲੋਂ ਪਾਏ ਗਏ ਭਰਮਾਂ ਤੋਂ ਹੀ ਨਹੀਂ, ਸਗੋਂ ਧਰਮ ਪੁਜਾਰੀਆਂ ਵਲੋਂ ਮਨੁੱਖ ਨੂੰ ਨੈਤਿਕ ਬਣਾਉਣ ਲਈ ਦਿੱਤੇ ਜਾਂਦੇ ਡਰਾਵਿਆਂ ਤੋਂ ਵੀ ਮੁਕਤ ਹੋ ਰਿਹਾ ਹੈ। ਜੇ ਧਰਮ ਨੇ ਅਜਿਹੇ ਅਨੁਭਵੀ ਵਿਅਕਤੀ ਪੈਦਾ ਨਾ ਕੀਤੇ, ਜਿਹੜੇ ਆਪਵੀ ਆਨੰਦਤ ਹੋਣ ਤੇ ਦੂਜਿਆਂ ਨੂੰ ਆਨੰਦਤ ਕਰਨ ਦੇ ਕਾਬਿਲ ਹੋਣ, ਧਰਮਾਂ ਦਾ ਕੋਈ ਭਵਿੱਖ ਨਹੀਂ। ਮੈਂ ਤਾਂ ਕਹਿੰਦਾ ਹਾਂ ਕਿ ਅਜਿਹੇ ਧਰਮਾਂ ਤੋਂ ਮਨੁੱਖ ਨੇ ਫਿਰ ਲੈਣਾ ਵੀ ਕੀ ਹੈ, ਜਿਹੜੇਉਸਨੂੰ ਡਰਾਉਣ, ਭਰਮਾਉਣ ਤੇ ਸੋਸ਼ਣ ਕਰਨ ਦੇ ਹੀ ਅੱਡੇ ਹਨ। ਸਾਨੂੰ ਇੰਨੀ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਜਿਥੇ ਪਰਮ ਆਨੰਦ ਤੇ ਪਰਮ ਸ਼ਾਂਤੀ, ਪਰੈਜੈਂਟ ਮੋਮੈਂਟ ਵਿੱਚ ਹੈ, ਉਥੇ ਇਹ ਕਿਤਿਉਂ ਬਾਹਰੋਂ ਨਹੀਂ ਮਿਲ ਸਕਦੀ, ਇਹ ਖਜ਼ਾਨਾ ਸਾਡੇ ਅੰਦਰ ਹੀ ਹੈ। ਇਹ ਭੰਡਾਰ ਸਾਡੇ ਅੰਦਰ ਹੀ ਹੈ। ਇਸ ਤੇ ਸਾਡਾ ਸਭ ਦਾ ਪੂਰਨ ਹੱਕ ਹੈ। ਅਜਿਹਾ ਨਹੀਂ ਕਿ ਇਸ ਤੇ ਹੱਕ ਕੁੱਝ ਸੱਚੇਧਰਮੀ ਮਹਾਂਪੁਰਸ਼ਾਂ ਨੂੰ ਹੀ ਸੀ ਤੇ ਅਸੀਂ ਸਿਰਫ ਉਨ੍ਹਾਂ ਦੀ ਪੂਜਾ ਪਾਠ ਹੀ ਕਰੀਏ ਜਾਂ ਉਨ੍ਹਾਂ ਦੇ ਗ੍ਰੰਥਾਂ ਜਾਂ ਸ਼ਬਦਾਂ ਦਾ ਭਾਰ ਹੀ ਢੋਂਹਦੇ ਰਹੀਏ। ਉਹ ਆਨੰਦ ਕਿਵੇਂ ਮਿਲੇ, ਉਸ ਆਨੰਦ ਦੀ ਝਲਕ ਕਿਵੇਂ ਪਾ ਸਕੀਏ, ਸਾਨੂੰ ਲੋੜ ਹੈ, ਅਜਿਹੇ ਕਿਸੇ ਅਨੁਭਵੀ ਨੂੰ ਖੋਜਣ ਦੀ। ਆਪਣੇ ਅੰਦਰ ਝਾਤੀ ਮਾਰਨ ਦੀ। ਜਥੇਬੰਧਕ ਧਾਰਮਿਕ ਫਿਰਕਿਆਂ ਤੋਂ ਬਾਹਰ ਨਿਕਲਣ ਦੀ, ਤਾਂ ਹੀ ਉਸਪਰਮ ਆਨੰਦ ਵੱਲ ਅਸੀਂ ਕੋਈ ਕਦਮ ਵਧਾ ਸਕਦੇ ਹਾਂ। ਆਪਣਾ ਤਜ਼ਰਬਾ ਆਪ ਕੀਤੇ ਬਿਨਾਂ ਉਸ ਆਨੰਦ ਨੂੰ ਨਹੀਂ ਮਾਣਿਆ ਜਾ ਸਕਦਾ। ਦੂਜਿਆਂ ਦਾ ਉਧਾਰਾ ਤੇ ਬਾਸਾ ਗਿਆਨ ਸਾਡੇਕਿਸੇ ਕੰਮ ਨਹੀਂ ਆ ਸਕਦਾ। ਜਦੋਂ ਆਨੰਦ ਦਾ ਝਰਨਾ ਸਾਡੇ ਅੰਦਰੋਂ ਫੁੱਟ ਸਕਦਾ ਹੈ।

# ਬਦਲਵੇਂ ਰਿਹਾਇਸ਼ੀ ਪ੍ਰਬੰਧ ਤੋਂ ਵਗੈਰ ਝੁੱਗੀਆਂ ਦਾ ਉਜਾੜਾ

ਨਰਭਿੰਦਰ



"ਹਰ ਕੋਈ ਜਿਹੜਾ ਗਰੀਬੀ ਨਾਲ ਸੰਘਰਸ਼ ਕਰ ਰਿਹਾ ਹੈ ਜਾਣਦਾ ਹੈ ਕਿ ਗਰੀਬ ਉਤੇ ਕਿੰਨੇ ਪਹਾੜ ਟੁੱਟਣ ਜਾ ਰਹੇ ਹਨ...ਕੁਝ ਹੀ ਦਿਨਾ ਵਿਚ ਤੁਹਾਡਾ ਪੀ.ਐਚ.ਡੀ. ਦਾ ਦਾਖਲਾ ਇਮਤਿਹਾਨ ਹੋਵੇ ਅਤੇ ਤੁਸੀਂ ਪੂਰੇ ਮਨ ਨਾਲ ਉਹਦੀ ਤਿਆਰੀ 'ਚ ਜੁਟੇ ਹੋਏ ਹੋਵੋ, ਉਨ੍ਹਾਂ ਦਿਨਾਂ ਵਿਚ ਖ਼ਬਰ ਆਉਂਦੀ ਹੈ ਕਿ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਉਤੇ 48000 ਝੁੱਗੀਆਂ ਨੂੰ ਢਾਹ ਦਿੱਤਾ ਜਾਵੇਗਾ ਅਤੇ ਉਹ ਵੀ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਹਰ ਹਾਲਤ ਵਿਚ। ਜੇ ਤੁਹਾਡਾ ਜਨਮ ਇਨ੍ਹਾਂ ਝੁੱਗੀਆਂ ਵਿਚ ਹੋਇਆ ਹੁੰਦਾ ਤਾਂ ਸ਼ਾਇਦ ਇਸ ਖ਼ਬਰ ਤੋਂ ਪਿਛੋਂ ਮੇਰੀ ਹੋਣ ਵਾਲੀ ਮਾਨਸਿਕ ਹਾਲਤ ਨੂੰ ਆਪ ਸਮਝ ਸਕਦੇ। ਬਚਪਨ ਤੋਂ ਲੈ ਕੇ ਹੁਣ ਤੱਕ ਪੜ੍ਹਾਈ ਲਈ ਕਦੇ ਵੀ ਇਕ ਅਲੱਗ ਕਮਰਾ ਨਹੀਂ ਰਿਹਾ ਮੇਰੇ ਕੋਲ। ਬਹੁਤ ਸਾਰੇ ਸ਼ੋਰ ਗੁੱਲ ਵਿਚ ਪੜ੍ਹਾਈ ਕੀਤੀ ਹੈ ਅੱਜ ਤੱਕ, ਪਰ ਇਸ ਖ਼ਬਰ ਤੋਂ ਪਿਛੋਂ ਇਕ ਅਲੱਗ ਹੀ ਤਰ੍ਹਾਂ ਦਾ ਸ਼ੋਰ ਮੱਚਿਆ ਹੈ ਮੇਰੇ ਅੰਦਰ। ਮੇਰੇ ਦਿਮਾਗ ਵਿਚ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ ਜਿਵੇਂ...ਜੱਜ ਸਾਹਿਬ ਨੂੰ 48000 ਸਿਰਫ਼ ਇਕ ਅੰਕੜਾ ਹੀ ਲੱਗਿਆ ਹੋਵੇਗਾ? ਇਨ੍ਹਾਂ 48000 ਝੁੱਗੀਆਂ 'ਚ ਰਹਿੰਦੇ 48000 ਪਰਿਵਾਰਾਂ 'ਚ ਕਿੰਨੀਆਂ ਜ਼ਿੰਦਗੀਆਂ ਵਸਦੀਆਂ ਹੋਣਗੀਆਂ ਉਹਦਾ ਅੰਦਾਜ਼ਾ ਵੀ ਹੁੰਦਾ ਕਿਤੇ ਉਨ੍ਹਾਂ ਨੂੰ? ਕਿਵੇਂ ਸਮਝਾਇਆ ਜਾ ਸਕਦਾ ਹੈ ਕਿ ਇਥੇ ਵੱਸਣ ਵਾਲੇ ਲੋਕ ਸਭ ਤੋਂ ਘੱਟ ਸਾਧਨਾਂ ਸਰੋਤਾਂ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਅਜਿਹੇ ਵਿਚ ਜਦੋਂ ਗਲੇ ਤੱਕ ਵਿਚ ਡੁੱਬੇ ਲੋਕ ਸਭ ਤੋਂ ਵੱਡੇ ਲੋਕਤੰਤਰ ਦੀ ਦੁਹਾਈ ਇਨ੍ਹਾਂ ਲੁੱਟੇ ਜਾਂਦੇ ਲੋਕਾਂ ਨੂੰ ਦਿੰਦੇ ਹਨ ਤਾਂ ਉਨ੍ਹਾਂ ਕੋਲ ਤੁਹਾਨੂੰ ਬਦ ਦੁਆਵਾਂ ਦੇਣ ਤੋਂ ਸਿਵਾ ਕੁਝ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਇਸ ਲੋਕਤੰਤਰ ਦੀ ਚਮਕ ਦਮਕ ਦੀ ਕੀਮਤ ਕਿਨ੍ਹਾਂ ਦੇ ਖ਼ੂਨ ਅਤੇ ਮਿਹਨਤ ਨਾਲ ਚੁਕਾਈ ਜਾ ਰਹੀ ਹੈ।" ਉਪਰੋਕਤ ਸ਼ਬਦ ਕਿਸੇ ਹੋਰ ਵਲੋਂ ਨਹੀਂ ਇਨ੍ਹਾਂ ਝੁੱਗੀਆਂ 'ਚ ਰਹਿਣ ਵਾਲੀ ਸਾਡੀ ਉਸ ਧੀ ਵਿਜੇਤਾ ਰਾਜ ਭਾਰ ਦੇ ਲਿਖੇ ਹੋਏ ਹਨ ਜਿਹੜੀ ਪੀ.ਐਚ.ਡੀ. ਦੇ ਦਾਖਲੇ ਲਈ ਤਿਆਰੀ ਕਰ ਰਹੀ ਹੈ। ਇਹ ਪੀੜਾ ਉਹ ਹੀ ਸਮਝ ਸਕਦਾ ਹੈ ਜਿਹੜਾ ਜਹਾਲਤ ਤੇ ਨਰਕੀ ਜ਼ਿੰਦਗੀ ਜਿਊਣ ਲਈ ਸਮਾਜ ਨੇ ਮਜਬੂਰ ਕੀਤਾ ਹੋਵੇ। ਇਹ ਪੀੜ ਕੋਈ ਉਚ ਬ੍ਰਹਮਣ, ਮਿਸ਼ਰਾ ਜੀ, ਦੂਬੇ ਜੀ, ਪਾਂਡੇ ਜੀ, ਸੰਧੂ ਸਾਹਿਬ ਜਾਂ ਢਿੱਲੋਂ ਸਾਹਿਬ, ਬਰਾੜ ਸਾਬਿ ਜੀ, ਗਾਂਧੀ ਸਾਹਿਬ ਨਹੀਂਸਮਝ ਸਕਦਾ। ਜਿਨ੍ਹਾਂ ਨੇ ਇਨ੍ਹਾਂ 48000 ਝੁੱਗੀਆਂ ਨੂੰ ਮਲੀਆਮੇਟ ਕਰਨ ਦਾ ਫੈਸਲਾ ਦਿੱਤਾ ਅਤੇ ਉਹ ਜਿਹੜੇ ਰੇਲਵੇ ਲਾਈਨਾਂ ਉਤੇ ਵੱਸੇ ਇਨ੍ਹਾਂ ਝੁੱਗੀਆਂ ਝੌਂਪੜੀਆਂ ਦੀ ਗੰਦਗੀ ਤੋਂ ਨੱਕ ਸੁੰਗੇੜ ਦੇ ਰਹੇ ਹਨ ਨਹੀਂ ਜਾਣ ਸਕਦੇ ਕਿ ਕਿੰਨੇ ਹਜ਼ਾਰ ਸੁਪਨੇ ਹੁਣ ਝੁੱਗੀਆਂ ਉਤੇ ਚਲਣ ਵਾਲੇ ਬੁਲਡੋਜ਼ਰਾਂ ਹੇਠ ਦੱਬੇ ਜਾਣਗੇ।

ਜਿਨ੍ਹਾਂ ਝੁੱਗੀਆਂ ਪ੍ਰਤੀ ਮਾਨਯੋਗ ਸੁਪਰੀਮ ਕੋਰਟ ਦੇ ਬੈਂਚ ਨੇ ਫੈਸਲਾ ਦਿੱਤਾ ਹੈ, ਉਨ੍ਹਾਂ ਝੁੱਗੀਆਂ 'ਚ ਸਾਡੀ ਧੀ ਵਿਜੇਤਾ ਰਾਜਭਾਰ ਵਰਗੇ ਜੋ ਗੁਲਾਬ ਖਿੜ ਰਹੇ ਹਨ, ਨੂੰ ਵਲੂੰਧਰ ਸੁੱਟਣ ਵਾਲਾ ਇਹ ਫੈਸਲਾ ਕਿੰਨਾ ਦਰਦਨਾਕ ਅਤੇ ਦੁੱਖ ਭਰਿਆ ਹੈ। ਆਮ ਆਦਮੀ ਇਸ ਦਰਦ ਦੀ ਗਹਿਰਾਈ ਨਹੀਂ ਪਹਿਚਾਣ ਸਕਦਾ। ਕੀ ਭਾਰਤੀ ਰਾਜ ਪ੍ਰਬੰਧ ਨਿਰਦਈਪੁਣੇ ਦੀ ਆਪਣੀ ਸਿਖਰ 'ਤੇ ਜਾ ਪਹੁੰਚਿਆ ਹੈ ਕਿ ਉਨ੍ਹਾਂ ਉਨ੍ਹਾਂ ਝੁੱਗੀਆਂ 'ਚ ਧੜਕਦੀ ਜ਼ਿੰਦਗੀ ਨੂੰ ਫੈਸਲਾ ਸੁਣਾਉਣ ਲੱਗਿਆਂ ਧਿਆਨ ਵਿਚ ਹੀ ਨਹੀਂ ਰੱਖਿਆ?

ਸੁਪਰੀਮ ਕੋਰਟ ਦੇ ਤਿੰਨ ਮੈਂਬਰੀ ਜੱਜਾਂ ਦੀ ਟੀਮ ਨੇ 31 ਅਗਸਤ ਨੂੰ ਇਕ ਬੇਹੱਦ ਪੀੜਾ ਦਾਇਕ ਫੈਸਲਾ ਇਕ ਜਨਹਿਤ ਰਿਟ ਦੇ ਸਬੰਧ ਵਿਚ ਸੁਣਾਇਆ ਸੀ ਕਿ "ਦਿੱਲੀ 'ਚ ਫੈਲੀ 140 ਕਿਲੋਮੀਟਰ ਲੰਬੀ ਰੇਲ ਲਾਈਨ ਦੇ ਨਾਲ ਨਾਲ ਵੱਸੀਆਂ ਝੁੱਗੀਆਂ ਨੂੰ ਜਿਹੜੀਆਂ ਉਨ੍ਹਾਂ ਦੇ ਰਿਕਾਰਡ ਮੁਤਾਬਕ 48000 ਦੇ ਕਰੀਬ ਹਨ ਪਰ ਹਕੀਕਤ ਵਿਚ 60000 ਤੋਂ ਵੀ ਵੱਧ ਹਨ। ਤਿੰਨਾਂ ਮਹੀਨਿਆਂ ਦੇ ਅੰਦਰ ਅੰਦਰ ਮਲੀਆਮੇਟ ਕਰ ਦਿੱਤਾ ਜਾਵੇ ਅਤੇ ਕਿਸੇ ਵੀ ਕਿਸਮ ਦੀ ਰਾਜਸੀ ਰੁਕਾਵਟ ਜਾਂ ਹੋਰ ਰੁਕਾਵਟਾਂ ਨੂੰ ਵੀ ਬਰਦਾਸ਼ਤ ਨਾ ਕੀਤਾ ਜਾਵੇ।" ਭਾਵ ਇਸ ਵਿਰੁੱਧ ਜੇ ਝੁੱਗੀਆਂ ਵਾਲੇ ਵਿਰੋਧ ਕਰਦੇ ਹਨ ਜਾਂ ਇਨ੍ਹਾਂ ਦੀ ਹਮਾਇਤ 'ਚ ਕੋਈ ਰਾਜਸੀ ਜਾਂ ਸੰਘਰਸ਼ੀਲ ਲੋਕ ਆਉਂਦੇ ਹਨ, ਨੂੰ ਵੀ 'ਬਰਦਾਸ਼ਤ ਨਾ ਕੀਤਾ' ਜਾਵੇ, ਭਾਵ ਨਾ ਬਖਸ਼ਿਆ ਜਾਵੇ। ਵੈਸੇ ਵੀ ਕੌਮੀ ਨਾਗਰਿਕਤਾ ਕਾਨੂੰਨ ਤੋਂ ਪਿਛੋਂ ਅਤੇ ਵਿਸ਼ੇਸ਼ ਕਰਕੇ ਕਰੋਨਾ ਮਹਾਂਮਾਰੀ ਦੇ ਕਾਲ ਹੇਠ ਹਰ ਵਿਰੋਧੀ ਵਿਚਾਰ ਨੂੰ, ਹਰ ਵਿਰੋਧ ਨੂੰ ਤਾਕਤ ਅਤੇ ਕਾਨੂੰਨ ਦੇ ਡੰਡੇ ਕੁਚਲਣ ਦਾ ਰਾਹ ਹਕੂਮਤ ਨੇ ਫੜਿਆ ਹੋਇਆ ਹੈ ਜਿਸ ਨੂੰ ਤਾਨਾਸ਼ਾਹ ਤੇ ਜਾਬਰ ਪ੍ਰਵਿਰਤੀ ਦੇ ਤੌਰ 'ਤੇ ਚਿੰਨਤ ਕੀਤਾ ਜਾ ਰਿਹਾ ਹੈ ਅਤੇ ਇਸ ਜ਼ਾਬਰ ਅਤੇ ਤਾਨਾਸ਼ਾਹ ਪ੍ਰਵਿਰਤੀ ਦੀ ਛੂਤ ਲਾਗ ਤੋਂ ਨਿਆਂਪਾਲਿਕਾ ਵਿਸ਼ੇਸ਼ ਕਰਕੇ ਸਰਵਉਚ ਅਦਾਲਤ ਵੀ ਨਹੀਂ ਬਚੀ ਜਿਸ ਨੇ ਅਜਿਹਾ ਬੇਕਿਰਕ ਫੈਸਲਾ ਸੁਣਾਇਆ ਹੈ ਕਿ ਇਨ੍ਹਾਂ ਝੁੱਗੀਆਂ ਦੇ ਪ੍ਰਦੂਸ਼ਣ ਨੂੰ ਹੀ ਦੇਖਿਆ ਹੈ, ਪਰ ਇਨ੍ਹਾਂ ਝੁੱਗੀਆਂ ਵਿਚ ਰਹਿਣ ਵਾਲੇ ਮਨੁੱਖੀ ਜੀਵਾਂ ਦੀ ਜ਼ਿੰਦਗੀ ਨੂੰ ਬਿਲਕੁਲ ਅੱਖੋਂ ਪਰੋਖੇ ਕੀਤਾ ਹੈ।

ਜਿਹੜੀ ਲਗਭਗ ਤਿੰਨ ਲੱਖ ਦੇ ਕਰੀਬ ਬਣਦੀ ਹੈ। ਇਹ ਫੈਸਲਾ ਸੁਣਾਉਣ ਵਾਲੇ ਜੱਜ ਸਾਹਿਬ ਮਿਸ਼ਰਾ ਜੀ ਹਨ, ਜਿਨ੍ਹਾਂ ਨੇ ਕਦੇ ਗਰੀਬੀ ਵੇਖੀ ਹੈ ਨਾ ਗਰੀਬ ਵੇਖਣਾ ਚਾਹੁੰਦੇ ਹਨ। ਫੈਸਲੇ ਸਮੇਂ ਇਕ ਹੀ ਦਲੀਲ ਨੂੰ ਵਾਰ-ਵਾਰ ਦੁਹਰਾਇਆ ਕਿ ਇਹ ਝੁੱਗੀਆਂ ਪ੍ਰਦੂਸ਼ਣ ਫੈਲਾ ਰਹੀਆਂ ਹਨ। ਬਹੁਤੇ ਰੇਲ ਯਾਤਰਾ ਜਿਹੜੇ ਏ.ਸੀ. ਰੇਲਾਂ ਵਿਚ ਸਫ਼ਰ ਕਰਦੇ ਹਨ, ਉਹ ਰੇਲ ਟਰੱਕਾਂ ਦੇ ਆਲੇ ਦੁਆਲੇ ਇਨ੍ਹਾਂ ਵਸੀਆਂ ਝੁੱਗੀਆਂ 'ਚ ਰੇਲ ਲਾਈਨਾਂ ਦੇ ਨਾਲ ਨਾਲ ਬੈਠੇ ਬੀਮਾਰ ਬਜ਼ੁਰਗਾਂ ਕੱਪੜੇ ਧੋਂਦੀਆਂ, ਗਰੀਬੀ 'ਚ ਅੱਧ ਪਾਟੇ ਕੱਪੜਿਆਂ 'ਚ ਪਈ ਰੋਟੀ ਸੇਕਦੀਆਂ ਤੀਵੀਆਂ, ਨਾਲ ਹੀ ਟੱਟੀ ਬੈਠੇ ਜੁਆਕਾਂ ਅਤੇ ਲੜਾਈ ਝਗੜੇ ਕਰਦੇ ਸ਼ਰਾਬ 'ਚ ਜਾਂ ਨਸ਼ੇ 'ਚ ਧੁੱਤ ਕੁਝ ਨੌਜਵਾਨਾਂ ਨੂੰ ਦੇਖਕੇ ਖਿਝਦੇ ਰਹਿੰਦੇ ਹਨ ਅਤੇ ਉਨ੍ਹਾਂ ਪ੍ਰਤੀ ਅਜਿਹਾ ਨਜ਼ਰੀਆ ਪ੍ਰਗਟਾਉਂਦੇ ਹਨ ਜਿਉਂ ਉਹ ਇਨਸਾਨ ਨਹੀਂ ਉਹ ਜੰਗਲੀ ਜੀਵ ਹਨ। ਜਿਹੜੇ ਇਨ੍ਹਾਂ ਦੇ 'ਸਮਾਰਟ ਸਿਟੀਆਂ' ਨੂੰ ਪ੍ਰਦੂਸ਼ਤ ਕਰ ਰਹੇ ਹਨ। ਇਹੀ ਕਾਰਨ ਕਿ 'ਮਿਸ਼ਰਜਾ' ਨੇ ਰਿਟਾਇਰਮੈਂਟ ਤੋਂ ਪਹਿਲਾਂ ਉਨ੍ਹਾਂ ਪ੍ਰਤੀ ਅਜਿਹਾ ਫੈਸਲਾ ਦੇ ਕੇ ਆਪਣੇ ਜਮਾਤੀ ਕਿਰਦਾਰ ਨੂੰ ਅਤੇ ਸੱਤਾ ਦੇ ਜਮਾਤੀ ਤੇ ਜਾਤੀ ਕਿਰਦਾਰ ਨੂੰ ਪੁਖ਼ਤਾ ਹੀ ਕੀਤਾ ਹੈ। ਉਨ੍ਹਾਂ ਤਾਂ ਫੈਸਲੇ ਵਿਚ ਇਹ ਵੀ ਲਿਖ ਦਿੱਤਾ ਕਿ ਇਸ ਫੈਸਲੇ ਤੋਂ ਪਿਛੋਂ ਕੋਈ ਵੀ ਕੋਰਟ ਸਟੇਅ ਨਹੀਂ ਦੇ ਸਕਦੀ ਜਾਂ ਇਹ ਮੁੜ ਵਿਚਾਰਿਆ ਹੀ ਨਹੀਂ ਜਾ ਸਕਦਾ। ਇਹ ਆਖਰੀ ਅਤੇ ਅੰਤਿਮ ਫੈਸਲਾ ਹੈ। ਰੇਲ ਟਰੈਕ ਸਾਫ਼ ਕਰ ਦਿਓ, ਝੁੱਗੀਆਂ ਢਾਹ ਦਿਓ। ਇਹ ਤਿੰਨ ਲੱਖ ਮਰਦ ਔਰਤਾਂ ਬੱਚੇ ਕਿਥੇ ਜਾਣ? ਸਰਕਾਰ ਇਨ੍ਹਾਂ ਪ੍ਰਤੀ ਕੀ ਜ਼ਿੰਮੇਵਾਰੀ ਨਿਭਾਵੇ। ਉਨ੍ਹਾਂ ਵਲੋਂ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੇ 8 ਫੁੱਟ×8 ਫੁੱਟ ਦੇ ਘਰ ਜਿਥੇ ਉਨ੍ਹਾਂ ਦੀ ਦੁਨੀਆਂ ਵਸਦੀ ਹੈ, ਦਾ ਬਦਲ ਕੀ ਹੋਵੇਗਾ? ਜੱਜ ਸਾਹਿਬ ਨੂੰ ਇਹ ਕੀ ਕੋਈ ਫਿਕਰ ਨਹੀਂ, ਕੀ ਦੇਸ਼ ਦੀ ਸਰਵਉਚ ਅਦਾਲਤ ਦੀ ਗਰੀਬ ਅਤੇ ਅਸਮਰਥ ਲੋਕਾਂ ਪ੍ਰਤੀ ਇਹੋ ਪਹੁੰਚ ਹੈ? ਕੀ ਇਸ ਫੈਸਲੇ ਨਾਲ ਝੁੱਗੀਆਂ ਦੇ ਢਹਿਣ ਨਾਲੋਂ ਸਮੁੱਚੀ ਨਿਆਂ ਵਿਵਸਥਾ ਹੀ ਢਹਿ ਢੇਰੀ ਨਹੀਂ ਹੋ ਗਈ।

ਜੱਜ ਸ੍ਰੀ ਮਿਸ਼ਰਾ ਨੇ ਜਿਹਨੂੰ ਸੁਪਰੀਮ ਕੋਰਟ ਦੇ ਫੈਸਲਿਆਂ ਉਤੇ ਪ੍ਰਸ਼ਾਂਤ ਭੂਸ਼ਨ ਵਲੋਂ ਕੀਤੀਆਂ ਟਿੱਪਣੀਆਂ ਉਤੇ ਸਖ਼ਤ ਇਤਰਾਜ਼ ਸੀ ਅਤੇ ਮਾਨਯੋਗ ਅਦਾਲਤ ਦੀ ਮਾਨਹਾਨੀ ਦੀ ਫਿਰਕਮੰਦੀ ਸੀ, ਨੇ ਖ਼ੁਦ ਦੇਸ਼ ਦੀ ਸਭ ਤੋਂ ਵੱਡੀ ਸੰਸਥਾ ਦੀ ਨਿਆਂ ਸਬੰਧੀ ਜਾਤੀ ਜਮਾਤੀ ਪਹੁੰਚ ਨੂੰ ਪ੍ਰਗਟ ਕਰਕੇ ਨਿਆਂਇਕ ਪਾਲਿਕਾ ਤੋਂ ਲੋਕਾਂ ਦੇ ਨਿਆਂ ਦੀ ਆਸ ਨੂੰ ਵੀ ਉਜਾੜਿਆ ਹੈ ਅਤੇ ਇਉਂ ਨਿਆਂ ਨੂੰ ਉਜਾੜਿਆ ਹੈ।

ਆਖਰ ਰੇਲ ਦੀਆਂ ਪਟੜੀਆਂ ਜਾਂ ਜੰਗਲੀ ਜਾਂ ਬੇਆਬਾਦ ਥਾਵਾਂ ਉਤੇ ਝੁੱਗੀਆਂ ਵਿਚ ਰਹਿਣ ਵਾਲੇ ਲੋਕ ਹੈ ਕੌਣ? ਕੀ ਇਹ ਭਾਰਤ ਦੇ ਵਸਨੀਕ ਨਹੀਂ? ਕੀ ਝੁੱਗੀਆਂ 'ਚ ਰਹਿਣਾ ਉਨ੍ਹਾਂ ਦਾ ਸ਼ੌਕ ਹੈ? ਕੀ ਰੇਲਵੇ ਲਾਈਨਜਾਂ ਬੇਆਬਾਦ ਜੰਗਲੀ ਥਾਵਾਂ ਉਤੇ ਝੁੱਗੀਆਂ ਪਾ ਕੇ ਗੁਜ਼ਾਰਾ ਕਰਨਾ ਸਰਕਾਰੀ ਜਾਇਦਾਦਾਂ ਨੂੰ ਹੜੱਪਣਾ ਹੈ? ਦਿੱਲੀ ਹੀ ਨਹੀਂ ਪੂਰੇ ਦੇਸ਼ ਵਿਚ ਰੇਲ ਲਾਈਨਾਂ ਦੇ ਨਾਲ ਨਾਲ ਵਸੇ ਇਨ੍ਹਾਂ ਕਰੋੜਾਂ ਲੋਕਾਂ ਦੀ ਆਬਾਦੀ ਜਿਹੜੀ ਲੰਮੇ ਸਮੇਂ ਤੋਂ ਰਾਜਸੀ ਵੋਟ ਬੈਂਕ ਤਾਂ ਰਹੀ ਹੈ ਪਰ ਕਿਸੇ ਸਰਕਾਰ, ਕਿਸੇ ਹਕੂਮਤ ਉਹ ਰਾਜ ਸਰਕਾਰ ਹੋਵੇ ਜਾਂ ਕੇਂਦਰੀ ਸਰਕਾਰ ਨੇ ਉਨ੍ਹਾਂ ਦੀ ਜ਼ਿੰਦਗੀ ਪ੍ਰਤੀ ਕਦੇ ਗੰਭੀਰਤਾ ਪ੍ਰਗਟਾਈ ਹੈ? ਫੈਸਲਾ ਦੇਣ ਵਾਲੇ ਜੱਜ ਮਿਸ਼ਰਾ ਜੀ ਅਤੇ ਉਹਦੇ ਦੂਸਰੇ ਦੋ ਹੋਰ ਜੱਜ ਸਾਥੀਆਂ ਸਮੇਤ ਦੇਸ਼ ਦੇ ਰਾਜਸੀ ਆਗੂਆਂ ਨੂੰ ਤਾਂ ਇਹ ਵੀ ਮਹਿਸੂਸ ਨਹੀਂ ਹੋਇਆ ਹੋਵੇਗਾ ਕਿ ਇਹ ਲੋਕ ਕਿਹੜੀਆਂ ਬਿਪਤਾ ਮਾਰੀਆਂ ਹਾਲਤਾਂ ਵਿਚ ਦੂਰ ਦੁਰਾਡਿਓਂ ਆਪਣੇ ਘਰਾਂ 'ਚੋਂ ਉਜੜ ਕੇ ਆਏ ਅਤੇ ਰੁਜ਼ਗਾਰ ਦੇ ਲਈ ਝੁੱਗੀਆਂ ਪਾ ਕੇ ਰਹਿਣ ਲਈ ਮਜਬੂਰ ਹੋਏ। ਗਰੀਬੀ ਤੇ ਭੁੱਖਮਰੀ ਨੇ ਉਨ੍ਹਾਂ ਨੂੰ ਅਜਿਹੀ ਸਥਿਤੀ ਵਿਚ ਪਹੁੰਚਾ ਦਿੱਤਾ। ਇਹ ਭਾਰਤੀ ਨਾਗਰਿਕ ਹੀ ਹਨ ਜਿਨ੍ਹਾਂ ਨੂੰ ਅਜਿਹੀ ਨਰਕੀ ਜ਼ਿੰਦਗੀ ਤੱਕ ਪਹੁੰਚਾਉਣ ਦੇ ਜ਼ਿੰਮੇਵਾਰ ਭਾਰਤੀ ਹਾਕਮ ਹੀ ਹਨ? ਜੇ 70 ਸਾਲ ਪਿਛੋਂ ਵੀ ਭਾਰਤ ਦੀ ਵੱਡੀ ਅਬਾਦੀ ਬਾਂਸ ਅਤੇ ਟੁੱਟੇ ਫੁੱਟੇ ਪਲਾਸਟਿਕ ਜਾਂ ਕੱਚੀਆਂ ਇੱਟਾਂ ਦੀਆਂ ਝੁੱਗੀਆਂ ਪਾ ਕੇ ਰਹਿਣ ਲਈ ਮਜ਼ਬੂਰ ਹਨ ਤਾਂ ਲਾਹਨਤ ਹੈ ਅਜਿਹੀ ਲੋਕਤੰਤਰ ਦੇ ਜਿਹੜੇ ਆਪਣੇ ਨਾਗਰਿਕਾਂ ਲਈ ਰਿਹਾਇਸ਼ ਦਾ ਪ੍ਰਬੰਧ ਵੀ ਨਹੀਂ ਕਰ ਸਕਿਆ। ਇਹ ਝੁੱਗੀਆਂ ਜਿਹੜੀਆਂ 8×8 ਵਰਗ ਫੁੱਟ ਦੀਆਂ ਹਨ ਇਹੋ ਉਨ੍ਹਾਂ ਦਾ ਘਰ ਹੈ, ਰੈਣ ਬਸੇਰਾ ਹੈ, ਮਹਿਲ ਹੈ, ਕੋਠੀ ਹੈ। ਇਥੋ ਇਕ ਪਾਸੇ ਬਜ਼ੁਰਗ ਮਾਂ ਰੀਂਗ ਰਹੀ ਹੈ ਨਾਲ ਦੇ ਸੰਜੇ ਉਤੇ ਗਰਭਵਤੀ ਔਰਤ ਦਾ ਨਵ ਬਾਲ ਕਿਲਕਾਰੀ ਮਾਰ ਰਿਹਾ ਹੈ। ਖੂੰਜੇ 'ਚ ਧੀ ਕਿਤਾਬਾਂ ਲੈ ਕੇ ਬੈਠੀ ਹੈ। ਬਾਹਰ ਬੱਚੇ ਖੇਡਦੇ ਹਨ ਲੜਦੇ ਝਗੜਦੇ ਹਨ। ਇਕ ਟੁੱਟੀ ਮੰਜੀ ਨੰਗਾ ਚੌਗਾਠ ਉਤੇ ਬਜ਼ੁਰਗ ਬਾਪ ਆਖਰੀ ਸਾਹ ਗਿਣ ਰਿਹਾ ਹੈ। ਜਵਾਨ ਧੀਆਂ ਤੇ ਨੂੰਹਾਂ ਲਈ ਬੱਸ ਇਕ ਪਾਟੀ ਚਾਦਰ ਦਾ ਪਰਦਾ ਹੀ ਦੀਵਾਰ ਹੈ। ਇਹ ਲੋਕ ਦਿਨ ਭਰ ਕੰਮ ਕਰਦੇ ਹਨ, ਕੋਈ ਉਸਾਰੀ ਉਤੇ ਕੰਮ ਜਾਂਦਾ ਹੈ ਕੋਈ ਸੜਕ ਤੇ ਠੇਲਾ ਚਲਾਉਂਦਾ ਹੈ, ਕੋਈ ਰੇੜੀ ਲਾਉਂਦਾ ਹੈ ਬੱਚੇ ਔਰਤਾਂ, ਪਾਟੇ ਕਾਗਜ਼ ਪਲਾਸਟਿਕ ਦੇ ਲਿਫਾਫੇ ਆਦਿ ਚੁੱਗ ਕੇ ਲਿਆਉਂਦੇ ਹਨ। ਰੁਜ਼ਗਾਰ ਦਾ ਇਹੋ ਸਾਧਨ ਹੈ ਜਿਸ ਨੂੰ ਵੇਚ ਕੇ ਸ਼ਾਮ ਦੀ ਰੋਟੀ ਦਾ ਆਹਰ ਪਾਹਰ ਹੋ ਜਾਂਦਾ ਹੈ। ਦਿਨੇ ਕਿਤਿਓਂ ਮੰਗ ਕੇ ਖਾ ਲੈਂਦੇ ਹਨ ਜਾਂ ਛੁਟੇ ਹੋਏ ਟੁਕਰਾਂ ਉਤੇ ਗੁਜ਼ਾਰਾਂ ਕਰਦੇ ਹਨ। ਲਾਹਨਤ ਹੈ ਅਜਿਹੇ ਜਮਹੂਰੀ ਪ੍ਰਬੰਧ ਉਤੇ ਜਿਹੜਾ ਉਨ੍ਹਾਂ ਨੂੰ ਰੁਜ਼ਗਾਰ ਵੀ ਮੁਹੱਈਆ ਨਹੀਂ ਕਰਵਾ ਸਕਿਆ।

ਅਜਿਹੀ ਹਾਲਤ ਵਿਚ ਹੀ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਨ ਭੇਜਦੇ ਹਨ। ਮਾਵਾਂ ਦਫ਼ਤਰਾਂ ਜਾਂ ਘਰਾਂ ਵਿਚ ਝਾੜੂ ਪੋਚਾ ਲਾਉਣ ਦੂਰ ਦੁਰਾਡੇ ਜਾਂਦੀਆਂ ਹਨ। ਇਸ ਦੇਸ਼ ਦੇ ਸਭ ਤੋਂ ਵੱਧ ਮਿਹਨਤੀ ਤੇ ਗੈਰ ਹੁਨਰਮੰਦ ਮਜ਼ਦੂਰ ਹਨ। ਉਨ੍ਹਾਂ ਨੂੰ ਅੱਧੀ ਕੁ ਮਿਹਨਤ ਵੀ ਨਹੀਂ ਮਿਲਦੀ ਕਿ ਉਹ ਕਿਰਾਏ 'ਤੇ ਘਰ ਲੈ ਸਕਣ ਦੇ ਸਮੱਰਥ ਹੋਣ। ਕੰਮ ਵੀ ਰੋਜ਼ਾਨਾ ਨਹੀਂ ਮਿਲਦਾ। ਕਈ ਵਾਰੀ ਤਾਂ ਸਾਰਾ ਸਾਰਾ ਦਿਨ ਚੌਕਾਂ ਵਿਚ ਖੜ੍ਹੇ ਰਹਿੰਦੇ ਹਨ। ਸਸਤੇ ਅਨਾਜ ਤੇ ਨਿਰਭਰ ਇਹ ਅਬਾਦੀ ਅਤਿ ਦੇ ਸੀਮਤ ਸਾਧਨਾਂ ਨਾਲ ਗੁਜ਼ਾਰਾ ਕਰਦੀ ਹੈ। ਦੇਸ਼ ਦੇ ਸਭ ਤੋਂ ਗਰੀਬ ਤੇ ਬੇਸਹਾਰਾ ਇਹ ਵਰਗ ਜ਼ਿਆਦਾਤਰ ਦਲਿਤ, ਪਛੜੇ ਅਤੇ ਆਦਿਵਾਸੀ ਹਨ। ਇਨ੍ਹਾਂ ਦਾ ਧਰਮ ਸਿਰਫ਼ ਗਰੀਬੀ ਹੈ। ਇਕੱਠੇ ਰਹਿਣ ਵਾਲੇ ਇਨ੍ਹਾਂ ਲੋਕਾਂ 'ਚ ਯਾਦਵ ਵੀ ਹਨ ਅਤੇ ਅਕਬਰ ਆਲੀ ਵੀ ਜੇ ਇਕ ਔਰਤ ਹਿੰਦੂ ਹੈ ਤਾਂ ਨਾਲ ਦੀ ਝੁੱਗੀ 'ਚ ਮੁਸਲਮਾਨ ਔਰਤ ਹੈ। ਦੋਹਾਂ ਦੀ ਸਾਂਝ ਹੈ। ਰੋਟੀ ਤੇ ਗਰੀਬੀ ਦੀ ਸਾਂਝ। ਕਰੋਨਾ ਮਹਾਂਮਾਰੀ ਦਾ ਸੰਤਾਪ ਸਭ ਤੋਂ ਵੱਧ ਇਨ੍ਹਾਂ ਨੂੰ ਹੀ ਭੁਗਤਨਾ ਪਿਆ। ਜਿੰਨਾ ਚਿਰ ਇਹ ਵੋਟਾਂ ਸਨ ਇਨ੍ਹਾਂ ਦੀ ਵਰਤੋਂ ਹੁੰਦੀ ਰਹੀ, ਜਦੋਂ ਕਿਤੇ ਦੰਗੇ ਕਰਵਾਉਣੇ ਹੋਣ, ਅੱਗਾਂ ਲੁਆਉਣੀਆਂ ਹੋਣ ਤਾਂ ਰਾਜਸੀ ਆਗੂ ਇਥੋਂ ਹੀ ਅਜਿਹੇ ਅਨਸਰਾਂ ਨੂੰ ਖ੍ਰੀਦ ਕੇ ਲਿਜਾਂਦੇ ਹਨ। ਲੁੱਟ ਮਾਰ 'ਚ ਮਿਲਿਆ ਸਮਾਨ ਇਨ੍ਹਾਂ ਦਾ ਸਨਮਾਨ ਹੁੰਦਾ ਹੈ। ਫਿਰ ਪੁਲਿਸ ਹਿਸਾਬ ਕਿਤਾਬ ਬਰਾਬਰ ਕਰ ਦਿੰਦੀ ਹੈ।

ਜੱਟ ਮਿਸਰਾ ਦੀ ਟੀਮ (ਬੈਂਚ) ਦਾ ਫੈਸਲਾ ਇਨ੍ਹਾਂ ਸਾਧਨ ਵਿਹੂਣੇ ਲੋਕਾਂ ਲਈ ਰਿਹਾਇਸ਼, ਰੁਜ਼ਗਾਰ ਅਤੇ ਗੁਜ਼ਾਰੇ ਲਾਇਕ ਜ਼ਿੰਦਗੀ ਦੀਆਂ ਲੋੜਾਂ ਮੁਹੱਈਆ ਕਰਵਾਉਣ ਦੀ ਹਕੂਮਤ ਦੀ ਜ਼ਿੰਮੇਵਾਰੀ ਦੀ ਸੀ ਉਨ੍ਹਾਂ ਨੂੰ ਉਜਾੜਨ ਤੱਕ ਹੀ ਸੀਮਤ ਹੈ। ਉਨ੍ਹਾਂ ਦੀਆਂ ਝੁੱਗੀਆਂ ਨੂੰ ਢਾਹ ਭੰਨ ਕੇ ਉਨ੍ਹਾਂ ਨੂੰ ਰੇਲ ਪਟੜੀਆਂ ਤੋਂ ਉਠਾ ਦੇਣ ਜਾਂ ਭਜਾ ਦੇਣ ਦਾ ਮਤਲਬ ਹੈ ਉਨ੍ਹਾਂ ਨੂੰ ਰਿਹਾਇਸ਼ ਵਿਹੂਣੇ ਰੁਜ਼ਗਾਰ ਵਿਹੂਣੇ ਕਰ ਦੇਣਾ। ਉਨ੍ਹਾਂ ਦੀ ਰਿਹਾਇਸ਼ ਤੇ ਰੋਟੀ ਦੋਨੋਂ ਖੋਹ ਲੈਣਾ ਕਿੰਨਾ ਨਿਰਦਈ ਹੈ ਪੂੰਜੀਵਾਦ, ਕਿੰਨਾ ਬੇਕਿਰਕ ਹੈ ਪੂੰਜੀਵਾਦ ਜਿਹਦੀ ਸੇਵਾ ਜੱਜ ਮਿਸ਼ਰਾ ਕਰਦੇ ਰਹੇ ਹਨ।

ਸ੍ਰੀਮਾਨ ਜੱਜ ਸਾਹਿਬ, ਕੀ ਸੰਵਿਧਾਨ ਦੀ ਧਾਰਾ 21 ਵਿਚ ਦਰਜ ਜ਼ਿੰਦਗੀ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਨਹੀਂ ਕਰਕੇ ਗਏ ਇਸ ਫੈਸਲੇ ਨਾਲ? ਕੀ ਇਹ ਸਵਾਲ ਉਠਾਉਣਾ ਕਿ ਸੰਵਿਧਾਨ ਦੀ ਧਾਰਾ 21 ਜਦੋਂ ਨਾਗਰਿਕ ਨੂੰ ਜ਼ਿੰਦਗੀ ਜਿਊਣ ਦਾ ਮੌਲਿਕ ਅਧਿਕਾਰ ਦਿੰਦੀ ਹੈ, ਦੀ ਪਾਲਣਾ ਕਰਨਾ ਸਰਵਉਚ ਨਿਆਂਪਾਲਿਕਾ ਦੀ ਜ਼ਿੰਮੇਵਾਰੀ ਨਹੀਂ ਸੀ। ਨਿਆਂਪਾਲਿਕਾ ਨੇ ਫੈਸਲੇ ਦੇਣ ਸਮੇਂ ਲੋਕਾਈ ਜਾਂ ਨਾਗਰਿਕਾਂ ਨੂੰ ਪਹਿਲ ਦੇਣੀ ਹੁੰਦੀ ਹੈ। ਵਿਸ਼ੇਸ਼ ਕਰਕੇ ਉਨ੍ਹਾਂ ਦੀ ਜ਼ਿੰਦਗੀ ਜਿਊਣ ਦੇ ਅਧਿਕਾਰ ਦੀ ਸੁਰੱਖਿਆ ਨੂੰ ਦੇਣੀ ਹੁੰਦੀ ਹੈ ਜਾਂ ਕੁਝ ਕੁ ਮੁੱਠੀ ਭਰ ਲੋਕਾਂ ਦੀਆਂ ਲਾਲਸਾਵਾਂ ਦੀ। ਜੱਜ ਸਾਹਿਬ ਵੀ ਜਾਣਦੇ ਹਨ ਕਿ ਇਸ ਦੇਸ਼ ਦਾ ਸੰਵਿਧਾਨ ਵੀ ਕਹਿੰਦਾ ਹੈ ਕਿ ਲੋਕ ਹੀ ਅੰਤਿਮ ਫੈਸਲਾਕੁੰਨ ਤਾਕਤ ਹਨ ਤਾਂ ਕੀ ਸੁਪਰੀਮ ਕੋਰਟ ਦਾ ਇਹ ਆਦੇਸ਼ ਕਿ ਰਾਜਨੀਤਕ ਜਾਂ ਹੋਰ ਸੰਘਰਸ਼ਸ਼ੀਲ ਲੋਕ ਇਸ ਫੈਸਲੇ ਦੇ ਵਿਰੋਧ 'ਚ ਆਉਂਦੇ ਹਨ ਤਾਂ ਸਖ਼ਤੀ ਨਾਲ ਦਬਾਓ-ਕੀ ਸੰਵਿਧਾਨ 'ਚ ਦਿੱਤੀ ਲੋਕ ਪ੍ਰਭੁੱਸਤਾ ਦੀ ਧਾਰਨਾ ਦਾ ਸੁਪਰੀਮ ਕੋਰਟ ਨਾ ਇਹ ਫੈਸਲਾ ਉਲੰਘਣਾ ਨਹੀਂ ਕਰ ਰਿਹਾ? ਕੀ 14 ਸਤੰਬਰ ਤੋਂ ਸ਼ੁਰੂ ਹੋ ਰਹੇ ਸੰਸਦ ਇਜਲਾਸ ਵਿਚ ਅਜਿਹੇ ਸੰਵੇਦਨਸ਼ੀਲ ਅਤੇ ਲੱਖਾਂ ਕਰੋੜਾਂ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲੇ ਸਬੰਧੀ ਵਿਚਾਰਿਆ ਨਹੀਂ ਜਾਣਾ ਚਾਹੀਦਾ। ਯਾਦ ਹੋਵੇਗਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਤਾ 'ਚ ਆਉਣ ਲਈ ਸਭ ਦੇ ਲਈ ਆਵਾਸ਼ (ਰਿਹਾਇਸ਼) ਦਾ ਨਾਅਰਾ ਵੀ ਲੈ ਕੇ ਆਇਆ ਸੀ। ਕੀ ਹੁਣ ਇਨ੍ਹਾਂ 48000 ਜਾਂ 60000 ਝੁੱਗੀਆਂ ਵਾਲਿਆਂ ਲਈ ਆਵਾਸ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨਿਭਾਉਣ ਦੀ ਯਕੀਨ ਦਹਾਨੀ ਨਹੀਂ ਕਰਨਗੇ?

ਇਹ ਵੀ ਦੱਸ ਦੇਈਏ ਕਿ ਦਿੱਲੀ ਵਿਚ ਰਾਜੀਵ ਆਵਾਸ ਯੋਜਨਾ ਤਹਿਤ ਲਗਭਗ 50000 ਆਵਾਸ (ਘਰ) ਖਾਲੀ ਪਏ ਹਨ ਅਤੇ ਦਿੱਲੀ ਵਿਕਾਸ ਬੋਰਡ ਕੋਲ ਵੀ ਹਜ਼ਾਰਾਂ ਮਕਾਨ ਖਾਲੀ ਪਏ ਹਨ। ਕੀ ਦਿੱਲੀ ਤੇ ਕੇਂਦਰੀ ਸਰਕਾਰ ਇਨ੍ਹਾਂ ਝੁੱਗੀਆਂ ਉਜਾੜਨ ਤੋਂ ਪਹਿਲਾਂ ਇਹ ਮਕਾਨ ਇਨ੍ਹਾਂ ਨੂੰ ਅਲਾਟ ਨਹੀਂ ਕਰ ਸਕਦੀ? ਕਿਸੇ ਨੂੰ ਉਜਾੜਣ ਦੇ ਆਦੇਸ਼ ਦੇਣ ਸਮੇਂ, ਸਭ ਤੋਂ ਪਹਿਲਾਂ ਉਨ੍ਹਾਂ ਵਸਾਉਣ ਬਾਰੇ ਵੀ ਸੋਚਣਾ ਚਾਹੀਦਾ ਸੀ। ਮਾਨਯੋਗ ਜੱਜ ਸਾਹਿਬ।

ਜੱਜ ਸਾਹਿਬ ਭਾਰਤੀ ਲੋਕ ਜਾਣਦੇ ਹਨ ਕਿ ਤੁਹਾਡਾ ਫੈਸਲਾ ਕਿਸ ਦੇ ਹਿਤ ਵਿਚ ਹੈ। ਭਾਰਤੀ ਹਕੂਮਤ ਰੇਲਵੇ ਨੂੰ ਨਿੱਜੀ ਕਾਰਪੋਰੇਟੀ ਕੰਪਨੀਆਂ ਦੇ ਹੱਥਾਂ ਵਿਚ ਸੌਂਪ ਰਹੀ ਹੈ। ਸਮੁੱਚੀ ਰੇਲ ਦੀ ਜਾਇਦਾਦ ਜਿਸ 'ਚ ਰੇਲ ਲਾਈਨਾਂ ਦੇ ਨਾਲ ਨਾਲ ਜ਼ਮੀਨਾਂ ਵੀ ਹਨ 99 ਸਾਲਾ ਪਟੇ ਉਤੇ ਵੱਡੇ ਘਰਾਣਿਆਂ ਨੂੰ ਸੌਂਪੀ ਜਾ ਰਹੀ ਹੈ। ਤੁਸੀਂ ਆਪਣੇ ਇਸ ਫੈਸਲੇ ਨਾਲ ਰੇਲਵੇ ਲਾਈਨਾਂ ਦੇ ਨਾਲ ਲਗਵੀਂ ਅਜਿਹੀ ਜਗ੍ਹਾ ਨੂੰ ਝੁੱਗੀਆਂ ਵਾਲਿਆਂ ਤੋਂ ਮੁਕਤ ਕਰਵਾਕੇ ਉਨ੍ਹਾਂ ਅਮੀਰ ਘਰਾਣਿਆਂ ਦੀ ਸੇਵਾ ਕਰਕੇ ਗਏ ਹੋ। ਇਸ ਫੈਸਲੇ ਸਮੇਂ ਗਰੀਬਾਂ ਜਿਹੜੇ ਜ਼ਿਆਦਾ ਦਲਿਤ ਆਦਿਵਾਸੀ ਅਤੇ ਹਾਸ਼ੀਏ ਤੋਂ ਪਾਰ ਲੋਕ ਹਨ ਦੀ ਵਸਦੀ ਰਸਦੀ ਜ਼ਿੰਦਗੀ ਨੂੰ ਧਿਆਨ 'ਚ ਨਹੀਂ ਰੱਖਿਆ। ਰੱਖ ਸਕਦੇ ਵੀ ਨਹੀਂ ਸੋ ਤੁਹਾਡੇ ਪਿਛਲੇ ਸਾਰੇ ਫੈਸਲਿਆਂ ਵਿਚ ਲੋਕਾਈ ਜਾਂ ਨਾਗਰਿਕਾਂ ਦੇ ਪੱਖਾਂ ਨੂੰ ਅਣਗੌਲਿਆ ਜਾਂ ਦਰਕਿਨਾਰ ਹੀ ਕੀਤਾ ਗਿਆ ਹੈ। ਤੁਸੀਂ ਹਕੂਮਤ ਦੀ ਉਹ ਨੀਤੀ ਜਿਹੜੀ ਅਮੀਰ ਘਰਾਣਿਆਂ ਨੂੰ ਭਾਰਤੀ ਰੇਲ ਦੀ ਜ਼ਮੀਨ ਜਾਇਦਾਦ ਸੌਂਪਣ ਜਾ ਰਹੀ ਹੈ, ਦੀ ਠੋਕਵੀਂ ਵਕਾਲਤ ਕੀਤੀ ਹੈ ਅਤੇ ਲੋਕਾਈ ਨੂੰ ਅਣਗੌਲਿਆ ਕਰਕੇ ਇਹ ਜ਼ਾਹਿਰ ਕਰ ਦਿੱਤਾ ਹੈ ਕਿ ਨਿਆਂ ਪ੍ਰਬੰਧ ਸਿਰਫ਼ ਅਮੀਰਾਂ ਪੱਖੀ ਹੈ। ਇਸ 'ਚ ਨਿਰਪੱਖਤਾ ਵਰਗੀ ਕੋਈ ਸ਼ੈਅ ਨਹੀਂ। ਜੱਜ ਸਾਹਿਬਾਂ ਦਾ ਇਹ ਫੈਸਲਾ ਝੁੱਗੜੀਆਂ ਵਿਚ ਵਸਦੇ ਲੋਕਾਂ ਨੂੰ ਇਨਸਾਨ ਜਾਂ ਭਾਰਤੀ ਨਾਗਰਿਕ ਵੀ ਪ੍ਰਵਾਨ ਕਰਨ ਲਈ ਤਿਆਰ ਨਹੀਂ? ਕੀ ਉਹ ਗਰੀਬ ਹਨ ਬੇਸਹਾਰਾ ਹਨ ਅਤੇ ਰਿਹਾਇਸ਼ ਰੁਜ਼ਗਾਰ ਵਿਹੂਣ ਹਨ ਇਹ ਫਿਸ ਕਰਕੇ ਹੈ।

48 ਹਜ਼ਾਰ ਝੁੱਗੀਆਂ ਨੂੰ ਉਜਾੜਨ ਦਾ ਫੈਸਲਾ ਮਾਨਵਤਾ ਵਿਰੋਧੀ ਹੀ ਨਹੀਂ ਸੰਵਿਧਾਨ ਵਿਰੋਧੀ ਵੀ ਹੈ। ਦੇਸ਼ ਦੀ 10 ਫੀ ਸਦੀ ਆਬਾਦੀ ਜਿਹੜੀ ਦੇਸ਼ ਦੇ 90 ਫੀ ਸਦੀ ਸਾਧਨਾ ਸ੍ਰੋਤਾਂ ਉਤੇ ਮਾਲਕੀ ਜਾਂ ਕਾਬਜ਼ ਹੋਣਾ ਲੋਚਦੀ ਹੈ, ਦੇ ਪੱਖੀ ਹੈ। ਇਹ ਫੈਸਲਾ ਦੇਸ਼ ਦੇ ਸਭ ਤੋਂ ਗਰੀਬ ਲੋਕਾਂ ਨੂੰ ਉਜਾੜਨ ਵਾਲਾ ਹੈ। ਜਿਹੜਾ ਪ੍ਰਦੂਸ਼ਣ ਦੇਸ਼ ਦੇ ਮਹਿਜ ਇਕ ਜਾਂ ਦੋ ਫੀਸਦੀ ਲੋਕ ਜੋ ਸਨਅਤਕਾਰ ਹਨ, ਖਦਾਨਾਂ ਦੇ ਮਾਲਕ ਹਨ ਅਤੇ ਹੋਰ ਖਤਰਨਾਕ ਉਦਯੋਗਾਂ ਨੂੰ ਚਲਾਉਂਦੇ ਹਨ ਅਤੇ ਮੁਨਾਫ਼ੇ ਦੀ ਹਵਸ ਨਾਲ ਮਨੁੱਖਤਾ ਨੂੰ ਪ੍ਰਦੂਸ਼ਤ ਵਾਤਾਵਰਣ ਵੱਲ ਧੱਕਦੇ ਹਨ ਪ੍ਰਤੀ ਸੁਪਰੀਮ ਕੋਰਟ ਨੇ ਗੰਭੀਰਤਾ ਨਾਲ ਨਹੀਂ ਲਿਆ ਅਤੇ ਬਹੁਤ ਵਾਰੀ ਅਜਿਹੀਆਂ ਰਿਟਾਂ ਨੂੰ ਬੇਲੋੜਾ ਕਹਿ ਕੇ ਰੱਦ ਕਰ ਦਿੱਤਾ ਹੈ। ਉਸ ਸੁਪਰੀਮ ਕੋਰਟ ਨੂੰ ਗਰੀਬ ਝੁੱਗੀਆਂ ਵਾਲਿਆਂ ਦਾ ਪ੍ਰਦੂਸ਼ਣ ਸਤਾਉਂਦਾ ਹੈ। ਦਰਅਸਲ ਉਨ੍ਹਾਂ ਲਈ ਗਰੀਬ ਨਿਸ਼ਾਨੇ 'ਤੇ ਹੈ।

ਝੁੱਗੀਆਂ ਵਾਲਿਆਂ ਨੇ ਆਪਣੇ ਸੰਘਰਸ਼ ਦਾ ਬਿਗਲ ਵਜਾ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਬਦਲਵਾਂ ਆਵਾਸ ਦਿਓ। ਜਿਨ੍ਹਾਂ ਚਿਰ ਆਵਾਸ ਮੁਹੱਈਆ ਨਹੀਂ ਕਰਵਾਉਂਦੇ ਉਨ੍ਹਾਂ ਚਿਰ ਉਜਾੜੋ ਵੀ ਨਾ। ਦੇਸ਼ ਦੇ ਜਮਹੂਰੀ ਲੋਕਾਂ ਨੂੰ ਝੁੱਗੀਆਂ ਵਾਲਿਆਂ ਦੀ ਹਮਾਇਤ ਵਿਚ ਨਿਤਰਨਾ ਚਾਹੀਦਾ ਹੈ ਅਤੇ ਜੱਜ ਮਿਸ਼ਰਾ ਦੇ ਬੈਂਚ ਵਲੋਂ ਕੀਤੇ ਨਾਗਰਿਕ ਵਿਰੋਧੀ ਫੈਸਲੇ ਨੂੰ ਮੁੜ ਵਿਚਾਰਨ ਲਈ ਸੰਸਦ ਤੱਕ ਆਪਦੀ ਆਵਾਜ਼ ਪਹੁੰਚਾਉਣੀ ਚਾਹੀਦਾ ਹੈ। ਝੁੱਗੀਆਂ ਵਾਲਿਆਂ ਦੀ ਧੀ ਦੀ ਪੁਕਾਰ ਸਾਨੂੰ ਇਹੋ ਸੰਦੇਸ਼ ਦੇ ਰਹੀ ਹੈ।

ਸੰਤ ਰਾਮ ਉਦਾਸੀ ਦੀਆਂ ਲਾਈਨਾਂ
ਜੇ ਸੋਕਾ ਇਹੀ ਜ਼ਰਦੇ ਨੇ,
ਜੇ ਡੋਬਾ ਇਹੀ ਮਰਦੇ ਨੇ,
ਸਭ ਕਹਿਰ ਇਨ੍ਹਾਂ ਸਿਰ ਵਰ੍ਹਦੇ ਨੇ
ਮਰ ਕੇ ਵੀ ਚਾਂਭਲ ਜਾਣਗੇ
ਇਹ ਭੂਤ ਜਠੇਰੇ
ਤੂੰ ਮਘਦਾ ਰਹੀਂ ਵੇ ਸੂਰਜਾ
ਕੰਮੀਆਂ ਦੇ ਵਿਹੜੇ।

93544-30211

ਪ੍ਰੋ. ਔਲਖ ਦੀ ਖੋਜ ਤੇ ਕਰਮ ਬਣੇਗਾ ਰਾਹ ਦਸੇਰਾ

# ਪ੍ਰੋ. ਸਤਿੰਦਰ ਔਲਖ ਨੇ ਨਾਬਰੀ ਦਾ ਵਿਰਸਾ ਉਜਾਗਰ ਕੀਤਾ: ਸਿਰਸਾ









ਅੰਮ੍ਰਿਤਸਰ, (ਬਲਜਿੰਦਰ ਸਿੰਘ) ਪੰਜਾਬੀ ਦੀ ਨਾਮਵਰ ਲੋਕ ਧਾਰਾ ਵਿਗਿਆਨੀ,ਭਾਸ਼ਾ ਚਿੰਤਕ, ਲੋਕ ਪੱਖੀ ਜਨਤਕ ਜਮਹੂਰੀ ਲਹਿਰ ਦੇ ਸਹਿਯੋਗੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਦੀ ਨਾਮਵਰ ਸ਼ਖਸ਼ੀਅਤ ਪ੍ਰੋ.ਸਤਿੰਦਰ ਔਲਖ ਦਾ ਸ਼ਰਧਾਂਜਲੀ ਸਮਾਗਮ ਸਥਾਨਕ ਯੂਨੀਵਰਸਿਟੀ ਇਨਕਲੇਵ ਵਿੱਚ ਹੋਇਆ। ਜਿਸ ਵਿੱਚ ਪੰਜਾਬ ਭਰ ਤੋਂ ਲੇਖਕ, ਬੁੱਧੀਜੀਵੀ, ਜਮਹੂਰੀ ਕਾਰਕੁੰਨ, ਵਿਦਿਆਰਥੀ, ਅਧਿਆਪਕਾਂ ਤੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਧਾਰਮਿਕ ਰਸਮਾਂ ਤੋਂ ਬਿਨਾ ਹੋਏ ਸਮਾਰੋਹ ਦੀ ਸ਼ੁਰੂਆਤ ਪ੍ਰੋ. ਔਲਖ ਦੀ ਯਾਦ ਵਿੱਚ ਵਜਾਈ ਗਈ ਸੋਗੀ ਧੁਨ ਨਾਲ ਹੋਈ। ਸਮਾਰੋਹ ਵਿੱਚ ਬੋਲਦਿਆਂ ਪਲਸ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ ਨੇ ਸਤਿੰਦਰ ਔਲਖ ਦੇ ਸਦੀਵੀ ਵਿਛੋੜੇ ਨੂੰ ਸਾਹਿਤ,ਸਮਾਜ ਤੇ ਵਿਦਿਆਰਥੀਆਂ ਲਈ ਕਦੇ ਨਾ ਪੂਰਾ ਹੋ ਸਕਣ ਵਾਲਾ ਘਾਟਾ ਦੱਸਿਆ।ਡਾ. ਹਰਦੀਪ ਸਿੰਘ ਡੀਨ ਵਿਦਿਆਰਥੀ ਭਲਾਈ ਨੇ ਯੂਨੀਵਰਸਿਟੀ ਵੱਲੋਂ ਪ੍ਰੋ. ਔਲਖ ਦੇ ਕੰਮ ਤੇ ਕਰਮ ਨੂੰ ਨਮਨ ਕੀਤਾ। ਇਸ ਮੌਕੇ ਪ੍ਰੋ. ਸਤਿੰਦਰ ਔਲਖ ਦੇ ਗਾਈਡ ਰਹੇ ਡਾ. ਹਰਜੀਤ ਗਿੱਲ ਨੇ ਕਿਹਾ ਕਿ ਡਾ. ਔਲਖ ਨੇ ਪੰਜਾਬੀ ਲੋਕਧਾਰਾ,ਵਿਰਸਾ ਤੇ ਸਭਿਆਚਾਰ ਦੇ ਵਿਸ਼ੇਸ਼ ਇਤਿਹਾਸਕ ਸੰਦਰਭ ਵਿੱਚ ਨਾਰੀ ਤੇ ਹਾਸ਼ੀਏ ਦੇ ਸਮਾਜ ਦੇ ਮਸਲਿਆਂ ਨੂੰ ਉਜਾਗਰ ਕੀਤਾ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਆਖਿਆ ਕਿ ਪ੍ਰੋ. ਔਲਖ ਨੇ ਲੋਕ ਪ੍ਰੰਪਰਾਵਾਂ ਤੇ ਸਮਕਾਲੀ ਮਸਲਿਆਂ ਨੂੰ ਚਿੰਤਨ ਤੇ ਗਿਆਨ ਦੇ ਨਾਲ ਨਾਲ ਪੰਜਾਬੀ ਦੇ ਨਾਬਰੀ ਦੇ ਵਿਰਸੇ ਨੂੰ ਵੀ ਉਜਾਗਰ ਕੀਤਾ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਉਹਨਾਂ ਦਾ ਚਿੰਤਨ ਤੇ ਅਧਿਆਪਨ ਵਿਦਿਆਰਥੀਆਂ ਨੂੰ ਹੱਕਾਂ ਲਈ ਸੰਘਰਸ਼ ਕਰਨ ਵਾਸਤੇ ਪ੍ਰੇਰਦਾ ਰਿਹਾ ਹੈ। ਇਸ ਮੌਕੇ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਪ੍ਰੋ. ਸਤਿੰਦਰ ਔਲਖ ਨੂੰ ਇੱਕ ਉੱਚ ਕੋਟੀ ਦੀ ਲੋਕ ਧਾਰਾ ਚਿੰਤਕ ਦਸਦਿਆਂ ਜਮਹੂਰੀ ਲਹਿਰ ਦੇ ਆਗੂ ਡਾ. ਪਰਮਿੰਦਰ ਸਿੰਘ ਨੂੰ ਲੋਕ ਪੱਖੀ ਜਨਤਕ ਜਮਹੂਰੀ ਲਹਿਰ ਵਿੱਚ ਸਰਗਰਮੀ ਨਾਲ ਕੰਮ ਕਰਨ ਵਿੱਚ ਡਟਵਾਂ ਸਹਿਯੋਗ ਦੇਣ ਵਾਲੀ ਜੀਵਨ ਸਾਥਣ ਆਖਿਆ। ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਤੇ ਨਾਮਵਰ ਨਾਟਕਕਾਰ ਕੇਵਲ ਧਾਲੀਵਾਲ ਨੇ ਪ੍ਰੋ. ਔਲਖ ਨੂੰ ਯਾਦ ਕਰਦਿਆਂ ਉਹਨਾਂ ਨੂੰ ਪ੍ਰਤੀਬੱਧ ਅਧਿਆਪਕਾ ਤੇ ਸਮਾਜਿਕ ਫਿਕਰਾਂ ਦੀ ਬਾਂਹ ਫੜ੍ਹਨ ਵਾਲੀ ਨਾਮਵਰ ਸ਼ਖਸ਼ੀਅਤ ਦੱਸਿਆ। ਸਮਾਰੋਹ ਵਿੱਚ ਬੋਲਦਿਆਂ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲੇ ਦੇ ਕਨਵੀਨਰ ਜਸਪਾਲ ਜੱਸੀ ਨੇ ਆਖਿਆ ਕਿ ਇਹ ਪ੍ਰੋ. ਔਲਖ ਦੇ ਜਾਣ ਦਾ ਵਕਤ ਨਹੀਂ ਸੀ। ਉਹਨਾਂ ਆਪਣੀ ਖੋਜ ਧਾਰਾ, ਲਿਖਤਾਂ ਤੇ ਅਧਿਆਪਨ ਦੇ ਅਹਿਮ ਕਾਰਜ ਨਾਲ ਜ਼ਿੰਦਗੀ ਨੂੰ ਬਦਲਣ, ਹੋਰ ਚੰਗੇਰੀ ਬਣਾਉਣ ਲਈ ਕੰਮ ਕੀਤਾ। ਬੁਲਾਰਿਆਂ ਨੇ ਸਦਾ ਲਈ ਵਿਛੜ ਗਏ ਭਾਸ਼ਾ ਚਿੰਤਕ ਪ੍ਰੋ. ਔਲਖ ਨੂੰ ਸਮਾਜ ਦੇ ਮਿਹਨਤਕਸ਼ ਤਬਕਿਆਂ, ਦਲਿਤਾਂ, ਕਿਰਤੀਆਂ ਤੇ ਔਰਤਾਂ ਦੀ ਆਵਾਜ਼ ਨੂੰ ਆਪਣੀਆਂ ਲਿਖਤਾਂ ਤੇ ਅਮਲਾਂ ਨਾਲ ਬੁਲੰਦ ਕੀਤਾ। ਸਮਾਰੋਹ ਵਿੱਚ ਪ੍ਰੋ. ਔਲਖ ਦੇ ਜੀਵਨ ਸਾਥੀ ਨਾਮਵਰ ਚਿੰਤਕ ਡਾ. ਪਰਮਿੰਦਰ ਸਿੰਘ ਨੇ ਬੇਟੀ ਸਬੀਰਾ ਵੱਲੋਂ ਮਾਂ ਦੀ ਯਾਦ ਵਿੱਚ ਲਿਖੇ ਬੋਲ ਸਾਂਝੇ ਕਰਦਿਆਂ ਸਮਾਰੋਹ ਵਿੱਚ ਸ਼ਾਮਲ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ। ਸਮਾਰੋਹ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦਾ ਵੱਡਾ ਕਾਫਲਾ ਡਾ. ਕੁਲਦੀਪ ਸਿੰਘ ਦੀ ਅਗਵਾਈ ਵਿੱਚ ਸਮਾਰੋਹ ਵਿੱਚ ਸ਼ਾਮਲ ਹੋਇਆ। ਸ਼ਰਧਾਂਜਲੀ ਸਮਾਰੋਹ ਵਿੱਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਰੋਕਾਰਾਂ ਦੀ ਆਵਾਜ਼ ਟੋਰਾਂਟੋ, ਤਰਕਸ਼ੀਲ ਸੁਸਾਇਟੀ ਪੰਜਾਬ, ਗੁਰੂ ਨਾਨਕ ਦੇਵ



ਯੂਨੀਵਰਸਿਟੀ ਪੈਨਸ਼ਨਰ ਐਸੋਸੀਏਸ਼ਨ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਮੇਤ ਦਰਜਨਾਂ ਸਮਾਜਿਕ, ਜਮਹੂਰੀ ਸੰਸਥਾਵਾਂ ਤੋਂ ਆਏ ਸ਼ੋਕ ਮਤੇ ਪੜ੍ਹੇ ਗਏ। ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਯਸ਼ਪਾਲ ਚੰਡੀਗੜ੍ਹ, ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਜਗਰੂਪ ਸੇਖੋਂ, ਪ੍ਰਿੰਸੀਪਲ ਡਾ. ਮਹਿਲ ਸਿੰਘ,ਪਾਵੇਲ ਕੁੱਸਾ, ਡਾ. ਅਮਰਜੀਤ ਸਿੱਧੂ, ਰਾਮ ਸਵਰਨ ਲੱਖੇਵਾਲੀ, ਜਗਮੇਲ ਸਿੰਘ, ਦੀਪ ਦਵਿੰਦਰ ਸਿੰਘ, ਜਗੀਰ ਜੋਸਨ, ਲਛਮਣ ਸਿੰਘ ਸੇਵੇਵਾਲਾ, ਜਗਮੇਲ ਸਿੰਘ, ਅਮਰਜੀਤ ਬਾਈ, ਹਰਮੇਸ਼ ਮਾਲੜੀ, ਪ੍ਰਵੀਨ ਹਿਰਦੇ ਪਾਲ, ਡਾ. ਮਨਜਿੰਦਰ ਪੱਪੀ, ਕਹਾਣੀਕਾਰ ਅਤਰਜੀਤ, ਸੁਮੀਤ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਮੱਖਣ ਕੁਹਾੜ, ਗੁਰਬਚਨ ਸਿੰਘ, ਯਸ਼ਪਾਲ ਝਬਾਲ, ਰਮੇਸ਼ ਯਾਦਵ ਤੇ ਡਾ. ਸ਼ਰਨਜੀਤ ਢਿੱਲੋਂ ਆਦਿ ਅਨੇਕਾਂ ਆਗੂ ਹਾਜ਼ਰ ਸਨ।



Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com



Calgary Best Buy
Furniture & Mattress

Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com

Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com



Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILITY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN



IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)


WAVE HOMES
SHOWHOMES
Inspired by Design
NEW SHOWHOMES
4, 8, 12, 16 MIDTOWN CLOSE
WAVE HOMES
403.764.0222
MIDTOWN
LOOKING TO MOVE UP IN NW CALGARY?
NEW Hamptons Spec Homes for Sale!
25 + 76
Hampstead Mews NW
www.wavehomes.ca


ENVIRO
CANADA CONTRACTING
We provide services as below:
• Sprayfoam Insulation for Residential and Commercial Projects.
• Thermal Barrier/Spray
for Residential and Commercial Projects.
• Fiberglass and Cellulose Blow-in Insulation for Attic
• Eavestrough and Downpipe installation.
• Batt insulation for
Residential and Commercial Projects.
• Steel Stud Framing.
Any Inquiry
Sukhdeep Gill +1 (403) 975-1003
Office - 403-764-0111 | Email- info@envirocc.ca


Gill Plumbing & Heating
A Complete Services for Your Residential and Commerce
Plumbing & Heating Needs :
Call Parminder Gill 403-714-1544
WE Provide
Services Including :
- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service
ਹੀਟਿੰਗ ਦਾ ਸਪੈਸ਼ਲਿਸਟ ਅਤੇਫਰਨੇਸ ਰਿਪਲੇਸਮੈਂਟ
24 Hours Service
ਪਰਮਿੰਦਰ ਗਿੱਲ
ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੌਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।
We Promise Reasonable Rates and Quality Work

Car Wash

Go Detail & Express Wash



- Car Wash - Express Detail - Hand Wash
- Full Detail - Auto Wash - SELF Serve

403-408-7536

3510 32 Street NE, Calgary AB

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling Commercial and Residential Land Development Condominium Projects
WILLS & ESTATE
CRIMINAL LAW

SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

McKnight Dental Clinic



- Serving NE Community for over 30 years
- We follow Alberta Dental Fee Guide
- Open some evenings and Saturdays

Tel. 403-280-0880
Fax : 403-293-8852
www.mcknightdental.ca

McKnight Village,
5432 Falsbridge Dr NE,
Calgary, Alberta, T3J 3E9

(All services provided by General Dentists)




Mega Sanjha Punjab GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਇੱਕ ਹੋਰ ਸਫਲ ਪੁਸਤਕ ਮੇਲਾ !

## ਸ਼ਹੀਦ ਭਗਤ ਸਿੰਘ, ਨਾਟਕਕਾਰ ਭਾਜੀ ਗੁਰਸ਼ਰਨ ਸਿੰਘ, ਨਾਟਕਕਾਰ ਅਜਮੇਰ ਔਲਖ ਤੇ ਕਵੀ ਅਵਤਾਰ ਪਾਸ਼ ਨੂੰ ਸਮਰਪਿਤ ਕੀਤਾ ਗਿਆ






**ਕੈਲਗਰੀ/ਹਰਚਰਨ ਪਰਹਾਰ**

ਪਿਛਲ਼ੇ ਕੁਝ ਸਾਲਾਂ ਤੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਕੈਲਗਰੀ' ਵਲੋਂ ਕੈਲਗਰੀ ਵਿੱਚ ਕਿਤਾਬਾਂ ਪੜ੍ਹਨ ਦੇ ਰੁਝਾਨ ਨੂੰ ਉਤਸ਼ਾਹਿਤ ਕਰਨ ਲਈ ਲਾਗਤ ਕੀਮਤ ਤੇ ਪਾਠਕਾਂ ਲਈ ਪੁਸਤਕਾਂ ਦਾ ਮੇਲਾ ਲਗਾਇਆ ਜਾਂਦਾ ਹੈ। ਇਸੇ ਲੜੀ ਵਿੱਚ ਅੱਜ 27 ਸਤੰਬਰ, ਦਿਨ ਐਤਵਾਰ ਨੂੰ ਇੱਕ ਰੋਜ਼ਾ ਇੱਕ ਹੋਰ ਮੇਲਾ ਲਗਾਇਆ ਗਿਆ, ਜਿਸ ਵਿੱਚ ਪਾਠਕਾਂ ਲਈ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਵਿਗਿਆਨ, ਵਾਤਾਵਰਣ, ਸਿਹਤ, ਜੀਵਨ, ਤਰਕਸ਼ੀਲਤਾ ਆਦਿ ਨਾਲ ਸਬੰਧਤ ਕਿਤਾਬਾਂ ਮੁਹੱਈਆ ਕਰਾਈਆਂ ਗਈਆਂ। ਇਸ ਤੋਂ ਪਹਿਲਾਂ ਇੱਕ ਸਫਲ ਪੁਸਤਕ ਮੇਲਾ ਅਗਸਤ ਮਹੀਨੇ ਵੀ ਲਗਾਇਆ ਗਿਆ ਸੀ। ਜਿਸਨੂੰ ਪਾਠਕਾਂ ਨੇ ਭਰਪੂਰ ਸਹਿਯੋਗ ਦਿੱਤਾ ਸੀ। 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਇਸ ਮੌਕੇ ਤੇ ਬੋਲਦਿਆਂ ਸ਼ਹੀਦ ਭਗਤ ਸਿੰਘ, ਨਾਟਕਕਾਰ ਭਾਜੀ ਗੁਰਸ਼ਰਨ ਸਿੰਘ, ਨਾਟਕਕਾਰ ਅਜਮੇਰ ਔਲਖ ਤੇ ਕਵੀ ਅਵਤਾਰ ਪਾਸ਼ ਨੂੰ ਯਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਸੀਂ ਇਨ੍ਹਾਂ ਸਾਰੇ ਮਹਾਨ ਵਿਅਕਤੀਆਂ ਦੀਆਂ ਕੁਰਬਾਨੀਆਂ, ਘਾਲਣਾਵਾਂ ਤੇ ਸੋਚ ਨੂੰ ਲੋਕਾਂ ਤੱਕ ਲਿਜਾਣ ਲਈ ਅਜਿਹੇ ਉਪਰਾਲੇ ਕਰਦੇ ਰਹਾਂਗੇ। ਉਨ੍ਹਾਂ ਇਸ ਗੱਲ ਤੇ ਤਸੱਲੀ ਪ੍ਰਗਟ ਕੀਤੀ ਕਿ ਪਾਠਕ ਹਰ ਪੁਸਤਕ ਮੇਲੇ ਨੂੰ ਭਰਪੂਰ ਸਹਿਯੋਗ ਦਿੰਦੇ ਹਨ ਤੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦਦੇ ਹਨ।ਬਹੁਤ ਸਾਰੇ ਪਾਠਕ ਆਪਣੇ ਘਰੇਲੂ ਰਝੇਵਿਆਂ ਕਾਰਨ ਅੱਜ ਦੇ ਮੇਲੇ ਵਿੱਚ ਪਹੁੰਚ ਨਹੀਂ ਸਕੇ, ਉਨ੍ਹਾਂ ਨੂੰ ਬੇਨਤੀ ਹੈ ਕਿ ਉਹ ਮਾਸਟਰ ਭਜਨ ਸਿੰਘ ਹੋਰਾਂ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਦੇ ਘਰੋਂ ਕਿਤਾਬਾਂ ਪ੍ਰਾਪਤ ਕਰ ਸਕਦੇ ਹਨ। ਅੱਗੇ ਸਨੋਅ ਦਾ ਸੀਜ਼ਨ ਸ਼ੁਰੂ ਹੋ ਰਿਹਾ ਹੈ ਤੇ ਪਾਠਕ ਕਿਤਾਬਾਂ ਨਾਲ ਆਪਣਾ ਸਮਾਂ ਸਫਲ ਕਰ ਸਕਦੇ ਹਨ ਤੇ ਜਦੋਂ ਮਰਜੀ ਫੋਨ ਕਰਕੇ ਕਿਤਾਬਾਂ ਲੈ ਸਕਦੇ ਹਨ।ਯਾਦ ਰਹੇ ਇਹ ਪੁਸਤਕ ਮੇਲਾ ਪਿਛਲੇ ਸਾਲਾਂ ਦੀ ਤਰ੍ਹਾਂ 'ਸਿੱਖ ਵਿਰਸਾ ਇੰਟਰਨੈਸ਼ਨਲ' ਤੇ 'ਅਦਾਰਾ ਸਰੋਕਾਰਾਂ ਦੀ ਆਵਾਜ਼' ਦੇ ਸਹਿਯੋਗ ਨਾਲ ਡਾ. ਭੁੱਲਰ ਵਾਲੇ ਗਰੀਨ ਪਲਾਜ਼ਾ ਵਿੱਚ ਮੇਨ ਲੈਵਲ ਤੇ ਬਰਾਂਡੇ ਵਿੱਚ ਲਗਾਇਆ ਗਿਆ।ਪੁਸਤਕ ਮੇਲੇ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਵੇਰ ਤੋਂ ਸ਼ਾਮ ਤੱਕ ਮੇਲੇ ਨੂੰ ਕਾਮਯਾਬ ਕਰਨ ਲਈ ਪੂਰਨ ਸਹਿਯੋਗ ਦਿੱਤਾ।

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

Redstone Plaza ਰੈਡ ਸਟੋਨ ਪਲਾਜਾ

Redstone Physiotherapy
ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਵੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।
ਮੇਲ ਫੀਮੇਲ ਡਾਕਟਰਾਂ ਦੀ ਸਹੂਲਤ
ਅੰਗਰੇਜ਼ੀ, ਹਿਂਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ
Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com
Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

REDSTONE FAMILY MEDICAL CLINIC
ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।
ਮੇਲ ਫੀਮੇਲ ਡਾਕਟਰਾਂ ਦੀ ਸਹੂਲਤ
ਅੰਗਰੇਜ਼ੀ, ਹਿਂਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ
Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care
ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।
• Home Health care products
• Free med review with one on one care
• Immunization/Vaccinations
• Injectionservices
• Prescribing Pharmacist Available
• Travel Health Consultations
• Compliance Packaging
• Custom Meds Compounding
#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

# ਟੋਰਾਂਟੋ ਦੇ ਪੰਜਾਬੀ ਨੌਜਵਾਨਾਂ ਨੇ Airport Rd Morning star ਤੇ ਮਾਲਟਨ ਗੁਰਦੁਆਰਾ ਸਾਹਿਬ ਬਾਹਰ ਭਾਰਤ ਸਰਕਾਰ ਵਲੋਂ ਕਿਸਾਨਾਂ ਖਿਲਾਫ਼ ਬਣੇ ਕਾਨੂੰਨ ਦਾ ਵਿਰੋਧ

ਪੰਜਾਬ ਦੇ ਕਿਸਾਨਾਂ ਦੇ ਖਿਲ਼ਾਫ ਭਾਰਤ ਸਰਕਾਰ ਦੇ ਬਣੇ ਕਾਨੂੰਨ ਦਾ ਵਿਰੋਧ ਇਨਸਾਫ ਪਸੰਦ ਲੋਕਾਂ ਵਲੋਂ ਹਰ ਜਗਾ ਹੋ ਰਿਹਾ। ਬੇਸ਼ੱਕ ਅਸਲੀ ਹੱਲ ਤਾਂ ਪੰਜਾਬ ਦੀ ਅਜ਼ਾਦੀ ਹੀ ਹੈ। Save Farmers save Punjab save Mazdoors ਅੱਜ ਟੋਰਾਂਟੋ ਦੇ ਪੰਜਾਬੀ ਨੌਜਵਾਨਾਂ ਨੇ Airport Rd Morning star ਤੇ ਮਾਲਟਨ ਗੁਰਦੁਵਾਰਾ ਸਾਹਿਬ ਬਾਹਰ ਪੰਜਾਬ ਦੇ ਕਿਸਾਨ ਮਜਦੂਰਾਂ ਦੇ ਹੱਕ ਵਿਚ ਅਵਾਜ਼ ਉਠਾਈ। ਭਾਰਤ ਸਰਕਾਰ ਦਾ ਕਿਸਾਨਾਂ ਖਿਲਾਫ ਬਣਿਆ ਨਵਾਂ ਕਾਨੂੰਨ ਕਿਸਾਨ ਵਿਰੋਧੀ ਪੰਜਾਬ ਵਿਰੋਧੀ ਹੈ। ਅੱਜ ਪੰਜਾਬ ਦਾ ਹਰ ਵਰਗ ਦਿੱਲ਼ੀ ਸਰਕਾਰ ਦੇ ਪੰਜਾਬ ਨਾਲ ਲਗਾਤਰ ਹੋ ਰਹੇ ਧੱਕੇ ਕਾਰਨ ਦੁਖੀ ਹੈ। ਖ਼ੂਨ ਦੇ ਅੱਥਰੂ ਰੋ ਰਹੇ ਹਨ। ਕਿਸਾਨਾਂ ਮਜਦੂਰਾਂ ਦਾ ਘਾਣ ਹੋ ਰਿਹਾ ਹੈ।

ਨੌਜਵਾਨ ਵਰਗ ਬੇਰੁਜ਼ਗਾਰੀ ਕਾਰਨ ਹਰ ਹੀਲੇ ਬਾਹਰ ਭੱਜ ਰਿਹਾ ਹੈ। ਕਈਆਂ ਨੂੰ ਪਹਿਲਾਂ ਹੀ ਡਰੱਗ ਨਾਲ ਖਤਮ ਕੀਤਾ ਜਾ ਰਿਹਾ ਹੈ। 84 ਤੋਂ 94 ਤੱਕ ਇੱਕ ਪੀੜ੍ਹੀ ਦਿੱਲ਼ੀ ਸਰਕਾਰ ਦੀ ਪਹਿਲਾਂ ਭੇਟ ਚੜ੍ਹ ਚੁੱਕੀ ਹੈ। ਜੇ ਅੱਜ ਵੀ ਦਿੱਲ਼ੀ ਕਾਮਯਾਬ ਹੋ ਗਈ ਤਾਂ ਸਾਨੂੰ ਕਿਸੇ ਨੂੰ ਪੰਜਾਬ ਨਾਲ ਕੀਤੇ ਧੋਖੇ ਕਰਕੇ ਮਾਫ ਨਹੀਂ ਕਰਨਾ। ਦਿੱਲੀ ਨੇ ਜਦ ਵੀ ਕੀਤਾ ਪੰਜਾਬ ਨਾਲ ਤਾਂ ਦਗਾ ਹੀ ਕੀਤਾ। ਬੇਸ਼ੱਕ ਅੱਜ ਕੋਈ ਨਵਾਂ ਨਹੀਂ ਕੀਤਾ।













# 2020 ਦੀਆਂ ਹੋ ਰਹੀਆਂ ਅਮਰੀਕੀ ਚੋਣਾਂ ਗਧੀਗੇੜ



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਇਸ ਸਾਲ ਫਰਵਰੀ ਤੋਂ ਅਮਰੀਕਾ ਵਿਚ ਹਰ ਚਾਰ ਸਾਲ ਬਾਅਦ ਹੋਣ ਵਾਲੀਆਂ ਚੋਣਾਂ ਦਾ ਗਧੀਗੇੜ ਚੱਲ ਰਿਹਾ ਹੈ। ਕਈ ਲੋਕ ਇਸ ਨੂੰ ਮਹਾਨ ਅਮਰੀਕੀ ਸਰਕਸ ਵੀ ਆਖਦੇ ਹਨ। ਅਸਲ ਵਿਚ ਇਹ ਗਧੀਗੇੜ ਹੈ। ਖੋਪੇ ਲੱਗਿਆ ਗਧਾ ਸਾਰਾ ਦਿਨ ਕੋਹਲੂ ਘੇੜਦਾ ਥਾਂਏਂ ਦਾ ਥਾਂਏਂ ਰਹਿੰਦਾ ਹੈ। ਅਮਰੀਕੀ ਲੋਕ ਵੀ ਚੋਣਾਂ ਤੋਂ ਬਾਅਦ ਕੋਈ ਬਦਲਵੀਂ ਰਾਜਨੀਤੀ ਦੀ ਆਸ ਨਹੀਂ ਰੱਖ ਸਕਦੇ।

ਆਮ ਮੀਡੀਆ ਰਾਸ਼ਟਰਪਤੀ ਦੀ ਚੋਣ ਦਾ ਰੌਲਾ ਹੀ ਪਾਉਂਦਾ ਰਹਿੰਦਾ ਹੈ। ਪਰ ਹਰ ਚਾਰ ਸਾਲਾਂ ਬਾਅਦ ਇਹ ਹੋਣ ਵਾਲੀਆਂ, 59ਵੀਆਂ ਚੋਣਾਂ ਵਿਚ ਥੱਲੇ ਮਿਉਂਸਪਲ ਪੱਧਰ ਤੋਂ ਅਤੇ ਪਾਰਕ ਕਮੇਟੀਆਂ, ਸਿੱਖਿਆ ਬੋਰਡ ਤੋਂ ਲੈ ਕੇ ਸਟੇਟ ਗਵਰਨਰ, ਵਿਧਾਨ ਸਭਾਵਾਂ ਅਤੇ ਉਪਰ, ਰਾਸ਼ਟਰਪਤੀ, ਉਪ ਰਾਸ਼ਟਰਪਤੀ, ਹਾਊਸ ਆਫ਼ ਰੀਪ੍ਰੀਜ਼ੈਂਟੇਟਿਵ (ਲੋਕ ਸਭਾ) ਅਤੇ ਸੈਨੇਟ (ਰਾਜ ਸਭਾ) ਮੈਂਬਰ ਅਤੇ ਸੁਪਰੀਮ ਕੋਰਟ ਅਤੇ ਸੂਬਿਆਂ ਦੀਆਂ ਸੁਪਰੀਮ ਕੋਰਟਾਂ ਦੇ ਮੈਂਬਰ ਚੁਣੇ ਜਾਂਦੇ ਹਨ। ਹਰ ਪਾਰਟੀ ਆਪਣੀ ਸਲੇਟ (ਟੀਮ) ਚੋਣਾਂ ਵਿਚ ਉਤਾਰਦੀ ਹੈ। ਹਰ ਅਮਰੀਕੀ ਨਾਗਰਿਕ ਨੂੰ ਵੋਟ ਅਧਿਕਾਰ ਹੈ। ਵੋਟਰ ਇਕ ਇਲੈਕਟੋਰਲ ਕਾਲਜ ਵੀ ਚੁਣਦੇ ਹਨ ਜਿਸ ਦੇ ਕੁੱਲ 538 ਮੈਂਬਰ 2020 ਦੀ ਚੋਣ ਵਾਸਤੇ ਹੋਣਗੇ। ਆਮ ਚੋਣਾਂ 3 ਨਵੰਬਰ 2020 ਮੰਗਲਵਾਰ ਨੂੰ ਹੋਣਗੀਆਂ ਪਰ ਇਨ੍ਹਾਂ ਚੋਣਾਂ ਵਿਚ ਜੇਤੂ ਰਾਸ਼ਟਰਪਤੀ ਉਦੋਂ ਹੀ ਜਿੱਤਿਆ ਐਲਾਨਿਆ ਜਾਵੇਗਾ ਜੇ ਉਹ 14 ਦਸੰਬਰ 2020 ਨੂੰ ਇਲੈਕਟੋਰਲ ਕਾਲਜ ਵੋਟਿੰਗ ਵਿਚੋਂ ਵੀ ਬਹੁਮਤ ਹਾਸਲ ਕਰ ਸਕੇ। 538 ਮੈਂਬਰੀ ਚੋਣ ਕਾਲਜ ਵਿਚ ਸਭ ਤੋਂ ਜ਼ਿਆਦਾ ਸੀਟਾਂ ਕੈਲੀਫੋਰਨੀਆ ਸਟੇਟ ਦੀਆਂ 55 ਹਨ। ਦੂਜੇ ਨੰਬਰ ’ਤੇ ਟੈਕਸਸ ਸਟੇਟ ਹੈ ਜਿਸ ਦੀਆਂ 38 ਸੀਟਾਂ ਹਨ।

ਹਾਊਸ ਦੀਆਂ ਸਾਰੀਆਂ 435 ਸੀਟਾਂ ’ਤੇ ਚੋਣ ਹੋ ਰਹੀ ਹੈ। ਇਸ ’ਤੇ 232 ਸੀਟਾਂ ਨਾਲ ਡੈਮੋਕਰੇਟਸ ਦਾ ਬਹੁਮਤ ਹੈ। ਸੈਨੇਟ ਦੀਆਂ 100 ਸੀਟਾਂ ਵਿਚੋਂ 35 ਸੀਟਾਂ ਦੀ ਚੋਣ ਹੋ ਰਹੀ ਹੈ। 33 ਸੀਟਾਂ 6 ਸਾਲਾਂ ਵਾਸਤੇ ਭਰੀਆਂ ਜਾਣੀਆਂ ਹਨ ਪਰ 2 ਸੀਟਾਂ ਦੀ ਉਪ ਚੋਣ ਹੈ ਇਹ 2 ਸਾਲਾਂ ਵਾਸਤੇ ਹਨ।

ਸਟੇਟਾਂ ਵਿਚ 13 ਗਵਰਨਰਾਂ ਦੀ ਅਤੇ 99 ਵਿਚੋਂ 86 ਵਿਧਾਨ ਸਭਾਵਾਂ ਦੀ ਚੋਣ ਵੀ ਹੋ ਰਹੀ ਹੈ। ਵਿਧਾਨ ਸਭਾਵਾਂ ਵਿਚ ਕੁੱਲ 7383 ਸੀਟਾਂ ਵਿਚੋਂ 5876 ਸੀਟਾਂ ’ਤੇ ਚੋਣ ਹੋ ਰਹੀ ਹੈ। ਸਟੇਟ ਸੁਪਰੀਮ ਕੋਰਟਾਂ ਦੀਆਂ 82 ਖਾਲੀ ਅਸਾਮੀਆਂ ਵਾਸਤੇ ਅਤੇ ਨਾਲ ਹੀ ਇਨ੍ਹਾਂ ਚੋਣਾਂ ਵਿਚ ਕਈ ਥਾਈ ਰੀਫ੍ਰੈਂਡਮ ਅਤੇ ਸੰਵਿਧਾਨਕ ਸੋਧਾਂ ’ਤੇ ਵੀ ਵੋਟ ਮੱਤ ਦੇ ਅਧਿਕਾਰ ਦੀ ਵਰਤੋਂ ਕਰਨਗੇ। ਇਸ ਵੇਲੇ ਹਾਊਸ ਵਿਚ ਡੈਮੋਕਰੈਟਸ, ਪਰ ਸੈਨੇਟ ਵਿਚ ਰੀਪਬਲੀਕਨ ਕਾਬਜ਼ ਹਨ। ਬਹੁਗਿਣਤੀ ਸਟੇਟਾਂ ਵਿਚ ਵੀ ਰੀਪਬਲਿਕਨ ਦਾ ਕਬਜ਼ਾ ਹੈ। ਇਸ ਵਾਰ ਕਾਫ਼ੀ ਬਦਲਾਅ ਹੋਣ ਦੀ ਸੰਭਾਵਨਾ ਹੈ। ਪਰ ਇਹ ਬਦਲਾਅ ਗਿਣਆਤਮਿਕ ਹੀ ਹੁੰਦਾ ਹੈ। ਗੁਣਆਤਮਿਕ ਨਹੀਂ। ਨੀਤੀਆਂ ਉਹੀ ਰਹਿਣਗੀਆਂ।

**ਬਰਾਕ ਉਬਾਮਾ** : ਜਦੋਂ 2008 ਵਿਚ ਉਬਾਮਾ ਜਿੱਤਿਆ ਤਾਂ ਸੰਸਾਰ ਪੱਧਰ ਤੇ ਲੋਕਾਂ ਨੂੰ ਆਸ ਸੀ ਕਿ ਬੁਸ਼ ਵੇਲੇ ਦੀਆਂ ਜੰਗਬਾਜ਼ੀ ਅਤੇ ਮੁਸਲਿਮ ਵਿਰੋਧੀ ਨੀਤੀਆਂ ਨੂੰ ਠੱਲ੍ਹ ਪਵੇਗੀ ਕਿਉਂਕਿ ਉਬਾਮਾ ਮੁਸਲਿਮ ਪਿਓ ਦੀ ਔਲਾਦ ਅਖਵਾਉਂਦਾ ਸੀ ਪਰ ਉਸਦੇ ਦੋਵੇਂ ਕਾਰਜਕਾਲਾਂ ਵਿਚ ਨਾ ਹੀ ਮੁਸਲਿਮ ਵਿਰੋਧੀ ਮੁਹਿੰਮ ਰੁਕੀ ਤੇ ਨਾ ਹੀ ਜੰਗਬਾਜ਼ ਨੀਤੀਆਂ ਨੂੰ ਰੋਕ ਲੱਗੀ। ਸਗੋਂ ਇਨ੍ਹਾਂ ਦਾ ਹੋਰ ਵਿਸਥਾਰ ਹੋਇਆ। ਉਸਨੇ ਸੱਤਾ ਸੰਭਾਲਦੇ ਸਾਰ ਹੀ ਪਹਿਲਾਂ ਵਾਲੇ ਹੋਮਲੈਂਡ ਸਕਿਊਰਿਟੀ ਐਕਟ ਨੂੰ ਸਖ਼ਤ ਕਰਕੇ ਪੈਟਰੀਐਕਟ ਬਣਾ ਦਿੱਤਾ। ਇਸ ਹੇਠ ਅਫ਼ਗਾਨਿਸਤਾਨ, ਇਰਾਕ ਆਦਿ ਵਿਚ ਮਾਰੇ ਗਏ ਬੇਕਸੂਰ ਬੱਚੇ ਔਰਤਾਂ ਅਤੇ ਹੋਰ ਸ਼ਹਿਰੀ ਵੀ “ਦੁਸ਼ਮਣ ਲੜਾਕੇ” ਆਖੇ ਗਏ। ਉਸਨੇ ਨਵਾਂ ਪੈਂਡੜਾ ਲੈਂਦਿਆਂ ਮਿਲਟਰੀ ਫੋਰਸਾਂ ਨੂੰ ਅਮਨ ਪਸੰਦ ਸ਼ਹਿਰੀਆਂ ਦੀਆਂ ਜਾਮਾ-ਤਲਾਸ਼ੀਆਂ ਦੇ ਅਧਿਕਾਰ ਦੇ ਦਿੱਤੇ। ਫੋਰਸਾਂ, ਸ਼ੱਕੀਆਂ ਨੂੰ ਬਿਨਾਂ ਚਾਰਜ ਕੀਤੇ ਅਣਮਿਥੇ ਸਮੇਂ ਲਈ ਨਜ਼ਰਬੰਦ ਕਰ ਸਕਦੀਆਂ ਸਨ। ਇਸ ਤਰ੍ਹਾਂ ਦਾ ਇਕ ਨਜ਼ਰਬੰਦੀ ਕੈਂਪ, “ਕੈਂਪ ਬੁੱਕਾ” ਨਾਂ ਤੇ ਇਰਾਕ ਵਿਚ ਖੁੱਲ੍ਹਿਆ ਅਤੇ ਇਕ ਬਗਰਮ ਜੇਲ੍ਹ ਅਫ਼ਗਾਨਿਸਤਾਨ ਵਿਚ ਬਣਾਈ ਗਈ।

ਅੱਜ 12 ਸਾਲਾਂ ਬਾਅਦ, ਇਸ ਚੋਣ ਗੇੜ ਵਿਚ ਵੀ ਅਮਰੀਕੀ ਸ਼ਹਿਰੀ ਉਸੇ ਤਰ੍ਹਾਂ ਦੇ ਇਸਲਾਮ ਵਿਰੋਧੀ ਅਤੇ ਜੰਗਬਾਜ਼ੀ, ਵਿਨਾਸ਼ਕਾਰੀ ਨੀਤੀਆਂ ਦਾ ਸਾਹਮਣਾ ਕਰ ਰਹੇ ਹਨ। ਦੁਸ਼ਮਣਾਂ ਦੀ ਲਿਸਟ ਪਹਿਲਾਂ ਨਾਲੋਂ ਵੱਡੀ ਹੋ ਗਈ ਹੈ। ਇਸ ਲਿਸਟ ਵਿਚ ਚੀਨ, ਰੂਸ, ਇਰਾਨ, ਵੈਂਜ਼ੂਏਲਾ, ਉਤਰੀ ਕੋਰੀਆ ਵੀ ਲੈ ਲਏ ਗਏ ਹਨ।

**ਅਮਰੀਕਾ ਦਾ ਜੰਗੀ ਤੰਤਰ ਤੇ ਇਸਲਾਮ ਫੋਬੀਆ** : ਅਮਰੀਕਾ ਨੇ ਨਿਊਯਾਰਕ ਵਿਚੋ ਹੋਏ 9/11 ਕਾਂਡ ਨੂੰ, ਆਪਣੀ ਜੰਗੀ ਮਸ਼ੀਨਰੀ ਨੂੰ ਗਰੀਸ ਕਰਨ ਵਾਸਤੇ ਵਰਤਿਆ ਹੈ। ਆਮ ਲੋਕ ਸਮਝਦੇ ਹਨ ਕਿ ਇਸਲਾਮ ਫੋਬੀਆ ਮੁਸਲਿਮ ਵਿਰੋਧ ਹੈ। ਪਰ ਇਹ ਵੱਡੀ ਭੁੱਲ ਹੈ। ਇਸ ਦੀਆਂ ਜੜ੍ਹਾਂ ਅਮਰੀਕੀ ਨਸਲਵਾਦ ਵਿਚ ਹਨ। ਨਸਲਵਾਦ ਕਾਰਜਕਾਰਨੀ ਦੀ ਹਰ ਸਾਖ ਵਿਚ ਕੈਂਸਰ ਵਾਂਗ ਫੈਲਿਆ ਹੋਇਆ ਹੈ। ਜਦੋਂ ਅਸੀਂ ਇਸ ਨਜ਼ਰੀਏ ਤੋਂ ਦੇਖਦੇ ਹਾਂ ਤਾਂ ਸਮਝ ਆਉਂਦਾ ਹੈ ਕਿ ਉਬਾਮੇ ਵਲੋਂ ਮੁਸਲਿਮ ਆਗੂਆਂ ਨੂੰ ਕੀਤੀ ਇਫਤਾਰ ਪਾਰਟੀ ਜਾਂ ਹਿਲੇਰੀ ਕਲਿੰਟਨ ਵਲੋਂ 2016 ਦੀ ਪਾਰਟੀ ਕੰਨਵੈਨਸ਼ਨ ਵਿਚ ਇਕ ਮੁਸਲਮਾਨ ਨੂੰ ਬੋਲਣ ਦਾ ਸਮਾਂ ਦੇਣਾ ਜਾਂ ਉਸ ਤੋਂ ਪਹਿਲਾਂ ਬੁਸ਼ ਵਲੋਂ ਅਮਰੀਕੀਆਂ ਨੂੰ ਆਖਣਾ ਕਿ ਉਹ ਆਪਣੇ ਗੁਆਂਢੀ ਮੁਸਲਮਾਨਾਂ ਨੂੰ ਪਿਆਰ ਕਰਨ ਆਦਿ ਸਾਰੀਆਂ ਗੱਲਾਂ ਵਿਖਾਵੇ ਮਾਤਰ ਹਨ। ਹੁਣ ਵਾਲੀਆਂ ਚੋਣਾਂ ਵਿਚ ਵੀ ਇਸਲਾਮਿਕ ਫੋਬੀਆ ਹੀ ਅੱਗੇ ਵਧਾਇਆ ਜਾਵੇਗਾ। ਕਿਉਂਕਿ ਅਮਰੀਕਾ ਦੀ ਹਥਿਆਰ ਲਾਬੀ ਅਤੇ ਕੱਟੜ ਜੰਗਬਾਜ਼ਾਂ ਵਾਸਤੇ ਇਹ ਪੂਰੀ ਖੁੱਲ੍ਹ ਦਾ ਇਸ਼ਾਰਾ ਹੈ। ਇਸੇ ਕਰਕੇ ਉੱਘੇ ਮੀਡੀਆ ਵਿਦਵਾਨ ਦੀਪਾ ਕੁਮਾਰ ਨੇ ਆਖਿਆ ਹੈ ਕਿ ਮੁਸਲਿਮ ਅੱਤਵਾਦ ਦਾ ਡਰਾਬਾ ਘੜਿਆ ਹੀ ਇਸ ਕਰਕੇ ਗਿਆ ਹੈ ਕਿ ਜੰਗਬਾਜ਼ ਨੀਤੀਆਂ ਨੂੰ ਹੱਲਾਸ਼ੇਰੀ ਮਿਲਦੀ ਰਵੇ।

ਮੁਸਲਿਮ ਵਿਰੋਧੀ 9/11 ਵਾਲੇ ਵਾ-ਵਰੋਲੇ ਦਾ ਲਾਭ ਉਠਾ ਕੇ ਹੀ ਅਮਰੀਕਾ ਨੇ 2003 ਵਿਚ ਇਰਾਕ ਉਤੇ ਹਮਲਾ ਕੀਤਾ। ਉਸ ਵੇਲੇ 20 ਫੀਸਦੀ ਅਮਰੀਕੀ ਇਰਾਕ ਦੇ ਸੱਦਾਮ ਹੁਸੈਨ ਨੂੰ ਹੀ 8/11 ਹਮਲੇ ਦਾ ਦੋਸ਼ੀ ਮੰਨਦੇ ਸਨ। ਇਰਾਕ ਨੂੰ ਤਹਿਸ਼ ਨਹਿਸ਼ ਕਰਦਿਆਂ ਅਮਰੀਕਾ ਨੇ ਇਰਾਕ ਵਿਚ ਇਕ ਤਸੀਹਾ ਕੇਂਦਰ ‘ਬੁੱਕਾ ਕੈਂਪ’ ਨਾਂ ’ਤੇ ਖੋਲ੍ਹਿਆ। ਬੁੱਕਾ ਇਕ ਫਾਇਰ-ਬ੍ਰਗੇਡ ਕਰਮੀ ਸੀ ਜੋ ਟਵਿੰਨ ਟਾਵਰਜ਼ ਨੂੰ ਲੱਗੀ ਅੱਗ ਬੁਝਾਉਂਦਾ ਮਾਰਿਆ ਗਿਆ ਸੀ। ਇਕ ਹੋਰ ਕਰਮੀ ਜੋ ਮਾਰਿਆ ਗਿਆ ਸੀ ਉਸਦੇ ਨਾਂ ’ਤੇ ਫੌਜ ਨੇ ਇਕ ਬੰਬ ਦਾ ਨਾਂ ਰੱਖਿਆ ਜਿਸ ਨੇ ਸੈਂਕੜੇ ਬੇਕਸੂਰ ਇਰਾਕੀ ਭੁੰਨੇ। 2016 ਦੀ ਡੈਮੋਕਰੈਟਿਕ ਕੰਨਵੈਨਸ਼ਨ ਵਿਚ ਕਲਿੰਟਨ ਨੇ ਖਿਜ਼ਰ ਖਾਨ ਨੂੰ ਬੋਲਣ ਦਾ ਸਮਾਂ ਦਿੱਤਾ। ਖਿਜ਼ਰ ਖਾਨ ਦਾ ਪੁੱਤ ਅਮਰੀਕਾ ਦੀ ਫੌਜ ਦਾ ਅਫ਼ਸਰ ਸੀ ਜਿਹੜਾ ਇਰਾਕ ਲੜਾਈ ਵਿਚ ਮਾਰਿਆ ਗਿਆ ਸੀ। ਡੈਮੋਕ੍ਰੈਟਸ ਦਾ ਇਹ ਪੈਂਤੜਾ ਅਤਿ ਨਿੰਦਣਯੋਗ ਸੀ ਕਿਉਂਕਿ ਪਾਰਟੀ ਮੁਸਲਮਾਨਾਂ ਨੂੰ ਹੀ ਮੁਸਲਮਾਨਾਂ ਖਿਲਾਫ਼ ਲੜਾਈ ਲਈ ਪ੍ਰੇਰਣਾ ਲੋਚਦੀ ਸੀ। 2020 ਚੋਣਾਂ ਵਿਚ ਵੀ ਡੈਮੋਕਰੇਟ ਪਾਰਟੀ ਨੇ ਇਰਾਕ ਜੰਗ ਦੇ ਪੱਖੀਆਂ ਨੂੰ ਅੱਗੇ ਲਿਆਂਦਾ ਹੈ। ਪਾਰਟੀ ਵਲੋਂ ਰਾਸ਼ਟਰਪਤੀ ਪਦ ਦਾ ਉਮੀਦਵਾਰ ਜੋ ਬਿਡਨ 2003 ਦੇ ਇਰਾਕ ਹਮਲੇ ਤੋਂ ਵੀ ਪਹਿਲਾਂ ਦਾ ਇਰਾਕ ਵਿਰੋਧੀ ਧਿਰ ਦਾ ਉਘਾ ਮੈਂਬਰ ਹੈ।

ਜੋ ਬਿਡਨ ਨਾਲ ਉਪ ਪ੍ਰਧਾਨ ਵਜੋਂ ਚੋਣ ਲੜ ਰਹੀ ਕਮਲਾ ਹੈਰਿਸ ਵੀ ਜੰਗਬਾਜ਼ੀ ਲਾਬੀ ਦੀ ਉੱਘੀ ਮੈਂਬਰ ਹੈ। ਪਿਛੇ ਜਿਹੇ ਉਸਨੇ ਮਿਲਟਰੀ ਫੰਡਾਂ ਵਿਚ, ਕੋਵਿਡ-19 ਦੀ ਤਬਾਹੀ ਦੇ ਚਲਦਿਆਂ ਅਤੇ ਇਸ ਕਾਰਨ ਹੋਈਆਂ 2 ਲੱਖ ਤੋਂ ਜ਼ਿਆਦਾ ਮੌਤਾਂ ਨੂੰ ਅਣਗੌਲਿਆਂ ਕਰਦਿਆਂ, ਫੌਜ ਦੇ ਫੰਡਾਂ ਵਿਚ ਮਾਮੂਲੀ ਜਿਹੀ ਕਟੌਤੀ ਦੇ ਵਿਰੁੱਧ ਵੋਟ ਪਾਈ। ਉਸਦੀ ਜੰਗਬਾਜ਼ ਲਾਬੀ ਨਾਲ ਨੇੜਲੀ ਸਾਂਝ ਹੈ ਅਤੇ ਇਹ ਟੋਲਾ ਅਤਿ ਦਰਜੇ ਦਾ ਮੁਸਲਿਮ ਵਿਰੋਧੀ ਹੈ। ਜੋ ਵੀ ਸੂਝਵਾਨ ਅਮਰੀਕੀ ਇਸ ਨੀਤੀ ਖਿਲਾਫ਼




ਉਂਗਲ ਚੁੱਕਦਾ ਹੈ, ਉਸ ਨੂੰ ਜੰਗਬਾਜ਼ ਜੁੰਡਲੀ ਅਮਰੀਕੀ ਸਾਮਰਾਜ ਵਿਰੋਧੀ ਫਤਵਾ ਦੇ ਦਿੰਦੀ ਹੈ। ਇਸ ਤਰ੍ਹਾਂ ਮੁਸਲਮਾਨ ਵਿਰੋਧ ਨੂੰ ਅਮਰੀਕਾ ਦੀਆਂ ਦੋਵੇਂ ਵੱਡੀਆਂ ਧਿਰਾਂ ਅਮਰੀਕਾ ਸਾਮਰਾਜ ਦੇ ਵਿਸਥਾਰ ਲਈ ਵਰਤ ਰਹੀਆਂ ਹਨ।

**ਇਜ਼ਰਾਇਲ ਅਤੇ 2020 ਚੋਣਾਂ ਅਤੇ ਇਸਲਾਮਿਕ ਫੋਬੀਆ** : ਇਜ਼ਰਾਇਲ ਦੀਆਂ ਫਲਸਤੀਨੀ ਲੋਕਾਂ ਨੂੰ ਸੰਸਾਰ ਨਕਸ਼ੇ ਤੋਂ ਖਤਮ ਕਰਨ ਦੀਆਂ ਸਾਜ਼ਿਸ਼ਾਂ ਨੂੰ ਅਮਰੀਕਾ ਦੀ ਦੋ ਪੱਖੀ ਹਮਾਇਤ ਹਾਸਲ ਹੈ। ਬੇਸ਼ੱਕ ਬਹੁਗਿਣਤੀ ਇਜ਼ਰਾਇਲੀ ਲੋਕ ਮੁਸਲਮਾਨ ਵਿਰੋਧੀ ਨਹੀਂ ਹਨ ਪਰ ਅਮਰੀਕਾ ਵਲੋਂ ਮਿਲਦੇ ਮਾਰੂ ਹਥਿਆਰ ਅਤੇ ਵੱਡੀਆਂ ਰਾਜਨੀਤਕ ਪਾਰਟੀਆਂ ਦੀ ਪੁਸ਼ਤਪਨਾਹੀ, ਬੈਂਜਾਮਿਨ ਨਿਤਨਯਾਹੂ ਨੂੰ ਫਾਸ਼ੀਵਾਦੀ ਜ਼ੁਲਮਾਂ ਲਈ ਹੱਲਾਸ਼ੇਰੀ ਦਿੰਦੀ ਰਹਿੰਦੀ ਹੈ। ਫਲਸਤੀਨ ਲੋਕਾਂ ਤੇ ਫਾਸ਼ੀਵਾਦੀ, ਨਸਲਕੁਸ਼ੀ ਹਮਲੇ ਚਲਦਿਆਂ ਅਮਰੀਕਾ ਇਜ਼ਰਾਇਲੀਆਂ ਨੂੰ ਸਭਿਅਕ ਪਰ ਫਲਸਤੀਨੀਆਂ ਨੂੰ ਦਰਿੰਦੇ ਜਹਾਦੀਆਂ ਦਾ ਲਕਬ ਦਿੰਦਾ ਹੈ। 2014 ਵਿਚ ਇਜ਼ਰਾਇਲ ਵਲੋਂ ਗਾਜ਼ਾ ਪੱਟੀ ਉਪਰ ਓਪਰੇਸ਼ਨ ਪ੍ਰੋਟੈਕਟਿਵ ਐਜ਼ ਦੇ ਨਾਂ ਹੇਠ ਮਾਰੂ ਹਮਲੇ ਕੀਤੇ ਗਏ। ਪ੍ਰਧਾਨ ਬਾਕ ਓਬਾਮੇ ਨੇ ਉਨ੍ਹਾਂ ਨੂੰ ਹਰੀ ਝੰਡੀ ਵੀ ਦਿੱਤੀ ਤੇ ਨਾਲ ਹੀ ਰਾਸ਼ਟਰਪਤੀ ਭਵਨ ਵਿਚ ਮੁਸਲਮਾਨ ਭਾਈਚਾਰੇ ਦੇ ਆਗੂਆਂ ਨੂੰ ਰਮਦਾਨ ਦੀ ਇਫ਼ਤਾਰ ਪਾਰਟੀ ਕੀਤੀ ਤਾਂ ਕਿ ਇਨ੍ਹਾਂ ਕਾਲੀਆਂ ਕਰਤੂਤਾਂ ਤੇ ਪਰਦਾਪੋਸ਼ੀ ਕੀਤੀ ਜਾ ਸਕੇ। ਕੁੱਲ ਸੰਸਾਰ ਦੇ ਲੋਕਾਂ ਨੇ ਡੈਮੋਕਰੈਟਸ ਦੀ ਇਸ ਨੀਤੀ ਦਾ ਵਿਰੋਧ ਕੀਤਾ। ਟਰੰਪ ਇਸ ਤੋਂ ਵੀ ਅੱਗੇ ਵੱਧ ਕੇ, ਯਰੂਸ਼ਲਮ ਜੋ ਕਿ ਯੂ.ਐਨ. ਵਲੋਂ ਮਾਨਤਾ ਪ੍ਰਾਪਤ ਫ਼ਲਸਤੀਨ ਦੀ ਰਾਜਨੀਤੀ ਹੈ; ਨੂੰ ਇਜ਼ਰਾਇਲ ਦੀ ਰਾਜਧਾਨੀ ਵਜੋਂ ਮਾਨਤਾ ਦੇ ਚੁੱਕਿਆ ਹੈ। ਇਸ ਗੱਲ ਨੇ ਫਲਸਤੀਨੀ ਦੀ ਭਵਿੱਖੀ ਹੋਂਦ ਲਈ ਖਤਰਾ ਖੜ੍ਹਾ ਕਰ ਦਿੱਤਾ ਹੈ।

2020 ਦੀਆਂ ਚੋਣਾਂ ਵਿਚ ਵੀ ਕੋਈ ਨਵਾਂ ਬਦਲ ਉਭਰਦਾ ਨਹੀਂ ਦਿੱਸ ਰਿਹਾ। ਦੋਵੇਂ ਧਿਰਾਂ ਰੀਪਬਲੀਕਨ ਜਾਂ ਡੈਮੋਕਰੈਟਸ ਇਕ ਦੂਜੇ ਤੋਂ ਵਧਕੇ ਇਜ਼ਰਾਇਲ ਦੀ ਹਮਾਇਤ ਕਰ ਰਹੇ ਹਨ। ਡੈਮੋਕਰੈਟਸ ਨੇ 2020 ਦੀ ਕੌਮੀ ਕੰਨਵੈਨਸ਼ਨ ਵਿਚ ਬੀ.ਡੀ.ਐਸ. ਯਾਨੀ ਬਾਈਕਾਟ, ਡਿਸਇਨਵੈਸਟਮੈਂਟ ਅਤੇ ਸੈਕਸ਼ਨਜ਼ ਜੋ ਯੂ.ਐਨ.ਓ., ਯੂਰਪੀਅਨ ਯੂਨੀਅਨ ਅਤੇ ਸੰਸਾਰ ਦੇ ਵੱਡੀ ਗਿਣਤੀ ਵਿਚ ਦੇਸ਼ਾਂ ਦੀ ਨੀਤੀ ਹੈ, ਨੂੰ ਨਕਾਰਿਆ ਹੈ। ਏਸ਼ੀਆ ਵਿਚੋਂ ਸਿਰਫ਼ ਭਾਰਤ ਹੈ ਜੋ ਬੀ.ਡੀ.ਐਸ. ਦਾ ਵਿਰੋਧ ਭਾਜਪਾ ਦੀ ਅਗਵਾਈ ਵਿਚ ਕਰਦਾ ਹੈ।

**ਅਮਰੀਕਾ-ਭਾਰਤ ਗਠਜੋੜ ਅਤੇ ਹਿੰਦੂ ਫਾਸ਼ੀਵਾਦ** : ਭਾਰਤੀਆਂ ਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ ਟਰੰਪ ਫਰਵਰੀ 2020 ਵਿਚ ਹਾਓ ਡੀ ਮੋਦੀ ਦਾ ਅਲਾਪ ਕਰਦਾ ਭਾਰਤ ਫੇਰੀ ਤੇ ਅਹਿਮਦਾਬਾਦ ਪਹੁੰਚਿਆ ਸੀ ਤਾਂ 23,24,25 ਫਰਵਰੀ ਨੂੰ ਦਿੱਲੀ ਦੇ ਵਿਚੋਂ ਵਗਦੀ ਜਮਨਾ ਦੇ ਪਾਣੀਆਂ ਦਾ ਰੰਗ ਬੇਕਸੂਰ ਮੁਸਲਮਾਨਾਂ ਦੇ ਵਗਦੇ ਖੂਨ ਨਾਲ ਰੰਗਿਆ ਗਿਆ ਸੀ। ਅਮਰੀਕਾ-ਭਾਰਤ ਗਠਜੋੜ ਕਰਕੇ ਹਿੰਦੂ ਫਾਸ਼ੀਵਾਦੀਆਂ ਵਲੋਂ ਇਹ ਭਾਰਤੀਆਂ ਨੂੰ ਦਿੱਤਾ ਪਹਿਲਾ ਸਬਕ ਸੀ। ਇਹ ਅਮਾਨਵੀ ਗਠਜੋੜ ਅਗਲੇਰੇ ਸਮੇਂ ਵਿਚ ਇਸ ਤੋਂ ਵੀ ਭਿਆਨਕ ਤ੍ਰਾਸਦੀਆਂ ਭਰਿਆ ਹੋਵੇਗਾ।

ਉਪ-ਪ੍ਰਧਾਨ ਪਦ ਦੀ ਉਮੀਦਵਾਰ ਬੇਰੜੀ ਕਮਲਾ ਹੈਰਿਸ ਅਤੇ ਪ੍ਰਧਾਨਗੀ ਪਦ ਦੇ ਉਮੀਦਵਾਰ ਜੋ ਬਿਡਨ ਨੇ ਦੱਖਣੀ ਏਸ਼ੀਆਈ ਅਮਰੀਕਨ ਪਰਵਾਸੀਆਂ ਨੂੰ ਵੋਟ ਹਮਾਇਤ ਦੀ ਅਪੀਲ ਕੀਤੀ ਹੈ। ਇਸ ਦੇ ਪ੍ਰਤੀ ਕਰਮ ਵਜੋਂ ਅਮਰੀਕੀ ਸਾਹਿਤਕਾਰ/ਪੱਤਕਰਾਰ ਵਜ਼ਾਹਤ ਅਲੀ ਵਲੋਂ ਲਿਖਿਆ ਗਿਆ ਹੈ ਕਿ ਕਮਲਾ ਹੈਰਿਸ, ਵਾਈਟ ਹਾਊਸ ਵਿਚ ਮਿਰਚ-ਮਸਾਲਾ ਨੋਟੰਕੀ ਕਰਨੀ ਜਾਣਦੀ ਹੈ। ਇਸੇ ਤਰ੍ਹਾਂ ਦੇ ਭਾਵ ਹਰੀ ਕੋਂਡਾਬੋਲੂ ਵਿਚਾਰਵਾਨ ਨੇ ਪ੍ਰਗਟ ਕੀਤੇ ਹਨ, ਉਹ ਆਖਦਾ ਹੈ ਕਿ ਕਮਲਾ ਹੈਰਿਸ, ਭਾਰਤੀ ਜਮੀਕਨ ਨਸਲਾਂ ਦੀ ਦੋਗਲੀ ਹੈ ਅਤੇ ਲੋਕਾਂ ਵਿਚ ਭਰਮ ਪੈਦਾ ਕਰ ਰਹੀ ਹੈ ਕਿ ਉਹ ਸਿਆਹਫਾਮ ਵੀ ਹੈ ਤੇ ਭਾਰਤੀ ਏਸ਼ੀਅਨ ਵੀ ਹੈ। ਇਸ ਕਰਕੇ ਉਹ ਵੋਟ ਮੰਗ ਰਹੀ ਹੈ। ਪਰ ਇਹ ਵੱਡਾ ਛਲਾਵਾ ਹੈ ਅਤੇ ਗੁੰਮਰਾਹਕੁੰਨ ਪ੍ਰਚਾਰ ਹੈ। ਉਨ੍ਹਾਂ ਦੀ ਕੀਤੀ ਹਮਾਇਤ ਵੀ ਟਰੰਪ ਵਾਂਗ, ਭਾਰਤ ਦੀ ਫਾਸ਼ੀਵਾਦੀ ਜੁੰਡਲੀ ਨੂੰ ਜ਼ੋਰ ਸ਼ੋਰ ਨਾਲ ਮੁਸਲਮਾਨਾਂ, ਦਲਿਤਾਂ, ਧਾਰਮਿਕ ਘੱਟ-ਗਿਣਤੀਆਂ ਅਤੇ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ ਅਤੇ ਖੱਬੇਪੱਖੀਆਂ ਦੀ ਨਸਲਕੁਸ਼ੀ ਨੂੰ ਹੀ ਉਤਸ਼ਾਹਤ ਕਰੇਗੀ।

ਜੋ ਬਿਡਨ ਨੇ ਅਮਿੱਤ ਜਾਨੀ ਨੂੰ ਏਸ਼ੀਆ ਅਮਰੀਕਨ ਪੈਕਸੀਫਿਕ ਆਈਲੈਂਡਰ ਆਊਟਰੀਚ ਕੋਆਰਡੀਨੇਟਰ ਪਦ ਦਾ ਦਾਅਵੇਦਾਰ ਐਲਾਨਿਆ ਹੈ। ਅਮਿੱਤ ਜਾਨੀ ਸਿਰੇ ਦਾ ਹਿੰਦੂ ਫਾਸੀਵਾਦ ਹਮਾਇਤੀ ਹੈ। ਕੋਆਰਡੀਨੇਟਰ ਦੀ ਜ਼ਿੰਮੇਵਾਰੀ ਅਮਰੀਕੀ ਸਰਕਾਰ ਅਤੇ ਪਰਵਾਸੀਆਂ ਵਿਚ ਹਰ ਪੱਖ ਤੋਂ ਤਾਲਮੇਲ ਬਿਠਾਉਣ ਦੀ ਹੁੰਦੀ ਹੈ। ਇਸ ਤਰ੍ਹਾਂ ਕਮਲਾ ਹੈਰਿਸ ਅਤੇ ਅਮਿੱਤ ਜਾਨੀ ਦੋਵਾਂ ਨੂੰ ਅੱਗੇ ਕਰਕੇ ਡੈਮੋਕਰੇਟਿਕ ਪਾਰਟੀ, ਭਾਰਤੀ ਲੋਕਾਂ ਦੀਆਂ ਅੱਖਾਂ ਅੱਗੇ ਆਪਦੀ ਹਿੰਦੂਵਾਦੀ ਹਮਾਇਤ ’ਤੇ ਭਰਮਜਾਲ ਦਾ ਪਰਦਾ ਪਾਉਣਾ ਚਾਹੁੰਦੀ ਹੈ।

**ਵੋਟ ਹਮਾਇਤ ਕਰੀਏ ਤਾਂ ਕਿਸਨੂੰ** : ਲੱਗਦਾ ਤਾਂ ਇਹੀ ਹੈ ਕਿ ਉਪਰੋਕਤ ਭਰਮਜਾਲ ਵਿਚ ਫਸ ਕੇ ਪਰਵਾਸੀ ਭਾਰਤੀ ਅਤੇ ਮੁਸਲਿਮ ਅਮਰੀਕਨ ਵੱਡੀ ਗਿਣਤੀ ਵਿਚ ਡੈਮੋਕਰੇਟਸ ਦੀ ਹਮਾਇਤ ਕਰਨਗੇ ਅਤੇ ਟਰੰਪ ਨੀਤੀਆਂ ਦਾ ਵਿਰੋਧ ਕਰਨਗੇ। ਜਿਵੇਂ ਬੇਸ਼ੁਮਾਰ ਭੀੜਾਂ ਨੇ 2017 ਵਿਚ ਅਮਰੀਕੀ ਏਅਰਪੋਰਟਾਂ ’ਤੇ ਵਿਖਾਏ ਕਰਦਿਆਂ, ਟਰੰਪ ਵਲੋਂ ਮੁਸਲਮਾਨਾਂ ਦੇ ਅਮਰੀਕਾ ਵਿਚ ਦਾਖਲੇ ’ਤੇ ਲਾਈ ਪਾਬੰਦੀ ਵੇਲੇ ਕੀਤਾ ਸੀ। ਉਹ ਸੋਚਦੇ ਹਨ ਕਿ ਇਉਂ ਕਰਨ ਨਾਲ ਟਰੰਪ ਦੀਆਂ ਨਸਲਵਾਦੀ ਨੀਤੀਆਂ ਨੂੰ ਉਹ ਨਕਾਰਨਗੇ ਪਰ ਅਜਿਹਾ ਨਹੀਂ ਹੈ। 2020 ਚੋਣ ਗੇੜ ਦੀ ਚੋਣਾਂ ਜਿਸ ਪਾਰਟੀ ਦੇ ਮਰਜ਼ੀ ਹੱਕ ਵਿਚ ਜਾਣ ਅਮਰੀਕਾ ਦੀਆਂ ਨਸਲਵਾਦੀ ਨੀਤੀਆਂ ਜਿਉਂ ਦੀਆਂ ਤਿਉਂ ਹੀ ਚੱਲਣਗੀਆਂ। 2020 ਦੀਆਂ ਚੋਣਾਂ ਦਾ ਗੇੜ ਵੀ ਅਮਰੀਕੀ ਲੋਕਾਂ ਨੂੰ ਦੋਵਾਂ ਪੱਖਾਂ ਦੇ ਪੇਤਲੇ ਤੇ ਸਤੱਹੀ ਵਿਰੋਧਾਂ ਵਿਚ ਉਲਝਾਕੇ ਰੱਖੇਗਾ ਅਤੇ ਦੋਵਾਂ ਪੱਖਾਂ ਦੀਆਂ ਨਸਲਵਾਦੀ, ਜੰਗਬਾਜ਼ੀ ਨੀਤੀਆਂ ਪ੍ਰਤੀ ਉਨ੍ਹਾਂ ਦੀਆਂ ਗੂੜੀਆਂ, ਪੀਡੀਆਂ ਸਾਂਝਾਂ ਨੂੰ ਲੁਕਾਈ ਰੱਖੇਗਾ।

ਜਦੋਂ ਓਬਾਮੇ ਨੇ ਲਾਤੀਨੀ ਅਮਰੀਕਾ ਤੋਂ ਆਉਂਦੇ ਪਨਾਹਗੀਰਾਂ ਤੋਂ ਉਨ੍ਹਾਂ ਦੇ ਬੱਚੇ ਖੋਹਕੇ ਜੇਲ੍ਹੀਂ ਬੰਦ ਕੀਤੇ ਜਾਂ ਜਦੋਂ ਟਰੰਪ ਅਮਰੀਕਾ ਮੈਕਸੀਕੋ ਬਾਰਡਰ ’ਤੇ ਪਨਾਹਗੀਰਾਂ ਦੀ ਆਮਦ ਨੂੰ ਰੋਕਣ ਵਾਸਤੇ ਘ੍ਰਿਣਤ ਨੀਤੀਆਂ ਨੂੰ ਦੋ ਪੱਖੀ ਹਮਾਇਤ ਮਿਲਦੀ ਹੈ ਅਜੋਕੇ ਦਿਨਾਂ ਵਿਚ ਬਲੈਕ ਲਾਈਵਜ਼ ਮੈਟਰ-ਸਿਆਹਫਾਮ ਲੋਕਾਂ ਦੀ ਜ਼ਿੰਦਗੀ ਵੀ ਮੁੱਲਵਾਨ ਹੈ, ਸੰਘਰਸ਼ ਚੱਲ ਰਿਹਾ ਹੈ। ਇਸ ਅੰਦੋਲਨ ਵਿਚ ਪੁਲਿਸ ਤਸ਼ੱਦਦ ਦੇ ਸਤਾਏ ਲੋਕ ਮੰਗ ਕਰ ਰਹੇ ਹਨ ਕਿ ਪੁਲਿਸ ਫੋਰਸਾਂ ਦੇ ਬਜਟਾਂ ਵਿਚ ਭਾਰੀ ਕਟੌਤੀਆਂ ਕੀਤੀਆਂ ਜਾਣ ਪਰ ਜੋ ਬਿਡਨ ਇਹ ਪ੍ਰਚਾਰ ਕਰ ਰਿਹਾ ਹੈ ਕਿ ਇਹ ਵਧਾਇਆ ਜਾਵੇ। ਆਮ ਤੌਰ ’ਤੇ ਪੁਲਿਸ ਜ਼ੁਲਮਾਂ ਦਾ ਸ਼ਿਕਾਰ ਸਿਆਹਫਾਮ ਤੇ ਪਰਵਾਸੀ ਹੀ ਹੁੰਦੇ ਹਨ। ਬਿਡਨ ਨੇ ਤਾਂ ਸਿੱਧਾ ਐਲਾਨ ਕਰ ਦਿੱਤਾ ਹੈ ਕਿ ਕਹਾਣੀ ਇਉਂ ਹੀ ਢਲਦੀ ਰਹੇਗੀ। ਨੀਤੀਆਂ ਵਿਚ ਕਿਸੇ ਤਬਦੀਲੀ ਦਾ ਸਵਾਲ ਹੀ ਨਹੀਂ।

2020 ਦੇ ਚੋਣ ਗੇੜ ਵਿਚ ਅਮਰੀਕੀ ਵੋਟਰਾਂ ਦੇ ਹੱਥ ਵਿਚ ਸੱਜੇ ਪੱਖੀ ਵੋਟ ਪਰਚੀ ਹੀ ਦਿੱਤੀ ਜਾ ਰਹੀ ਹੈ। ਇਹ ਵੋਟ ਪਰਚੀ ਸਿਆਹਫਾਮ ਵਿਰੋਧੀ, ਪਰਵਾਸੀ ਵਿਰੋਧੀ, ਜੰਗਬਾਜ਼ ਪੱਖੀ ਅਤੇ ਲੇਬਰ-ਭਾਮਾ ਵਿਰੋਧੀ ਹੈ। ਵੋਟ ਪਾ ਜਿਸ ਨੂੰ ਮਰਜ਼ੀ ਦਿਓ, ਦੋਵੇਂ ਧਿਰਾਂ ਹੀ ਫ਼ਨੀਅਰ ਨਾਗ ਹਨ। ਡੈਮੋਕਰੈਟਿਕ ਪਾਰਟੀਦਾ ਚਿਹਰਾ ਸੱਜ-ਪਿਛਾਖੜੀ ਨੀਤੀਆਂ ਕਾਰਨ ਬੜੇ ਚਿਰਾਂ ਤੋਂ ਨੰਗਾ ਹੋ ਚੁੱਕਿਆ ਹੈ। 1992 ਦੇ ਚੋਣ ਗੇੜ ਵਿਚ ਬਿੱਲ ਕਲਿੰਟਨ ਨੇ ਚੋਣਾਂ ਸਮੇਂ, ਇਕ ਮਾਨਸਿਕ ਰੋਗੀ, ਸਿਆਹਫਾਮ ਨੂੰ ਸਜਾਏ ਮੌਤ ਕਰਵਾਕੇ ਜਿੱਤ ਪ੍ਰਾਪਤ ਕੀਤੀ ਸੀ ਅਤੇ ਵੱਡੇ ਪੱਧਰ ’ਤੇ ਰੀਪਬਲੀਕਨ ਸਭਿਅਤਾ ਦੀ ਵੋਟ ਹਥਿਆਈ ਸੀ। ਉਸੇ ਨੇ 1996 ਵਿਚ ਅਮਰੀਕਨ ਵੈਲਫੇਅਰ ਫੰਡਾਂ ਵਿਚ ਵੱਡੀਆਂ ਕਟੌਤੀਆਂ ਕੀਤੀਆਂ ਸਨ ਅਤੇ ਦੁਬਾਰਾ ਸਿਆਹਫਾਮ ਵਿਰੋਧੀ ਮਾਹੌਲ ਸਿਰਜਿਆ ਸੀ ਪਰ ਇਸਦੇ ਬਾਵਜੂਦ ਆਪਣਾ ਨਸਲ ਵਿਰੋਧੀ ਚਿਹਰਾ ਸੰਵਾਰੀ ਰੱਖਿਆ। 2020 ਚੋਣ ਗੇੜ ਵਿਚ ਕਮਲਾ ਹੈਰਿਸ ਵੀ ਆਪਣੇ ਭਾਰਤੀ-ਜਮੈਕਨ ਮੂਲ ਦੀ ਦੁਹਾਈ ਪਿੱਟ ਕੇ ਵੋਟ ਹਮਾਇਤ ਜੁਟਾਉਣ ਵਿਚ ਲੱਗੀ ਹੋਈ ਹੈ।

**ਕਰੀਏ ਤਾਂ ਕੀ ਕਰੀਏ** : ਇਨ੍ਹਾਂ ਹਾਲਤਾਂ ਵਿਚ ਕਰੀਏ ਤਾਂ ਕੀ ਕਰੀਏ। ਚੇਤੰਨ ਅਮਰੀਕਨ ਲੋਕਾਂ ਨੂੰ ਇਸ ਵੋਟ ਖੇਡ ਦੇ ਜਾਲ ਵਿਚੋਂ ਨਿਕਲ ਜਾਣਾ ਚਾਹੀਦਾ ਹੈ। ਇਹ ਠੀਕ ਨਹੀਂ ਹੈ ਕਿ ਵੋਟ ਹੀ ਨਾ ਪਾਈ ਜਾਵੇ। ਅਮਰੀਕੀ ਲੋਕ ਪਹਿਲਾਂ ਹੀ ਮਸਾਂ ਚਾਲੀ ਕੁ ਫੀਸਦ ਵੋਟਿੰਗ ਕਰਦੇ ਹਨ। ਮੁਕਾਬਲੇ ਵਿਚ ਇਕ ਤਕੜੀ ਅਤੇ ਸਰਬਸਾਂਝੀ ਲੇਬਰ ਮੂਵਮੈਂਟ ਉਸਾਰਨੀ ਚਾਹੀਦੀ ਹੈ। ਜਥੇਬੰਦ ਹੋ ਕੇ, ਦੋਵਾਂ ਪਾਰਟੀਆਂ ਰੀਪਬਲੀਕਨ ਅਤੇ ਡੈਮੋਕਰੈਟਿਕ ਦੀਆਂ ਰਲਵੀਆਂ ਮਿਲਵੀਆਂ ਨੀਤੀਆਂ ਖਿਲਾਫ਼ ਲਾਮਬੰਦੀ ਕਰਨੀ ਚਾਹੀਦੀ ਹੈ। ਸੰਘਰਸ਼ ਵਾਸਤੇ ਕਰਜ਼ਾ ਮੁਆਫ਼ੀ, ਜੰਗਬਾਜ਼ ਵਿਰੋਧੀ ਮਾਹੌਲ, ਵਾਤਾਵਰਣ ਪਲੀਤੀ ਖਿਲਾਫ਼ ਮੋਰਚੇ ਸ਼ੁਰੂ ਕਰਨੇ ਚਾਹੀਦੇ ਹਨ। ਤੀਜੇ ਹਕੀਕੀ ਬਦਲ ਦੀ ਤਲਾਸ਼ ਕਰਨੀ ਚਾਹੀਦੀ ਹੈ। ਇਸ ਪੱਖ ਤੋਂ ਅਮਰੀਕਾ ਵਿਚ ਸ਼ੁਰੂਆਤ ਵੀ ਕੀਤੀ ਜਾ ਚੁੱਕੀ ਹੈ। ਅਗਸਤ ਮਹੀਨੇ ਵਿਚ ਚੋਣ ਗੇੜਾਂ ਦੇ ਸਤਾਏ ਲੋਕਾਂ ਨੇ ਇਕ ਵੱਡੀ ਵਰਚੂਅਲ ਕੰਨਵੈਨਸ਼ਨ ਕੀਤੀ-ਭਾਵ ਆਨਲਾਈਨ, ਜਿਸ ਵਿਚ ਤਿੰਨ ਲੱਖ ਤੋਂ ਵੱਧ ਲੋਕਾਂ ਨੇ ਸਿੱਧੀ ਹਾਜ਼ਰੀ ਲਵਾਈ। ਇਹ ਸ਼ੁਭ ਸੰਕੇਤ ਹੈ। ਇਸ ਤਰ੍ਹਾਂ ਮਿਰਚ-ਮਸਾਲਾ ਖੇਡ ਅਤੇ ਅਸਲੀ ਹਕੀਕਤਾਂ ਤੇ ਦੋਵਾਂ ਪਾਰਟੀਆਂ ਵਲੋਂ ਕੀਤੀ ਜਾਂਦੀ ਪਰਦਾਪੋਸ਼ੀ ਨੂੰ ਪਿਛਾੜਣਾ ਚਾਹੀਦਾ ਹੈ। ਲੋਕਾਂ ਵਾਸਤੇ ਸੁਚੇਤ ਹੋ ਕੇ ਅਮਰੀਕੀ ਰਾਜ ਨੂੰ; ਮਿਲਟਰੀ ਪੁਲਿਸ ਰਾਜ ਬਣ ਜਾਣ ਤੋਂ ਬਚਾਉਣਾ ਚਾਹੀਦਾ ਹੈ। ਉਨ੍ਹਾਂ ਵਾਸਤੇ ਘੱਟ ਮਾੜਾ ਰਸਤਾ ਅਪਣਾ ਕੇ ਕੰਮ ਸਾਰ ਲੈਣ ਦੀ ਆਸ ਦਾ ਤਿਆਗ ਕਰਨਾ ਬਹੁਤ ਜ਼ਰੂਰੀ ਹੈ। ਦੋਵੇਂ ਰਸਤੇ ਇਹੋ ਜਿਹੀ ਮਾੜੀ ਥਾਂ ਹੀ ਪਹੁੰਚਦੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਅਮਰੀਕੀ ਰਾਜ ਦਿਆਂ ਹਨ੍ਹੇਰਿਆਂ ਖੂੰਜਿਆਂ ਦੀਆਂ ਗਰਕਨੀਆਂ ਤੋਂ ਬਚ ਕੇ ਇਕ ਨਵੇਂ ਨਰੋਏ ਭਵਿੱਖ ਦੀ ਕਿਰਨ ਰੌਸ਼ਨ ਕਰਨ। ਆਰਥਿਕ ਅਤੇ ਰਾਜਨੀਤਕ ਪੱਖ ਤੋਂ ਕਿਉਂ ਅਮਰੀਕਾ ਕੁੱਲ ਸੰਸਾਰ ਨੂੰ ਪ੍ਰਭਾਵਿਤ ਕਰਦਾ ਹੈ। ਇਸ ਕਰਕੇ ਆਲਮੀ ਅਮਨ ਵਾਸਤੇ ਅਮਰੀਕਨ ਲੋਕਾਂ ਵਲੋਂ 1789 ਦੇ ਫਰਾਂਸ ਦੇ ਇਨਕਲਾਬ ਤੋਂ ਸੇਧ ਲੈ ਕੇ ਵਾਗਡੋਰ ਸੰਭਾਲ ਲੈਣੀ ਚਾਹੀਦੀ ਹੈ। ਅਮਰੀਕੀ ਲੋਕਾਂ ਵਿਚ ਇਹ ਸਮਰੱਥਾ ਹੈ।

*ਰਾਮ ਮੰਦਰ ਉਸਾਰੀ ਦਾ ਮਾਮਲਾ*

# ਮੋਦੀ ਹਕੂਮਤੀ ਸੰਘੀ-ਲਾਣੇ ਦੀ ਫ਼ਾਸ਼ੀ ਮੁਹਿੰਮ ਦਾ ਇਕ ਹੱਥਾ

**ਗੁਰਤੇਜ ਸਿੰਘ ਖੋਖਰ ਵਿਨੀਪੈਗ**

ਅੰਤ ਸੁਪਰੀਮ ਕੋਰਟ ਵਲੋਂ ਹਿੰਦੂ ਰਾਜ ਭਾਗ ਨਾਲ ਵਫ਼ਾ ਪਾਲਦੇ ਹੋਏ ਹਿੰਦੂ ਜਥੇਬੰਦੀਆਂ ਵਲੋਂ ਬਾਬਰੀ ਮਸਜਿਦ ਢਾਹਕੇ ਉਥੇ ਕੀਤੇ ਜ਼ਬਰੀ ਕਬਜ਼ੇ ’ਤੇ ਕਾਨੂੰਨੀ ਵਾਜਬੀਅਤ ਦਾ ਠੱਪਾ ਲਾ ਦਿੱਤਾ ਗਿਆ ਹੈ। ਉਸ ਤੋਂ ਬਾਅਦ 5 ਅਗਸਤ ਨੂੰ ਇਸ ਜਗ੍ਹਾ ’ਤੇ ਰਾਮ ਮੰਦਰ ਦੀ ਉਸਾਰੀ ਦਾ ਆਗਾਜ਼ ਕਰਨ ਵਾਸਤੇ “ਭੂਮੀ-ਪੂਜਨ” ਕੀਤਾ ਗਿਆ। ਇਸ ਹਿੰਦੂ ਧਾਰਮਿਕ ਰਸਮ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਮਲ ਹੋਇਆ ਅਤੇ ਉਸ ਵਲੋਂ ਨੀਂਹ-ਪੱਥਰ ਦੀ ਪਹਿਲੀ ਇੱਟ ਰੱਖੀ ਗਈ। ਇਸ ਮੌਕੇ ’ਤੇ ਜਿਥੇ ਭਾਜਪਾਈ ਟੋਲੇ ਸਮੇਤ ਆਰ. ਐਸ. ਐਸ. ਅਤੇ ਉਸਦੀ ਅਗਵਾਈ ਹੇਠਲੀਆਂ ਸਭਨਾਂ ਹਿੰਦੂ ਜਥੇਬੰਦੀਆਂ ਵਲੋਂ ਖ਼ੂਬ ਕੱਛਾ ਵਜਾਈਆਂ ਗਈਆਂ, ਉਥੇ ਕਾਂਗਰਸ ਤੇ ਹੋਰਨਾਂ ਵਿਰੋਧੀ ਹਾਕਮ ਜਮਾਤੀ ਸਿਆਸੀ ਪਾਰਟੀਆਂ ਵਲੋਂ ਮੰਦਰ ਦੀ ਉਸਾਰੀ ਦੇ ਆਗਾਜ਼ ਦੀ ਹਮਾਇਤ ’ਚ ਬਿਆਨ ਦਾਗੇ ਗਏ। ਮੱਧ ਪ੍ਰਦੇਸ਼ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਕਮਲਨਾਥ ਵਲੋਂ ਭਾਜਪਾ ਦੇ ਪੈਰ ’ਚ ਪੈਰ ਧਰਦਿਆਂ ਮੰਦਰ ਉਸਾਰੀ ਦੇ ਆਰੰਭ ਦੀ ਖੁਸ਼ੀ ’ਚ ਆਪਣੇ ਘਰ ਹਵਨ ਯੱਗ ਕਰਵਾਇਆ ਗਿਆ। ਕਮਾਲ ਦੀ ਗੱਲ ਇਹ ਕਿ ਮੁਲਕ ਅੰਦਰ ਹੋਰਨਾਂ ਧਾਰਮਿਕ ਘੱਟ ਗਿਣਤੀਆਂ ਵਾਂਗ ਪੀੜਤ ਧਾਰਮਿਕ ਘੱਟ ਗਿਣਤੀ ਸਿੱਖਾਂ ਦੀ ਸਰਵਉਚ ਧਾਰਮਿਕ ਹਸਤੀ ਸਮਝੀ ਜਾਂਦੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਵੀ ਮੁਸਲਿਮ ਧਾਰਮਿਕ ਘੱਟ ਗਿਣਤੀ ਦੀ ਗਰਦਨ ’ਤੇ ਗੋਡਾ ਰੱਖ ਕੇ ਨਿਹੱਕੇ ਕਬਜ਼ੇ ਹੇਠ ਕੀਤੀ ਮਸਜਿਦ ਦੀ ਥਾਂ ਮੰਦਰ ਉਸਾਰੀ ਦਾ ਸੁਆਗਤ ਕੀਤਾ ਗਿਆ ਹੈ। ਆਰ.ਐਸ. ਐਸ. ਦੇ ਇਸ਼ਾਰਿਆਂ ’ਤੇ ਨੱਚਦੇ ਬਾਦਲ ਟੋਲੇ ਦੇ ਜਮੂਰੇ ਇਸ ਜਥੇਦਾਰ ਵਲੋਂ ਦਾਗੇ ਇਸ ਬਿਆਨ ਦੀਆਂ ਸਿੱਖ ਧਾਰਮਿਕ ਘੱਟ ਗਿਣਤੀ ਸਮੇਤ ਹੋਰਨਾਂ ਧਾਰਮਿਕ ਘੱਟ ਗਿਣਤੀਆਂ ਅਤੇ ਮੁਲਕ ਦੇ ਕਮਾਊ ਲੋਕਾਂ ਲਈ ਕਿਹੋ ਜਿਹੀਆਂ ਖਤਰਨਾਕ ਅਰਥ ਸੰਭਾਵਨਾਵਾਂ ਬਣਦੀਆ ਹਨ-ਇਸ ਮੁੱਦੇ ਨੂੰ ਹਾਲ ਦੀ ਘੜੀ ਲਾਂਭੇ ਛੱਡਦਿਆਂ, ਐਨਾ ਹੀ ਕਹਿਣਾ ਕਾਫ਼ੀ ਹੈ ਕਿ ਰਾਮ ਮੰਦਰ ਦੀ ਉਸਾਰੀ ਦੇ ਆਰੰਭ ਦੀ ਰਸਮ ਦਾ ਹਿੰਦੂਤਵੀ ਫਿਰਕੂ ਫਾਸ਼ੀ ਲਾਣੇ ਵਲੋਂ ਤਾਂ ਸੁਆਗਤ ਕਰਨਾ ਹੀ ਕਰਨਾ ਸੀ, ਸਗੋਂ ਤਕਰੀਬਨ ਸਭਨਾਂ ਹਾਕਮ ਜਮਾਤੀ ਵੋਟ ਪਾਰਟੀਆਂ ਵਲੋਂ ਵੀ ਇਕਸੁਰ ਹੁੰਦਿਆਂ ਇਸ ਦੀ ਜੈ ਜੈਕਾਰ ਕੀਤੀ ਗਈ ਹੈ।

**ਮਸਜਿਦ ਦੀ ਥਾਂ ਰਾਮ ਮੰਦਰ ਬਣਾਉਣ ਦੀ ਮੁਹਿਮ ਦੀ ਪਹਿਲੀ ਤੀਲੀ ਲਾਉਣ :** ਕੁਝ ਮੀਡੀਆ ਸਾਧਨਾਂ (ਟੀ.ਵੀ., ਅਖ਼ਬਾਰਾਂ, ਸੋਸ਼ਲ ਮੀਡੀਆ ਆਦਿ), ਬੁੱਧੀਜੀਵੀਆਂ ਅਤੇ ਕੁਝ ਸਿਆਸੀ ਹਲਕਿਆਂ ਵਲੋਂ ਬਾਬਰੀ ਮਸਜਿਦ ਢਾਹਕੇ ਇਸ ਦੀ ਜਗ੍ਹਾ ’ਤੇ ਰਾਮ ਮੰਦਰ ਦੀ ਉਸਾਰੀ ਕਰਨ ਵਾਸਤੇ ਫਿਰਕੂ-ਫ਼ਾਸ਼ੀ ਸੰਘ ਲਾਣੇ ਵਲੋਂ ਚਲਾਈ ਗਈ ਮੁਹਿਮ ਨੂੰ ਸਿਰਫ਼ ਦੋ ਫੌਰੀ ਲਾਹਿਆਂ ਦੀ ਪ੍ਰਾਪਤੀ ਕਰਨ ਤੱਕ ਸੀਮਤ ਕਰਕੇ ਦੇਖਿਆ ਜਾ ਰਿਹਾ ਹੈ। ਹਿੰਦੂ-ਮੁਸਲਿਮ ਫਿਰਕੂ ਪਾਲਾਬੰਦੀ ਕਰਨਾ ਅਤੇ ਇਉਂ ਹਿੰਦੂ ਧਰਮੀ ਲੋਕਾਂ ਦੇ ਵੋਟ ਬੈਂਕ ਨੂੰ ਪੱਕੇ ਪੈਰੀਂ ਕਰਨਾ, ਅਤੇ ਦੂਜਾ-ਭਾਰਤੀ ਆਰਥਿਕ ਪ੍ਰਬੰਧ ਦੇ ਬੇਹੱਦ ਗੰਭੀਰ ਸੰਕਟ ਦੇ ਸਿੱਟੇ ਵਜੋਂ ਬਣੀ ਉਥਲ-ਪੁਥਲ ਵਾਲੀ ਹਾਲਤ ’ਚ ਫੁੱਟ ਰਹੇ ਤੂਫ਼ਾਨੀ ਜਨਤਕ ਸੰਘਰਸ਼ਾਂ ’ਚ ਪਾਟਕ ਪਾਉਣਾ ਅਤੇ ਜਨਤਾ ਦੀ ਸੁਰਤੀ ਨੂੰ ਆਪਦੇ ਅਹਿਮ ਤੇ ਬੁਨਿਆਦੀ ਮੁੱਦਿਆਂ ਅਤੇ ਨਿਸ਼ਾਨੇ ਤੋਂ ਭਟਕਾਕੇ ਆਪਸੀ ਭਰਾਮਾਰ ਫਿਰਕੂ ਲੜਾਈ ਦੇ ਰਾਹ ਪਾਉਣਾ। ਫੌਰੀ ਪ੍ਰਸੰਗ ਤੱਕ ਸੀਮਤ ਕਰਕੇ ਦੇਖਿਆਂ, ਇਨ੍ਹਾਂ ਗੱਲਾਂ ਨੂੰ ਠੀਕ ਕਿਹਾ ਜਾ ਸਕਦਾ ਹੈ ਪਰ ਇਹ ਗੱਲਾਂ ਇਸ ਫਿਰਕੂ-ਫ਼ਾਸ਼ੀ ਮੁਹਿੰਮ ਪਿਛੇ ਕੰਮ ਕਰਦੇ ਹਕੀਕੀ ਤੇ ਬੁਨਿਆਦੀ ਕਾਰਨ ਨਹੀਂ ਬਣਦੀਆਂ। ਇਨ੍ਹਾਂ ਨੂੰ ਹਕੀਕੀ ਤੇ ਬੁਨਿਆਦੀ ਕਾਰਨ ਸਮਝ ਲੈਣਾ ਉੱਕਾ ਹੀ ਗਲਤ ਅਤੇ ਨੁਕਸਾਨਦੇਹ ਸਮਝ ਦਾ ਸ਼ਿਕਾਰ ਹੋਣਾ ਹੈ ਕਿਉਂਕਿ ਇਸ ਮੁਹਿਮ ਦੀ ਪਹਿਲੀ ਤੀਲੀ ਤਾਂ ਬਰਤਾਨਵੀ ਬਸਤੀਵਾਦੀ ਹਕੂਮਤ ਦੇ ਉਸ ਦੌਰ ’ਚ ਬਾਲੀ ਗਈ ਸੀ, ਜਦੋਂ ਮੁਲਕ ’ਚ ਚੋਣਾਂ ਅਤੇ ਵੋਟਾਂ ਦਾ ਮਾਮਲਾ ਭਾਰਤੀ ਲੋਕਾਂ ਦੇ ਚਿੱਤ-ਚੇਤੇ ਵੀ ਨਹੀਂ ਸੀ।

ਇਹ ਉਹ ਦੌਰ ਸੀ ਜਦੋਂ ਅੰਗਰੇਜ਼ ਬਸਤੀਵਾਦੀਆਂ ਸਿਰ ਮੌਤ ਬਣਕੇ ਮੰਡਰਾਈ। 1857 ਦੀ ਬਗਾਵਤ ਨੂੰ ਕੁਚਲ ਦਿੱਤਾ ਗਿਆ ਸੀ। ਚਾਹੇ ਉਹ ਇਕ ਵਾਰੀ ਤਾਂ ਮੌਤ ਦੇ ਧੁੜਕੂ ਤੋਂ ਸੁਰਖ਼ੁ ਹੋ ਗਏ, ਪਰ ਉਨ੍ਹਾਂ ਨੂੰ ਇਹ ਵੀ ਅਹਿਸਾਸ ਹੋ ਗਿਆ ਸੀ ਕਿ ਉਹ ਬਾਰੂਦ ਦੇ ਢੇਰ ’ਤੇ ਬੈਠੇ ਹਨ, ਜਿਹੜਾ ਆਉਣ ਵਾਲੇ ਸਮੇਂ ’ਚ ਫਿਰ ਤਖਤ-ਪਲਟਾਊ ਵਿਦਰੋਹੀ ਉਭਾਰ ਦੀ ਸ਼ਕਲ ’ਚ ਫੱਟ ਸਕਦਾ ਹੈ। ਮੁਲਕ ਅੰਦਰੋਂ ਬਸਤੀਵਾਦ ਦਾ ਬਿਸਤਰਾ ਗੋਲ ਕਰ ਸਕਣ ਦੀਆਂ ਸੰਭਾਵਨਾਵਾਂ ਰੱਖਦੀ ਅਜਿਹੀ ਕਿਸੇ ਵੀ ਉਥਲ-ਪੁਥਲ ਦੀਆਂ ਗੁੰਜਾਇਸ਼ਾਂ ਨੂੰ ਬੰਨ੍ਹ ਮਾਰਨ ਅਤੇ ਸੰਭਵ ਹੱਦ ਤੱਕ ਖੋਰਨ ਲਈ ਉਨ੍ਹਾਂ ਵਲੋਂ ਲੰਮੇ ਦਾਅ ਦਾ ਯੁੱਧਨੀਤਕ ਸੇਧ ਖਾਕਾ ਤਿਆਰ ਕੀਤਾ ਗਿਆ।

ਇਹ ਯੁਧਨੀਤਕ ਸੇਧਕ ਖਾਕਾ ਦੋ ਬੁਨਿਆਦੀ ਨੁਕਤਿਆਂ ਤੇ ਟਿਕਿਆ ਹੋਇਆ ਸੀ; ਇਕ-ਮੁਲਕ ਅੰਦਰ ਆਪਣੇ ਸਿਆਸੀ-ਸਮਾਜਿਕ ਆਧਾਰ ਨੂੰ ਚੁਰੇੜਾ ਕਰਨਾ ਅਤੇ ਪੱਕਾ ਕਰਨਾ; ਦੂਜਾ-ਬਸਤੀਵਾਦ-ਖਿਲਾਫ਼ ਉੱਠਣ ਵਾਲੀ ਬਗਾਵਤ ਦਾ ਹਕੀਕੀ ਸਾਧਨ ਬਣਦੀ ਜਨਤਾ ਅੰਦਰ ਪਾਟਕ ਦੇ ਬੀਜ ਬੋਣਾ ਅਤੇ ਉਨ੍ਹਾਂ ਅੰਦਰਲੇ ਬਸਤੀਵਾਦੀ ਵਿਰੋਧੀ ਗੁੱਸੇ ’ਤੇ ਰੌਅ ਨੂੰ ਭਟਕਾਊ ਮੂੰਹਾਂ ਦੇ ਕੇ ਔਝੜੇ ਰਾਹ ਪਾਉਣਾ।

**1857 ਦੀ ਬਗਾਵਤ ਤੋਂ ਬਾਅਦ ਸੇਧਕ ਖਾਕੇ ਦਾ ਉਧੇੜ :** ਜਦੋਂ 1857 ਦੇ ਗ਼ਦਰ ਨੂੰ ਕੁਚਲ ਦਿੱਤਾ ਗਿਆ ਤਾਂ ਬਰਤਾਨੀਆਂ ਦੀ ਹਕੂਮਤ ਵਲੋਂ ਪਹਿਲਾਂ ਵੱਡਾ ਕਦਮ ਇਹ ਲਿਆ ਗਿਆ ਕਿ ਭਾਰਤ ’ਚੋਂ ਈਸਟ ਇੰਡੀਆ ਕੰਪਨੀ ਦੀ ਹਕੂਮਤ ਨੂੰ ਚਲਦਾ ਕਰਦਿਆਂ, ਰਾਜ ਭਾਗ ਦੀ ਵਾਗਡੋਰ ਨੂੰ ਸਿੱਧਾ ਆਪਣੇ ਹੱਥ ’ਚ ਲੈਂਦਿਆਂ, ਭਾਰਤ ਨੂੰ ਬਰਤਾਨਵੀ ਬਸਤੀਵਾਦੀ ਬਾਦਸ਼ਾਹਤ ਦੇ ਅਧੀਨ ਕਰ ਲਿਆ ਗਿਆ। ਉਸ ਤੋਂ ਬਾਅਦ, ਬਰਤਾਨਵੀ ਵਜ਼ਾਰਤ ’ਚ ਇਕ ਭਾਰਤੀ ਮਾਮਲਿਆਂ ਸਬੰਧੀ ਵਜ਼ਾਰਤੀ ਮਹਿਕਮਾ ਕਾਇਮ ਕੀਤਾ ਗਿਆ।

ਇਸ ਦੇ ਨਾਲ ਹੀ ਬਰਤਾਨਵੀ ਹਕੂਮਤ ਵਲੋਂ ਭਾਰਤ ਅੰਦਰ ਆਪਣੇ ਰਾਜ ਭਾਗ ਦੀ ਸਲਾਮਤੀ ਅਤੇ ਮਜਬੂਤੀ ਲਈ ਜਿਥੇ ਆਪਦੇ ਸਮਾਜਿਕ ਸਿਆਸੀ ਤਾਣੇ-ਪੇਟੇ ਨੂੰ ਪ੍ਰਸਾਰਨ ਅਤੇ ਪੱਕੇ ਪੈਰੀਂ ਕਰਨ ਲਈ ਅਹਿਮ ਨੀਤੀ ਨਿਰਣੇ ਵਿਸ਼ੇਸ਼ ਕਰਕੇ ਜ਼ਰੱਈ ਖੇਤਰ ’ਚ ਜਗੀਰਦਾਰੀ ਪ੍ਰਬੰਧ ਦੀ ਮੁੜ ਵਿਉਂਤਬੰਦੀ ਕਰਦਿਆਂ, ਜਾਗੀਰੂ-ਬਸਤੀਵਾਦੀ ਗਠਜੋੜ ਦੀਆਂ ਜੜ੍ਹਾਂ ਦਾ ਪਸਾਰਾ ਕਰਨ ਤੇ ਪੱਕੇ ਪੈਰੀਂ ਕਰਨ ਲਈ ਲਾਗੂ ਕੀਤੇ ਗਏ (ਜਿਨ੍ਹਾਂ ਦਾ ਜ਼ਿਕਰ ਇਥੇ ਪ੍ਰਸੰਗਿਕ ਨਹੀਂ ਹੈ) ਉਥੇ ਭਾਰਤੀ ਲੋਕਾਈ ’ਚ ਪਾਟਕ ਪਾਉਣ ਅਤੇ ਉਨ੍ਹਾਂ ਦੇ ਬਸਤੀਵਾਦ ਖਿਲਾਫ਼ ਰੋਹ ਅਤੇ ਰੌਅ ਨੂੰ ਭਟਕਾਊ ਰਸਤੇ ਪਾਉਣ ਦਾ ਅਧਾਰ ਤਿਆਰ ਕਰਨ ਲਈ ਦੋ ਵੱਡੇ ਕਦਮ ਚੁੱਕੇ ਗਏ। ਪਹਿਲਾ ਕਦਮ-ਭਾਰਤ ਦੇ ਇਤਿਹਾਸ ਦਾ ਫਿਰਕਾਪ੍ਰਸਤੀਕਰਨ ਕਰਨ ਇਸ ਕਾਰਜ ਲਈ ਉਨ੍ਹਾਂ ਵਲੋਂ ਅੰਗਰੇਜ਼ ਇਤਿਹਾਸਕਾਰਾਂ ਨੂੰ ਤਾਇਨਾਤ ਕੀਤਾ ਗਿਆ ਜਿਨ੍ਹਾਂ ’ਚੋਂ ਸਭ ਤੋਂ ਮੋਹਰੀ ਜੇਮਜ਼ ਮਿੱਲ ਨਾਂ ਦਾ ਇਤਿਹਾਸਕਾਰ ਸੀ। ਉਸ ਵਲੋਂ ਭਾਰਤੀ ਇਤਿਹਾਸ ਬਾਰੇ ਛੇ ਗ੍ਰੰਥ ਲਿਖੇ ਗਏ। ਉਸਦੀ ਲੇਖਣੀ ਦਾ ਮੂਲ ਮਨੋਰਥ ਭਾਰਤ ਨੂੰ ਬਹੁਕੌਮੀ ਮੁਲਕ ਦੀ ਬਜਾਏ, ਦੋ-ਕੌਮੀ ਮੁਲਕ ਵਜੋਂ ਪੇਸ਼ ਕਰਨਾ ਸੀ। ਉਸ ਵਲੋਂ ਕੌਮ ਦੀ ਪ੍ਰੀਭਾਸ਼ਾ ਦਾ ਹੁਲੀਆ ਵਿਗਾੜ ਕਰਦਿਆਂ, ਇਸ ਨੂੰ ਫਿਰਕੂ/ਧਾਰਮਿਕ ਅਧਾਰ ’ਤੇ ਪ੍ਰੀਭਾਸ਼ਤ ਕੀਤਾ ਗਿਆ ਅਤੇ ਇਹ ਵਿਆਖਿਆ ਦਿੱਤੀ ਗਈ ਕਿ ਭਾਰਤ ਹਿੰਦੂ ਕੌਮ ਦੀ ਧਰਤੀ/ਦੇਸ਼ ਸੀ। ਜਿਸ ਨੂੰ ਅੰਗਰੇਜ਼ ਸ਼ਾਸਕਾਂ ਦੇ ਆਗਮਨ ਤੋਂ ਪਹਿਲਾਂ “ਮੁਸਲਮਾਨ ਕੌਮ” ਵਲੋਂ ਸਦੀਆਂਬੱਧੀ ਗੁਲਾਮੀ ਅਤੇ ਦਾਬੇ ਦੇ ਜੂਲੇ ਹੇਠ ਰੱਖਿਆ ਗਿਆ। ਅੰਗਰੇਜ਼ ਸ਼ਾਸਕਾਂ ਵਲੋਂ ਹਿੰਦੂ ਕੌਮ ਅਤੇ ਉਸਦੇ ਮੁਲਕ ਨੂੰ ਇਸ ਗੁਲਾਮੀ ਤੋਂ ਮੁਕਤ ਕਰਾਇਆ ਗਿਆ। ਇਉਂ, ਉਸ ਵਲੋਂ ਅੰਗਰੇਜ਼ ਬਸਤੀਵਾਦੀ ਹਾਕਮਾਂ ਨੂੰ ਹਿੰਦੂ ਕੌਮ ਅਤੇ ਉਸਦੀ ਮਾਤਰ ਭੂਮੀ ਦੇ ਮੁਕਤੀਦਾਤਿਆਂ ਵਜੋਂ ਪੇਸ਼ ਕਰਦਿਆਂ, ਮੁਸਲਮਾਨਾਂ ਨੂੰ ਇਕ ਹਮਲਾਵਰ ਅਤੇ ਪਰਾਈ ਕੌਮ ਵਜੋਂ ਉਭਾਰਿਆ ਗਿਆ। ਦੂਜਾ ਕਦਮ-ਸਭਨਾ ਖੇਤਰਾਂ ਅੰਦਰ ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਝੇ ਹਿੱਤਾਂ ਤੇ ਸਰੋਕਾਰਾਂ ਨੂੰ ਇਕ ਦੂਜੇ ਨਾਲ ਟਕਰਾਵੇਂ ਹਿੱਤਾਂ ਤੇ ਸਰੋਕਾਰਾਂ ਵਜੋਂ ਦਰਸਾਉਣ ਦੀ ਦਿਸ਼ਾ ਅਖਤਿਆਰ ਕੀਤੀ ਗਈ। ਵਿਸ਼ੇਸ਼ ਕਰਕੇ, ਸਮਾਜਿਕ-ਧਾਰਮਿਕ ਦਾਇਰੇ ਅੰਦਰਲੇ ਪ੍ਰਸਪਰ ਮਾਮੂਲੀ ਇਤਰਾਜਾਂ ਅਤੇ ਵਿਰੋਧਾਂ ਨੂੰ ਹਵਾ ਦਿੰਦਿਆਂ, ਦੁਸ਼ਮਣਾ ਨਾਲ ਟਕਰਾਵਾਂ ਅਤੇ ਝਗੜਿਆਂ ’ਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਆਰੰਭੀਆਂ ਗਈਆਂ। ਇਨ੍ਹਾਂ ’ਚੋਂ ਇਕ ਉਭਰਵੀਂ ਕੋਸ਼ਿਸ਼ ਵਜੋਂ ਅਯੁੱਧਿਆ ਵਿਖੇ ਮੌਜੂਦ ਬਾਬਰੀ ਮਸਜਿਦ ਨੂੰ ਰਾਮ ਜਨਮ ਸਥਾਨ ਹੋਣ ਅਤੇ ਇਥੇ ਰਾਮ ਮੰਦਰ ਹੋਣ ਦੀ ਦਾਅਵਾ ਜਤਲਾਈ ਕਰਨ ਲਈ ਹਿੰਦੂ ਅਖਾੜਿਆਂ ਅਤੇ ਡੇਰਿਆਂ ਦੇ ਸਾਧਾਂ ਨੂੰ ਚੁੱਕਣ ਦਾ ਪਤਾ ਚੱਲਿਆ ਗਿਆ। ਸਿੱਟੇ ਵਜੋਂ ਹਨੂੰਮਾਨ ਗੜ੍ਹੀ ਅਖਾੜਾ ਦੇ ਮਹੰਤ ਵਲੋਂ 1857 ’ਚ ਇਸ ਜਗ੍ਹਾ ’ਤੇ ਹਿੰਦੂਆਂ ਦਾ ਦਾਅਵਾ ਠੋਕ ਦਿੱਤਾ ਗਿਆ। ਇਹ ਫਿਰਕੂ ਸਿੰਗੜੀ ਛੇੜਨ ਦੀ ਹੀ ਦੇਰ ਸੀ, ਇਸ ਦੇ ਪ੍ਰਤੀਕਰਮ ਵਜੋਂ ਇਕ ਘੱਟ ਗਿਣਤੀ ਹੋਣ ਕਰਕੇ ਮੁਸਲਮਾਨ ਭਾਈਚਾਰੇ ਅੰਦਰ ਹਿਲਜੁਲ ਹੋਣ ਲੱਗ ਪਈ। ਦੋਹਾਂ ਫਿਰਕਿਆਂ ’ਚ ਮੌਜੂਦ ਅੰਗਰੇਜ਼ਾਂ ਦੇ ਟੋਡੀ ਲਾਣੇ ਵਲੋਂ ਇਸ ਟਕਰਾਅ ਨੂੰ ਝੋਕਾ ਲਾਉਣ ਲਈ ਜ਼ੋਰ ਲਾਇਆ ਗਿਆ। ਹਿਦੂ ਫਿਰਕੇ ਵਿਚਲੇ ਅੰਗਰੇਜ਼ ਭਗਤਾਂ ਵਲੋਂ ਵਿਸ਼ੇਸ਼ ਕਰਕੇ ਹਮਲਾਵਰ ਰੁਖ ਅਖਤਿਆਰ ਕਰ ਲਿਆ ਗਿਆ। ਅੰਗਰੇਜ਼ ਹਾਕਮਾਂ ਵਲੋਂ ਚੱਲਿਆ ਪਤਾ ਰੰਗ ਲਿਆਇਆ। ਉਨ੍ਹਾਂ ਵਲੋਂ ਬਾਬਰੀ ਮਸਜਿਦ ਦੀ ਜਗ੍ਹਾ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਦਰਮਿਆਨ ਲੰਮੇ ਅਰਸੇ ਲਈ ਭਖਦਾ ਰੱਖਣ ਅਤੇ ਲਾਂਬੂ ਲਾਉਣ ਲਈ ਅਗਲਾ ਦਾਅ ਖੇਡਦਿਆਂ, ਇਸ ਜਗ੍ਹਾ ਨੂੰ ਦੋ ਹਿੱਸਿਆਂ ’ਚ ਵੰਡ ਦਿੱਤਾ ਗਿਆ। ਇਕ ਹਿੱਸੇ ’ਚ ਮੁਸਲਮਾਨਾਂ ਨੂੰ ਨਮਾਜ਼ ਅਦਾ ਕਰਨ ਅਤੇ ਦੂਜੇ ਹਿੱਸੇ ’ਚ ਹਿੰਦੂਆਂ ਨੂੰ ਪੂਜਾ ਕਰਨ ਦੀ ਆਗਿਆ ਦੇ ਦਿੱਤੀ ਗਈ।

ਬਹੁਤ ਸਾਰੇ ਮੁਸਲਿਮ ਮੋਹਤਬਰਾਂ ਅਤੇ ਧਾਰਮਿਕ ਹਲਕਿਆਂ ਵਲੋਂ 1860, 1879, 1883 ਅਤੇ 1884 ’ਚ ਇਸ ਜਗ੍ਹਾ ’ਤੇ ਹਿੰਦੂ ਮਹੰਤਾਂ ਤੇ ਸਾਧਾਂ ਵਲੋਂ ਧੱਕੇ ਨਾਲ ਕੀਤੇ ਜਾ ਰਹੇ ਕਬਜ਼ੇ ਨੂੰ ਰੋਕਣ ਅਤੇ ਨਿਰੋਲ ਮੁਸਲਿਮ ਮਸਜਿਦ ਵਜੋਂ ਇਸ ਦੀ ਹੈਸੀਅਤ ਨੂੰ ਮੁੜ ਬਹਾਲ ਕਰਨ ਲਈ ਪਟੀਸ਼ਨਾਂ ਪਾਈਆਂ ਗਈਆਂ ਪਰ ਅੰਗਰੇਜ਼ ਹਾਕਮਾਂ ਦੀ ਲੀਭ ਰੱਟਾ ਖਤਮ ਕਰਨ ਦੀ ਬਜਾਏ, ਇਸ ਨੂੰ ਪਲੀਤਾ ਆਉਣ ਦੀ ਸੀ। ਇਸ ਲਈ, ਉਨ੍ਹਾਂ ਦੀਆਂ ਅਦਾਲਤਾਂ ਵਲੋਂ ਸਾਰੀਆਂ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਗਿਆ। 1885 ’ਚ ਹਿੰਦੂ ਮਹੰਤ ਰਘੁਬਰ ਦਾਸ ਵਲੋਂ ਇਕ ਪਟੀਸ਼ਨ ਰਾਹੀਂ ਚਾਬੂਤਰੇ ਨੂੰ ਰਾਮ ਜਨਮ ਸਥਾਨ ਹੋਣ ਦਾ ਦਾਅਵਾ ਕਰਦਿਆਂ, ਇਥੇ ਮੰਦਰ ਬਣਾਉਣ ਦੀ ਆਗਿਆ ਮੰਗੀ ਗਈ। ਉਸ ਵਲੋਂ ਮਸਜਿਦ ਦੀ ਜਗ੍ਹਾ ’ਤੇ ਦਾਅਵਾ ਕਰਨ ਤੋਂ ਟਾਲਾ ਵੱਟਣ ਦੀ ਚਲਾਕੀ ਵਰਤੀ ਗਈ।

ਰੱਟੇ ਨੂੰ ਧੁੱਖਦਾ ਰੱਖਣ ਲਈ 1886 ’ਚ ਇਹ ਪਟੀਸ਼ਨ ਰੱਦ ਕਰ ਦਿੱਤੀ ਗਈ।

ਇਉਂ, ਅੰਗਰੇਜ਼ ਹਾਕਮਾਂ ਵਲੋਂ ਇਕ ਹੱਥ ਜੇਮਜ਼ ਮਿੱਲ ਦੇ ਦੋ ਦੋ ਕੌਮਾਂ ਦੇ ਸਿਧਾਂਤ ਦੀ ਰੌਸ਼ਨੀ ’ਚ ਲਿਖੇ ਇਤਿਹਾਸ ਦੀ ਫਿਰਕੂ ਸਮਝ ਨੂੰ ਹਿੰਦੂ ਅਤੇ ਮੁਸਲਮਾਨ ਜਨਤਾ ਦੇ ਪੜ੍ਹੇ ਲਿਖੇ ਹਿੱਸਿਆਂ ’ਚ ਸੰਚਾਰ ਕਰਨ ਦਾ ਹਰ ਹਰਬਾ ਵਰਤਿਆ ਗਿਆ ਅਤੇ ਦੂਜੇ ਹੱਥ ਬਾਬਰੀ ਮਸਜਿਦ ਰੱਟੇ ਸਮੇਤ ਹੋਰ ਸਮਾਜਿਕ, ਧਾਰਮਿਕ ਅਤੇ ਸਿਆਸੀ ਮਾਮਲਿਆਂ ’ਤੇ ਫਿਰਕੂ ਪਾਲਾਬੰਦੀ ਅਤੇ ਰੱਟੇ-ਕਲੇਸ਼ਾਂ ਨੂੰ ਭੜਕਾਉਣ ਵਾਸਤੇ ਹਰ ਸ਼ਾਤਰਾਨਾ ਢੰਗ ਵਰਤਿਆ ਗਿਆ। ਸਿੱਟੇ ਵਜੋਂ ਦੋਵਾਂ ਫਿਰਕਿਆਂ ਦੇ ਸਰਕਾਰੀ-ਦਰਬਾਰੀ ਲਾਣੇ ਅਤੇ ਪੜ੍ਹੇ ਲਿਖੇ ਮੱਧਵਰਗੀ ਹਿੱਸਿਆਂ, ਫਿਰਕੂ ਪਾਲਾਬੰਦੀ ਦੇ ਉਭਰਨ ਦਾ ਅਮਲ ਜ਼ੋਰ ਫੜਨ ਲੱਗ ਪਿਆ। ਕਾਂਗਰਸੀ ਨੇਤਾ ਲਾਲਾ ਲਾਜਪਤ ਰਾਏ ਵਲੋਂ 1900 ’ਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਦੋ ਵੱਖ-ਵੱਖ ਕੌਮਾਂ ਹੋਣ ਦਾ ਰਾਗ ਅਲਾਪਿਆ ਗਿਆ। ਦੋਵਾਂ ਫਿਰਕਿਆਂ ਵਿਚਲੇ ਧਨਾਢ ਟੋਡੀ ਲਾਣੇ ਅਤੇ ਮੱਧਵਰਗੀ ਹਿੱਸਿਆਂ ’ਚ ਅੰਗਰੇਜ਼ ਹਾਕਮਾਂ ਦੀ ਮਿਹਰ ਦੀ ਨਜ਼ਰ ਦੇ ਪਾਤਰ ਬਣਨ ਅਤੇ ਸੱਤਾ ਦੇ ਗਲਿਆਰਿਆਂ ’ਚ ਵੱਧ ਤੋਂ ਵੱਧ ਹਿੱਸਾਪੱਤੀ (ਬੁਰਕੀਆਂ) ਹਾਸਲ ਕਰਨ ਵਾਸਤੇ ਮੁਕਾਬਲੇਬਾਜ਼ੀ ਸ਼ੁਰੂ ਹੋ ਗਈ। 1906 ’ਚ ਕਾਂਗਰਸ ’ਤੇ ਕਾਬਜ਼ ਭਾਰੂ ਹਿੰਦੂ ਲੀਡਰਸ਼ਿਪ ਦੇ ਸਿਆਸੀ ਰਵੱਈਏ ਅਤੇ ਵਿਹਾਰ ਖਿਲਾਫ਼ ਪ੍ਰਤੀਕਰਮ ਵਜੋਂ ਮੁਸਲਮਾਨ ਫਿਰਕੇ ਵਿਚਲੀ ਧਨਾਢ ਪਰਤ ਵਲੋਂ ਸਰਬ-ਭਾਰਤ ਮੁਸਲਿਮ ਲੀਗ ਬਣਾ ਲਈ ਗਈ। ਅੰਗਰੇਜ਼ ਹਾਕਮਾਂ ਵਲੋਂ ਮੌਕਾ ਤਾੜਦਿਆਂ ਤੇ ਮਿੰਟੋ ਮਾਰਲੇ ਸੁਧਾਰਾਂ ਦਾ ਪੱਤਾ ਚੱਲਦਿਆਂ, 1909 ’ਚ ਕੇਂਦਰੀ ਅਤੇ ਸੂਬਾਈ ਕੌਂਸਲਾਂ ’ਚ ਵੱਖ-ਵੱਖ ਫਿਰਕਿਆਂ ਲਈ ਸੀਟਾਂ ਰਾਖਵੀਆਂ ਕਰ ਦਿੱਤੀਆਂ ਗਈਆਂ। ਇਸ ਤਰ੍ਹਾਂ ਅੰਗਰੇਜ਼ ਹਾਕਮਾਂ ਵਲੋਂ ਫਿਰਕੂ ਪਾਲਾਬੰਦੀ ਦੇ ਮੈਦਾਨ ’ਚ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਸਰਬ ਭਾਰਤ ਮੁਸਲਿਮ ਲੀਗ ਨੇ ਇਕ ਦੂਜੇ ਖਿਲਾਫ਼ ਖੜ੍ਹਾ ਕਰਦੇ ਹੋਏ ਪਾਲਾਬੰਦੀ ਦੇ ਅਮਲ ਨੂੰ ਧੁੱਖਦਾ ਰੱਖਣ ਦਾ ਅਧਾਰ ਤਿਆਰ ਕਰਨ ’ਚ ਕਾਮਯਾਬੀ ਹਾਸਲ ਕਰ ਲਈ ਗਈ।

**ਪਹਿਲੀ ਸੰਸਾਰ ਜੰਗ ਤੋਂ 1947 ਤੱਕ ਦਾ ਦੂਜਾ ਦੌਰ :** ਚਾਹੇ ਅੰਗਰੇਜ਼ ਹਾਕਮਾਂ ਵਲੋਂ ਆਪਣੇ ਬਸਤੀਵਾਦੀ ਰਾਜਭਾਗ ਦੀ ਉਮਰ ਲੰਬੀ ਕਰਨ ਲਈ ਹਿੰਦੂ-ਮੁਸਲਿਮ ਪਾਲਾਬੰਦੀ ਦੇ ਅਮਲ ਨੂੰ ਖਤਰਨਾਕ ਮੋੜਾ ਦੇ ਦਿੱਤਾ ਗਿਆ ਸੀ, ਪਰ ਅਕਤੂਬਰ 1917 ਦੇ ਰੂਸੀ ਸਮਾਜਵਾਦੀ ਇਨਕਲਾਬ ਤੋਂ ਬਾਅਦ ਬਣੀ ਕੌਮਾਂਤਰੀ ਅਤੇ ਮੁਲਕ ਅੰਦਰਲੀ ਹਾਲਤ ਨੂੰ ਦੇਖਦਿਆਂ, ਉਨ੍ਹਾਂ ਵਲੋਂ ਇਸ ਫਿਰਕੂ ਪਾਲਾਬੰਦੀ ਦੀ ਯੁਧਨੀਤੀ ਦੇ ਮਨੋਰਥ ਨੂੰ ਮੁੜ ਚਿਤਾਰਦਿਆਂ ਅਤੇ ਇਸ ਦਾ ਰੋਸ ਤੇ ਨਿਸ਼ਚਿਤ ਭਵਿੱਖ-ਨਕਸ਼ਾ



Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal
Manager
604-653-7841
Jatinder Singh
Manager
403-992-0004
Office : 416-644-8881
9910 48 St SE Calgary, AB T2C 4Y5

ਉਲੀਕਦਿਆਂ, ਇਸ ਪਾਲਾਬੰਦੀ ਦੇ ਅਮਲ ਨੂੰ ਅਮੋੜ ਪਟੜੀ ਚਾੜ੍ਹਨ ਬਾਰੇ ਸੋਚਿਆ-ਵਿਚਾਰਿਆ ਗਿਆ। ਅਕਤੂਬਰ ਇਨਕਲਾਬ ਤੋਂ ਪਹਿਲਾਂ ਉਨ੍ਹਾਂ ਨੂੰ ਭਾਰਤ ਅੰਦਰੋਂ ਸਿਰਫ਼ ਆਪਣੇ ਬਸਤੀਵਾਦੀ ਰਾਜਭਾਗ ਦੀ ਬਿਸਤਰ ਗੋਲ ਹੋਣ ਦਾ ਧੁੜਕੂ ਹੀ ਸਤਾਉਂਦਾ ਸੀ, ਪਰ ਹੁਣ ਉਨ੍ਹਾਂ ਨੂੰ ਭਾਰਤ ਦੇ ਤੂਫ਼ਾਨ ਉੱਠਣ ਦੀਆਂ ਬੇਹੱਦ ਸਾਜ਼ਗਾਰ ਗੁੰਜਾਇਸ਼ਾਂ ਦਾ ਭੈਅ ਵੀ ਵੱਖ ਵੱਖ ਖਾਣ ਲੱਗ ਪਿਆ ਸੀ। ਇਸ ਲਈ ਉਨ੍ਹਾਂ ਵਲੋਂ ਆਪਣੀ "ਪਾੜੋ ਤੇ ਰਾਜ ਕਰੋ" ਦੀ ਫਿਰਕੂ ਯੁੱਧਨੀਤੀ ਨੂੰ ਇਨਕਲਾਬ ਦੀਆਂ ਇਨ੍ਹਾਂ ਗੁੰਜਾਇਸ਼ਾਂ ਨੂੰ ਖੋਰਨ ਅਤੇ ਬੰਨ੍ਹ ਮਾਰਨ ਵੱਲ ਸੇਧਤ ਕਰਨ ਦਾ ਟੀਚਾ ਮਿਥਿਆ ਗਿਆ। ਹੁਣ ਤੱਕ ਫਿਰਕੂ ਪਾਲਾਬੰਦੀ ਦੀ ਇਸ ਖੇਡ ਅੰਦਰ ਕਾਂਗਰਸ ਹੀ ਬਹੁਗਿਣਤੀ ਹਿੰਦੂ ਫਿਰਦੇ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਦਾ ਸੰਦ ਬਣੀ ਹੋਈ ਸੀ, ਪਰ ਅੰਗਰੇਜ਼ ਭਗਤ ਹਿੰਦੂ ਧਨਾਢਾਂ ਅਤੇ ਸਿਆਸੀ ਟੋਡੀ ਲਾਣੇ ਦਾ ਕਾਫ਼ੀ ਵੱਡਾ ਹਿੱਸਾ ਇਸ ਨੂੰ ਨੰਗੇ-ਚਿੱਟੇ ਰੂਪ 'ਚ ਹਿੰਦੂ ਫਿਰਦੇ ਦੀ ਨੁਮਾਇੰਦਾ ਐਲਾਨ ਤੋਂ ਟਾਲਾ ਵੱਟ ਰਿਹਾ ਸੀ ਕਿਉਂਕਿ ਉਹ ਹਾਲੀਂ ਵੀ ਮੁਸਲਿਮ ਵੱਡੇ ਪੂੰਜੀਪਤੀ ਕਾਰੋਬਾਰੀਆਂ ਅਤੇ ਜਾਗੀਰਦਾਰਾਂ ਨੂੰ ਆਪਣੇ ਮਾਤਹਿਤ ਹਿੱਸੇ ਵਜੋਂ ਨਾਲ ਰੱਖਣ ਦੀਆਂ ਸੰਭਾਵਨਾਵਾਂ ਨੂੰ ਮੱਦੇਨਜ਼ਰ ਰੱਖਕੇ ਚੱਲ ਰਿਹਾ ਸੀ।

ਸੋ, ਅੰਗਰੇਜ਼ ਹਾਕਮਾਂ ਵਲੋਂ ਨਵੀਂ ਬਣੀ ਹਾਲਤ 'ਚ ਜਿਥੇ ਕਾਂਗਰਸ ਨੂੰ ਆਪਣੀਆਂ ਦੇਸ ਝੋਲੀ ਚੁੱਕ ਹਾਕਮ ਜਮਾਤਾਂ ਦੀ ਪਾਰਟੀ ਅਤੇ ਆਪਣੀ ਭਵਿੱਖ ਦੀ ਦਲਾਸ ਵਾਰਸ ਵਜੋਂ ਸ਼ਿੰਗਾਰਨ ਅਤੇ ਪਾਲਣ ਪੋਸ਼ਣ ਦਾ ਅਮਲ ਜਾਰੀ ਰੱਖਿਆ ਗਿਆ, ਉਥੇ ਉਨ੍ਹਾਂ ਵਲੋਂ ਫਿਰਕੂ ਪਾਲਾਬੰਦੀ ਦੇ ਅਮਲ ਦੀ ਹੋਰ ਵੀ ਸਪਸ਼ਟ ਅਤੇ ਪੱਕੀ ਨੀਂਹ ਰੱਖਣ ਵਾਸਤੇ ਧਰਮ ਆਧਾਰਤ "ਦੋ ਕੌਮਾਂ" ਦੇ ਪਿਛਾਖੜੀ ਸਿਧਾਂਤ ਦਾ ਐਲਾਨੀਆ ਸੰਦ ਬਣਦਾ ਗਿਆ ਸੀ। ਸਾਮਾ ਸਿਰਜਣ ਦੇ ਰੱਸੇ-ਪੈੜੇ ਵੱਟਣ ਦੀਆਂ ਕੋਸ਼ਿਸ਼ਾਂ ਆਰੰਭੀਆਂ ਗਈਆਂ। ਇਨ੍ਹਾਂ ਕੋਸ਼ਿਸ਼ਾਂ ਦੌਰਾਨ ਉਨ੍ਹਾਂ ਦੀ ਨਜ਼ਰ ਵਿਨਾਇਕ ਦਮੋਦਰ ਸਾਵਰਕਰ 'ਤੇ ਪਈ, ਜਿਹੜਾ ਅੰਡੇਮਾਨ ਜੇਲ੍ਹ ਅੰਦਰ ਬੰਦ ਸੀ। ਉਹ ਪਹਿਲਾਂ ਹੀ ਅੰਗਰੇਜ਼ ਹਕੂਮਤ ਮੂਹਰੇ ਗੋਡਣੀਏ ਹੁੰਦਿਆਂ ਤੇ ਵਾਰ ਵਾਰ ਮੁਆਫ਼ੀ ਮੰਗਦਿਆਂ, ਰਹਿਮ ਦੀ ਮੰਗ ਕਰ ਰਿਹਾ ਸੀ। ਉਨ੍ਹਾਂ ਦਾ ਟੋਡੀਪੁਣਾ ਕਰਨ ਲਈ ਤਿਆਰ ਬੈਠਾ ਸੀ। ਸੋ, ਅੰਗਰੇਜ਼ ਹਾਕਮਾਂ ਵਲੋਂ ਉਸ ਨੂੰ "ਦੋ ਕੌਮਾਂ" ਦੇ ਸਿਧਾਂਤਕਾਰ ਵਜੋਂ ਸ਼ਿੰਗਾਰਕੇ ਬਾਹਰ ਲਿਆਉਣ ਦੀ ਤਿਆਰੀ ਵਿੱਢੀ ਗਈ। ਉਸ ਨੂੰ ਅੰਡੇਮਾਨ ਦੀ ਜੇਲ੍ਹ 'ਚੋਂ ਰਤਨਾਗਿਰੀ ਤੇ ਯੇਰਵਾੜਾ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ। ਇਥੋਂ ਹੀ ਜੇਲ੍ਹ ਅੰਦਰੋਂ ਉਸ ਦੀ "ਹਿੰਦੂਤਵ ਦੀਆਂ ਬੁਨਿਆਦੀ" ਕਿਤਾਬ ਬਾਹਰ ਲਿਆਂਦੀ ਅਤੇ ਇਕ ਮੁਰਾਠਾ ਦੇ ਨਾਂ 'ਤੇ ਛਪਵਾਕੇ ਵੰਡੀ ਗਈ। 1924 'ਚ ਉਸ ਨੂੰ ਜੇਲ੍ਹ ਤੋਂ ਬਾਹਰ ਕੱਢ ਦਿੱਤਾ ਗਿਆ ਅਤੇ ਉਸ ਵਲੋਂ ਆਪਣੀ ਕਿਤਾਬ ਅੰਦਰ ਪ੍ਰੀਭਾਸ਼ਤ ਅਤੇ ਸਪਸ਼ਟਤਾ ਨਾਲੇ ਪੇਸ਼ ਕੀਤੇ "ਦੋ ਕੌਮਾਂ" ਦੇ ਫਿਰਕੂ ਸਿਧਾਂਤ ਨੂੰ ਅਮਲੀਜਾਮਾ ਪਹਿਨਾਉਣ ਦਾ ਬੀੜਾ ਚੁੱਕ ਲਿਆ ਗਿਆ। ਉਸ ਵਲੋਂ ਦੋ ਕਾਂਗਰਸੀ ਨੇਤਾ ਬੀ. ਐਸ. ਮੂੰਜੇ ਅਤੇ ਡਾ. ਕੇ. ਬੀ. ਹੈਡਗਵਾਰ ਹੋਰਾਂ ਨੂੰ ਨਾਲ ਵਿਚਾਰ-ਵਟਾਂਦਰਾ ਕਰਕੇ ਰਾਸ਼ਟਰੀ ਸਵੈ ਸੇਵਕ ਸੰਘ (ਆਰ.ਐਸ.ਐਸ.) ਦੀ ਨੀਂਹ ਰੱਖੀ ਗਈ। ਡਾ. ਕੇ. ਬੀ. ਹੈਡਗਵਾਰ ਨੂੰ ਇਸ ਦਾ ਮੁਖੀ ਥਾਪਦਿਆਂ ਨਾਗਪੁਰ ਵਿਖੇ ਇਸ ਦਾ ਹੈਡਕੁਆਰਟਰ ਬਣਾਇਆ ਗਿਆ। ਉਸ ਵਲੋਂ ਖੁਦ ਹਿੰਦੂ ਮਹਾਂਸਭਾ 'ਚ ਸ਼ਾਮਲ ਹੋ ਕੇ ਫਿਰਕੂ ਸੋਚ ਨੂੰ ਛਿੱਟਾ ਦਿੰਦੀਆਂ ਸਰਗਰਮੀਆਂ ਜਾਰੀ ਰੱਖੀਆਂ ਗਈਆਂ।

ਇਸ ਤਰ੍ਹਾਂ ਆਰ. ਐਸ. ਐਸ. ਤੇ ਹਿੰਦੂ ਮਹਾਂ ਸਭਾ ਨੂੰ ਅਖੌਤੀ ਹਿੰਦੂ ਕੌਮ ਦੀਆਂ ਜਥੇਬੰਦੀਆਂ ਵਜੋਂ ਉਭਾਰਨ ਅਤੇ ਸਥਾਪਤ ਕਰਨ ਦਾ ਅਮਲ ਵਿਢਿਆ ਗਿਆ। ਇਨ੍ਹਾਂ ਜਥੇਬੰਦੀਆਂ ਵਲੋਂ ਮਨਘੜਤ ਮਿੱਥਾਂ ਨੂੰ ਆਧਾਰ ਬਣਾ ਕੇ ਰਾਮਚੰਦਰ ਨੂੰ "ਹਿੰਦੂ ਕੌਮ" ਦੇ ਪਰਾਮਨੁੱਖੀ ਨਾਇਕ, ਅਵਤਾਰ ਅਤੇ ਅਖੌਤੀ ਮਰਿਆਦਾ ਪ੍ਰੋਸ਼ਤਮ ਵਜੋਂ ਉਭਾਰਿਆ ਤੇ ਬਾਬਰੀ ਮਸਜਿਦ ਦੀ ਜਗ੍ਹਾ ਨੂੰ ਉਸਦੀ ਜਨਮ ਭੂਮੀ ਵਜੋਂ ਪੇਸ਼ ਕਰਦਿਆਂ ਉਥੇ ਮੰਦਰ ਉਸਾਰੀ ਨੂੰ ਅਖੌਤੀ "ਹਿੰਦੂ ਕੌਮ" ਦੇ ਇਤਿਹਾਸਕ ਵੱਕਾਰ ਦੀ ਮੁੜ ਬਹਾਲੀ ਦਾ ਮੁੱਦਾ ਬਣਾ ਕੇ ਉਛਾਲਿਆ ਗਿਆ। ਇਨ੍ਹਾਂ ਦੋਵਾਂ ਜਥੇਬੰਦੀਆਂ ਵਲੋਂ ਹਿੰਦੂ ਜਨਤਾ ਨੂੰ "ਹਿੰਦੂ ਕੌਮ" ਵਜੋਂ ਲਾਮਬੰਦ ਅਤੇ ਜਥੇਬੰਦ ਕਰਨ 'ਤੇ ਤਾਣ ਕੇਂਦਰਤ ਕਰਦਿਆਂ, ਬਰਤਾਨਵੀ ਸਾਮਰਾਜ ਤੋਂ ਮੁਲਕ ਨੂੰ ਮੁਕਤ ਕਰਾਉਣ ਦੀ ਹਰ ਸਰਗਮਰੀ ਦਾ ਵਿਰੋਧ ਕੀਤਾ ਗਿਆ। ਇਨ੍ਹਾਂ ਵਲੋਂ "ਹਿੰਦੂ ਕੌਮ" ਨੂੰ ਪੁਨਰ-ਜਾਗ੍ਰਿਤ ਅਤੇ ਇਕਮੁੱਠ ਹੋਣ ਦਾ ਹੋਕਰਾ ਦਿੰਦਿਆਂ, ਮੁਗਲਾਂ ਦੀ ਸਦੀਆਂ ਭਰ ਦੀ ਅਖੌਤੀ ਗੁਲਾਮੀ ਦਾ ਬਦਲਾ ਲੈਣ ਦਾ ਕੂੜ ਪ੍ਰਚਾਰ ਵਿੱਢ ਦਿੱਤਾ ਗਿਆ। ਮੁਸਲਮਾਨਾਂ ਖਿਲਾਫ਼ ਫਿਰਕੂ ਨਫ਼ਰਤ ਤੇ ਜਨੂੰਨ ਨੂੰ ਝੋਕਾ ਲਾਉਣ ਦਾ ਸੰਦ ਬਣਦੀਆਂ ਸ਼ਾਖਾਵਾਂ ਦਾ ਮੁਲਕ ਵਿਆਪੀ ਜਾਲ ਬੁਣਨ ਦਾ ਬੀੜਾ ਚੁੱਕ ਲਿਆ ਗਿਆ। ਇਨ੍ਹਾਂ ਫਿਰਕੂ ਫ਼ਾਸੀ ਜਥੇਬੰਦੀਆਂ ਦੇ ਝੰਡੇ ਹੇਠ ਜੋੜੇ ਅਤੇ ਫਿਰਕੂ ਜਨੂੰਨ ਨਾਲ ਭਰੇ ਹਿੰਦੂ ਫਿਰਕੂ ਟੋਲਿਆਂ ਵਲੋਂ ਮੁਸਲਮਾਨਾਂ ਖਿਲਾਫ਼ ਹਮਲਾਵਰ ਰੁਖ ਅਖਤਿਆਰ ਕਰਦਿਆਂ, ਫਿਰਕੂ ਦੰਗੇ-ਫਸਾਦ ਭੜਕਾਉਣ ਦੇ ਨੰਗੇ ਚਿੱਟੇ ਸੰਦ ਬਣਨ ਦਾ ਰੋਲ ਅਖਤਿਆਰ ਕਰ ਲਿਆ ਗਿਆ। ਇਨ੍ਹਾਂ ਸਰਗਰਮੀਆਂ ਦਾ ਇਕ ਸਿਖਰ ਨੁਕਤਾ ਇਹ ਸੀ ਕਿ ਹਿੰਦੂ ਜਨੂੰਨੀ ਗਰੋਹਾਂ ਦੀ ਅਗਵਾਈ ਹੇਠ 1934 'ਚ ਇਕ ਭੜਕੀ ਭੀੜ ਵਲੋਂ ਬਾਬਰੀ ਮਸਜਿਦ ਨੂੰ ਢਾਹੁਣ ਲਈ ਉਸ 'ਤੇ ਧਾਵਾ ਬੋਲ ਦਿੱਤਾ ਗਿਆ। ਮੁਸਲਮਾਨਾਂ ਵਿਰੁੱਧ ਇਨ੍ਹਾਂ ਹਮਲਾਵਰ ਤੇ ਭੜਕਾਊ ਕਾਰਵਾਈਆਂ ਵਿਰੁੱਧ ਮੋੜਵੇਂ ਪ੍ਰਤੀਕਰਮ ਵਜੋਂ ਮੁਸਲਮਾਨ ਜਨਤਾ ਅੰਦਰ ਬਚਾਓ ਮੁਖੀ ਧਾਰਮਿਕ ਭਾਵਨਾਵਾਂ ਦੇ ਉਭਰਨ ਦਾ ਅਮਲ ਤੇਜ਼ ਹੋ ਗਿਆ। ਜਿਸ ਦਾ ਮੁਸਲਿਮ ਲੀਗ ਦੀ ਲੀਡਰਸ਼ਿਪ ਵਲੋਂ ਫਾਇਦਾ ਉਠਾਉਂਦਿਆਂ, ਇਸ ਦੇ ਜਨਤਕ ਪ੍ਰਭਾਵ ਅਧਾਰ ਨੂੰ ਵਧਾਉਣ 'ਤੇ ਜ਼ੋਰ ਲਾਇਆ ਗਿਆ। ਮੁਸਲਮਾਨ ਜਨਤਾ ਅੰਦਰ ਭੜਕੇ ਇਸ ਮੋੜਵੇਂ ਪ੍ਰਤੀਕਰਮ ਦੀ ਤਰੰਗ 'ਤੇ ਸਵਾਰ ਹੁੰਦਿਆਂ ਹੀ ਅਗਲੇ ਅਰਸੇ 'ਚ ਜਾ ਕੇ ਮੁਸਲਿਮ ਲੀਗ ਵਲੋਂ ਦੋ ਕੌਮਾਂ ਦੇ ਅਖੌਤੀ ਸਿਧਾਂਤਾਂ 'ਤੇ ਸਹੀ ਪਾਈ ਗਈ ਅਤੇ ਮੁਸਲਮਾਨਾਂ ਵਾਸਤੇ ਵੱਖਰੇ ਖੁਦਮੁਖਤਿਆਰ ਖਿੱਤਿਆਂ ਦੀ ਮੰਗ ਕੀਤੀ ਗਈ ਅਤੇ ਇਹ ਮੰਗ ਹੀ ਆਖੀਰ 'ਚ ਵੱਖਰੇ ਮੁਲਕ (ਪਾਕਿਸਤਾਨ) ਦੀ ਸ਼ਕਲ ਅਖਤਿਆਰ ਕਰ ਗਈ।

ਇਸ ਤਰ੍ਹਾਂ ਅੰਗਰੇਜ਼ ਹਾਕਮਾਂ ਵਲੋਂ ਕਮਾਲ ਦੀ ਦੂਰ-ਦ੍ਰਿਸ਼ਟੀ ਨਾਲ 1857 ਤੋਂ ਬਾਅਦ ਵਿੱਢੀ ਫਿਰਕੂ ਪਾਲਾਬੰਦੀ ਦੇ ਅਮਲ ਨੂੰ "ਦੋ ਕੌਮਾਂ ਦੇ ਸਿਧਾਂਤ" ਵਜੋਂ ਵਾਜਬੀਅਤ ਦਾ ਅਧਾਰ ਮੁਹੱਈਆ ਕਰਦਿਆਂ ਅਤੇ ਫਿਰਕੂ ਪਾਲਾਬੰਦੀ ਨੂੰ ਅਮੋੜ ਸ਼ਕਲ ਦਿੰਦਿਆਂ, ਇਕ ਤੀਰ ਨਾਲ ਕਈ ਪੰਛੀ ਫੁੰਡਣ 'ਚ ਸਫ਼ਲਤਾ ਹਾਸਲ ਕੀਤੀ ਗਈ। ਪਹਿਲਾ-ਰਾਜ ਭਾਗ ਅਤੇ ਹਾਕਮ ਜਮਾਤੀ ਹਿੱਸਿਆਂ ਦਾ ਫਿਰਕੂਕਰਨ ਕਰਦਿਆਂ ਧਰਮ-ਆਧਾਰਤ ਦੋ ਰਾਜ (ਮੁਲਕ) ਸਿਰਜਣ ਦਾ ਆਧਾਰ ਤਿਆਰ ਕਰ ਲਿਆ ਗਿਆ; ਦੂਜਾ-ਭਾਰਤ ਅੰਦਰ ਮੁਲਕ ਵਿਆਪੀ ਪਾਏਦਾਰ ਏਕਤਾ ਦਾ ਇਕ ਠੋਸ ਆਧਾਰ ਸਭਨਾਂ ਕੌਮਾਂ (ਪੰਜਾਬੀ, ਬੰਗਾਲੀ, ਅਸਾਮੀ, ਉੜੀਆ, ਤੇਲਗੂ, ਤਾਮਿਲ, ਕੰਨੜ, ਗੁਜਰਾਤੀ, ਮਰਾਠਾ ਆਦਿ ਆਦਿ) ਦੇ ਲੋਕਾਂ ਦੀ ਸਾਮਰਾਜ ਵਿਰੁੱਧ ਖਰੀ ਕੌਮਪ੍ਰਸਤ ਅਤੇ ਦੇਸ਼ ਭਗਤੀ ਬਣਦੀ ਸੀ। ਪਰ "ਦੋ ਕੌਮ ਦੇ ਸਿਧਾਂਤ" ਦੇ ਆਧਾਰ 'ਤੇ ਲਾਏ ਫਿਰਕੂ ਪਾਲਾਬੰਦੀ ਦੇ ਅਮਲ ਰਾਹੀਂ ਇਸ ਖਰੀ ਏਕਤਾ ਦੇ ਆਧਾਰ ਨੂੰ ਹੀ ਘੱਟੇ ਰੋਲ ਦਿੱਤਾ ਗਿਆ। ਤੀਜਾ-ਫਿਰਕੂ ਪਾਲਾਬੰਦੀ ਨੂੰ ਝੋਕਾ ਲਾ ਕੇ ਇਕ ਅਜਿਹਾ ਬਾਰੂਦ ਦਾ ਢੇਰ ਸਿਰਜ ਲਿਆ ਗਿਆ, ਜਿਸ ਨੂੰ ਲੋੜ ਪੈਣ 'ਤੇ ਮੁਲਕ ਅੰਦਰ ਖਰੇ ਸਾਮਰਾਜ-ਵਿਰੋਧੀ, ਜਾਗੀਰਦਾਰ-ਰਜਵਾੜਾਸ਼ਾਹੀ ਵਿਰੋਧੀ ਸੰਗਰਾਮੀ ਉਭਾਰਾਂ ਦੀ ਫੂਕ ਕੱਢਣ ਅਤੇ ਲੋਕਾਂ ਨੂੰ ਭੜਕਾਊ ਰਾਹ 'ਤੇ ਪਾਉਣ ਲਈ ਪਲੀਤਾ ਲਾਇਆ ਜਾ ਸਕੇ; ਚੌਥਾ-ਦੋ ਧਰਮ-ਆਧਾਰਤ ਰਾਜ ਬਣਾਉਣ ਦੇ ਮਨਸੂਬੇ ਦਾ ਮਤਲਬ ਮੁਲਕ ਦੀ ਵੰਡ ਕਰਨਾ ਨਹੀਂ ਸੀ ਇਸ ਦਾ ਅਸਲ ਮਕਸਦ ਪੰਜਾਬੀ ਕੌਮ ਅਤੇ ਬੰਗਾਲੀ ਕੌਮ ਦੀ ਵੰਡ ਕਰਨਾ ਸੀ ਅਤੇ ਇਉਂ, ਮੁਲਕ ਦੀਆਂ ਸਭ ਤੋਂ ਵੱਧ ਵਿਕਸਿਤ ਤੇ ਸਿਰਕੱਢ ਕੌਮਾਂ ਨੂੰ ਚੀਰਾ ਦੇ ਕੇ ਨਾ ਸਿਰਫ਼ ਅਗਲੇ ਦਹਾਕਿਆਂ 'ਚ ਭਾਰਤੀ ਇਨਕਲਾਬ ਅੰਦਰ ਉਭਰਵਾਂ ਤੇ ਸਿਰਮੌਰ ਰੋਲ ਨਿਭਾਅ ਸਕਣ ਦੀਆਂ ਸੰਭਾਵਨਾਵਾਂ ਰੱਖਦੀਆਂ। ਇਨ੍ਹਾਂ ਦੋ ਕੌਮਾਂ ਨੂੰ ਅਪਾਹਜ ਬਣਾ ਦਿੱਤਾ ਗਿਆ, ਸਗੋਂ ਇਨ੍ਹਾਂ ਕੌਮਾਂ ਦੀ ਧਰਤੀ 'ਤੇ ਵਾਹੀਆਂ ਸਰਹੱਦਾਂ 'ਤੇ ਇੱਟ-ਖੜਕਾ ਜਾਰੀ ਰੱਖਦਿਆਂ ਮੁਲਕ ਅੰਦਰ ਮੁਸਲਮਾਨ ਵਿਰੋਧੀ ਹਿੰਦੂ-ਫਿਰਕੂ ਜਨੂੰਨ ਨੂੰ ਝੋਕਾ ਲਾਉਣ ਵਾਸਤੇ ਸਥਾਈ ਧੌਂਕਣੀਆਂ ਸਿਰਜ ਦਿੱਤੀਆਂ ਗਈਆਂ। ਪੰਜਵਾਂ-ਇਨ੍ਹਾਂ ਫਿਰਕੂ ਸਾਜ਼ਿਸ਼ਾਂ ਅਤੇ ਸਰਗਰਮੀਆਂ ਦੀ ਸ਼ਿਕਾਰ ਬਣਨ ਤੋਂ ਮੁਨਕਰ ਮੁਲਕ ਦੀ ਲੋਕਾਈ ਦੀ ਭਾਰੀ ਬਹੁਗਿਣਤੀ ਦੀ ਖਰੀ ਅਜ਼ਾਦੀ ਅਤੇ ਜਮਹੂਰੀਅਤ ਦੀ ਤਾਂਘ ਨੂੰ ਧੋਖੇ ਭਰਿਆ ਮੂੰਹਾਂ ਦੇਣ ਅਤੇ ਕਮਿਊਨਿਸਟ ਇਨਕਲਾਬੀ ਤੇ ਸਾਮਰਾਜ ਵਿਰੋਧੀ ਲਹਿਰਾਂ ਨੂੰ ਠਿੱਬੀ ਲਾਉਣ ਦੀ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਅਜ਼ਾਦੀ ਅੰਦੋਲਨ ਦੀ ਇਕੋ ਇਕ ਤਰਜਮਾਨ, ਰਹਿਬਰ, ਗੈਰ ਫਿਰਕੂ ਅਤੇ ਅਖੌਤੀ ਭਾਰਤੀ ਕੌਮਪ੍ਰਸਤੀ ਦੀ ਮੁਜੱਸਮਾ ਜਥੇਬੰਦੀ ਵਜੋਂ ਉਭਾਰਿਆ ਅਤੇ ਸਥਾਪਤ ਕੀਤਾ ਗਿਆ।

**15 ਅਗਸਤ 1947 ਨੂੰ ਨਕਲੀ ਅਜ਼ਾਦੀ ਦਾ ਡਰਾਮਾ** : ਉਪਰੋਕਤ ਸੰਖੇ ਵਿਆਖਿਆ ਦਰਸਾਉਂਦੀ ਹੈ ਕਿ ਅੰਗਰੇਜ਼ ਬਸਤੀਵਾਦੀ ਹਾਕਮਾਂ ਅਤੇ ਉਨ੍ਹਾਂ ਦੀਆਂ ਦਲਾਲ ਭਾਰਤੀ ਹਾਕਮ ਜਮਾਤਾਂ ਵਲੋਂ ਅਕਤੂਬਰ ਇਨਕਲਾਬ ਤੋਂ ਬਾਅਦ ਬਣੀ ਸਾਜ਼ਗਾਰ ਕੌਮਾਂਤਰੀ ਹਾਲਤ ਦੇ ਪ੍ਰਭਾਵ ਹੇਠ ਸ਼ਕਲ ਅਖਤਿਆਰ ਕਰਨ ਜਾ ਰਹੇ ਭਾਰਤੀ ਤੇ ਤਰਥੱਲਪਾ ਨੂੰ ਕੌਮੀ ਮੁਕਤੀ ਸੰਗਰਾਮ ਨੂੰ ਨਾਕਾਮ ਬਣਾਉਣ ਅਤੇ ਮੁਲਕ ਨੂੰ ਸਾਮਰਾਜੀ-ਜਾਗੀਰੂ ਜੂਲੇ ਹੇਠ ਰੱਖਣ ਵਾਸਤੇ ਪਿਛਾਖੜੀ ਸੰਦਾਂ (ਕਾਂਗਰਸ ਪਾਰਟੀ ਸਮੇਤ ਹਿੰਦੂਤਵੀ ਫਿਰਕੂ-ਫਾਸ਼ੀ ਜਥੇਬੰਦੀਆਂ, ਫਿਰਕੂ ਜ਼ਹਿਰ ਦੀ ਪਾਹ ਚੜ੍ਹੀਆਂ ਰਾਜ-ਭਾਗ ਦੀਆਂ ਸੰਸਥਾਵਾਂ ਆਦਿ) ਨੂੰ ਘੜਿਆ, ਤਮਸ਼ਿਆ ਅਤੇ ਤਿਆਰ ਕੀਤਾ ਗਿਆ।

ਦੂਜੀ ਸੰਸਾਰ ਜੰਗ ਤੋਂ ਬਾਅਦ ਕੌਮਾਂਤਰੀ ਪੱਧਰ 'ਤੇ ਸੋਫ਼ੀਅਤ ਯੂਨੀਅਨ ਦੀ ਅਗਵਾਈ ਹੇਠ ਸ਼ਕਤੀਸ਼ਾਲੀ ਸਮਾਜਵਾਦੀ ਕੈਂਪ ਦੇ ਹੋਂਦ 'ਚ ਆਉਣ, ਚੀਨੀ ਇਨਕਲਾਬ ਦੀ ਜੇਤੂ ਸਿਖਰ ਵੱਲ ਪੇਸ਼ ਕਦਮੀ ਅਤੇ ਬਸਤੀਵਾਦ ਵਿਰੁੱਧ ਕੌਮੀ ਮੁਕਤੀ ਲਹਿਰਾਂ ਦੀ ਤੂਫ਼ਾਨੀ ਕਾਂਗ ਦੀ ਉਠਾਣ ਦੀ ਹਾਲਤ ਸਨਮੁੱਖ ਸਾਮਰਾਜੀਆਂ ਵਲੋਂ ਬਸਤੀਵਾਦ ਤੋਂ ਨਵ-ਬਸਤੀਵਾਦ ਵੱਲ ਕਾਂਟਾ ਬਦਲਿਆ ਗਿਆ ਅਤੇ ਬਸਤੀਵਾਦੀ ਜੂਬੇ ਹੇਠਲੇ ਮੁਲਕਾਂ ਨੂੰ ਐਲਾਨਣ ਦਾ ਡਰਾਮਾ ਸ਼ੁਰੂ ਕਰ ਦਿੱਤਾ ਗਿਆ। ਭਾਰਤ ਅੰਦਰ ਵਸੇ ਸਾਮਰਾਜੀਆਂ ਅਤੇ ਉਨ੍ਹਾਂ ਦੀਆਂ ਦਲਾਲ ਹਾਕਮ ਜਮਾਤਾਂ ਸਿਰ ਕੂਕਦਾ ਕਾਲ ਬਣਕੇ ਉਠ ਰਹੇ ਹਥਿਆਰਬੰਦ ਘੋਲਾਂ ਅਤੇ ਵਿਸ਼ਾਲ ਜਨਤਕ ਅੰਦੋਲਨਾਂ ਦੇ ਝੱਖੜ ਤੋਂ ਡਹਿੰਦਿਆਂ ਉਨ੍ਹਾਂ ਵਲੋਂ ਨਕਲੀ ਅਜ਼ਾਦੀ ਦੇ ਧੂਮ ਧੜੱਕੇ ਹੇਠ ਇਕ ਪਾਸੇ ਕਾਂਗਰਸ ਨੂੰ ਰਾਜ ਭਾਗ ਦੀ ਵਾਗਡੋਰ ਸੰਭਾਲ ਦਿੱਤੀ ਗਈ ਅਤੇ ਦੂਜੇ ਪਾਸੇ ਲੋਕਾਂ ਦੀ ਰਜ਼ਾ ਨੂੰ ਪੈਰਾਂ ਹੇਠ ਦਰੜਦਿਆਂ, ਪੰਜਾਬੀ ਕੌਮ ਅਤੇ ਬੰਗਲਾ ਕੌਮ ਨੂੰ ਚੀਰਾਂ ਦੇ ਕੇ ਧਰਮ-ਆਧਾਰਤ ਦੋ ਮੁਲਕਾਂ-ਹਿੰਦੁਸਤਾਨ ਅਤੇ ਭਾਰਤ ਨੂੰ ਹੋਂਦ 'ਚ ਲਿਆਂਦਾ ਗਿਆ। ਰਾਜਕੀ ਹਥਿਆਰਬੰਦ ਤਾਕਤਾਂ, ਫਿਰਕੂ-ਫਾਸ਼ੀ ਜਥੇਬੰਦੀਆਂ ਅਤੇ ਗਰੋਹਾਂ ਵਲੋਂ ਵਿਸ਼ੇਸ਼ ਕਰਕੇ ਪੰਜਾਬ ਅਤੇ ਬੰਗਾਲ ਅੰਦਰ ਵੱਡੀ ਪੱਧਰ 'ਤੇ ਕਤਲੇਆਮ ਅਤੇ ਮਾਰਧਾੜ ਨੂੰ ਅੰਜਾਮ ਦਿੱਤਾ ਗਿਆ। ਇਕ ਹੱਥ-ਨਕਲੀ ਅਜ਼ਾਦੀ ਅਤੇ ਜਮਹੂਰੀਅਤ ਦੀ ਗਰਦੋ-ਗੁਬਾਰ ਨਾਲ ਖਰੀ ਅਜ਼ਾਦੀ ਅਤੇ ਜਮਹੂਰੀਅਤ ਲਈ ਤਾਂਘਦੀ ਮੁਲਕ ਦੀ ਭਾਰੀ ਬਹੁਗਿਣਤੀ ਜਨਤਾ ਦੀਆਂ ਅੱਖਾਂ 'ਚ ਘੱਟਾ ਪਾਇਆ ਗਿਆ ਅਤੇ ਦੂਜੇ ਹੱਥ ਖਰੀ ਅਜ਼ਾਦੀ ਅਤੇ ਜਮਹੂਰੀਅਤ ਲਈ ਜੂਝਦੀਆਂ ਲੋਕ ਲਹਿਰਾਂ ਵਿਸ਼ੇਸ਼ ਕਰਕੇ ਹਥਿਆਰਬੰਦ ਘੋਲਾਂ 'ਤੇ ਫੌਜੀ ਚੜ੍ਹਾਈ ਕਰਦਿਆਂ, ਇਨ੍ਹਾਂ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਗਿਆ। ਕੌਮਾਂਤਰੀ ਪੱਧਰ 'ਤੇ ਬਣੀ ਸ਼ਾਨਦਾਰ ਸਾਮਰਾਜ ਵਿਰੋਧੀ ਇਨਕਲਾਬੀ ਹਾਲਤ ਅਤੇ ਮੁਲਕ ਅੰਦਰ ਫਿਰਕੂ ਕਤਲੇਆਮ ਰਚਾਉਣ ਅਤੇ ਜ਼ਬਰੀ ਰੋਸੀ ਵੰਡ ਦੇ ਬਾਵਜੂਦ ਜਨਤਾ ਦੀ ਭਾਰੀ ਬਹੁਗਿਣਤੀ ਅੰਦਰ ਖਰੀ ਅਜ਼ਾਦੀ, ਜਮਹੂਰੀਅਤ ਭਰਾਤਰੀਪੁਣੇ ਦੀ ਲੱਟ-ਲੱਟ ਬਲਦੀ ਤਾਂਘ ਤੇ ਰੌਅ ਦੇ ਦਬਾਅ ਹੇਠ ਹਾਕਮ ਜੁੰਡਲੀ ਨੂੰ ਥਰਮ ਦੇ ਆਧਾਰ 'ਤੇ ਵਾਜੂਦ 'ਚ ਲਿਆਂਦੇ ਰਾਜ (ਸਟੇਟ) 'ਤੇ ਪਰਦਾਪੋਸ਼ੀ ਕਰਨ ਦਾ ਪੈਂਤੜਾ ਅਖਤਿਆਰ ਕਰਨਾ ਪਿਆ। ਇਸ ਕਰਕੇ, ਹਿੰਦੁਸਤਾਨ ਨੂੰ ਅਖੌਤੀ ਹਿੰਦੂ ਰਾਸ਼ਟਰੀ/ਕੌਮੀ ਸਟੇਟ ਵਜੋਂ ਪੇਸ਼ ਕਰਨ ਦੀ ਬਜਾਏ, ਅਖੌਤੀ ਭਾਰਤੀ ਕੌਮ ਦੀ ਸਟੇਟ ਵਜੋਂ ਪੇਸ਼ ਕਰ ਦਿੱਤਾ ਗਿਆ। ਸਾਮਰਾਜੀ ਬਸਤੀਵਾਦੀ ਖਿਲਾਫ਼ ਭਾਰਤ ਦੀਆਂ ਸਭਨਾਂ ਕੌਮਾਂ ਦੀ ਮੁਕਤੀ ਦੀ ਸਾਂਝੀ ਲੜਾਈ ਦੌਰਾਨ ਉਭਰੀ ਸਾਂਝ ਦਾ ਅਹਿਸਾਸ ਲੋਕ ਮਨਾਂ 'ਚ ਹੋਣ ਕਰਕੇ, ਕਿਸੇ ਹੱਦ ਤੱਕ ਲੋਕਾਂ ਵਲੋਂ ਵੀ ਅਖੌਤੀ ਭਾਰਤੀ ਕੌਮ ਦੀ ਇਸ ਅਧਾਰਹੀਣ ਹੋਂਦ ਨੂੰ ਪ੍ਰਵਾਨ ਕਰ ਲਿਆ ਗਿਆ।

**1947 ਤੋਂ 1970ਵਿਆਂ ਤੱਕ ਦਾ ਦੌਰ** : ਸੋ, ਸਾਮਰਾਜੀ ਦਲਾਲ ਹਾਕਮਾਂ ਵਲੋਂ ਆਪਦੇ ਹਿੰਦੂ ਰਾਜ ਨੂੰ ਹੋਂਦ 'ਚ ਲਿਆਉਣ ਤੋਂ ਬਾਅਦ, ਜਿਥੇ ਬਣੀ ਹਾਲਤ 'ਚ ਇਸ ਨੂੰ ਐਲਾਨੀਆਂ ਹਿੰਦੂ ਰਾਜ ਕਹਿਣ ਤੋਂ ਗੁਰੇਜ਼ ਕੀਤਾ ਗਿਆ, ਉਥੇ ਇਸ ਨੂੰ ਧਰਮ-ਨਿਰਲੇਪ ਰਾਜ ਐਲਾਨਣ ਤੋਂ ਟਾਲਾ ਵੱਟਦਿਆਂ, ਇਕ ਧਰਮ ਨਿਰਪੱਖ ਰਾਜ ਐਲਾਨ ਕਰ ਦਿੱਤਾ ਗਿਆ। ਯਾਨੀ ਰਾਜ ਅਤੇ ਧਰਮ ਨੂੰ ਵੱਖ-ਵੱਖ ਕਰਨ ਦੀ ਬਜਾਏ, ਰਾਜ ਨੂੰ ਸਭਨਾਂ ਧਰਮਾਂ ਦੀ ਸਰਪ੍ਰਸਤੀ ਅਤੇ ਪਾਲਣਾ-ਪੋਸ਼ਣਾ ਕਰਨ ਦਾ ਅਧਿਕਾਰ ਦੇ ਦਿੱਤਾ ਗਿਆ। ਇਹ ਕੁਦਰਤੀ ਹੈ, ਰਾਜ ਦੀਆਂ ਵੱਖ-ਵੱਖ ਸੰਸਥਾਵਾਂ 'ਚ ਜਿਸ ਧਰਮ ਦੇ ਵਿਅਕਤੀਆਂ ਦੀ ਬਹੁਗਿਣਤੀ ਹੈ, ਉਸ ਧਰਮ ਦੀਆਂ ਸੰਸਥਾਵਾਂ ਅਤੇ ਜਥੇਬੰਦੀਆਂ ਵਲੋਂ ਹੀਰਾਜ ਦੀਆਂ ਸੰਸਥਾਵਾਂ ਅੰਦਰ ਵਧੇਰੇ ਦਖ਼ਲ-ਅੰਦਾਜ਼ੀ ਕਰਨ ਅਤੇ ਘੱਟ ਗਿਣਤੀ ਧਰਮ ਨੂੰ ਖੂੰਜੇ ਲਾ ਕੇ ਰੱਖਣ ਦੀਆਂ ਗੁੰਜਾਇਸ਼ਾਂ ਹੋਣੀਆਂ ਲਾਜ਼ਮੀ ਹੋਣਗੀਆਂ। ਭਾਰਤੀ ਰਾਜ ਭਾਗ ਵਲੋਂ ਅੱਜ ਤੱਕ ਵੱਖ-ਵੱਖ ਧਰਮਾਂ ਦੀਆਂ ਸੰਸਥਾਵਾਂ ਪ੍ਰਤੀ ਧਾਰਨ ਕੀਤਾ ਵਤੀਰਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ।

ਇਉਂ, ਭਾਰਤੀ ਹਾਕਮਾਂ ਵਲੋਂ ਬਡੀ ਚਲਾਕੀ ਨਾਲ ਰਾਜ ਦੇ ਹਿੰਦੂ ਚਿਹਰੇ 'ਤੇ ਅਖੌਤੀ ਧਰਮ-ਨਿਰਪੱਖਤਾ ਦਾ ਭਰਮਾਊ ਮੁਲੰਮਾ ਚਾੜ੍ਹਦਿਆਂ, ਬਸਤੀਵਾਦੀ ਦੌਰ 'ਚ ਸਿਰਜੇ ਸਭਨਾ ਪਿਛਾਖੜੀ ਅਤੇ ਫਿਰਕੂ ਫਾਸ਼ੀ ਸੰਦਾਂ ਨੂੰ ਕਾਇਮ ਰੱਖਣ ਅਤੇ ਇਨ੍ਹਾਂ ਦੀ ਪੁਸ਼ਤਪਨਾਹੀ ਕਰਨ ਦਾ ਕੰਮ ਜਾਰੀ ਰੱਖਿਆ ਗਿਆ। ਹਾਕਮ ਲਾਣੇ ਅੰਦਰ ਇਨ੍ਹਾਂ ਫਿਰਕੂ-ਫਾਸ਼ੀ ਸੰਦਾਂ (ਆਰ.ਐਸ.ਐਸ. ਤੇ ਉਸਦੀ ਛਤਰੀ ਹੇਠਲੀਆਂ ਜਥੇਬੰਦੀਆਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ) ਦੀ ਵਰਤੋਂ ਕਦੋਂ, ਕਿੰਨੀ ਅਤੇ ਕਿਵੇਂ ਕੀਤੀ ਜਾਵੇ-ਇਨ੍ਹਾਂ ਗੱਲਾਂ 'ਤੇ ਮੱਤਭੇਦ ਤਾਂ ਰਹੇ ਹਨ, ਪਰ ਇਨ੍ਹਾਂ ਸੰਦਾਂ ਨੂੰ ਕਾਇਮ ਰੱਖਣ, ਤਕੜੀ ਕਰਨ ਅਤੇ ਇਨ੍ਹਾਂ ਦੀ ਪਿਛਾਖੜੀ ਵਰਤੋਂ ਯੋਗਤਾ ਸਬੰਧੀ ਕੋਈ ਮਤਭੇਦ ਨਹੀਂ ਸਨ।

ਇਸ ਕਰੇ 1947 ਤੋਂ ਬਾਅਦ ਚਾਹੇ ਕੌਮਾਂਤਰੀ ਹਾਲਤਾਂ ਦੇ ਦਬਾਅ ਹੇਠ ਅਤੇ ਮੁਲਕ ਅੰਦਰ ਫਿਰਕਾਪ੍ਰਸਤੀ ਵਿਰੋਧੀ ਜਨਤਕ ਰੌਅ 'ਚ ਠੰਢਾ ਛਿੜਕਣ ਲਈ ਇਨ੍ਹਾਂ ਫਿਰਕੂ-ਫਾਸੀ ਜਥੇਬੰਦੀਆਂ ਖਿਲਾਫ਼ ਵਕਤੀ ਕਾਰਵਾਈ ਕਰਨ ਦਾ ਖੇਖਣ ਤਾਂ ਕੀਤਾ ਗਿਆ, ਪਰ ਇਨ੍ਹਾਂ ਦੀਆਂ ਸਰਗਰਮੀਆਂ ਨੂੰ ਨੱਥ ਪਾਉਣ ਲਈ ਅਰਦਾਰ ਕਦਮ ਕਦੇ ਵੀ ਨਹੀਂ ਚੁੱਕੇ ਗਏ। ਇਨ੍ਹਾਂ ਜਥੇਬੰਦੀਆਂ ਵਲੋਂ ਮੁਲਕ ਅੰਦਰ ਫਿਰਕੂ ਲਾਬੀ ਨੂੰ ਕਦੇ ਵੀ ਪਲੀਤਾ ਲਾਉਣ ਦਾ ਆਧਾਰ ਬਣਦੀਆਂ ਕਾਰਵਾਈਆਂ ਜਾਰੀ ਰੱਖੀਆਂ ਗਈਆਂ। ਇਨ੍ਹਾਂ ਕਾਰਵਾਈਆਂ 'ਚ ਸਭ ਤੋਂ ਉਭਰਵੀਂ ਸੋਮਨਾਥ ਦੇ ਮੰਦਰ ਦੀ ਮੁੜ ਬਹਾਲੀ ਲਈ ਉਸਾਰੀ ਕਰਨਾ ਸੀ। 1949 'ਚ ਇਕ ਰਾਤ ਨੂੰ ਹਿੰਦੂ ਸਾਧਾ ਦੀ ਅਗਵਾਈ 'ਚ ਇਕ ਟੋਲੇ ਵਲੋਂ ਬਾਬਰੀ ਮਸਜਿਦ ਅੰਦਰ ਰਾਮ ਤੇ ਲਛਮਣ ਦੀਆਂ ਮੂਰਤੀਆਂ ਰੱਖਕੇ ਪੂਜਾ ਅਰੰਭ ਕਰ ਦਿੱਤੀ ਗਈ। ਆਰ. ਐਸ. ਐਸ. ਲਾਣੇ ਵਲੋਂ ਪ੍ਰਚਾਰ ਵਿੱਢ ਦਿੱਤਾ ਗਿਆ ਕਿ ਇਹ ਮੂਰਤੀਆਂ ਆਪ ਪ੍ਰਗਟ ਹੋਈਆਂ ਹਨ। ਕੇਸ ਅਦਾਲਤ 'ਚ ਗਿਆ ਤਾਂ ਫੈਜਾਬਾਦ ਦੇ ਜੱਜ ਵਲੋਂ ਬਾਬਰੀ ਮਸਜਿਦ ਨੂੰ "ਝਗੜੇ ਵਾਲੀ ਥਾਂ" ਐਲਾਨਦਿਆਂ, ਚਾਹੇ ਇਸਨੂੰ ਜੰਦਰਾ ਮਾਰ ਦਿੱਤਾ ਗਿਆ, ਪਰ ਹਿੰਦੂਆਂ ਨੂੰ ਇਕ ਪਾਸੇ ਤੋਂ ਮੂਰਤੀਆਂ ਦੇ ਦਰਸ਼ਨਾਂ ਦੀ ਖੁੱਲ੍ਹ ਦੇ ਦਿੱਤੀ ਗਈ ਅਤੇ 4 ਪੁਜਾਰੀ





ਤਾਇਨਾਤ ਕਰ ਦਿੱਤੇ ਗਏ। 16 ਜਨਵਰੀ 1950 ਨੂੰ ਹਿੰਦੂ ਮਹਾਂ ਸਭਾ ਦੇ ਇਕ ਆਗੂ ਵਲੋਂ ਪੂਜਾ ਦੀ ਖੁੱਲ੍ਹ ਦੇਣ ਅਤੇ ਮੂਰਤੀਆਂ ਨੂੰ ਸਥਾਈ ਬਣਾਉਣ ਲਈ ਮੁਕੱਦਮਾ ਕਰ ਦਿੱਤਾ ਗਿਆ। ਫਿਰ 1959 'ਚ ਨਿਰਮੋਹੀ ਅਖਾੜੇ ਵਲੋਂ ਇਸ ਜਗ੍ਹਾ 'ਤੇ ਰਾਮ ਮੰਦਰ ਦਾ ਦਾਅਵਾ ਕਰਦੇ ਹੋਏ ਮੁਕੱਦਮਾ ਦਰਜ ਕਰਾਇਆ ਗਿਆ। 18 ਦਸੰਬਰ 1961 ਨੂੰ ਸੁੰਨੀ ਵਕਫ਼ ਬੋਰਡ ਵਲੋਂ ਇਸ ਜਗ੍ਹਾ ਨੂੰ ਮੁੜ ਉਸਦੇ ਹਵਾਲੇ ਕਰਨ ਦੀ ਪਟੀਸ਼ਨ ਪਾਈ ਗਈ। ਪਰ ਕੋਈ ਸੁਣਵਾਈ ਨਹੀਂ ਹੋਈ। ਇਉਂ, ਬਾਬਰੀ ਮਸਜਿਦ 'ਤੇ ਹਿੰਦੂ ਫਿਰਕੂ-ਜਥੇਬੰਦੀਆਂ ਵਲੋਂ ਆਪਦੀ ਮੁਹਿੰਮ ਨੂੰ ਸੁਲਘਦਾ ਰੱਖਣ ਲਈ ਕਾਰਵਾਈਆਂ ਜਾਰੀ ਰੱਖੀਆਂ ਗਈਆਂ।

**1970ਵਿਆਂ ਤੋਂ ਬਾਅਦ ਅੱਜ ਤੱਕ ਦਾ ਦੌਰ** : 1970ਵਿਆਂ 'ਚ ਪਹਿਲੋਂ ਹੀ ਸੰਕਟਗ੍ਰਸਤ ਭਾਰਤੀ ਆਰਥਿਕਤਾ ਬਹੁਤ ਹੀ ਡੂੰਘੇ ਸੰਕਟ ਦੀ ਘੁੰਮਣਘੇਰੀ 'ਚ ਫਸਕੇ ਰਹਿ ਗਈ ਸੀ। ਸਿੱਟੇ, ਵਜੋਂ ਹਾਕਮ ਜਮਾਤਾਂ ਦਾ ਸਿਆਸੀ ਸੰਕਟ ਤਿੱਖਾ ਹੋ ਗਿਆ ਸੀ। ਹਾਕਮ ਜਮਾਤੀ ਧੜਿਆਂ ਅਤੇ ਪਾਰਲੀਮਾਨੀ ਸਿਆਸੀ ਧੜਿਆਂ ਦਰਮਿਆਨ ਆਰਥਿਕ ਤੇ ਸੱਤਾਦੀਆਂ ਵੱਧ ਤੋਂ ਵੱਧ ਬੋਟੀਆਂ ਝਪਟਣ ਲਈ ਭੇੜ ਨਵੀਆਂ ਸਿਖਰਾਂ 'ਤੇ ਪਹੁੰਚ ਗਿਆ ਸੀ। ਇਸ ਸਿਆਸੀ ਸੰਕਟ ਦੀ ਫੇਟ ਤੋਂ ਬਚਣ ਲਈ ਹੀ ਇੰਦਰਾ ਗਾਂਧੀ ਨੂੰ ਐਮਰਜੰਸੀ ਲਾਉਣ ਦਾ ਕੌੜਾ ਅੱਕ ਚੱਬਣਾ ਪਿਆ ਸੀ। ਇਸ ਵਰਤੀ ਓਹੜ-ਪੋਹੜ ਦੇ ਬਾਵਜੂਦ ਕਾਂਗਰਸ ਪਾਰਟੀ ਦਾ ਖਿੰਡਾਅ ਸ਼ੁਰੂ ਹੋ ਗਿਆ ਸੀ। ਹੋਰਨਾਂ ਸਿਆਸੀ ਪਾਰਟੀਆਂ 'ਚ ਜੋੜਾਂ-ਤੋੜਾਂ ਅਤੇ ਭੰਨ ਤੋੜ ਦਾ ਸਿਲਸਿਲਾ ਜ਼ੋਰ ਫੜ ਰਿਹਾ ਸੀ। ਐਮਰਜੈਂਸੀ ਤੋਂ ਬਾਅਦ ਤਾਕਤ 'ਚ ਆਈ ਜਨਤਾ ਪਾਰਟੀ ਵੀ ਖੱਖੜੀਆਂ-ਕਰੇਲੇ ਬਣ ਕੇ ਰਹਿ ਗਈ ਸੀ।

ਇਸ ਸਿਆਸੀ ਸੰਕਟ ਦੀ ਫੇਟ 'ਚ ਕਾਂਗਰਸ ਪਾਰਟੀ ਲਈ ਖੇਤਰੀ ਪਾਰਟੀਆਂ ਦਾ ਉਭਾਰ ਚੁਣੌਤੀ ਬਣ ਰਿਹਾ ਸੀ। ਆਰਥਿਕ ਸੰਕਟ ਦੇ ਧੱਫਿਆਂ ਨਾਲ ਕਾਂਗਰਸ ਦੀ ਮੁਲਕ-ਵਿਆਪੀ ਹੋਂਦ ਦਾ ਆਧਾਰ ਬਣਦੇ ਅਖੌਤੀ ਭਾਰਤੀ ਕੌਮਵਾਦ ਦੇ ਵਿਚਾਰਧਾਰਕ ਆਧਾਰ ਦਾ ਮੁਲੰਮਾ ਨੇਸਤੋ ਨਬੂਦ ਹੋ ਰਿਹਾ ਸੀ। ਭਾਰਤੀ ਹਾਕਮ ਜਮਾਤਾਂ ਸਨਮੁੱਖ ਸਿਆਸੀ (ਹਕੂਮਤੀ) ਸਥਿਰਤਾ ਦਾ ਸੰਕਟ ਗੰਭੀਰ ਚਿੰਤਾ ਦਾ ਮਾਮਲਾ ਬਣ ਗਿਆ ਸੀ। ਇੰਦਰਾ ਗਾਂਧੀ ਵਲੋਂ ਕਾਂਗਰਸ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਹਕੂਮਤੀ ਸਥਿਰਤਾ ਦਾ ਸਾਧਨ ਬਣਾਉਣ ਲਈ ਫਿਰਕਾਪ੍ਰਸਤੀ ਦੇ ਪੱਤੇ ਨੂੰ ਖੇਡਣ ਅਤੇ ਫਿਰਕੂ ਫਾਸ਼ੀ ਜਥੇਬੰਦੀ ਵੱਲ ਝਾਕਣ ਦਾ ਰੁਖ ਅਖਤਿਆਰ ਕਰ ਲਿਆ ਗਿਆ। ਸਿੱਖ ਘੱਟ ਗਿਣਤੀ ਦਾ ਕਤਲੇਆਮ ਅਤੇ ਹਰਿਮੰਦਰ ਸਾਹਿਬ 'ਤੇ ਹਲਕਾ ਉਸਦੀ ਇਸ ਫਿਰਕੂ ਚਾਲ ਦਾ ਹੀ ਨਤੀਜਾ ਸਨ। ਪਰ ਰਾਜੀਵ ਗਾਂਧੀ ਵਲੋਂ ਇਸ ਚਾਲ ਨੂੰ ਇਕ ਵਾਰੀ ਸਿੱਖ ਧਾਰਮਿਕ ਘੱਟ ਗਿਣਤੀ ਦੀ ਬਜਾਏ, 1986 'ਚ ਮੁਸਲਿਮ ਭਾਈਚਾਰੇ ਵੱਲ ਸੇਧਤ ਕਰਨ ਦੀ ਕੋਸ਼ਿਸ਼ ਆਰੰਭੀ ਗਈ। ਉਸ ਵਲੋਂ ਬਾਬਰੀ ਮਸਲਿਦ ਵਿਵਾਦ ਨੂੰ ਤੀਲਾ ਲਾਉਣ ਬਾਰੇ ਸੋਚਿਆ ਗਿਆ। ਉਸਦੇ ਇਸ਼ਾਰੇ 'ਤੇ ਫੈਜ਼ਾਬਾਦ ਦੇ ਜੱਜ ਵਲੋਂ ਮਸਜਿਦ ਦੇ ਜੰਦਰੇ ਖੋਲ੍ਹ ਦਿੱਤੇ ਗਏ। ਇਸ ਦੇ ਬਾਵਜੂਦ, ਨਾ ਕਾਂਗਰਸ ਪਾਰਟੀ ਦੀ ਪਹਿਲੀ ਹੈਸੀਅਤ ਬਹਾਲ ਹੋਈ ਅਤੇ ਨਾ ਹੀ ਸਿਆਸੀ ਤੇ ਹਕੂਮਤੀ ਸਥਿਰਤਾ।

ਇਸ ਹਾਲਤ 'ਚ ਮੁਲਕ ਦੀਆਂ ਹਾਕਮ ਜਮਾਤਾਂ ਦੇ ਵੱਡੇ ਹਿੱਸੇ ਵਲੋਂ ਇਹ ਸੋਚਿਆ ਗਿਆ ਕਿ ਆਰਥਿਕਤਾ ਅਸਲ 'ਚ ਹਾਕਮ ਜਮਾਤੀ ਆਰਥਿਕਤਾ ਨੂੰ ਸੰਕਟ ਦੀ ਘੁੰਮਣਘੇਰੀ 'ਚੋਂ ਕੱਢਣ ਲਈ ਸਿਆਸੀ ਸਥਿਰਤਾ ਪਹਿਲੀ ਸ਼ਰਤ ਹੈ। ਦੂਜੀ ਸ਼ਰਤ-ਨਹਿਰੂਵਾਦੀ ਮਿਸ਼ਰਤ ਆਰਥਿਕਤਾ ਨੂੰ ਤਿਲਾਂਜਲੀ ਦੇ ਕੇ ਮੁਲਕ ਦੇ ਸਭਨਾਂ ਆਰਥਿਕ ਖੇਤਰਾਂ ਨੂੰ ਸਾਮਰਾਜੀ ਪੂੰਜੀ ਲਈ ਮੁਕੰਮਲ ਰੂਪ 'ਚ ਖੋਲ੍ਹਣਾ ਅਤੇ ਦੇਸੀ-ਵਿਦੇਸ਼ੀ ਨਿੱਜੀ ਹੱਥਾਂ 'ਚ ਸੌਂਪਣਾ ਹੈ। 1947 ਤੋਂ ਬਾਅਦ ਨਹਿਰੂ ਸਰਕਾਰ ਵਲੋਂ ਮਿਸ਼ਰਤ ਆਰਥਿਕਤਾ ਦਾ ਮਾਡਲ ਉਸ ਵੇਲੇ ਕੌਮਾਂਤਰੀ ਪੱਧਰ 'ਤੇ ਸਥਾਪਤ ਸਮਾਜਵਾਦੀ ਮਾਡਲ ਦੇ ਮੁਕਾਬਲੇ ਲਾਗੂ ਕੀਤਾ ਗਿਆ ਸੀ। ਕਾਂਗਰਸ ਵਲੋਂ (ਹਾਕਮ ਜਮਾਤਾਂ ਵਲੋਂ), ਅਖੌਤੀ ਜਮਹੂਰੀਅਤ, ਧਰਮ ਨਿਰਪੱਖਤਾ, ਭਾਰਤੀ ਕੌਮਵਾਦ ਆਦਿ ਦੀ ਲਫਾਜ਼ੀ ਦਾ ਭਰਮਾਊ, ਗਿਲਾਫ਼ ਵੀ ਸੰਸਾਰ ਪੱਧਰ 'ਤੇ ਅਤੇ ਮੁਲਕ ਅੰਦਰ ਬਣੀ ਜਮਹੂਰੀ ਤੇ ਅਗਾਂਹਵਧੂ ਹਵਾ ਦੇ ਮਾਹੌਲ ਦੇ ਅਸਰ ਨੂੰ ਕੱਟਣ ਲਈ ਪਹਿਨਿਆ ਗਿਆ ਸੀ। ਪਰ ਅੱਸੀਵਿਆਂ ਅੰਦਰ ਨਾ ਸੰਸਾਰ ਅੰਦਰ ਸਮਾਜਵਾਦੀ ਕੈਂਪ ਦੀ ਹੋਂਦ ਬਚੀ ਅਤੇ ਨਾ ਹੀ ਮੁਲਕ ਅੰਦਰ 1947 ਤੋਂ ਤੁਰੰਤ ਬਾਅਦ ਵਰਗੇ ਸਾਜ਼ਗਾਰ ਮਾਹੌਲ ਦੀ ਮੌਜੂਦਗੀ ਸੀ।

ਇਸ ਲਈ, ਇਸ ਹਾਲਤ ਦੇ ਮੱਦੇਨਜ਼ਰ ਜਿਥੇ ਹਾਕਮ ਜਮਾਤਾਂ ਵਲੋਂ ਮਿਸ਼ਰਤ ਆਰਥਿਕਤਾ ਦਾ ਫਸਤਾ ਵੱਢਕੇ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਮੁਲਕ ਦੀ ਆਰਥਿਕਤਾ ਨੂੰ ਮੁਕੰਮਲ ਰੂਪ 'ਚ ਦੇਸ਼ੀ-ਵਿਦੇਸ਼ੀ ਕਾਰਪੋਰੇਟਾਂ ਨੂੰ ਪਰੋਸਣ ਦਾ ਰਾਹ ਅਖਤਿਆਰ ਕਰ ਲਿਆ ਗਿਆ, ਉਥੇ ਮੁਲਕ ਦੀ ਮੰਡੀ ਦੀ ਇਕਜੁਟਤਾ ਦੀ ਮਜਬੂਤੀ ਵਾਸਤੇ ਉਭਾਰੇ "ਦੇਸ਼ ਦੀ ਏਕਤਾ ਅਤੇ ਅਖੰਡਤਾ" ਦੇ ਨਾਅਰੇ ਨੂੰ 1947 ਤੋਂ ਬਾਅਦ ਮੁਹੱਈਆ ਕੀਤੇ ਅਖੌਤੀ ਭਾਰਤੀ ਕੌਮਵਾਦ ਦੇ ਵਿਚਾਰਧਾਰਕ ਆਧਾਰਤ ਨੂੰ ਲੱਤ ਮਾਰਦਿਆਂ, "ਹਿੰਦੂ ਕੌਮਵਾਦ/ ਰਾਸ਼ਟਰਵਾਦ"+ ਦਾ ਫੱਟਾ ਸ਼ਰੇਆਮ ਚੁੱਕਣ ਦਾ ਰੁਖ ਕਰ ਲਿਆ ਗਿਆ। ਭਾਰਤੀ ਹਾਕਮ ਜਮਾਤਾਂ ਅਤੇ ਵੱਡੇ ਸਾਮਰਾਜੀ ਕਾਰਪੋਰੇਟਾਂ ਦੇ ਵੱਡੇ ਹਿੱਸੇ ਵਲੋਂ ਘਸੀਟੀ ਅਤੇ ਲੋਕਾਂ ਦੇ ਨੱਕੋ ਬੁਲ੍ਹੋ ਉਤਰੀ ਕਾਂਗਰਸ ਪਾਰਟੀ ਹੱਥ ਇਹ ਫੱਟਾ ਫੜਾਉਣ ਦੀ ਬਜਾਏ, ਕਦੇ ਵੀ ਹਕੂਮਤੀ ਸੱਤਾ 'ਚ ਨਾ ਰਹੀ। ਸੰਘ ਲਾਣੇ ਦੀ ਸਿਆਸੀ ਨੁਮਾਇੰਦਾ ਭਾਰਤੀ ਜਨਤਾ ਪਾਰਟੀ ਦੀ ਚੋਣ ਕਰਨ ਦਾ ਫੈਸਲਾ ਕਰ ਲਿਆ।

ਇਕ ਵਾਰੀ ਭਾਰਤੀ ਹਾਕਮ ਜਮਾਤਾਂ ਦੇ ਵੱਡੇ ਹਿੱਸੇ (ਅੰਬਾਨੀਆ, ਅਡਾਨੀਆ, ਟਾਟਿਆਂ, ਸਿੰਘਾਨੀਆ ਆਦਿ) ਦਾ ਥਾਪੜਾ ਮਿਲਣ ਦੀ ਹੀ ਦੇਰ ਸੀ ਕਿ ਬੀ.ਜੇ.ਪੀ. ਵਲੋਂ ਨਹਿਰੂ ਦੇ ਨਾਂ ਨਾਲ ਜੋੜੀ ਜਾਂਦੀ ਮਿਸ਼ਰਤ ਆਰਥਿਕਤਾ 'ਤੇ ਹਮਲਾ ਵਿੱਢ ਦਿੱਤਾ ਗਿਆ (ਜਿਸ ਨੂੰ ਤਿਆਗਣ ਦਾ ਫੈਸਲਾ ਚਾਹੇ ਕਾਂਗਰਸ ਨੇ ਹੀ ਕਰ ਲਿਆ ਸੀ ਅਤੇ ਨਰਸਿਮ੍ਹਾ ਸਰਕਾਰ ਵੇਲੇ ਵਿੱਤ ਮੰਤਰੀ ਮਨਮੋਹਣ ਸਿੰਘ ਵਲੋਂ ਇਸ ਦਾ ਭੋਗ ਪਾਉਣ ਦਾ ਖਾਕਾ ਤਿਆਰ ਕੀਤਾ ਗਿਆ ਸੀ) ਅਤੇ ਨਾਲ ਹੀ ਅਖੌਤੀ ਧਰਮ ਨਿਰਪੱਖਤਾ ਦੇ ਸੰਕਲਪ 'ਤੇ ਧਾਵਾ ਬੋਲਦਿਆਂ, ਇਸ ਨੂੰ ਘੱਟ ਗਿਣਤੀਆਂ ਨੂੰ ਪਤਿਆਉਣ ਦਾ ਢੰਗ ਕਰਾਰ ਦਿੰਦਿਆਂ ਅਤੇ ਬਹੁਗਿਣਤੀ ਹਿੰਦੂਆਂ ਨੂੰ ਇਸ ਦਾ ਸ਼ਿਕਾਰ ਕਹਿੰਦਿਆਂ, ਇਸ ਨੂੰ ਰੱਦੀ ਦੀ ਟੋਕਰੀ 'ਚ ਸਿੱਟ ਦਿੱਤਾ ਗਿਆ ਅਤੇ ਬਾਬਰੀ ਮਸਜਿਦ ਦੀ ਜਗ੍ਹਾ "ਹਿੰਦੂ ਰਾਸ਼ਟਰ" ਦੇ ਪ੍ਰਤੀਕ ਰਾਮ ਦਾ ਮੰਦਰ ਉਸਾਰਨ ਕਸ਼ਮੀਰ 'ਚੋਂ ਧਾਰਾ 370 ਤੇ 35 ਏ ਹਟਾਉਣ, ਰਿਜ਼ਰਵੇਸ਼ਨ ਖਤਮ ਕਰਨ, ਗਊ ਰੱਖਿਆ ਲਈ ਕਾਨੂੰਨ ਬਣਾਉਣ, ਸਾਂਝਾ ਸਿਵਲ ਕੋਡ ਬਣਾਉਣ ਵਰਗੇ ਫਿਰਕੂ ਅਤੇ ਘੱਟ ਗਿਣਤੀਆਂ ਖਿਲਾਫ਼ ਸੇਧਤ ਏਜੰਡੇ ਉਭਾਰਨ ਦਾ ਬੀੜਾ ਚੁੱਕ ਲਿਆ। ਸੰਘ ਲਾਣੇ ਵਲੋਂ ਘੱਟ ਗਿਣਤੀਆਂ ਖਿਲਾਫ਼ ਫਿਰਕੂ ਜਨੂੰਨੀ ਜ਼ਹਿਰ ਉਗਲਦਿਆਂ, ਹਿੰਦੂਆਂ ਨੂੰ ਫਿਰਕੂ ਰੰਗ ਚਾੜ੍ਹਨ ਦਾ ਅਮਲ ਵਿੱਢ ਦਿੱਤਾ ਗਿਆ। ਬੀ. ਜੇ.ਪੀ. ਪ੍ਰਧਾਨ ਅਡਵਾਨੀ ਵਲੋਂ ਮੁਸਲਮਾਨਾਂ ਖਿਲਾਫ ਹਿੰਦੂਆਂ 'ਚ ਨਫ਼ਰਤ ਭੜਕਾਉਣ ਲਈ ਸੋਮਨਾਥ ਮੰਦਰ ਤੋਂ ਅਯੁੱਧਿਆ ਤੱਕ ਦੀ ਰੱਥ ਯਾਤਰਾ ਵਿੱਢ ਦਿੱਤੀ ਗਈ। 6 ਦਸੰਬਰ 1992 ਨੂੰ ਅਡਵਾਨੀ, ਜੋਸ਼ੀ, ਉਮਾ ਭਾਰਤੀ ਆਦਿ ਦੀ ਅਗਵਾਈ ਹੇਠ ਮਸਜਿਦ ਨੂੰ ਢਾਹ ਦਿੱਤਾ ਗਿਆ। ਇਸ ਤੋਂ ਬਾਅਦ ਮੁਕੱਦਮਾ ਅਲਾਹਾਬਾਦ ਹਾਈਕੋਰਟ 'ਚ ਪਹੁੰਚ ਗਿਆ। ਅਲਾਹਾਬਾਦ ਹਾਈਕੋਰਟ ਦਾ ਫੈਸਲਾ 10 ਸਤੰਬਰ 2010 ਨੂੰ ਆਇਆ, ਪਰ ਕਿਸੇ ਵੀ ਧਿਰ ਵਲੋਂ ਇਸ ਨੂੰ ਪ੍ਰਵਾਨ ਨਾ ਕਰਨ ਕਰਕੇ ਇਹ ਸੁਪਰੀਮ ਕੋਰਟ ਦੇ ਹਵਾਲੇ ਹੋ ਗਿਆ।

ਬੀ.ਜੇ.ਪੀ. ਅਤੇ ਸੰਘ ਲਾਣੇ ਵਲੋਂ ਜਿਥੇ ਬਾਬਰੀ ਮਸਜਿਦ 'ਤੇ ਜਬਰੀ ਕਬਜ਼ਾ ਕਰਨ ਦੀ ਆਪਦੀ ਮੁਹਿੰਮ ਨੂੰ ਭੱਖਦਾ ਰੱਖਿਆ ਗਿਆ, ਉਥੇ ਅਖੌਤੀ ਹਿੰਦੂ ਰਾਸ਼ਟਰਵਾਦ ਨੂੰ ਹਵਾ ਦੇਣ ਲਈ ਮੁਸਲਮਾਨਾਂ ਖਿਲਾਫ਼ ਹਿੰਦੂ ਜਜ਼ਬੇ ਨੂੰ ਡੰਕਾ ਲਾਉਣ ਦੀ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਗਈ। ਗੁਜਰਾਤ ਨੂੰ ਮੁਸਲਮਾਨਾਂ ਖਿਲਾਫ਼ ਨਫ਼ਰਤ ਭੜਕਾਉਣ ਅਤੇ ਹਿੰਦੂਆਂ 'ਚ ਹਿੰਦੂ ਫਿਰਕੂ-ਫਾਸ਼ੀ ਜਨੂੰਨ ਦਾ ਵੱਡੀ ਪੱਧਰ 'ਤੇ ਸੰਚਾਰ ਕਰਨ ਅਤੇ ਇਉਂ ਅਖੌਤੀ ਹਿੰਦੂ ਰਾਸ਼ਟਰਵਾਦ ਨੂੰ ਉਭਾਰਨ ਦੀ ਪ੍ਰਯੋਗਸ਼ਾਲਾ ਬਣਾਇਆ ਗਿਆ। ਗੋਧਰਾ ਕਾਂਡ ਦਾ ਭਾਂਡਾ ਮੁਸਲਮਾਨਾ ਸਿਰ ਭੰਨਦਿਆਂ, ਉਸ ਵੇਲੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਮਿਲੀਭੁਗਤ ਨਾਲ ਸੰਘ ਲਾਣੇ ਵਲੋਂ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ ਰਚਾਇਆ ਗਿਆ। ਉਸ ਤੋਂ ਬਾਅਦ ਅੱਜ ਤੱਕ ਘੱਟ ਗਿਣਤੀਆਂ, ਵਿਸ਼ੇਸ਼ ਤੌਰ 'ਤੇ ਮੁਸਲਮਾਨ ਭਾਈਚਾਰੇ 'ਤੇ ਕਾਤਲਾਨਾ ਹਮਲਿਆਂ ਦਾ ਦੌਰ ਜਾਰੀ ਹੈ। ਸੰਘ ਲਾਣਾ ਖੁੱਲ੍ਹੀ ਖੇਡ ਖੇਡ ਰਿਹਾ ਹੈ। ਮੋਦੀ ਹਕੂਮਤ ਦੀ ਲੋਕ ਦੁਸ਼ਮਣ ਆਰਥਿਕ ਨੀਤੀਆਂ ਅਤੇ ਫਿਰਕੂ ਫ਼ਾਸ਼ੀ ਨੀਤੀਆਂ ਖਿਲਾਫ਼ ਉਠਦੀ ਹਰ ਜਮਹੂਰੀ ਅਤੇ ਇਨਸਾਫ਼ਪਸੰਦ ਆਵਾਜ਼ ਨੂੰ ਦਬਾਉਣ ਲਈ ਕਾਲੇ ਕਾਨੂੰਨਾਂ ਦਾ ਸਿਕੰਜ਼ਾ ਕੱਸਿਆ ਜਾ ਰਿਹਾ ਹੈ ਅਤੇ ਅਨੇਕਾਂ ਸਿਆਸੀ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਨੂੰ ਝੂਠੇ ਮੁਕੱਦਮਿਆਂ ਤਹਿਤ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਰਾਜ ਦੀਆਂ ਖੁਫ਼ੀਆ ਏਜੰਸੀਆਂ, ਪੁਲਿਸ ਅਫ਼ਸਰ ਅਤੇ ਕਾਨੂੰਨ ਕਚਹਿਰੀਆਂ ਮੋਦੀ ਹਕੂਮਤ ਦੀ ਪਿੱਠ 'ਤੇ ਖੜ੍ਹੀਆਂ ਹਨ। ਮੀਡੀਆ ਇਸ ਹਕੂਮਤ ਦਾ ਤੋਤਾ ਬਣਕੇ ਰਹਿ ਗਿਆ। ਇਹ ਸਾਰਾ ਕੁਝ ਹਾਕਮ ਜਮਾਤਾਂ ਦੀ ਰਜ਼ਾਮੰਦੀ ਤੋਂ ਬਗੈਰ ਕਦਾਚਿਤ ਨਹੀਂ ਹੋ ਸਕਦਾ।

ਇਸ ਲਈ, ਇਸ ਦੌਰ ਅੰਦਰ ਹਾਕਮ ਜਮਾਤਾਂ ਦੇ ਥਾਪੜੇ ਨਾਲ ਹੀ ਅਖੌਤੀ ਹਿੰਦੂ ਰਾਸ਼ਟਰਵਾਦ ਨੂੰ ਭਾਰਤ ਦੇ ਪਿਛਾਖੜੀ ਅਤੇ ਆਪਾਸ਼ਾਹ ਹਿੰਦੂ ਰਾਜ ਦੀ ਵਿਚਾਰਧਾਰਕ ਟੇਕ ਵਜੋਂ ਉਭਾਰਨ ਦਾ ਅਮਲ ਸੰਘ ਲਾਣੇ ਅਤੇ ਮੋਦੀ ਹਕੂਮਤ ਵਲੋਂ ਚਲਾਇਆ ਜਾ ਰਿਹਾ ਹੈ। ਇਸੇ ਕਰਕੇ ਰਾਜ ਭਾਗ ਦੀਆਂ ਸਾਰੀਆਂ ਏਜੰਸੀਆਂ (ਸਮੇਤ ਨਿਆਂਪਾਲਿਕਾ) ਇਸ ਅਮਲ ਅੰਦਰ ਸਿੱਧੇ/ ਅਸਿੱਧੇ ਰੋਲ ਨਿਭਾਅ ਰਹੀਆਂ ਹਨ। ਰਾਮ ਮੰਦਰ ਦੀ ਉਸਾਰੀ ਨੂੰ ਇਸ ਵਿਚਾਰਧਾਰਕ ਟੇਕ ਦੀ ਪ੍ਰਤੀਕ ਵਜੋਂ ਉਭਾਰਿਆ ਜਾ ਰਿਹਾ ਹੈ। ਇਸ ਲਈ ਇਹ ਸਭ ਸੁਪਰੀਮ ਕੋਰਟ ਵਲੋਂ ਉਹੀ ਫੈਸਲਾ ਸੁਣਾਏ ਜਾਣ ਦੀ ਆਸ ਰੱਖੀ ਜਾ ਸਕਦੀ ਸੀ, ਜੋ ਮੌਜੂਦਾ ਦੌਰ ਅੰਦਰ ਹਾਕਮ ਜਮਾਤਾਂ ਦੀਆਂ ਲੋੜਾਂ ਨੂੰ ਰਾਸ ਬੈਠਦਾ ਹੈ। ਉਸ ਵਲੋਂ ਐਨ ਉਹੀ ਫੈਸਲਾ ਸੁਣਾਉਂਦਿਆਂ, ਬਾਬਰੀ ਮਸਜਿਦ ਤੇ ਮੁਸਲਮਾਨਾਂ ਦੇ ਹੱਕ 'ਤੇ ਨਿਹੱਕੀ ਝਪਟ ਮਾਰਕੇ ਇਸ ਨੂੰ ਹਿੰਦੂ ਫਿਰਕੂ ਫਾਸ਼ੀ ਦੇ ਹਵਾਲੇ ਕਰ ਦਿੱਤਾ ਗਿਆ ਹੈ ਅਤੇ ਇਸ ਦੀ ਉਸਾਰੀ ਲਈ ਟਰੱਸਟ ਬਣਾਉਣ ਦਾ ਜ਼ਿੰਮਾ ਵੀ ਫਿਰਕੂ ਫਾਸ਼ੀਵਾਦ ਦਾ ਵਾਹਕ ਬਣੀ ਮੋਦੀ ਸਰਕਾਰ ਨੂੰ ਸੌਂਪ ਦਿੱਤਾ ਗਿਆ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਹਾਕਮ ਜਮਾਤਾਂ ਵਲੋਂ ਖੜ੍ਹੀਆਂ ਕੀਤੀਆਂ ਅਤੇ ਉਨ੍ਹਾਂ ਦੀਆਂ ਬੁਰਕੀਆਂ 'ਤੇ ਪਲਣ ਵਾਲੀਆਂ ਕਾਂਗਰਸ ਸਮੇਤ ਸਭਨਾਂ ਪਾਰਲੀਮਾਨੀ ਪਾਰਟੀਆਂ ਵਲੋਂ ਸੁਪਰੀਮ ਕੋਰਟ ਦੇ ਫੈਸਲੇ ਦੀ ਜੈ ਜੈਕਾਰ ਕਰਦਿਆਂ, ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਹੱਕਾਂ ਦੇ ਅਲੰਬਰਦਾਰ ਹੋਣ ਦਾ ਦੰਭੀ ਘੁੰਡ ਉਤਾਰ ਦਿੱਤਾ ਗਿਆ ਹੈ। ਨੋਟ ਕਰਨ ਵਾਲੀ ਇਕ ਗੱਲ ਇਹ ਵੀ ਹੈ ਕਿ ਅੰਗਰੇਜ਼ਾਂ ਵੇਲੇ ਤੋਂ ਅੱਜ ਤੱਕ ਚੱਲੇ ਇਸ ਰੱਫੜ 'ਚ ਰਾਜਕੀ ਅਦਾਰਿਆਂ, ਵਿਸ਼ੇਸ਼ ਕਰਕੇ ਅਦਾਲਤਾਂ ਵਲੋਂ ਕਦੇ ਵੀ ਵੇਲੇ ਦੇ ਕਾਨੂੰਨ ਮੁਤਾਬਕ ਨਹੀਂ ਚੱਲਿਆ ਗਿਆ, ਸਗੋਂ ਹਾਸਲ ਮੌਕੇ ਹਾਕਮ ਜਮਾਤੀ ਹਿੱਤਾਂ ਨੂੰ ਕੀ ਰਾਸ ਬਹਿੰਦਾਹੈ, ਉਸ ਅਨੁਸਾਰ ਹੀ ਫੈਸਲਾ ਲਿਆ ਗਿਆ ਹੈ।

ਸੋ, ਅੱਜ ਸਭਨਾਂ ਕਮਿਊਨਿਸਟ ਇਨਕਲਾਬੀਆਂ, ਜਮਹੂਰੀ ਅਤੇ ਇਨਸਾਫ਼ਪਸੰਦ ਤਾਕਤਾਂ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਰਾਮ ਮੰਦਰ ਉਸਾਰੀ ਤੋਂ ਲੈ ਕੇ ਮਥੁਰਾ ਤੇ ਹੋਰਨਾਂ ਥਾਵਾਂ 'ਤੇ ਮਸਜਿਦਾਂ 'ਤੇ ਜ਼ਬਰੀ ਕਬਜ਼ਾ ਕਰਨ ਦੀ ਮੁਹਿੰਮ ਹੋਵੇ, ਚਾਹੇ ਯੂ.ਪੀ. ਦੀ ਯੋਗੀ ਸਰਕਾਰ ਵਲੋਂ ਸ਼ਹਿਰਾਂ ਤੇ ਪਿੰਡਾਂ ਦੇ ਮੁਸਲਮਾਨਾਂ ਦੇ ਨਾਂ 'ਤੇ ਰੱਖੇ ਨਾਂਵਾਂ ਨੂੰ ਬਦਲਣ ਦੀ ਗੱਲਹੋਵੇ, ਮੋਦੀ ਹਕੂਮਤ ਅਤੇ ਸੰਘ ਲਾਣੇ ਦੀ ਇਸ ਮੁਹਿੰਮ ਦਾ ਮਕਸਦ ਸਿਰਫ਼ ਵੋਟਾਂ ਹਥਿਆਉਣ ਲਈ ਪਾਲਾਬੰਦੀ ਕਰਨਾ ਨਹੀਂ ਹੈ। ਇਨ੍ਹਾਂ ਵਲੋਂ ਚਲਾਈ ਇਸ ਮੁਹਿੰਮ ਦਾ ਮਕਸਦ ਭਾਰਤ ਦੇ ਪਿਛਾਖੜੀ ਹਿੰਦੂ ਰਾਜ (ਸਟੇਟ) ਨੂੰ ਨੰਗੇ-ਚਿੱਟੇ ਫਿਰਕੂ-ਫਾਸ਼ੀ ਸਟੇਟ 'ਚ ਬਦਲਣਾ ਅਤੇ ਪੱਕੇ ਪੈਰੀਂ ਕਰਨਾ ਹੈ। ਇਉਂ, ਇਹ ਮੁਹਿੰਮ ਸਿਰੇ ਦੀ ਪਿਛਾਖੜੀ ਅਤੇ ਉਲਟ-ਇਨਕਲਾਬੀ ਮੁਹਿੰਮ ਹੈ।

ਰਾਮ ਮੰਦਰ ਜਾਂ ਹੋਰ ਮੰਦਰ ਉਸਾਰੀ ਦੇ ਮੁੱਦੇ ਤਾਂ ਮਹਿਜ਼ ਇਸ ਮੁਹਿੰਮ ਦੇ ਹੱਥੇ ਹਨ। ਇਸ ਲਈ, ਇਹ ਮੁਹਿੰਮ ਕਿਸੇ ਮੰਦਰ ਦੀ ਉਸਾਰੀ ਹੋਣ ਨਾਲ ਰੁਕਣ ਨਹੀਂ ਲੱਗੀ। ਸਗੋਂ ਇਸ ਨਾਲ ਤਾਂ ਇਸ ਮੁਹਿੰਮ ਨੂੰ ਹੋਰ ਉਗਾਸਾ ਮਿਲਣਾ ਹੈ।

ਇਹ ਮੁਹਿੰਮ ਨਾ ਸਿਰਫ਼ ਸਭਨਾਂ ਕਮਿਊਨਿਸਟ ਇਨਕਲਾਬੀਆਂ, ਜਮਹੂਰੀ, ਅਗਾਂਹਵਧੂ ਅਤੇ ਜਾਗਦੀ ਜ਼ਮੀਰ ਵਾਲੀਆਂ ਤਾਕਤਾਂ ਅਤੇ ਸ਼ਖ਼ਸੀਅਤਾਂ 'ਤੇ ਬੋਲਿਆ ਜਾ ਰਿਹਾ ਖ਼ੂੰਖਾਰ ਧਾਵਾ ਹੈ, ਇਸ ਤੋਂ ਅੱਗੇ ਇਹ ਮੁਲਕ ਦੀ ਸਮੁੱਚੀ ਮਿਹਨਤਕਸ਼ ਲੋਕਾਈ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਵੱਖ-ਵੱਖ ਕੌਮੀਅਤਾਂ ਅਤੇ ਆਦਿਵਾਸੀ ਜਨਤਾ ਖਿਲਾਫ਼ ਸੇਧਤ ਬੇਦਰੇਗ ਫਾਸ਼ੀ ਹਮਲਾ ਹੈ। ਇਸ ਲਈ, ਇਸ ਹਿੰਦੂਤਵੀ ਫਿਰਕੂ-ਫਾਸ਼ੀ ਹਮਲੇ ਨੂੰ ਪਛਾੜਨ ਲਈ ਸਭਨਾ ਇਨਕਲਾਬੀ ਜਮਹੂਰੀ, ਅਗਾਂਹਵਧੂ, ਧਰਮਨਿਰਲੇਪ, ਇਨਸਾਫ਼ਪਸੰਦ ਅਤੇ ਪਰੀਆਂ ਦੇ ਦੇਸ਼ ਭਾਰਤ ਤਾਕਤਾਂ ਨੂੰ ਧੜੱਲੇ ਨਾਲ ਮੂਹਰੇ ਆਉਣਾ ਅਤੇ ਡੱਟਣਾ ਚਾਹੀਦਾ ਹੈ।

# ਅੰਤਰ-ਰਿਸਾਵੀ ਗ੍ਰੰਥੀਆਂ ਦੇ ਰੱਸਾਂ (Hormones Secretions) ਦੀ ਸੰਤੁਲਤਾ ਹੀ ਸਿਹਤਮੰਦ ਅਤੇ ਖੁਸ਼ੀਆਂ ਭਰਪੂਰ ਜੀਵਨ ਹੈ

ਕੁਦਰਤ ਨੇ ਸਾਡੇ ਸਰੀਰ ਦੀ ਰਖਿਆ ਲਈ ਅੰਤਰ-ਰਿਸਾਵੀ ਗ੍ਰੰਥੀਆਂ (Endocrine System) ਪੈਦਾ ਕਰ ਰੱਖਿਆ ਹੈ? ਇੰਨਾਂ ਗ੍ਰੰਥੀਆਂ ਤੋਂ ਪੈਦਾ ਹੋਣ ਵਾਲੇ ਰਸ (Hormones) ਸਾਡੇ ਖ਼ੂਨ ਵਿੱਚ ਵਿੱਚ ਮਿਲ ਕੇ ਸਰੀਰ ਦੇ ਵਿਕਾਸ, ਬਣਤਰ ਤੇ ਸੇਹਤਮੰਦ ਰੱਖਣ ਵਿੱਚ ਬਹੁਤ ਸਹਾਈ ਹੁੰਦੇ ਹਨ। ਇਹਨਾਂ ਰਸਾਂ ਵਿੱਚ ਖ਼ਰਾਬੀ ਕਾਰਨ ਸ਼ਰੀਰ ਦਾ ਕੁਦਰਤੀ ਸੰਤੁਲਣ ਵਿਗੜ ਜਾਂਦਾ ਹੈ ਤੇ ਅਨੇਕਾਂ ਰੋਗ ਲੱਗ ਜਾਂਦੇ ਹਨ? ਇਹ ਗ੍ਰੰਥੀਆਂ ਸਰੀਰ ਦੇ ਵੱਖ ਵੱਖ ਹਿਸਿਆਂ ਵਿੱਚ ਨੱਕ ਦੀ ਸੇਧ ਵਿੱਚ ਤਕਰੀਬਨ ਵਿਚਕਾਰਲੇ ਹਿੱਸਿਆਂ ਵਿੱਚ ਸਥਿਤ ਹੁੰਦੀਆਂ ਹਨ? (ਚਿਤਰ 1)

ਅੰਤਰ-ਰੱਸ ਗ੍ਰੰਥੀਆਂ (Endocrine Glands) ਦੇ ਨਾਮ ਤੇ ਕੰਮ ਕਾਜ ਹੇਠ ਦਿੱਤੇ ਜਾਂਦੇ ਹਨ?

(1) ਪਿਟੂਇਟਰੀ (Pituitry) ਗ੍ਰੰਥੀ

1. ਇਹ 'Trophic' ਰੱਸ ਪੈਦਾ ਕਰਦੀ ਹੈ ਤੇ ਇਸ ਨੂੰ ਸਾਰੀਆਂ ਗ੍ਰੰਥੀਆਂ ਦੀ ਰਾਣੀ ਤੇ ਸਰੀਰ ਦੀ ਤੀਸਰੀ ਅੱਖ ਵੀ ਕਿਹਾ ਜਾਂਦਾ ਹੈ?

2. ਇਸ ਦੀ ਘਾਟ ਕਰਕੇ ਕੱਦ ਨਹੀਂ ਵੱਧ ਸਕਦਾ, ਔਰਤਾਂ ਦੀ ਜਨਨ ਸ਼ਕਤੀ, ਮਾਹਵਾਰੀ ਸਾਈਕਲ (Menstruation Cycle) ਆਂਡਿਆਂ ਦਾ ਪੋਸ਼ਨ, ਬੱਚਿਆਂ ਦਾ ਪੈਦਾ ਹੋਣਾ, ਮਾਂ ਦੇ ਸਰੀਰ ਵਿੱਚ ਦੁੱਧ ਦੀ ਪਦਾਇਸ਼, ਅੰਤ ਹੱਡੀਆਂ ਦਾ ਵਾਧਾ ਘੱਟ ਜਾਂਦਾ ਹੈ?

3. ਮਰਦਾਂ ਵਿੱਚ ਇਹ ਗ੍ਰੰਥੀ ਪਤਾਲੂਆਂ ਵਿੱਚ 'Testosterone' ਰੱਸ ਪੈਦਾ ਕਰਦੀ ਹੈ ਜੋ ਮਰਦਾਂ ਵਿੱਚ ਵਾਲਾਂ ਦੀ ਉਤਪੱਤੀ ਤੇ ਸੰਭੋਗ ਸੰਬੰਧੀ ਇੱਛਾ ਪੈਦਾ ਕਰਦੀ ਹੈ?

4. ਜੇਕਰ ਇਹ ਗ੍ਰੰਥੀ ਠੀਕ ਕੰਮ ਨਾਂ ਕਰੇ ਤਾਂ ਛੱਕਰ- ਰੋਗ, ਖ਼ੂਨ ਦਾ ਦਬਾਓ ਵੱਧ ਜਾਂਦਾ ਹੈ ਤੇ ਮਨੁੱਖ ਨਿਰਦਈ, ਕਠੋਰ ਅਤੇ ਅਪਰਾਧੀ ਬਣ ਜਾਂਦਾ ਹੈ?

5. ਜੇਕਰ ਇਹ ਗ੍ਰੰਥੀ ਠੀਕ ਕੰਮ ਕਰੇ ਤਾਂ ਮਨੁੱਖ ਬਹੁਤ ਬੁੱਧੀਮਾਨ, ਪ੍ਰਸਿੱਧ ਲੇਖਕ, ਕਵੀ, ਸਾਇੰਸਦਾਨ ਤੇ ਗਿਆਨਵਾਨ ਹੁੰਦਾ ਹੈ?

2. ਪਿਨੀਅਲ (Pineal)

ਇਹ ਗ੍ਰੰਥੀ Melatonin ਪੈਦਾ ਕਰਦੀ ਹੈ ਜੋ ਨੀਂਦ ਅਤੇ ਜਾਗਣ ਦੀ ਕਿਰਿਆ ਨਿਧਾਰਤ ਕਰਦੀ ਹੈ?

2. ਜਦੋਂ ਤੱਕ ਮਨੁੱਖ ਬਜ਼ੁਰਗ ਨਹੀਂ ਹੁੰਦਾ ਇਹ ਗ੍ਰੰਥੀ ਦਿਮਾਗ ਨੂੰ ਜਵਾਨ ਰੱਖਦੀ ਹੈ?

3. ਇਹ ਸ਼ਰੀਰ ਵਿੱਚ, ਸੋਡੀਅਮ, ਪੋਟਰੋਲੀਅਮ ਦੀ ਮਿਕਦਾਰ ਨਿਸਚਿਤ ਰੱਖਦੀ ਹੈ? ਜੇਕਰ ਇਹ ਗ੍ਰੰਥੀ ਠੀਕ ਕੰਮ ਨਾਂ ਕਰੇ ਤਾਂ ਸਰੀਰ ਫੁੱਲ ਜਾਂਦਾ ਹੈ

C ਐਡ੍ਰੀਨਲ (Adrenal) ਗ੍ਰੰਥੀ

ਇਹ 'Corticosteroids' ਹਾਰਮੋਨ ਪੈਦਾ ਕਰਦੀ ਹੈ ਜੋ ਮਨੁੱਖ ਨੂੰ ਸਾਹਸੀ ਬਣਾਉਂਦਾ ਹੈ?

ਜ਼ਿਆਦਾ ਹਾਰਮੋਨ (ਰੱਸ) ਪੈਦਾ ਹੋਣ ਨਾਲ ਖ਼ੂਨ ਦਾ ਦਬਾਓ, ਮੋਟਾਪਾ ਤੇ ਗੈਸ ਆਦਿ ਦੇ ਰੋਗ ਲੱਗ ਜਾਂਦੇ ਹਨ?

D ਥਾਈਮਸ (Thymus)

1.ਇਹ ਥਾਈਮੋਸਿਨ 'Thymosin' ਰੱਸ ਪੈਦਾ ਕਰਦਾ ਹੈ?

2. ਇਹ ਰੱਸ 'ਟੀ ਸੈਲ (T Cell) ਬਣਾਉਂਦਾ ਹੈ ਜੋ ਸ਼ਰੀਰ ਵਿੱਚੋਂ ਇਨਫੈਕਸ਼ਨ, ਕੈਂਸਰ, (Cancer) ਦਾ ਖ਼ਾਤਮਾ ਕਰਦਾ ਹੈ ਤੇ ਇਮਿਊਨ ਸਿਸਟਮ (Immune System) ਨੂੰ ਮਜ਼ਬੂਤ ਕਰਦਾ ਹੈ ਤੇ ਇਸ ਦੀ ਕਾਰਜਕੁਸ਼ਲਤਾ ਦੀ ਸ਼ਕਤੀ ਵਧਾਉਂਦਾ ਹੈ।

E ਅੰਡਕੋਸ਼ (Ovaries)

ਇਹ ਗ੍ਰੰਥੀ 'Estrogen' ਅਤੇ 'Progesterone' ਰੱਸ ਪੈਦਾ ਕਰਦੀ ਹੈ।

ਔਰਤਾਂ ਦੀ ਬੁੱਧੀਮਾਨਤਾ, ਸੁਹੱਪਣ ਅਤੇ ਸਰੀਰਕ ਵਿਕਾਸ ਇਸ ਰੱਸ ਦਾ ਵੱਡਾ ਯੋਗਦਾਨ ਹੈ।

ਜਦੋਂ ਇਹ ਗ੍ਰੰਥੀ ਵਧੇਰੇ ਰੱਸ ਪੈਦਾ ਕਰੇ ਤਾਂ ਕਾਮ ਵਾਸ਼ਨਾ ਵੱਧਦੀ ਹੈ।

ਲੜਕੇ, ਲੜਕੀਆਂ ਦੇ ਆਪਸੀ ਖਿੱਚ (Natural Attraction) ਵੀ ਇਸ ਰੱਸ (Hormone) ਕਰਕੇ ਹੀ ਹੁੰਦੀ ਹੈ।

F. ਪਤਾਲੂ (Testes)

1.ਪਤਾਲੂ 'Testosterone' ਹਾਰਮੋਨ ਦਾ ਰਿਸਾਵ ਕਰਦੇ ਹਨ ਤੇ ਇਹਨਾਂ ਵਿੱਚ ਸ਼ੁਕਰਾਣੂਆਂ ਦੀ ਉਤਪਤੀ ਹੁੰਦੀ ਹੈ।

2. ਇਹ ਗ੍ਰੰਥੀ ਹੱਡੀਆਂ ਤੇ ਪੱਠਿਆਂ ਦੀ ਮਜ਼ਬੂਤੀ ਤੇ ਸਰੀਰ ਅਤੇ ਚੇਹਰੇ ਤੇ ਵਾਲ ਪੈਦਾ ਕਰਦੀ ਹੈ।

G. ਪੈਂਕ੍ਰੀਆਜ਼ (Pancreas)

1. ਇਹ ਇਕ ਦੋਹਰੀ ਗ੍ਰੰਥੀ ਹੈ। ਇਸ ਦਾ ਇਕ ਹਿੱਸਾ ਪਾਚਕ ਰੱਸ ਤੇ ਦੂਸਰਾ ਇੰਸੁਲੀਨ ਰੱਸ (Insulin Hormone) ਬਣਾਉਂਦਾ ਹੈ।

2.ਜੇ ਇਹ ਗ੍ਰੰਥੀ ਥੋੜੀ ਇੰਸੁਲੀਨ ਪੈਦਾ ਕਰੇ ਤਾਂ ਛਕੱਰ ਰੋਗ ਹੋ ਜਾਂਦਾ ਹੈ। ਇਹ ਰੋਗ-ਪਿਤਾ ਪੁਰਖੀ, ਮੋਟਾਪਾ ਤੇ ਜਵਾਨੀ ਉਮਰੇ ਵਧੇਰੇ ਮਾਨਸਿਕ ਤਣਾਓ ਕਾਰਨ ਹੁੰਦਾ ਹੈ?

K. ਥਾਇਰਾਇਡ ਅਤੇ ਪੈਰਾਥਾਇਰਾਇਡ (Thyroid and parathyroid)

1. ਇਹ 'Calcitronin' ਹਾਰਮੋਨ ਪੈਦਾ ਕਰਦੀ ਹੈ ਜੋ ਖ਼ੂੰਨ ਵਿੱਚ ਕੈਲਸ਼ੀਅਮ ਅਤੇ ਫਾਸਫੇਟ ਦਾ ਪੱਧਰ ਨਿਰਧਾਰਿਤ ਕਰਦੀ ਹੈ।

2. ਇਹ ਸ਼ਕਤੀ ਪ੍ਰਧਾਨ ਗ੍ਰੰਥੀ ਹੈ। ਇਹ ਔਕਸੀਜਨ ਦੀ ਵਰਤੋਂ ਕਰਕੇ $CO_2$ (ਕਾਰਬਨਡਾਈਔਕਸਾਈਡ) ਦਾ ਨਿਕਾਸ ਕਰਦੀ ਹੈ।

3. ਇਸ ਗ੍ਰੰਥੀ ਦੇ ਰੱਸ 'Iodine' (ਆਇਓਡੀਨ) ਭਰਪੂਰ ਹੁੰਦੇ ਹਨ। ਜੇਕਰ ਰੱਸ ਘੱਟ ਪੈਦਾ ਹੋਵੇ ਤਾਂ 'Hypothyroidism' ਹੋ ਜਾਂਦਾ ਹੈ ਤੇ ਗ੍ਰੰਥੀਆਂ ਘੱਟ ਕੰਮ ਕਰਨ ਲੱਗ ਪੈਂਦੀਆਂ ਹਨ ਜਿਸ ਦੇ ਫਲ ਸਰੂਪ ਬਾਲਗਾਂ ਵਿੱਚ ਭਾਰ ਵੱਧਣ, ਚਮੜੀ ਖ਼ੁਸ਼ਕ ਤੇ ਸ਼ਰੀਰ ਵਿੱਚ ਸੋਜ਼, ਖ਼ੂਨ ਦਾ ਦਬਾਓ ਘਟਣਾ,ਵਾਲ ਝੜਨਾ, ਥਕਾਵਟ ਮਹਿਸੂਸ ਹੋਣੀ ਆਦਿ।

ਜੇਕਰ ਰੱਸ ਵੱਧ ਬਣੇ ਤਾਂ 'Hyperthyroidism' (overactive) ਜਿਸ ਕਾਰਨ ਗ੍ਰੰਥੀਆਂ ਜ਼ਿਆਦਾ ਕੰਮ ਕਰਨ ਲੱਗ ਪੈਂਦੀਆਂ ਹਨ ਜਿਸ ਦੇ ਨਤੀਜੇ ਵੱਲੋਂ ਭਾਰ ਘੱਟ ਜਾਣਾ, ਬੇਚੈਨੀ, ਗੱਲੇ ਵਿੱਚ ਗਿਲੜ, ਟੱਟੀਆਂ ਲੱਗਣੀਆਂ, ਪਸੀਨਾ ਜ਼ਿਆਦਾ ਆਉਣਾ, ਦਿਲ ਦੀ ਧੜਕਣ ਤੇ ਖ਼ੂਨ ਦਾ ਦਬਾਓ ਵਿਚ ਵਾਧਾ ਹੋ ਜਾਂਦਾ ਹੈ।

ਜੇਕਰ ਪਤੀ ਪਤਨੀ ਦੀਆਂ ਗ੍ਰੰਥੀਆਂ ਇਕ ਦੀ ਵੱਧ ਤੇ ਦੂਸਰੇ ਦੀ ਘੱਟ ਰੱਸ ਪੈਦਾ ਕਰੇ ਤਾਂ ਉਹਨਾਂ ਦੇ ਸੁਭਾ ਵਿੱਚ ਤਾਲਮੇਲ ਹੋਣਾ ਮੁਸ਼ਕਲ ਹੁੰਦਾ ਹੈ।

**Dr. Nazar Singh Longia**
**Member Reflexologist**
**Association of Canada**
**Phone: 604 582 0552**

# ਖੇਤੀ ਬਿੱਲਾਂ ਵਿਰੁੱਧ ਕਿਸਾਨੀ ਦਾ ਜਬਰਦਸਤ ਉਭਾਰ

(ਸਫ਼ਾ 1 ਦੀ ਬਾਕੀ)

ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਵੋਟ ਬਟੋਰੂ ਸਿਆਸਤਦਾਨਾਂ ਨੂੰ ਤਿੱਖੇ ਲੋਕ ਰੋਹ ਦਾ ਸਾਹਮਣਾ ਵੀ ਕਰਨਾ ਪਿਆ। ਸੰਗਰੂਰ ਅਤੇ ਬਰਨਾਲਾ ਵਿਖੇ ਪ੍ਰੈੱਸ ਕਾਨਫਰੰਸਾਂ ਕਰਕੇ ਬਿੱਲਾਂ ਬਾਰੇ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰਨ ਵਾਲੇ ਭਾਜਪਾ ਬੁਲਾਰੇ ਜਥੇਬੰਦੀਆਂ ਦੇ ਵਿਰੋਧ ਕਾਰਨ ਪ੍ਰੈੱਸ ਕਾਨਫਰੰਸਾਂ ਛੱਡ ਕੇ ਭੱਜਦੇ ਦੇਖੇ ਗਏ। ਆਉਣ ਵਾਲੇ ਦਿਨਾਂ ਵਿਚ ਸੰਘੀਆਂ ਦਾ ਵਿਰੋਧ ਹੋਰ ਵੀ ਤਿੱਖਾ ਹੋਣ ਦੇ ਆਸਾਰ ਹਨ।

ਪੰਜਾਬ ਵਿਚ ਇਸ ਬੇਮਿਸਾਲ ਅਵਾਮੀ ਅੰਗੜਾਈ ਵਿਚ ਸੰਘਰਸ਼ਸ਼ੀਲ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਲੰਮੇ ਸਮੇਂ ਤੋਂ ਲੜੇ ਜਾ ਰਹੇ ਸੰਘਰਸ਼ਾਂ ਦੀ ਜਾਗ ਲਾਊ ਭੂਮਿਕਾ ਹੈ ਜੋ ਨਾ ਸਿਰਫ਼ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਲੋਕ ਦੁਸ਼ਮਣ ਹਾਕਮ ਜਮਾਤਾਂ ਦੀਆਂ ਨੀਤੀਆਂ ਬਾਰੇ ਲਗਾਤਾਰ ਸੁਚੇਤ ਕਰਦੀਆਂ ਰਹੀਆਂ ਹਨ ਸਗੋਂ ਜਥੇਬੰਦੀਆਂ ਨੇ ਇਹਨਾਂ ਹਿੱਸਿਆਂ ਵਿਚ ਆਪਣੇ ਹੱਕਾਂ ਅਤੇ ਹਿਤਾਂ ਲਈ ਜੂਝਣ ਦੀ ਜਮਹੂਰੀ ਚੇਤਨਾ ਦਾ ਗਿਣਨਯੋਗ ਸੰਚਾਰ ਵੀ ਕੀਤਾ ਹੈ। ਲਗਾਤਾਰ ਸੰਘਰਸ਼ਾਂ ਦਾ ਹੀ ਨਤੀਜਾ ਹੈ ਕਿ ਬਹੁਤ ਹੀ ਖ਼ਤਰਨਾਕ ਖੇਤੀ ਬਿੱਲਾਂ, ਜਿਹਨਾਂ ਨੂੰ ਪਹਿਲਾਂ 5 ਜੂਨ ਨੂੰ ਆਰਡੀਨੈਂਸਾਂ ਦੇ ਰੂਪ ’ਚ ਪਾਸ ਕੀਤਾ ਗਿਆ ਸੀ, ਵਿਰੁੱਧ ਬਾਦਲ ਦਲ ਅਤੇ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਨੂੰ ਇਹਨਾਂ ਆਰਡੀਨੈਂਸਾਂ ਬਾਬਤ ਆਰ.ਐੱਸ.ਐੱਸ.-ਭਾਜਪਾ ਤੋਂ ਪਾਸਾ ਵੱਟਣ ਦਾ ਨਾਟਕ ਕਰਨਾ ਪਿਆ ਹੈ। ਜਦਕਿ ਆਰਡੀਨੈਂਸ ਬਣਾਏ ਜਾਣ ਦੇ ਵਕਤ ਕੈਪਟਨ ਸਰਕਾਰ ਨੇ ਖ਼ਾਮੋਸ਼ ਰਹਿ ਕੇ ਅਤੇ ਬਾਦਲਕਿਆਂ ਨੇ ਭਾਜਪਾ ਦਾ ਸਾਥ ਦੇ ਕੇ ਇਸ ਨੂੰ ਸਹਿਮਤੀ ਦਿੱਤੀ। ਜੇ ਹੁਣ ਇਹ ਬਿੱਲਾਂ ਦਾ ਵਿਰੋਧ ਨਾ ਕਰਦੇ ਤਾਂ ਇਹਨਾਂ ਪਾਰਟੀਆਂ ਨੂੰ 2022 ਦੀਆਂ ਚੋਣਾਂ ਵਿਚ ਕਿਸਾਨੀ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈਣਾ ਸੀ ਅਤੇ ਇਹਨਾਂ ਦਾ ਪਿੰਡਾਂ ਵਿਚ ਵੜਨਾ ਵੀ ਮੁਸ਼ਕਿਲ ਹੋ ਜਾਣਾ ਸੀ। ਇਹਨਾਂ ਰਾਜਨੀਤਕ ਗਿਣਤੀਆਂ-ਮਿਣਤੀਆਂ ’ਚੋਂ ਹੀ ਆਰ.ਐੱਸ.ਐੱਸ.-ਭਾਜਪਾ ਦੇ ਜੋਟੀਦਾਰ ਬਾਦਲਕਿਆਂ ਨੂੰ ਹਰਸਿਮਰਤ ਬਾਦਲ ਤੋਂ ਅਸਤੀਫ਼ਾ ਦਿਵਾਉਣ ਅਤੇ ਭਾਜਪਾ ਨਾਲ ਸੱਤਾ ਗੱਠਜੋੜ ’ਚੋਂ ਬਾਹਰ ਆਉਣ ਦਾ ਅੱਕ ਚੱਬਣਾ ਪਿਆ ਅਤੇ 25 ਸਤੰਬਰ ਨੂੰ ਸੜਕਾਂ ਉੱਪਰ ਧਰਨੇ ਲਾਉਣ ਅਤੇ ਸਰਕਾਰ ਦਾ ‘ਤਖ਼ਤ ਹਿਲਾਉਣ’ ਦੇ ਹੋਕਰੇ ਮਾਰਨ ਦਾ ਨਾਟਕ ਕਰਨਾ ਪਿਆ। ਢੀਂਡਸਾ ਧੜੇ ਨੇ ਵੀ ਕਿਸਾਨਾਂ ਦੇ ਹੱਕ ਵਿਚ ਖੜ੍ਹਨ ਦਾ ਪਾਖੰਡ ਰਚਿਆ। ਜਿਹੜੀ ਕੈਪਟਨ ਸਰਕਾਰ ਧਰਨੇ-ਮੁਜ਼ਾਹਰੇ ਕਰਨ ਵਾਲਿਆਂ ਵਿਰੁੱਧ ਧੜਾਧੜ ਕੇਸ ਦਰਜ ਕਰ ਰਹੀ ਸੀ ਉਸ ਨੂੰ ਕਿਸਾਨ ਇਕੱਠਾਂ ਤੋਂ ਪਾਬੰਦੀ ਹਟਾਉਣੀ ਪਈ ਅਤੇ ਕੋਰੋਨਾ ਮਹਾਮਾਰੀ ਦੇ ਬਹਾਨੇ ਸੰਘਰਸ਼ਾਂ ਨੂੰ ਦਬਾਉਣ ਦੀ ਨੀਤੀ ਤੋਂ ਪਿੱਛੇ ਹਟਣਾ ਪਿਆ। ਕੈਪਟਨ ਤੋਂ ਲੈ ਕੇ ਯੂਥ ਕਾਂਗਰਸ ਤੱਕ ਕਾਂਗਰਸ ਪਾਰਟੀ ਦਾ ਹਰ ਨਿੱਕਾ ਵੱਡਾ ਪੁਰਜਾ ਕਿਸਾਨਾਂ ਨਾਲ ਹਮਦਰਦੀ ਦਿਖਾਉਣ ਦੀ ਕਵਾਇਦ ’ਚ ਜੁੱਟਿਆ ਹੋਇਆ ਹੈ।

ਜਿਸ ਅੰਨ੍ਹੀ ਧੁੱਸ ਨਾਲ ਆਰ.ਐੱਸ.ਐੱਸ.-ਭਾਜਪਾ ਦੀ ਸਰਕਾਰ ਵਿਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਵਿਤੀ ਗ਼ਲਬੇ ਨੂੰ ਮਜ਼ਬੂਤ ਬਣਾਉਣ ਦੀਆਂ ਨੀਤੀਆਂ ਥੋਪਣ ਲਈ ਆਰਡੀਨੈਂਸ/ਬਿੱਲ ਪਾਸ ਕਰ ਰਹੀ ਹੈ ਉਸ ਨਾਲ ਅਵਾਮ ਵਿਚ ਅਸੁਰੱਖਿਆ ਅਤੇ ਬੇਚੈਨੀ ਪੈਦਾ ਹੋਣੀ ਸੁਭਾਵਿਕ ਸੀ। ਰਾਜ ਕਰਨ ਦੀ ਇਹ ਤਾਨਾਸ਼ਾਹ ਮਾਨਸਿਕਤਾ ਹਰ ਵਰਗ ਨੂੰ ਨਿਰਭਰਤਾ ਅਤੇ ਮਜਬੂਰੀ ਦੇ ਆਲਮ ਵਿਚ ਧੱਕਕੇ ਅਤੇ ਫਿਰਕਾਪਰਸਤੀ ਦਾ ਜ਼ਹਿਰ ਫੈਲਾ ਕੇ ਸਮਾਜੀ ਤਾਣੇਬਾਣੇ ਨੂੰ ਘਾਤਕ ਨੁਕਸਾਨ ਪਹੁੰਚਾਉਣ ਵਾਲੀ ਹੈ। ਸੀਏਏ-ਐੱਨਆਰਸੀ-ਐੱਨਪੀਆਰ ਵਿਰੁੱਧ ਪੂਰੇ ਮੁਲਕ ਵਿਚ ਲੱਗੇ ਪੱਕੇ ਮੋਰਚਿਆਂ ਵਿਚ ਸੱਤਾਧਾਰੀ ਧਿਰ ਦੀਆਂ ਨੀਤੀਆਂ ਵਿਰੁੱਧ ਬੇਚੈਨੀ ਦਾ ਵਿਆਪਕ ਇਜ਼ਹਾਰ ਪਹਿਲਾਂ ਹੀ ਹੋ ਚੁੱਕਾ ਹੈ। ਤਾਜ਼ਾ ਆਰਥਕ ਹਮਲੇ ਨੇ ਇਹ ਗੁੰਜਾਇਸ਼ ਹੋਰ ਵਿਸ਼ਾਲ ਕਰ ਦਿੱਤੀ ਹੈ। ਮੋਦੀ ਸਰਕਾਰ ਵੱਲੋਂ ਖੇਤੀ ਆਰਡੀਨੈਂਸਾਂ ਸੰਬੰਧੀ ਯਕੀਨਦਹਾਨੀਆਂ ਉੱਪਰ ਆਮ ਲੋਕਾਂ ਨੇ ਯਕੀਨ ਨਹੀਂ ਕੀਤਾ ਕਿਉਂਕਿ ਉਹ ਪਹਿਲਾਂ ਹੀ ਨੋਟਬੰਦੀ, ਜੀਐੱਸਟੀ, ਐੱਨਆਰਸੀ, ਲੌਕਡਾਊਨ, 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ, ਗੱਲ ਕੀ ਹਰ ਸਵਾਲ ਉੱਪਰ ਮੋਦੀ ਦੀਆਂ ਝੂਠੀਆਂ ਯਕੀਨਦਹਾਨੀਆਂ ਦਾ ਸੁਆਦ ਦੇਖ ਚੁੱਕੇ ਹਨ। ਉਹਨਾਂ ਨੇ ਇਸ ਖ਼ਤਰੇ ਨੂੰ ਬੁੱਝ ਲਿਆ ਹੈ ਕਿ ਹਾਲ ਹੀ ਵਿਚ ਜੋ ਤਿੰਨ ਖੇਤੀ ਬਿੱਲ ਪਾਸ ਕੀਤੇ ਗਏ ਹਨ - ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫਸਿਲੀਟੇਸ਼ਨ ਬਿੱਲ-2020, ਫਾਰਮਰਜ਼ (ਇੰਪਾਵਰਮੈਂਟ ਐਂਡ ਪ੍ਰੋਟੈਕਸ਼ਨ) ਐਗਰੀਮੈਂਟ ਆਫ਼ ਪ੍ਰਾਈਸ ਐਸ਼ਿਉਰੈਂਸ ਅਤੇ ਫਾਰਮ ਸਰਵਿਸਿਜ਼ ਬਿੱਲ-2020 ਅਤੇ ਇਸੈਂਸ਼ੀਅਲ ਕਮੋਡਿਟੀਜ਼ (ਅਮੈਂਡਮੈਂਟ) ਬਿੱਲ - ਇਹ ਸਿਰਫ਼ ਕਿਸਾਨੀ ਦੀ ਮੌਤ ਦੇ ਵਾਰੰਟ ਹੀ ਨਹੀਂ ਸਗੋਂ ਸਮਾਜ ਦੇ ਹੋਰ ਵੀ ਕਈ ਹਿੱਸਿਆਂ ਨੂੰ ਵੀ ਬਰਬਾਦ ਕਰ ਦੇਣਗੇ।

ਇਕ ਬਿੱਲ ਰਾਹੀਂ ਜ਼ਰੂਰੀ ਵਸਤਾਂ ਐਕਟ ਵਿਚ ਸੋਧ ਕਰਕੇ ਖੇਤੀ ਜਿਣਸਾਂ ਦੀਆਂ ਕੀਮਤਾਂ ਨੂੰ ਨਿਯਮਤ ਕਰਨ ਅਤੇ ਉਹਨਾਂ ਜਿਣਸਾਂ ਦੀ ਨਿਸ਼ਚਿਤ ਮਾਤਰਾ ਵਿਚ ਸਰਕਾਰੀ ਖ਼ਰੀਦ-ਫ਼ਰੋਖ਼ਤ ਦੀ ਵਿਵਸਥਾ ਖ਼ਤਮ ਕਰ ਦਿੱਤੀ ਗਈ ਹੈ। ਦੂਜੇ ਬਿੱਲ ਰਾਹੀਂ ਠੇਕਾ ਖੇਤੀ ਦੀ ਇਜਾਜ਼ਤ ਦੇ ਕੇ ਕਾਰਪੋਰੇਟ ਗ਼ਲਬੇ ਦਾ ਰਾਹ ਪੱਧਰਾ ਕੀਤਾ ਗਿਆ ਹੈ। ਤੀਜੇ ਬਿੱਲ ਰਾਹੀਂ ‘ਏਪੀਐੱਮਸੀ’ ਮੰਡੀ ਵਿਵਸਥਾ ਨੂੰ ਖ਼ਤਮ ਕਰਨ ਲਈ ਵੱਡੇ ਕਾਰੋਬਾਰੀਆਂ ਨੂੰ ਨਿੱਜੀ ਮੰਡੀਆਂ ਬਣਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹਨਾਂ ਤੋਂ ਬਿਨਾਂ, ਕਿਸਾਨਾਂ ਸਮੇਤ ਸਮੂਹ ਲੋਕਾਂ ਉੱਪਰ ਅਸਹਿ ਬੋਝ ਲੱਦਣ ਲਈ ਬਿਜਲੀ ਐਕਟ-2020 ਲਿਆਂਦਾ ਗਿਆ ਹੈ ਜੋ ਪੂਰੀ ਤਰ੍ਹਾਂ ਵਪਾਰੀਕਰਨ ’ਤੇ ਆਧਾਰਿਤ ਹੈ। ਇੱਥੇ ਹੀ ਬਸ ਨਹੀਂ, ਚਾਰ ਲੇਬਰ ਕੋਡ ਬਣਾ ਕੇ ਕਿਰਤ ਕਾਨੂੰਨਾਂ ਨੂੰ ਵੀ ਲਗਭਗ ਖ਼ਤਮ ਕਰਕੇ ਕਿਰਤੀਆਂ ਨੂੰ ਪੂਰੀ ਤਰ੍ਹਾਂ ਸਰਮਾਏਦਾਰਾਂ ਦੇ ਰਹਿਮ ਦੇ ਹਵਾਲੇ ਕਰ ਦਿੱਤਾ ਗਿਆ ਹੈ।

ਇਹ ਬਿੱਲ ਪਾਸ ਹੋਣ ਨਾਲ ਅਵਾਮ, ਖ਼ਾਸ ਕਰਕੇ ਕਿਸਾਨਾਂ ਨੂੰ ਆਪਣਾ ਭਵਿੱਖ ਹਨੇਰਾ ਨਜ਼ਰ ਕਿਉਂ ਆ ਰਿਹਾ ਹੈ? ਕਿਉਂਕਿ, ਇਹ ਬਿੱਲ ਫ਼ਸਲਾਂ ਦੀ ਖ਼ਰੀਦ, ਭੰਡਾਰਨ ਅਤੇ ਵਿਕਰੀ ਉੱਪਰ ਕੰਟਰੋਲ ਦੀ ਸਰਕਾਰੀ ਵਿਵਸਥਾ ਦਾ ਗਿਣ-ਮਿੱਥ ਕੇ ਖ਼ਾਤਮਾ ਕਰਨ ਵਾਲੇ ਅਤੇ ਨਿੱਜੀ ਕਾਰਪੋਰੇਟ ਕੰਟਰੋਲ ਦਾ ਰਾਹ ਪੱਧਰਾ ਕਰਨ ਵਾਲੇ ਹਨ। ਬਿੱਲਾਂ ਉੱਪਰ ਸਰਸਰੀ ਝਾਤ ਮਾਰਿਆਂ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਬਿਲ ਮੁੱਠੀ ਭਰ ਵੱਡੀਆਂ ਕੰਪਨੀਆਂ ਨੂੰ ਮਾਲਾਮਾਲ ਕਰਨ ਲਈ ਲਿਆਂਦੇ ਗਏ ਹਨ ਅਤੇ ਇਹਨਾਂ ਜ਼ਰੀਏ ਆਲਮੀ ਕਾਰਪੋਰੇਟ ਸਰਮਾਏ ਵੱਲੋਂ ਭਾਰਤ ਵਰਗੇ ਮੁਲਕਾਂ ਵਿਚ ਖੇਤੀ ਖੇਤਰ ਉੱਪਰ ਕਾਬਜ਼ ਹੋਣ ਦੇ ਪ੍ਰੋਜੈਕਟ ਨੂੰ ਲਾਗੂ ਕੀਤਾ ਜਾ ਰਿਹਾ ਹੈ ਜੋ ਡਬਲਯੂਟੀਓ ਦਾ ਚਿਰੋਕਣਾ ਏਜੰਡਾ ਹੈ। ਇਹਨਾਂ ਬਿੱਲਾਂ ਰਾਹੀਂ ਖੇਤੀ ਵਪਾਰ ਕਰਨ ਵਾਲੀਆਂ ਕੰਪਨੀਆਂ ਨੂੰ ਖ਼ਰੀਦ ਸਮੇਂ ਫ਼ਸਲਾਂ ਦੇ ਭਾਅ ਤੈਅ ਕਰਨ ਦੀ ਅਸੀਮਤ ਤਾਕਤ ਦਿੱਤੀ ਗਈ ਹੈ ਜਿਸ ਨਾਲ ਇਕ ਪਾਸੇ ਉਹ ਕਿਸਾਨਾਂ ਦੀਆਂ ਫ਼ਸਲਾਂ ਕੌਡੀਆਂ ਦੇ ਭਾਅ ਮਨਮਰਜ਼ੀ ਨਾਲ ਖ਼ਰੀਦ ਕੇ ਕਿਸਾਨੀ ਦਾ ਲੱਕ ਤੋੜਣਗੀਆਂ ਅਤੇ ਦੂਜੇ ਪਾਸੇ, ਜ਼ਖ਼ੀਰੇਬਾਜ਼ੀ ਰਾਹੀਂ ਵੱਧ ਤੋਂ ਵੱਧ ਮਹਿੰਗੇ ਭਾਅ ਉੱਪਰ ਵੇਚ ਕੇ ਖ਼ਪਤਕਾਰਾਂ ਦੀਆਂ ਜੇਬਾਂ ਉੱਪਰ ਡਾਕੇ ਮਾਰਨਗੀਆਂ। ਭਾਵੇਂ ਧੋਖੇਬਾਜ਼ੀ ਅਤੇ ਝੂਠ ਦੇ ਮੁਜੱਸਮੇ ਮੋਦੀ ਅਤੇ ਉਸ ਦੀ ਵਜ਼ਾਰਤ ਵੱਲੋਂ ਕਿਸਾਨਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਘੱਟੋਘੱਟ ਸਮਰਥਨ ਮੁੱਲ (ਐੱਮਐੱਸਪੀ) ਅਤੇ ਮੰਡੀਕਰਨ ਪ੍ਰਣਾਲੀ ਨੂੰ ਖ਼ਤਮ ਨਹੀਂ ਕੀਤਾ ਜਾ ਰਿਹਾ, ਲੇਕਿਨ ਕਿਸਾਨਾਂ ਨੂੰ ਸਮਝ ਪੈ ਗਈ ਹੈ ਕਿ ਇਹ ਬਿੱਲ ਸਿਲਸਿਲੇਵਾਰ ਤਰੀਕੇ ਨਾਲ ਇਸ ਵਿਵਸਥਾ ਨੂੰ ਖ਼ਤਮ ਕਰਨ ਲਈ ਹੀ ਤਿਆਰ ਕੀਤੇ ਗਏ ਹਨ।

ਆਰ.ਐੱਸ.ਐੱਸ.-ਭਾਜਪਾ ਸਰਕਾਰ ਕਿਸਾਨਾਂ ਨੂੰ ‘ਵਿਚੋਲਿਆਂ’ ਤੋਂ ਆਜ਼ਾਦੀ ਦੇਣ ਅਤੇ ਮੁਲਕ ਵਿਚ ਕਿਤੇ ਵੀ ਆਪਣੀਆਂ ਖੇਤੀ ਜਿਣਸਾਂ ਵੇਚਣ ਦੀ ਖੁੱਲ੍ਹ ਦੇਣ ਦੇ ਸਬਜ਼ਬਾਗ਼ ਦਿਖਾ ਕੇ ਗੁੰਮਰਾਹ ਕਰਨਾ ਚਾਹੁੰਦੀ ਹੈ। ਜਦਕਿ ‘ਇਕ ਰਾਸ਼ਟਰ, ਇਕ ਮੰਡੀ’ ਕਦੇ ਵੀ ਕਿਸਾਨੀ ਦੀ ਮੰਗ ਨਹੀਂ ਰਹੀ। ‘ਇਕ ਮੰਡੀ’ ਕਾਰਪੋਰੇਟ ਸਰਮਾਏਦਾਰੀ ਦੀ ਮੰਗ ਹੈ ਅਤੇ ਇਹ ਆਰ.ਐੱਸ.ਐੱਸ.-ਭਾਜਪਾ ਦੇ ਅਤਿ-ਕੇਂਦਰੀਕਰਨ ਦੇ ਰਾਜਨੀਤਕ ਏਜੰਡੇ ਦਾ ਹਿੱਸਾ ਹੈ। ਕਿਸਾਨ ਤਾਂ ਖੇਤੀ ਸੰਕਟ ਨੂੰ ਦੂਰ ਕਰਨ ਲਈ ਠੋਸ ਨੀਤੀ ਬਣਾਉਣ ਅਤੇ ਖੇਤੀ ਜਿਣਸਾਂ ਦੇ ਲਾਹੇਵੰਦ ਭਾਅ ਦੇਣ ਲਈ ਸਾਰੀਆਂ ਫ਼ਸਲਾਂ ਦਾ ਘੱਟੋਘੱਟ ਸਮਰਥਨ ਮੁੱਲ ਯਕੀਨੀਂ ਬਣਾਏ ਜਾਣ ਦੀ ਮੰਗ ਕਰਦੇ ਆ ਰਹੇ ਹਨ। ਇਹ ਤੱਥ ਵੀ ਕਿਸੇ ਨੂੰ ਭੁੱਲਿਆ ਨਹੀਂ ਕਿ ਭਾਜਪਾ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਅਤੇ ਐੱਮ.ਐੱਸ.ਪੀ. ਦੇਣ ਦਾ ਵਾਅਦਾ ਕੀਤਾ ਸੀ, ਸੱਤਾ ਵਿਚ ਆ ਕੇ ਇਸ ਨੇ ਹਲਫ਼ਨਾਮਾ ਦੇ ਕੇ ਕਿਹਾ ਕਿ ਐੱਮ.ਐੱਸ.ਪੀ. ਨੂੰ ਲਾਗੂ ਕਰਨ ਦਾ ਵਾਅਦਾ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਦਾ ਫ਼ਸਲਾਂ ਦੇ ਭਾਅ ਐੱਮ.ਐੱਸ.ਪੀ. ਵਿਚ 50ਫ਼ੀਸਦੀ ਵਾਧਾ ਕਰਕੇ ਦੇਣ ਦਾ ਦਾਅਵਾ ਵੀ ਝੂਠਾ ਸਾਬਤ ਹੋਇਆ।

‘ਇਕ ਮੰਡੀ’ ਕਿਸੇ ਵੀ ਸੂਰਤ ’ਚ ਆਮ ਕਿਸਾਨੀ ਲਈ ਲਾਹੇਵੰਦ ਨਹੀਂ ਹੋ ਸਕਦੀ। ਭਾਰਤ ਦੇ ਜ਼ਿਆਦਾਤਰ ਕਿਸਾਨ ਖੁੱਲ੍ਹੀ ਮੰਡੀ ਵਿਚ ਵੱਡੇ ਫਾਰਮਰਾਂ ਦਾ ਮੁਕਾਬਲਾ ਕਰ ਹੀ ਨਹੀਂ ਸਕਦੇ। ਉਹਨਾਂ ਕੋਲ ਨਾ ਤਾਂ ਫ਼ਸਲ ਨੂੰ ਭੰਡਾਰ ਕਰਨ ਦੇ ਵਸੀਲੇ ਹਨ, ਨਾ ਦੂਰ ਦੀ ਮੰਡੀ ਵਿਚ ਫ਼ਸਲ ਲਿਜਾਣ ਦੇ। ਜ਼ਿਆਦਾਤਰ ਰਾਜਾਂ ਵਿਚ ਬਹੁਤ ਸਾਰੀਆਂ ਖੇਤੀ ਜਿਣਸਾਂ ਦਾ ਖੁੱਲ੍ਹੀ ਮੰਡੀ ਵਿਚ ਹਸ਼ਰ ਕਿਸਾਨ ਭਲੀਭਾਂਤ ਜਾਣਦੇ ਹਨ। ਪੰਜਾਬ ਵਿਚ ਮੱਕੀ ਦਾ ਘੱਟੋਘੱਟ ਸਮਰਥਨ ਮੁੱਲ 1850 ਰੁਪਏ ਐਲਾਨੇ ਜਾਣ ਦੇ ਬਾਵਜੂਦ ਇਹ ਵਪਾਰੀਆਂ ਵੱਲੋਂ 600-700 ਰੁਪਏ ਪ੍ਰਤੀ ਕੁਵਿੰਟਲ ਲੁੱਟੀਂਦੀ ਦੇਖੀ ਜਾ ਸਕਦੀ ਹੈ। ਇਸ ਲਈ ਕਿਸਾਨਾਂ ਨੂੰ ਪਤਾ ਹੈ ਕਿ ਸਰਕਾਰੀ ਮੰਡੀਕਰਨ ਨੂੰ ਖ਼ਤਮ ਕੀਤੇ ਜਾਣ ਦੀ ਸੂਰਤ ਵਿਚ ਉਹਨਾਂ ਦੀ ਲੁੱਟ ਅਤੇ ਬਰਬਾਦੀ ਨੂੰ ਜ਼ਰਬਾਂ ਕਿਵੇਂ ਆਉਣਗੀਆਂ। ਬਿਹਾਰ ਵਿਚ ਏ.ਪੀ.ਐੱਮ.ਸੀ. ਵਿਵਸਥਾ ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਖੇਤੀ ਜਿਣਸਾਂ ਦੀ ਦੁਰਦਸ਼ਾ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ।

ਇਸੇ ਤਰ੍ਹਾਂ, ਠੇਕਾ ਖੇਤੀ ਨੂੰ ਮਨਜ਼ੂਰੀ ਦੇਣ ਦਾ ਮਨੋਰਥ ਖੇਤੀ ਖੇਤਰ ਨੂੰ ਆਧੁਨਿਕ ਬਣਾਉਣਾ ਨਹੀਂ ਸਗੋਂ ਮੁਲਕ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖਕੇ ਬਣਾਈ ਫ਼ਸਲਾਂ ਦੀ ਪੈਦਾਵਾਰ ਅਤੇ ਆਯਾਤ-ਨਿਰਯਾਤ ਦੀ ਮੌਜੂਦਾ ਵਿਵਸਥਾ ਦਾ ਭੋਗ ਪਾ ਕੇ ਖੇਤੀ ਵਪਾਰ ਕਰਨ ਵਾਲੀਆਂ ਕੰਪਨੀਆਂ ਲਈ ਸੁਪਰ-ਮੁਨਾਫ਼ੇ ਯਕੀਨੀਂ ਬਣਾਉਣਾ ਹੈ। ਖੇਤੀ ਲਾਗਤ ਵਸਤਾਂ ਦੇ ਕਾਰੋਬਾਰ ਦੇ ਨਾਲ-ਨਾਲ ਹੁਣ ਖੇਤੀ ਪੈਦਾਵਾਰ ਅਤੇ ਮੰਡੀਕਰਨ ਉੱਪਰ ਵੀ ਵੱਡੀਆਂ ਕੰਪਨੀਆਂ ਦਾ ਕਬਜ਼ਾ ਹੋ ਜਾਵੇਗਾ। ਇਹਨਾਂ ਬਿੱਲਾਂ ਰਾਹੀਂ ਮੁਲਕ ਦੀ ਅੰਨ੍ਹ ਸੁਰੱਖਿਆ ਅਤੇ ਖਾਧ-ਖ਼ੁਰਾਕ ਦੀ ਸਵੈਨਿਰਭਰਤਾ ਖ਼ਤਮ ਕਰਕੇ ਲੋਕਾਂ ਨੂੰ ਖੁੱਲ੍ਹੀ ਮੰਡੀ ਅਤੇ ਜ਼ਖ਼ੀਰੇਬਾਜ਼ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਮੌਜੂਦਾ ਜਨਤਕ ਵੰਡ ਪ੍ਰਣਾਲੀ ਭੁੱਖਮਰੀ ਦਾ ਸ਼ਿਕਾਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਦਿਨ ਕਟੀਆਂ ਕਰ ਰਹੇ ਦਹਿ ਕਰੋੜਾਂ ਲੋਕਾਂ ਲਈ ਇਕ ਨਿਗੂਣੀ ਰਾਹਤ ਹੈ। ਪਾਸ ਕੀਤੇ ਬਿੱਲ ਭੁੱਖੇ ਮਰ ਰਹੇ ਲੋਕਾਂ ਤੋਂ ਇਹ ਰਾਹਤ ਖੋਹ ਕੇ ਭੁੱਖਮਰੀ ਵਿਚ ਬੇਤਹਾਸ਼ਾ ਵਾਧਾ ਕਰਨ ਵਾਲੇ ਹਨ। ਬਿੱਲ ਪਾਸ ਹੁੰਦੇ ਸਾਰ ਹੀ ਸੰਘ ਬਰਗੇਡ ਦੇ ਚਹੇਤੇ ਕਾਰਪੋਰੇਟ ਅਡਾਨੀ ਗਰੁੱਪ ਨੇ ਫ਼ਸਲਾਂ ਦੇ ਮੰਡੀਕਰਨ ਅਤੇ ਭੰਡਾਰਨ ਉੱਪਰ ਕਬਜ਼ਾ ਕਰਨ ਲਈ ਤਿਆਰੀ ਕੱਸ ਲਈ ਹੈ। ਰਿਪੋਰਟਾਂ ਅਨੁਸਾਰ ਪੰਜਾਬ ਦੇ ਕੋਟਕਪੂਰਾ ਵਿਚ 35 ਕਰੋੜ ਰੁਪਏ ਦੀ ਲਾਗਤ ਨਾਲ ਅਤੇ ਬਿਹਾਰ ਵਿਚ 40 ਕਰੋੜ ਰੁਪਏ ਦੀ ਲਾਗਤ ਨਾਲ ਕ੍ਰਮਵਾਰ 25 ਹਜ਼ਾਰ ਟਨ ਅਤੇ 50 ਹਜ਼ਾਰ ਟਨ ਭੰਡਾਰ ਸਮਰੱਥਾ ਵਾਲੇ ਸਟੀਲ ਦੇ ਆਧੁਨਿਕ ਗੁਦਾਮ ਉਸਾਰੇ ਜਾਣਗੇ। ਮੋਗਾ ਨੇੜੇ ਅਡਾਨੀ ਗਰੁੱਪ ਨੇ ਇਕ ਆਧੁਨਿਕ ਸਟੀਲ ਗੁਦਾਮ ਪਹਿਲਾਂ ਹੀ ਬਣਾ ਰੱਖਿਆ ਹੈ।

ਖੇਤੀ ਸੰਬੰਧੀ ਨੀਤੀਆਂ ਵਿਚ ਵੱਡਾ ਫੇਰਬਦਲ ਕਰਨ ਵਾਲੇ ਇਹਨਾਂ ਬਿੱਲਾਂ ਉੱਪਰ ਖੁੱਲ੍ਹੀ ਚਰਚਾ ਕਰਨ ਦੀ ਬਜਾਏ ਸਰੇਆਮ ਤਾਨਾਸ਼ਾਹ ਤਰੀਕਾ ਅਖ਼ਤਿਆਰ ਕੀਤੇ ਜਾਣ ਅਤੇ ਬਿੱਲਾਂ ਨੂੰ ਪਾਸ ਕਰਨ ਦੀ ਜਲਦਬਾਜ਼ੀ ਤੋਂ ਵੀ ਇਹ ਸਪਸ਼ਟ ਹੋ ਗਿਆ ਕਿ ਇਹਨਾਂ ਪਿੱਛੇ ਇਕ ਬਹੁਤ ਹੀ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ। ਕਿਸਾਨ ਜਥੇਬੰਦੀਆਂ ਪਿਛਲੇ ਸਾਲਾਂ ਤੋਂ ਨਾ ਸਿਰਫ਼ ਖੇਤੀ ਸੰਕਟ ਨੂੰ ਮੁਖ਼ਾਤਿਬ ਹੋਣ ਲਈ ਕਿਸਾਨੀ ਨੂੰ ਬਚਾਉਣ ਵਾਲੀਆਂ ਠੋਸ ਨੀਤੀਆਂ ਬਣਾਏ ਜਾਣ ਦੀ ਮੰਗ ਕਰਦੀਆਂ ਆ ਰਹੀਆਂ ਹਨ ਸਗੋਂ ਕਿਸਾਨ ਪੰਚਾਇਤਾਂ ਆਯੋਜਿਤ ਕਰਕੇ ਮੁਤਵਾਜ਼ੀ ਨੀਤੀਆਂ ਅਤੇ ਬਿੱਲਾਂ ਦੇ ਖਰੜੇ ਵੀ ਪੇਸ਼ ਕਰ ਚੁੱਕੀਆਂ ਹਨ। ਕਿਸਾਨੀ ਦੀ ਆਵਾਜ਼ ਅਤੇ ਮੰਗ ਨੂੰ ਪੂਰੀ ਹੈਂਕੜ ਨਾਲ ਠੁਕਰਾ ਕੇ ਅਤੇ ਕਾਨੂੰਨਸਾਜ਼ ਸੰਸਥਾਵਾਂ ਅੰਦਰ ਵਿਚਾਰ-ਚਰਚਾ ਦੀ ਰਸਮੀਂ ਵਿਧੀ ਨੂੰ ਵੀ ਤਿਲਾਂਜਲੀ ਦੇ ਕੇ ਆਰਡੀਨੈਂਸ ਦਾ ਸਾਜ਼ਿਸ਼ੀ ਤਰੀਕਾ ਅਖ਼ਤਿਆਰ ਕੀਤਾ ਗਿਆ। ਜਦ ਪਿਛਲੇ ਦਿਨੀਂ ਇਹਨਾਂ ਆਰਡੀਨੈਂਸਾਂ ਨੂੰ ਬਿੱਲਾਂ ਦੇ ਰੂਪ ’ਚ ਪਾਸ ਕਰਾਉਣ ਦੀ ਕਵਾਇਦ ਕੀਤੀ ਗਈ, ਉਦੋਂ ਵੀ ਰਾਜ ਸਭਾ ਵਿਚ ਬਹੁਮੱਤ ਨਾ ਹੋਣ ਕਰਕੇ ਜ਼ਬਾਨੀ ਵੋਟ ਦੀ ਹੇਰਾਫੇਰੀ ਰਾਹੀਂ ਬਿੱਲ ਪਾਸ ਕਰਵਾਏ ਗਏ। ਇਸ ਸਮੁੱਚੇ ਫਰੇਬੀ ਅਮਲ ਨੇ ਇਸ ਗੱਲ ਦੀ ਮੁੜ ਪੁਸ਼ਟੀ ਕਰ ਦਿੱਤੀ ਕਿ ਇਹ ਸਰਕਾਰ ਘੋਰ ਪਿਛਾਖੜੀ, ਗੈਰਜਮਹੂਰੀ ਤੇ ਹੈਂਕੜਬਾਜ਼ ਮਾਨਸਿਕਤਾ ਵਾਲੀ ਸਰਕਾਰ ਹੈ। ਆਰ.ਐੱਸ.ਐੱਸ.-ਭਾਜਪਾ ਦਾ ਕਿਸੇ ਵੀ ਸੰਵਿਧਾਨਕ ਕਾਇਦੇ-ਕਾਨੂੰਨ ਵਿਚ ਕੋਈ ਯਕੀਨ ਨਹੀਂ ਹੈ। ਇਹ ਆਮ ਲੋਕਾਈ ਦੀ ਆਵਾਜ਼ ਅਤੇ ਵਿਚਾਰ ਵਟਾਂਦਰੇ ਦੇ ਜਮਹੂਰੀ ਅਮਲ ਦੀ ਘੋਰ ਦੁਸ਼ਮਣ ਤਾਕਤ ਹੈ। ਇਸ ਦਾ ਮੂਲ ਕਿਰਦਾਰ ਹੀ ਝੂਠੇ ਵਾਅਦਿਆਂ ਅਤੇ ਯਕੀਨਦਾਹਾਨੀਆਂ ਜ਼ਰੀਏ ਲੋਕਾਂ ਨੂੰ ਧੋਖਾ ਦੇ ਕੇ ਉਹਨਾਂ ਦੇ ਹਿਤਾਂ ਵਿਰੁੱਧ ਫ਼ੈਸਲੇ ਥੋਪਣਾ ਹੈ। ਕਿਸਾਨ ਜਥੇਬੰਦੀਆਂ ਅਤੇ ਬੁੱਧੀਜੀਵੀਆਂ ਵੱਲੋਂ ਕਿਸਾਨ ਆਰਡੀਨੈਂਸਾਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੇ ਬਾਵਜੂਦ ਕੋਰੋਨਾ ਮਹਾਮਾਰੀ ਦੌਰਾਨ ਆਰਡੀਨੈਂਸਾਂ ਨੂੰ ਬਿੱਲਾਂ ਦੇ ਰੂਪ ਵਿਚ ਸੰਸਦ ਵਿਚ ਪਾਸ ਕਰਵਾਇਆ ਗਿਆ। ਇਸੇ ਤਰ੍ਹਾਂ, ਲੋਕ ਰਾਇ ਨੂੰ ਠੁਕਰਾ ਕੇ ਸੰਸਦੀ ਬਹੁਮੱਤ ਦੀ ਧੌਂਸ ਨਾਲ ਲੇਬਰ ਕੋਡ ਬਿੱਲ ਪਾਸ ਕਰਵਾਇਆ ਗਿਆ। ਸਪਸ਼ਟ ਹੈ ਕਿ ਸੱਤਾਧਾਰੀ ਧਿਰ ਕੋਰੋਨਾ ਮਹਾਂਮਾਰੀ ਦੇ ਬਹਾਨੇ ਆਪਣੇ ਵੱਧ ਤੋਂ ਵੱਧ ਲੋਕ ਵਿਰੋਧੀ ਏਜੰਡੇ ਅਮਲ ਵਿਚ ਲਿਆ ਰਹੀ ਹੈ ਜੋ ਪੂਰੀ ਤਰ੍ਹਾਂ ਮੁਲਕ ਦੇ ਹਿਤਾਂ ਅਤੇ ਲੋਕ ਹਿਤਾਂ ਦੇ ਖ਼ਿਲਾਫ਼ ਹਨ।

ਖੇਤੀ ਬਿੱਲ ਭਾਰਤ ਦੀ ਕਿਸਾਨੀ ਨੂੰ ਤਬਾਹ ਕਰਨ ਵਾਲੇ ਹਨ ਲੇਕਿਨ ਕੇਂਦਰ ਸਰਕਾਰ ਇਹਨਾਂ ਨੂੰ ਇਤਿਹਾਸਕ ਜ਼ਰੂਰਤ ਅਤੇ ਕਿਸਾਨਾਂ ਦੀ ਤਰੱਕੀ ਅਤੇ ਖੁਸ਼ਹਾਲੀ ਲਿਆਉਣ ਵਾਲੇ, ਆਮਦਨ ਅਤੇ ਰੋਜ਼ਗਾਰ ਪੈਦਾ ਕਰਨ ਵਾਲੇ ਦੱਸ ਰਹੀ ਹੈ। ਜਿਵੇਂ ਨੋਟਬੰਦੀ, ਜੀ.ਐੱਸ.ਟੀ. ਅਤੇ ਲੌਕਡਾਊਨ ਬਾਰੇ ਕੇਂਦਰ ਸਰਕਾਰ ਦੀਆਂ ਯਕੀਨਦਹਾਨੀਆਂ ਪੂਰੀ ਤਰ੍ਹਾਂ ਗੁੰਮਰਾਹਕੁੰਨ ਸਾਬਤ ਹੋਈਆਂ ਉਸੇ ਤਰ੍ਹਾਂ ਹੁਣ ਪਾਸ ਕੀਤੇ ਬਿੱਲ ਵੀ ਭਾਰਤੀ ਆਰਥਿਕਤਾ, ਖ਼ਾਸ ਕਰਕੇ ਕਿਸਾਨੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣਗੇ। ਇਸ ਦੇ ਨਾਲ ਹੀ ਜ਼ਰੂਰੀ ਵਸਤਾਂ ਤੇ ਜ਼ਖ਼ੀਰੇਬਾਜ਼ੀ ਦੀ ਬੇਰੋਕ-ਟੋਕ ਖੁੱਲ੍ਹ ਨਾਲ ਸ਼ਹਿਰੀ ਮਜਦੂਰਾਂ ਤੇ ਆਮ ਸਹਿਰੀਆਂ ਨੂੰ ਵੀ ਮਹਿੰਗਾਈ ਦੀ ਮਾਰ ਸਹਿਣੀ ਪਵੇਗੀ। ਇਹਨਾਂ ਬਿੱਲਾਂ ਦੇ ਘਾਤਕ ਅਸਰ ਸਿਰਫ਼ ਕਿਸਾਨੀ ਤੱਕ ਸੀਮਤ ਨਹੀਂ ਰਹਿਣਗੇ। ਇਹਨਾਂ ਦਾ ਖੇਤੀ ਵਪਾਰ ਨਾਲ ਜੁੜੇ ਆੜ੍ਹਤੀਆਂ, ਪੱਲੇਦਾਰਾਂ, ਛੋਟੇ ਕਾਰੋਬਾਰੀਆਂ, ਦੁਕਾਨਦਾਰਾਂ, ਮਜ਼ਦੂਰਾਂ, ਟਰਾਂਸਪੋਰਟਰਾਂ, ਰਿਪੇਅਰ ਨਾਲ ਜੁੜੇ ਕਾਰੋਬਾਰਾਂ ਵਗੈਰਾ ਸਾਰਿਆਂ ਉੱਪਰ ਘਾਤਕ ਅਸਰ ਪਵੇਗਾ। ਇਹ ਬਿੱਲ ਬਹੁਤ ਹੀ ਸ਼ਾਤਰ ਤਰੀਕੇ ਨਾਲ ਬਣਾਏ ਗਏ ਹਨ। ਇਹ ਖੇਤੀ ਉੱਪਰ ਕਾਰਪੋਰੇਟ ਕਬਜ਼ੇ ਦਾ ਸਿਲਸਿਲੇਵਾਰ ਅਮਲ ਹੈ। ਇਸ ਕਰਕੇ ਇਹਨਾਂ ਬਿੱਲਾਂ ਦੇ ਤਬਾਹਕੁੰਨ ਅਸਰ ਇਕਦਮ ਨਹੀਂ ਸਗੋਂ ਲੰਮੇ ਸਮੇਂ ’ਚ ਸਾਹਮਣੇ ਆਉਣਗੇ। ਇਹਨਾਂ ਫ਼ਿਕਰਾਂ ਨੇ ਹੀ ਹਾਲੀਆ ਲੋਕ ਉਭਾਰ ਨੂੰ ਜਨਮ ਦਿੱਤਾ ਹੈ।

ਤਾਨਾਸ਼ਾਹੀ ਅਤੇ ਕਾਰਪੋਰੇਟ ਪੂੰਜੀ ਦੀ ਸੇਵਾ ਰਾਹੀਂ ਭਾਰਤੀ ਆਰਥਿਕਤਾ ਉੱਪਰ ਇਹ ਚੁਤਰਫ਼ਾ ਹਮਲਾ ਦਰਅਸਲ ਨਵੇਂ ਰੂਪ ’ਚ ਮੁੜ-ਬਸਤੀਕਰਨ ਦੇ ਵਿਸ਼ਵੀ ਸਰਮਾਏਦਾਰਾ ਪ੍ਰੋਜੈਕਟ ਦਾ ਹਿੱਸਾ ਹੈ। ਇਹਨਾਂ ਬਿੱਲਾਂ ਰਾਹੀਂ ਕਾਰਪੋਰੇਟ ਪੂੰਜੀ ਦੇ ਮੁਨਾਫ਼ਿਆਂ ਲਈ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਉਹਨਾਂ ਦੇ ਹਵਾਲੇ ਕਰਨ ਦਾ ਰਾਹ ਖੋਲ੍ਹਿਆ ਗਿਆ ਹੈ। ਇਹ ਬਦੇਸ਼ੀ ਸਰਮਾਏ ਦੇ ਬਸਤੀਵਾਦੀ ਗ਼ਲਬੇ ਦੇ ਪੁਰਾਣੇ ਦਿਨਾਂ ਨੂੰ ਇਕ ਨਵੇਂ ਰੂਪ ’ਚ ਵਾਪਸ ਲਿਆਉਣ ਦਾ ਯਤਨ ਹੈ ਜਿਸ ਵਿਰੁੱਧ ਦੋ ਸਦੀਆਂ ਜਾਨ-ਹੂਲਵਾਂ ਸੰਘਰਸ਼ ਕਰਕੇ ਭਾਰਤ ਅਤੇ ਦੁਨੀਆ ਦੇ ਹੋਰ ਦੇਸ਼ਾਂ ਦੇ ਲੋਕਾਂ ਨੇ ਬਸਤੀਵਾਦੀ ਜਕੜ ਨੂੰ ਤੋੜਿਆ ਸੀ। ਖੇਤੀ ਬਿੱਲਾਂ ਵਿਰੁੱਧ ਕਿਸਾਨੀ ਦੇ ਵਿਸ਼ਾਲ ਉਭਾਰ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਮੁਲਕ ਦੇ ਕਿਸਾਨ ਅਤੇ ਹੋਰ ਲੋਕ ਸੱਤਾਧਾਰੀ ਧਿਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖ਼ਤਰਨਾਕ ਨਤੀਜਿਆਂ ਬਾਰੇ ਦਿਨੋਦਿਨ ਜਾਗਰੂਕ ਹੋ ਰਹੇ ਹਨ ਅਤੇ ਇਸ ਜਾਗਰੂਕਤਾ ਨੂੰ ਸੱਤਾ ਦੇ ਚੁਤਰਫ਼ੇ ਹਮਲਿਆਂ ਵਿਰੁੱਧ ਵਿਸ਼ਾਲ ਲੋਕ-ਜਮਹੂਰੀ ਚੇਤਨਾ ਵਿਚ ਬਦਲਣ ਲਈ ਵਿਸ਼ੇਸ਼ ਤਰੱਦਦ ਕਰਨ ਦੀ ਲੋੜ ਹੈ। ਇਹ ਲੜਾਈ ਛੇਤੀ ਮੁੱਕਣ ਵਾਲੀ ਨਹੀਂ ਅਤੇ ਇਹ ਲੰਬਾ ਸਮਾਂ ਚੱਲਣੀ ਹੈ। ਇਨਕਲਾਬੀ-ਜਮਹੂਰੀ ਲਹਿਰ ਨੂੰ ਤਾਜ਼ਾ ਹਮਲੇ ਨੂੰ ਠੱਲਣ ਦੇ ਨਾਲ-ਨਾਲ ਇਸ ਲੜਾਈ ਨੂੰ ਹਿੰਦੂਤਵ ਫਾਸ਼ੀਵਾਦ ਵਿਰੁੱਧ ਵਿਸ਼ਾਲ ਜਮਹੂਰੀ ਲੜਾਈ ਅਤੇ ਇਸ ਆਦਮਖ਼ੋਰ ਢਾਂਚੇ ਨੂੰ ਖ਼ਤਮ ਕਰਨ ਦੀ ਯੁੱਗ-ਪਲਟਾਊ ਲੜਾਈ ਵਿਚ ਬਦਲਣ ਲਈ ਜ਼ੋਰਦਾਰ ਯਤਨ ਜੁਟਾਉਣੇ ਹੋਣਗੇ।

## ਲੋਕ ਲੱਜ ਨੂੰ ਦਿੱਤਾ ਅਸਤੀਫ਼ਾ..

ਲੋਕ ਲੱਜ ਨੂੰ ਦਿੱਤਾ ਅਸਤੀਫ਼ਾ
ਸੰਬੰਧ ਪੱਕੇ ਬਣੇ ਰਹਿਣਗੇ

ਲੋਕ ਦਰੀਆਂ ਵਿਛਾਈ ਬੈਠੇ ਦਰਾਂ ’ਤੇ
ਤੇਰੀ ਆਈ ਮੈਂ ਮਰ ਜਾਂ

ਪੰਜਾਬੀ ਬੋਲੀ ਨੂੰ ਪਰਾਈ ਕੀਤਾ
ਜੰਮੂ ਕਸ਼ਮੀਰ ਦੇ ਵਿੱਚੋਂ

ਖੇਤ ਖਾਣ ਗੇ ਵਲੈਤੀ ਚੁੰਝਾਂ ਵਾਲੇ
ਦਿੱਲੀ ਦੇ ਦਲਾਲ ਆਖਦੇ

ਖੇਤ ਜਾਗ ਪਏ ਜਿਉਣਾ ਲੋਚੇ ਜ਼ਿੰਦਗੀ
ਬਗ਼ਾਵਤ ਦੇ ਬੀਜ ਬੀਜਣੇ

ਡੁੱਬ ਜਾਣਿਆਂ ਕਨੂੰਨ ਪਾਸ ਕੀਤਾ
ਮੰਡੀਆਂ ਨੂੰ ਮਾਂਜਾ ਮਾਰਨਾ

-ਜਗਸੀਰ ਜੀਦਾ

# ਨਕਸਲਬਾੜੀ ਲਹਿਰ ਦੇ ਜਾਂਬਾਜ਼ ਕਾ. ਅਮਰ ਸਿੰਘ ਅੱਚਰਵਾਲ

**ਜਰਨੈਲ ਸਿੰਘ ਅੱਚਰਵਾਲ**



ਕਾਮਰੇਡ ਅਮਰ ਸਿੰਘ ਇਕ ਸਥਾਪਤ ਵਿਅਕਤੀ ਸੀ। ਸਥਾਪਤ ਮਨੁੱਖ ਅੰਦਰ ਕੁਝ ਅਜਿਹੇ ਗੁਣ ਹੁੰਦੇ ਹਨ ਜੋ ਉਸ ਨੂੰ ਦੂਸਰਿਆਂ ਤੋਂ ਵੱਖ ਕਰਦੇ ਹਨ। ਇਨ੍ਹਾਂ ਗੁਣਾਂ ਕਰਕੇ ਹੀ ਕਾਮਰੇਡ ਅਮਰ ਸਿੰਘ ਪਿੰਡ ਅੱਚਰਵਾਲ ਦਾ ਹੀ ਨਹੀਂ, ਇਲਾਕੇ ਦਾ ਸਿਖਰ ਸੀ। ਸਿਖਰ 'ਤੇ ਪਹੁੰਚਣ ਲਈ ਕੇਵਲ ਨਕਸਲਾਈਟ ਸਮੇਂ ਪੰਜਾਬ ਦੀ ਅਗਵਾਈ ਦਸਤੇ ਵਿਚ ਸ਼ਾਮਲ ਹੋ ਕੇ ਆਪਣਾ ਘਰ ਘਾਟ ਜਬਤ ਕਰਾਉਣਾ ਹੀ ਨਹੀਂ, ਨਾ ਹੀ ਇਕੱਲਾ ਦਹਾਕਿਆਂਬੱਧੀ ਪਿੰਡ ਦੀ ਸਰਪੰਚੀ ਕਰਨਾ ਸੀ। ਇਨ੍ਹਾਂ ਮੰਜ਼ਿਲਾਂ 'ਤੇ ਪਹੁੰਚਣ ਲਈ ਬਹੁਤ ਸਾਰੇ ਗੁਣਾਂ ਦਾ ਹੋਣਾ ਜ਼ਰੂਰੀ ਹੁੰਦਾਹੈ ਜੋ ਕਾਮਰੇਡ ਅਮਰ ਸਿੰਘ ਵਿਚ ਮੌਜੂਦ ਸਨ। ਸਭ ਤੋਂ ਵੱਡੀ ਗੱਲ ਸੀ ਲੋਕਾਂ ਦਾ ਵਿਸ਼ਵਾਸ ਜਿੱਤਣਾ। ਉਸ ਦੀ ਕਹੀ ਗੱਲ 'ਤੇ ਵਿਰੋਧੀਆਂ ਨੂੰ ਵੀ ਸਬਰ ਕਰਨਾ ਪੈਂਦਾ ਸੀ। ਕਾਮਰੇਡ ਦੇ ਕਿਰਦਾਰ ਨੂੰ ਇਹ ਗੁਣ ਹੋਰ ਵੀ ਅਮੀਰ ਬਣਾਉਂਦਾ ਸੀ ਕਿ ਉਸ ਨੇ ਆਪਣੀ ਮਾਨਸਿਕ ਅਵਸਥਾ ਨੂੰ ਸਦਾ ਸਹਿਜਤਾ ਵਿਚ ਰੱਖਿਆ। ਇਸ ਸਹਿਜ ਅਵਸਥਾ ਨੂੰ ਕਾਮਰੇਡ ਲਾਲ ਸਿੰਘ ਕਾਲਸਾਂ ਜੋ ਅਮਰ ਸਿੰਘ ਦਾ ਅੰਡਰਗਰਾਊਂਡ ਸਾਥੀ ਸੀ, ਇਕ ਲੇਖ ਵਿਚ ਬਿਆਨਦਾ ਲਿਖਦਾ ਹੈ,

"ਨਕਸਲਬਾੜੀ ਪਾਰਟੀ ਨੇ ਜਦ ਵੀ ਹਥਿਆਰਬੰਦ ਐਕਸ਼ਨ ਕੀਤਾ, ਅਮਰ ਸਿੰਘ ਉਸ ਵਿਚ ਮੋਹਰੀ ਹੁੰਦਾ। ਜਦ ਚਮਕੌਰ ਸਾਹਿਬ ਥਾਣੇ 'ਤੇ ਪਾਰਟੀ ਨੇ ਹਮਲਾ ਕੀਤਾ, ਉਸ ਸਮੇਂ ਅਮਰ ਸਿੰਘ ਹੀ ਸੀ ਜੋ ਬਿਨਾਂ ਕਿਸੇ ਘਬਰਾਹਟ ਤੋਂ ਥਾਣੇ ਅੰਦਰ ਪੁਲਿਸ 'ਤੇ ਗੋਲੀਆਂ ਦਾਗਦਾ ਰਿਹਾ। ਇਹੀ ਹਾਲਤ ਉਸ ਦੀ ਕਿਲ੍ਹਾ ਹਕੀਮਾਂ ਦੇ ਫਾਰਮ 'ਤੇ ਕਬਜ਼ਾ ਲੈਣ ਦੀ ਸੀ। ਉਸ ਦਾ ਇਹ ਗੁਣ ਐਕਸ਼ਨ ਸਮੇਂ ਦੇ ਸਾਥੀਆਂ ਲਈ ਵੀ ਖਿੱਚ ਦਾ ਕੇਂਦਰ ਸੀ।"

ਕਾ. ਅਮਰ ਸਿੰਘ ਨੂੰ ਸ਼ਹੀਦ ਹੋਇਆਂ 28 ਸਾਲ (1992 ਤੋਂ 2020) ਦਾ ਸਮਾਂ ਹੋ ਚੁੱਕਾ ਹੈ। ਕਤਲ ਕਰਕੇ ਉਸ ਦਾ ਨਾਂਅ ਮਿਟਾਉਣ ਵਾਲੇ ਲੋਕ ਆਪ ਮਿਟ ਗਏ ਹਨ। ਅਮਰ ਸਿੰਘ ਅੱਜ ਵੀ ਜਿਉਂਦਾ ਹੈ। ਉਹ ਕਾਲੀਆਂ ਤਾਕਤਾਂ ਵਿਰੁੱਧ ਜੂਝਿਆ ਸੀ ਤੇ ਜੂਝਦਿਆਂ ਹੀ ਰੁਖ਼ਸਤ ਹੋਇਆ। 12 ਸਤੰਬਰ 1992 ਨੂੰ ਉਹ ਸ਼ਹੀਦ ਹੋਇਆ। 12 ਸਤੰਬਰ 1993 ਨੂੰ ਉਸ ਦੀ ਪਹਿਲੀ ਬਰਸੀ ਸੀ। ਇਹ ਬਰਸੀ ਲਗਾਤਾਰ ਮਨਾਈ ਜਾ ਰਹੀ ਹੈ। ਹਰ ਸਾਲ ਬਰਸੀ ਮੌਕੇ ਝੰਡਾ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵਲੋਂ ਝੁਲਾਇਆ ਜਾਂਦਾ ਹੈ। ਗ਼ਦਰੀ ਬਾਬਿਆਂ ਦੇ ਮੇਲੇ ਦੇ ਪੈਰ-ਚਿੰਨ੍ਹਾਂ 'ਤੇ ਚਲਦਿਆਂ ਇਹ ਬਰਸੀ ਸਾਂਝੀ ਖੱਬੀ ਧਿਰ ਦੀ ਸਟੇਜ ਹੈ। ਬਰਸੀ ਮਨਾਉਣ ਵਾਲੀ ਕਮੇਟੀ ਪਹਿਲੇ ਦਿਨ ਤੋਂ ਹੀ ਇਸ ਅਕੀਦੇ 'ਤੇ ਦ੍ਰਿੜ੍ਹ ਹੈ।

ਅਮਰ ਸਿੰਘ ਵਰਗੀ ਸਾਦਗੀ, ਸੁਹਿਰਦਤਾ, ਸੰਜੀਦਗੀ, ਕਿਸੇ ਵਿਰਲੇ ਇਨਸਾਨ ਵਿਚ ਹੀ ਆਉਂਦੀ ਹੈ। ਉਸ ਦਾ ਦਰਮਿਆਨਾ ਕੱਦ, ਗੱਠਿਆ ਸਰੀਰ, ਸਾਂਵਲਾ ਰੰਗ ਤੇ ਅੰਗ-ਅੰਸ ਫੁਰਤੀਲਾ ਸੀ। ਉਹ ਲੋਕਾਂ ਵਿਚ ਹਰਮਨਪਿਆਰਤਾ ਰੱਖਣ ਵਾਲਾ ਮਨੁੱਖ, ਇਲਾਕੇ ਦੇ ਹਰ ਪ੍ਰਾਣੀ ਦਾ ਹੀ ਆਪਣਾ ਅਮਰ ਸੀ। ਲੋਕ ਉਸ ਨੂੰ ਇਲਾਕੇ ਦੀ ਸ਼ਾਨ ਸਮਝਦੇ ਸਨ। ਇਕ ਧਾਰਨਾ ਹੈ :

**ਇਕ ਸੱਚੀ ਇਕ ਪਿੰਡ ਵਿਚ,**
**ਬੰਦੇ ਦੋ ਜਾਂ ਚਾਰ।**
**ਸ਼ਾਨਮੱਤਾ ਹੁੰਦਾ ਹੈ,**
**ਜਿਨ੍ਹਾਂ ਦਾ ਕਿਰਦਾਰ।**

ਅਮਰ ਸਿੰਘ ਉਨ੍ਹਾਂ ਵਿਚੋਂ ਇਕ ਸੀ। ਉਹਦੇ ਵਰਗਾ ਮਨੁੱਖ ਘਰ-ਘਰ ਨਹੀਂ ਜੰਮਦਾ। ਉਸ ਦੀ ਸੋਚ ਇਲਾਕੇ ਦੀਆਂ ਹੱਦਾਂ ਅੰਦਰ ਕੈਦ ਹੋਣ ਵਾਲੀ ਨਹੀਂ ਸੀ। ਉਹ ਸਾਂਝਾ ਮਨੁੱਖ ਸੀ। ਵਾਹ ਪਿਆ ਹਰ ਮਨੁੱਖ ਹੀ ਉਸ 'ਤੇ ਆਪਣਿਆਂ ਵਾਲੀ ਮੇਰ ਕਰਦਾ। ਉਸ ਦੀਆਂ ਰਗਾਂ ਵਿਚ ਪਿੰਡ ਦੇ ਉਨ੍ਹਾਂ ਇਨਕਲਾਬੀ ਪੁਰਖਿਆਂ ਦਾ ਖ਼ੂਨ ਦੌੜਦਾ ਸੀ, ਜਿਨ੍ਹਾਂ ਨੇ ਆਪਣੀਆਂ ਜ਼ਿੰਦੜੀਆਂ ਨਿਛਾਵਰ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਉਨ੍ਹਾਂ ਰਾਹਾਂ 'ਤੇ ਤੁਰਦਾ ਇਹ ਯੋਧਾ ਵੀ ਉਨ੍ਹਾਂ ਦੀ ਕਤਾਰ ਵਿਚ ਜਾ ਖੜ੍ਹਾ ਹੋਇਆ।

ਉਹ ਆਪਣੇ ਸਿਰ ਪਈ ਵੱਡੀ ਭੀੜ ਨੂੰ ਜ਼ਿੰਦਗੀ ਦੇ ਵਰਤਾਰੇ ਦੀ ਸਧਾਰਣ ਭੀੜ ਸਮਝ ਕੇ ਅੱਗੇ ਲੰਘ ਜਾਂਦਾ। ਹਾਂ, ਬਹੁਤ ਸਾਰੇ ਮੌਕੇ ਅਜਿਹੇ ਵੇਖੇ, ਜਦ ਲੋਕ ਮੁਸੀਬਤ ਵਿਚ ਫਸੇ ਸਿਰ ਫੜ ਕੇ ਸੋਚ ਰਹੇ ਹੁੰਦੇ, ਪਰ ਉਨ੍ਹਾਂ ਨੂੰ ਸੁਝਦਾ ਕੁਝ ਨਾ। ਜਦ ਉਨ੍ਹਾਂ ਵਿਚ ਕਾਮਰੇਡ ਅਮਰ ਆ ਹਾਜ਼ਰ ਹੁੰਦਾ ਤਾਂ ਸਭ ਸਰੀਰਾਂ ਵਿਚ ਹੌਸਲੇ ਦੀ ਹਰਕਤ ਆ ਜਾਂਦੀ। ਸਭ ਦਿਲਗੀਰੀਆਂ ਦੂਰ ਹੋ ਜਾਂਦੀਆਂ। ਢੇਰੀਆਂ ਢਾਹ ਕੇ ਬੈਠੇ ਲੋਕਾਂ ਦੀ ਮਾਨਸਿਕਤਾ ਉਹ ਨਾ ਰਹਿੰਦੀ ਜੋ ਉਨ੍ਹਾਂ ਦੀ ਗੈਰ ਹਾਜ਼ਰੀ ਸਮੇਂ ਹੁੰਦੀ। ਉਹ ਆ ਕੇ ਕਿਸੇ ਨੂੰ ਕੁਝ ਕਹੇ ਜਾ ਨਾ ਕਹੇ, ਇਸ ਨਾਲ ਲੋਕਾਂ ਨੂੰ ਕੋਈ ਵਾਸਤਾ ਨਾ ਹੁੰਦਾ। ਇਹ ਤਾਂ ਸਿਰਫ਼ ਉਸ ਦੀ ਹਾਜ਼ਰੀ ਦੀ ਕਰਾਮਾਤ ਹੁੰਦੀ। ਉਹ ਅਮਲਾਂ ਦਾ ਧਾਰਨੀ ਲੋਕਾਂ ਦਾ ਸੱਚਾ ਮਸੀਹਾ ਸੀ। ਹਰ ਮੁਸੀਬਤ ਨੂੰ ਆਪਣੇ ਸਿਰ ਲੈ ਕੇ ਲੋਕਾਂ ਨੂੰ ਬੇਫਿਕਰ ਕਰ ਦਿੰਦਾ। ਅਮਲ ਬਿਨਾਂ ਗਿਆਨ ਨੂੰ ਸ਼ਬਦਾਂ ਦਾ ਹੇਰ-ਫੇਰ ਦੱਸਦਾ। ਉਹ ਜਿੰਦਾਦਿਲ ਮਨੁੱਖ ਜ਼ਹੀਨ ਬੁੱਧੀ ਦਾ ਮਾਲਕ ਸੀ। ਉਸ ਦੇ ਤੁਰ ਜਾਣ ਤੋਂ ਬਾਅਦ ਗਲੀਆਂ ਸੁੰਨੀਆਂ ਤੇ ਰਾਹ ਉਦਾਸ ਲਗਦੇ ਹਨ।

ਲੋਕ ਦੂਰ-ਦੂਰ ਤੱਕ ਕਾਮਰੇਡ ਦਾ ਸਿੱਕਾ ਮੰਨਦੇ ਸਨ। ਉਹ ਸਮਝਦੇ ਸਨ, ਕਾਮਰੇਡ ਨੇ ਜਿਸ ਨਾਲ ਟੱਕਰ ਲਈ, ਕਦੇ ਪਿਛੇ ਨਹੀਂ ਹਟਿਆ। ਉਸ ਦੀ ਲੜਾਈ ਅਸੂਲ ਦੀ ਲੜਾਈ ਸੀ। ਅਸੂਲ ਲਈ ਉਹ ਮਰ ਮਿਟਣ ਨੂੰ ਤਿਆਰ ਰਹਿੰਦਾ ਸੀ। ਇਸ ਸੁਭਾਅ ਤੋਂ ਹਰ ਬੰਦਾ ਹੀ ਭੈਅ ਖਾਂਦਾ ਸੀ। ਉਸ ਦਾ ਇਰਾਦਾ ਚੱਟਾਨ ਵਰਗਾ ਮਜ਼ਬੂਤ ਸੀ ਤੇ ਮਨ ਸਮੁੰਦਰ ਵਾਂਗ ਡੂੰਘਾ। ਜ਼ਿੰਦਗੀ ਵਿਚ ਕਈ ਸਿਆਸੀ ਲੀਡਰਾਂ ਨਾਲ ਵੱਡੀਆਂ ਟੱਕਰਾਂ ਵੀ ਲਈਆਂ। ਇਕ ਸਿਆਸੀ ਨੇਤਾ ਨਾਲ ਸਾਲਾਂਬੱਧੀ ਅਦਾਲਤਵਿਚ ਕੇਸ ਚੱਲਿਆ। ਜਦ ਉਸ ਲੀਡਰ ਨੂੰ ਕੋਈ ਵਾਹ ਜਾਂਦੀ ਨਾ ਦਿਸੀ ਤਾਂ ਆਖਰ ਕਾਮਰੇਡ ਦੇ ਕੋਲ ਖ਼ੁਦ ਪਹੁੰਚ ਗਿਆ। ਅੱਗੋਂ ਅਮਰ ਸਿੰਘ ਨੇ ਵੀ ਹੱਸ ਕੇ ਜੀ ਆਇਆਂ ਆਖਿਆ। ਜਦ ਗੱਲਬਾਤ ਚਾਲੂ ਹੋਈ ਤਾਂ ਅਮਰ ਸਿੰਘ ਕਹਿਣ ਲੱਗਾ, "ਮੈਂ ਤੈਨੂੰ ਕੀ ਕਹਿਣੈ, ਕਿਵੇਂ ਤੇਰੀ ਮਰਜ਼ੀ ਆ ਕਰ ਲੈ। ਤੂੰ ਆਪਣੇ ਵਕੀਲ ਤੋਂ ਹੀ ਲਿਖਵਾ ਲਈ, ਜਿਹੜਾ ਕੁਝ ਲਿਖਵਾਉਣਾ, ਅਸੀਂ ਦਸਤਖ਼ਤ ਕਰ ਦਿਆਂਗੇ।" ਇਸ ਤਰ੍ਹਾਂ ਵਰ੍ਹਿਆਂ ਦੀ ਗੱਲ ਦੋ ਹਰਫ਼ਾਂ ਵਿਚ ਮੁਕਾ ਦਿੱਤੀ।

ਚਾਹ-ਪਾਣੀ ਪੀਣ ਸਮੇਂ ਹਾਸਾ-ਠੱਠਾ ਚਲਦਿਆਂ ਲੀਡਰ ਬੋਲਿਆ, "ਤੇਰੇ ਹੱਥ 'ਚ ਫੜੀ ਮੋਡੀ ਮੈਨੂੰ ਬੜਾ ਤੰਗ ਕਰਦੀ ਐ।"

"ਕਿਉਂਕਿ"

"ਕਿਉਂ ਕੀ, ਜਿਥੇ ਠੀਕ ਲਗਦੈ, ਮੇਰੇ ਮੂਹਰੇ ਗੱਡ ਦਿਨਾ।" ਇਹ ਕਹਿੰਦਿਆਂ ਹਸਦਾ-ਹਸਦਾ ਵਿਦਾ ਹੋਇਆ।

ਦੇਖਣੀ-ਪਾਖਣੀ ਉਹ ਇਕ ਸਾਧਾਰਣ ਵਿਅਕਤੀ ਸੀ। ਲੀਡਰਾਂ ਵਾਲੀ ਚਮਕ-ਦਮਕ ਉੱਕਾ ਨਹੀਂ ਸੀ। ਜਿਹੋ ਜਿਹਾ ਮਿਲ ਗਿਆ ਖਾਹ ਲਿਆ। ਜਿਹੋ ਜਿਹਾ ਮਿਲ ਗਿਆ ਪਹਿਨ ਲਿਆ। ਉਸ ਦੀ ਸੁੰਦਰਤਾ ਉਸ ਦੇ ਅੰਦਰ ਲੁਕੀ ਹੋਈ ਸੀ। ਉਹ ਨਿਰਛਲ ਰੂਹ ਸੀ। ਨਿਰਛਲ ਰੂਹਾਂ ਦੇ ਦਰਸ਼ਨ ਉਹਨਾਂ ਦੇ ਕੀਤੇ ਕੰਮਾਂ ਵਿਚੋਂ ਹੁੰਦੇ ਹਨ। ਚੰਗਾ ਇਨਸਾਨ ਬਣਨਾ ਉਸ ਦਾ ਆਦਰਸ਼ ਸੀ। ਉਸ ਨੂੰ ਪਤਾ ਸੀ ਚੰਗਾ ਇਨਸਾਨ ਬਣਨ ਦੇ ਰਸਤੇ ਵਿਚ ਕੀ ਕੀ ਦਿੱਕਤਾਂ ਆਉਂਦੀਆਂ ਹਨ। ਉਹ ਉਨ੍ਹਾਂ ਨੂੰ ਸਰ ਕਰਨਾ ਵੀ ਜਾਣਦਾ ਸੀ। ਉਸ ਨੇ ਇੱਛਾਵਾਂ ਮਗਰ ਭੱਜਣਾ ਕਦੇ ਸੋਚਿਆ ਵੀ ਨਹੀਂ ਸੀ। ਪਤਾ ਸੀ ਇੱਛਾਵਾਂ ਹਮੇਸ਼ਾ ਉਹੀ ਮਹੱਤਵਪੂਰਨ ਹੁੰਦੀਆਂ ਹਨ ਜੋ ਹਕੀਕਤ ਦੇ ਆਧਾਰਤ ਹੋਣ।

1965 ਦੇ ਕਰੀਬ ਦੀ ਗੱਲ ਹੈ, ਡੀਜ਼ਲ ਤੇਲ ਦੀ ਬੜੀ ਕਮੀ ਹੋ ਗਈ। ਲੋਕ ਕਈ-ਕਈ ਦਿਨ ਪੈਟਰੋਲ ਪੰਪਾਂ 'ਤੇ ਬੈਠੇ ਉਡੀਕ ਕਰਦੇ ਸਨ। ਜਦ ਤੇਲ ਦੀ ਗੱਡੀ ਆਉਂਦੀ ਤਾਂਸਾਰਿਆਂ ਨੂੰ ਤੇਲ ਮਿਲਣ ਤੋਂ ਪਹਿਲਾਂ ਹੀ ਖਾਲੀ ਹੋ ਜਾਂਦੀ। ਤਸਕਰ ਲੋਕ ਬਲੈਕ ਵਿਚ ਤੇਲ ਵੇਚਦੇ ਸਨ। ਅਜਿਹੀ ਇਕ ਗੱਡੀ ਅੱਚਰਵਾਲ ਪਿੰਡ ਵਿਚਦੀ ਲੰਘ ਰਹੀ ਸੀ। ਸਰਪੰਚ ਅਮਰ ਸਿੰਘ ਨੇ ਲੋਕਾਂ ਨੂੰ ਨਾਲ ਲਿਆ ਤੇ ਗੱਡੀ ਕਾਬੂ ਕਰ ਲਈ। ਸਾਰੇ ਪਿੰਡ ਦੇ ਕਿਸਾਨਾਂ ਦੀ ਸੂਚੀ ਤਿਆਰ ਕੀਤੀ ਤੇ ਬਣਦੇ ਤੇਲ ਦੀ ਵੰਡ ਕਰ ਦਿੱਤੀ ਗਈ। ਜਦ ਗੱਡੀ ਦੇ ਮਾਲਕ ਨੂੰ ਪਤਾ ਲੱਗਿਆ ਤਾਂ ਉਹ ਅੱਚਰਵਾਲ ਪਹੁੰਚ ਗਿਆ। ਪੰਚਾਇਤ ਨੇ ਤੇਲ ਦੀ ਕੀਮਤ ਉਸ ਨੂੰ ਦੇ ਦਿੱਤੀ। ਉਹ ਖ਼ੁਸ਼ ਹੋ ਕੇ ਲੈ ਗਿਆ। ਤਸਕਰ ਨੂੰ ਆਪਣੇ ਪੈਸੇ ਮਰਨ ਦਾ ਅਤੇ ਥਾਣੇ ਵਿਚ ਰਿਪੋਰਟ ਹੋਣ ਦਾ ਡਰ ਸੀ, ਜੋ ਉਤਰ ਗਿਆ ਸੀ।

ਅਜਿਹੇ ਦਲੇਰੀ ਭਰੇ ਕਾਰਨਾਮੇ ਗਿਣਤੀਓਂ ਬਾਹਰ ਹਨ। ਸੁਭਾਅ ਪੱਖੋਂ ਅੱਤ ਦਾ ਸਰੀਫ਼ ਤੇ ਅੱਤ ਦਾ ਹੀ ਖਾੜਕੂ ਸੀ। ਛੇਤੀ ਕੀਤੇ ਉਹ ਘਾਬਰਦਾ ਨਹੀਂ ਸੀ ਤੇ ਜੇ ਸਿਰੋਂ ਪਾਣੀ ਲੰਘੇ ਤਾਂ ਬਰਦਾਸ਼ਤ ਵੀ ਨਹੀਂ ਸੀ ਕਰਦਾ। ਉਹ ਸਮਕਾਲੀ ਪ੍ਰਸਥਿਤੀਆਂ ਨਾਲ ਨਜਿੱਠਣ ਜਾਣਦਾ ਸੀ। ਸਮਕਾਲੀ ਪ੍ਰਸਥਿਤੀਆਂ ਹੀ ਉਸ ਦੀ ਸ਼ਖ਼ਸੀਅਤ ਨੂੰ ਘੜਨ, ਸੰਵਾਰਨ ਤੇ ਵਿਦਵਤਾ ਬਣਾਉਣ ਵਿਚ ਸਹਾਈ ਹੁੰਦੀਆਂ। ਜਦੋਂ ਉਹ ਪਹਿਲੀ ਵਾਰ ਸਰਪੰਚ ਬਣਿਆ ਉਦੋਂ ਉਸ ਦੀ ਉਮਰ 32-33 ਸਾਲ ਦੇ ਕਰੀਬ ਸੀ। ਸੁਧਾਰ ਦੇ ਹਸਪਤਾਲ ਵਿਚ ਇਕ ਮਰੀਜ਼ ਨੂੰ ਲੈ ਕੇ ਗਿਆ। ਅੱਗੋਂ ਡਾਕਟਰ ਦਿਨ ਦੀ ਡਿਊਟੀ ਸਮੇਂ ਸ਼ਰਾਬੀ ਹਾਲਤ ਵਿਚ ਮਿਲਿਆ। ਅਮਰ ਸਿੰਘ ਮਰੀਜ਼ ਬਾਰੇ ਬੇਨਤੀ ਕਰੇ, ਉਹ ਅੱਗੋਂ ਹੋਰ ਬੋਲੇ। ਜਾਂਦੀ ਵਾਹ ਨਾ ਵੇਖ ਕੇ ਉਸ ਨੇ ਆਪਣੇ ਸਿਰ ਦਾ ਪਰਨਾ ਹੀ ਡਾਕਟਰ ਦੇ ਗਲ 'ਚ ਪਾ ਕੇ ਘੜੀਸ ਲਿਆ।

ਇਕ ਦਫ਼ਾ ਨਾਲੀਆਂ ਸਾਫ਼ ਕਰਨ ਵਾਲੇ ਅਮਲੀ ਗੁਰਦਿਆਲ ਸਿੰਘ ਦੇ ਘਰੋਂ ਪੁਲਿਸ ਨੇ ਸ਼ਰਾਬਦਾ ਘੜਾ ਫੜ ਲਿਆ। ਅਚਾਨਕ ਅਮਰ ਸਿੰਘ ਵੀ ਉਥੇ ਪਹੁੰਚ ਗਿਆ। ਉਸ ਨੇ ਹੌਲਦਾਰ ਨੂੰ ਸਮਝਾਇਆ ਤੇ ਸ਼ਰਾਬ ਦਾ ਘੜਾ ਪੁਲਿਸ ਤੋਂ ਹੀ ਵਾਪਸ ਉਸ ਦੇ ਘਰ ਰਖਵਾਇਆ। ਪੁਲਿਸ ਨੂੰ ਪਤਾ ਸੀ ਜੇ ਘੜਾ ਨਾ ਛੱਡਿਆ ਤਾਂ ਸਰਪੰਚ ਨੇ ਭੰਨ ਦੇਣਾ ਹੈ। ਸਾਡੇ ਹੱਥ ਪੱਲੇ ਫੇਰ ਵੀ ਕੁਝ ਨਹੀਂ ਆਉਣਾ। ਉਹ ਜਿਸ ਗੱਲ ਨੂੰ ਦਰੁਸਤ ਸਮਝਦਾ, ਫਿਰ ਭਾਵੇਂ ਸਿਰ ਤੋਂ ਦੀ ਗੱਡੇ ਲੰਘ ਜਾਣ, ਪਰ ਜੇ ਕੋਈ ਜਾਣ ਬੁਝ ਕੇ ਵਧੀਕੀ ਕਰਦਾ ਤਾਂ ਸੂਈ ਪਰਨੇ ਖੜ੍ਹਾ ਹੋ ਜਾਂਦਾ।

ਪ੍ਰੋ. ਪੂਰਨ ਸਿੰਘ ਦਾ ਕਥਨ ਇਸ 'ਤੇ ਪਰਾ ਢੁੱਕਦਾ ਹੈ।

"ਇਹ ਬੇ-ਪ੍ਰਵਾਹ ਜਵਾਨ ਪੰਜਾਬ ਦੇ
ਮੌਤ ਨੂੰ ਮਖੌਲਾਂ ਪਏ ਕਰਨ
ਮਰਨ ਥੀਂ ਨਾ ਡਰਦੇ
ਟੈਂ ਨਾ ਝੱਲਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰ ਕੇ।

1967 ਵਿਚ ਨਕਸਲਬਾੜੀ ਵਿਚਾਰਧਾਰਾ ਦਾ ਜਨਮ ਲੰਬੇ ਸਮੇਂ ਤੋਂ ਰਾਜ ਸੰਭਾਲੀ ਬੈਠੀ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਸਟੇਟ ਬੰਗਾਲ ਵਿਚ ਹੋਇਆ। ਇਸ ਪਾਰਟੀ ਦੀ ਪਹਿਲੀ ਘਟਨਾ ਬੰਗਾਲ ਸੂਬੇ ਦੇ ਪਿੰਡ ਨਕਸਲਬਾੜੀ ਵਿਚ ਹੋਣ ਕਾਰਨ ਇਸ ਪਾਰਟੀ ਦਾ ਨਾਂ ਨਕਸਲਬਾੜੀ ਪੈ ਗਿਆ। ਇਸ ਘਟਨਾ ਹਿੰਦੁਸਤਾਨ ਦੀ ਕਮਿਊਨਿਸਟ ਵਿਚਾਰਧਾਰਾ ਵਿਚ ਹਿਲਜੁਲ ਪੈਦਾ ਕਰ ਦਿੱਤੀ। 1968 ਵਿਚ ਪੰਜਾਬ ਦੇ ਗਰਮ ਖ਼ਿਆਲੀ ਕਮਿਊਨਿਸਟਾਂ ਨੇ ਵੀ ਇਸ ਵਿਚਾਰਧਾਰਾ ਨੂੰ ਅਪਣਾਅ ਕੇ ਆਪਣੀ ਹੋਂਦ ਪੈਦਾ ਕਰ ਲਈ। ਪਾਰਟੀ ਦਾ ਨਾਂਅ ਰੱਖਿਆ ਗਿਆ ਸੀ, ਸੀ.ਪੀ.ਆਈ.ਐਮ. ਐਲ. (ਕਮਿਊਨਿਸਟ ਪਾਰਟੀ ਆਫ਼ ਇੰਡੀਆ ਮਾਰਕਸਵਾਦੀ ਲੈਨਿਨਵਾਦੀ) ਇਸ ਪਾਰਟੀ ਨੇ ਵੱਡੀ ਸੱਟ ਮਾਰਕਸੀ ਕਮਿਊਨਿਸਟ ਪਾਰਟੀ 'ਤੇ ਮਾਰੀ। ਨਕਸਲਬਾੜੀ ਪਾਰਟੀ ਵਿਚ ਆਉਣ ਵਾਲੇ ਕਾਰਕੁੰਨ ਜ਼ਿਆਦਾਤਰ ਇਸ ਪਾਰਟੀ ਵਿਚੋਂ ਹੀ ਆਏ। ਤੱਤਾ ਨਾਅਰਾ ਹੋਣ ਕਾਰਨ ਇਸ ਪਾਰਟੀ ਨੇ ਪੰਜਾਬ ਦੇ ਤੱਤੇ ਲਹੂ (ਜਵਾਨੀ) ਨੂੰ ਆਪਣੇ ਵੱਲ ਖਿੱਚ ਲਿਆ। ਕਾਮਰੇਡ ਅਮਰ ਸਿੰਘ ਵੀ ਮਾਰਕਸੀ ਪਾਰਟੀ ਨੂੰ ਛੱਡ ਕੇ ਆਉਣ ਵਾਲਿਆਂ ਵਿਚੋਂ ਇਕ ਸੀ।

ਕਾਮਰੇਡ ਅਮਰ ਸਿੰਘ ਦਾ ਜਨਮ ਕਰਮ ਰਘਬੀਰ ਸਿੰਘ ਡਿਸਟਿਕ ਬੋਰਡ ਹਾਈ ਸਕੂਲ ਰਾਏਕੋਟ, ਜਿਸ ਨੂੰ ਹੁਣ ਮਹਾਂਵੀਰ ਸੀਨੀਅਰ ਸੈਕੰਡਰੀ ਸਕੂਲ ਆਖਦੇ ਹਨ, ਦੇ ਰਿਕਾਰਡ ਮੁਤਾਬਕ 12 ਅਗਸਤ 1929 ਦਾ ਹੈ। ਪਿਤਾ ਦਾ ਨਾਂ ਕੁੰਡਾ ਸਿੰਘ ਜੋ ਅਮਰ ਸਿੰਘ ਵਾਂਗ ਹੀ ਦਲੇਰ ਤੇ ਲੱਠਮਾਰ ਮਨੁੱਖ ਸੀ। 1952 ਵਿਚ ਜਦ ਪੰਚਾਇਤ ਦੀ ਪਹਿਲੀ ਚੋਣ ਹੋਈ ਤਾਂ ਪਿੰਡ ਦਾ ਪਹਿਲਾ ਸਰਪੰਚ ਬਣਨ ਦਾ ਮਾਣ ਵੀ ਸ੍ਰ. ਕੁੰਡਾ ਸਿੰਘ ਨੂੰ ਹੀ ਮਿਲਿਆ। ਇਸ ਦੇ ਪੁੱਤਰ ਕਾਮਰੇਡ ਅਮਰ ਸਿੰਘ ਦੀ ਸਕੂਲੀ ਪੜ੍ਹਾਈ ਕੋਈ ਬਹੁਤੀ ਨਹੀਂ ਸੀ। ਸੱਤ ਅੱਠ ਉਰਦੂ ਜਮਾਤਾਂ ਹੀ ਪੜ੍ਹਿਆ ਸੀ, ਪਰ ਸਿਆਸਤ ਵਿਚ ਪੈਣ ਕਾਰਨ ਇਸ ਨੇ ਹਿੰਦੀ ਤੇ ਅੰਗਰੇਜ਼ੀ ਵੀ ਸਿੱਖ ਲਈ ਸੀ। ਮਾਰਕਸੀ ਵਿਚਾਰਧਾਰਾ ਦਾ ਅਧਿਐਨ ਜ਼ਿਆਦਾ ਉਸ ਨੇ ਹਿੰਦੀ ਤੇ ਅੰਗਰੇਜ਼ੀ ਵਿਚ ਹੀ ਕੀਤਾ। ਪਾਰਟੀ ਸਕੂਲ ਉਸ ਦੀ ਪੜ੍ਹਾਈ ਦੇ ਮੁੱਖ ਸਰੋਤ ਸਨ।

ਅਮਰ ਸਿੰਘ ਨੇ ਜਦ ਜਵਾਨੀ ਵਿਚ ਪੈਰ ਧਰਿਆ ਤਾਂ ਉਸ ਸਮੇਂ ਮਾਲਵੇ ਦੇ ਪਿੰਡਾਂ ਵਿਚ ਡਾਕੂਆਂ ਦਾ ਬੜਾ ਬੋਲਬਾਲਾ ਸੀ। ਇਸ ਬੋਲਬਾਲੇ ਦਾ ਅਸਰ ਅਮਰ ਸਿੰਘ 'ਤੇ ਵੀ ਪਿਆ। ਚੜ੍ਹਦੀ ਉਮਰੇ ਹੀ ਇਸ ਨੇ ਆਪਣੇ ਭਣੋਈਏ ਭਾਨ ਸਿੰਘ ਉਮਰਪੁਰ ਜਿਸ ਨਾਲ ਇਸ ਦਾ ਮਿੱਤਰਾਂ ਵਾਲਾ ਸਨੇਹ ਵੀ ਸੀ, ਨਾਲ ਰਲ ਕੇ ਯੂ.ਪੀ. ਦੇ ਸ਼ਹਿਰ ਬੁੰਦੀਕੋਟਾ ਦੇ ਨੇੜੇ ਇਕ ਪਿੰਡ ਵਿਚ ਡਾਕਾ ਮਾਰਿਆ। ਡਾਕਾ ਮਾਰਨ ਵਿਚ ਇਸ ਤੋਂ ਬਿਨਾਂ ਪਿੰਡ ਦਾ ਹੀ ਮਿਸਤਰੀ ਗੁਰਦਿਆਲ ਸਿੰਘ, ਗੁਰਦਿਆਲ ਸਿੰਘ ਕਵੀਸ਼ਰ ਬੁਰਜ ਹਕੀਮਾਂ, ਮੁਨਸ਼ਾ ਸਿੰਘ ਹਰਦਾਸਪੁਰਾ ਤੇ ਉਜਾਗਰ ਸਿੰਘ ਫੇਰੂਰਾਈਂ ਸਨ। ਉਸ ਡਾਕੇ ਵਿਚ ਇਨ੍ਹਾਂ ਦੇ ਹੱਥ ਪੱਲੇ ਤਾਂ ਕੁਝ ਨਾ ਪਿਆ, ਸਗੋਂ ਹਥਿਆਰਾਂ ਵਾਲੀ ਉਹ ਪੇਟੀ ਜਿਸ ਵਿਚ ਹਥਿਆਰ ਟਿਕਾਣਿਆਂ ਦਾ ਪਤਾ ਨਹੀਂ ਸੀ ਲਗਦਾ, ਵੀ ਯੂ.ਪੀ. ਛੱਡ ਪੰਜਾਬ ਆਉਣਾ ਪਿਆ। ਇਸ ਡਾਕੇ ਤੋਂ ਬਾਅਦ ਅਮਰ ਸਿੰਘ ਨੂੰ 10 ਨੰਬਰ ਵਿਚ ਕਰ ਦਿੱਤਾ ਤੇ ਸਾਰੀ ਉਮਰ ਇਸ ਖਾਨੇ 'ਚੋਂ ਬਾਹਰ ਨਾ ਕੱਢਿਆ, ਜਦਕਿ ਲੰਮਾ ਸਮਾਂ ਪਿੰਡ ਦਾ ਸਰਪੰਚ ਵੀ ਰਿਹਾ।

ਬੇਸ਼ੱਕ ਸਿਆਸੀ ਲੀਡਰਾਂ ਦਾ ਬੇੜਾ ਗਰਕ ਹੋ ਗਿਆ ਹੈ। ਸਰਮਾਏਦਾਰ ਪਾਰਟੀਆਂ ਦੇ ਸਾਰੇ ਲੀਡਰ ਹੀ 10 ਨੰਬਰੀਏ ਲਿਸਟ ਵਿਚ ਸ਼ਾਮਲ ਹੋਣ ਦੇ ਹੱਕਦਾਰ ਹਨ। ਪਰ ਕਾਮਰੇਡ ਅਮਰ ਸਿੰਘ ਇਨ੍ਹਾਂ ਲੁਟੇਰੇ ਲੀਡਰਾਂ ਨੂੰ ਖ਼ੁਦ ਨਫ਼ਰਤ ਕਰਨ ਵਾਲਾ ਤੇ ਮਨ ਨੀਵਾਂ ਮੱਤ ਉਚੀ ਵਾਲਾ ਮਨੁੱਖ ਸੀ। ਵੇਖਣ ਨੂੰ ਉਹ ਕੁੜਤੇ ਪਜਾਮੇ ਵਿਚ ਇਕ ਸਾਧਾਰਨ ਜੱਟ ਸੀ ਜਦ ਗੱਲ ਕਰਦਾ ਸੀ ਤਾਂ ਉਸ ਦੀ ਸੋਚ ਸਿਖਰਾਂ ਨੂੰ ਛੋਹਣ ਵਾਲੀ ਹੁੰਦੀ ਸੀ। ਉਸ ਦੀ ਬੋਲੀ ਤੇ ਬੋਲਣ ਢੰਗ ਵੀ ਸਾਧਾਰਣ ਲੋਕਾਂ ਵਾਲਾ ਹੁੰਦਾ ਸੀ। ਉਹ ਹਰ ਇਕ ਦੇ ਕੰਮ ਆਉਣ ਵਾਲਾ, ਸਿਰੜੀ ਤੇ ਦ੍ਰਿੜ ਇਰਾਦੇ ਦਾ ਮਾਲਕ ਸੀ। ਹਰ ਚੁਣੌਤੀ ਨੂੰ ਧੀਰਜ ਨਾਲ ਜਰਦਾ ਸੀ। ਕਿਸੇ ਮੁਸ਼ਕਿਲ ਨੂੰ ਵੇਖ ਕੇ ਘਬਰਾਉਂਦਾ ਨਹੀਂ ਸੀ। ਜਾਤ ਪਾਤ ਨੂੰ ਨਾ ਮੰਨਣ ਵਾਲਾ ਫਿਰਕੂ ਸੋਚ ਦਾ ਵਿਰੋਧੀ ਸੀ। ਵੱਖਰੀ ਰਾਇ ਰੱਖਣ ਵਾਲਿਆਂ ਨਾਲ ਈਰਖਾ ਨਹੀਂ ਸੀ ਕਰਦਾ। ਨਾ ਹੀ ਆਪਣੀ ਰਾਇ ਕਿਸੇ 'ਤੇ ਠੋਸਦਾ ਸੀ ਪਰ ਰਾਇ ਦੇਣ ਸਮੇਂ ਭਾਰੂ ਹੋ ਕੇ ਗੱਲ ਕਰਨ ਦਾ ਸੁਭਾਅ ਰੱਖਦਾ ਸੀ। ਉਸ ਵਿਚ ਉਦੇਸ਼ ਦੀ ਪ੍ਰਾਪਤੀ ਲਈ ਦ੍ਰਿੜ੍ਹਤਾ ਬੇਮਿਸਾਲ ਸੀ। ਇਨ੍ਹਾਂ ਵਿਚਾਰਾਂ ਦਾ ਧਾਰਨੀ ਹੋਣ ਕਰਕੇ ਉਹ ਇਲਾਕੇ ਦੇ ਹਰ ਮਨੁੱਖ ਦੇ ਦਿਲ ਵਿਚ ਵਸਦਾ ਹੈ।

ਸਿਆਸਤ ਵਿਚ ਆਉਣ ਸਮੇਂ ਉਸ ਦੀ ਪਹਿਲੀ ਪਾਰਟੀ ਸੋਸ਼ਲਿਸਟ ਪਾਰਟੀ ਸੀ ਜਿਸ ਦੀ ਅਗਵਾਈ ਇਸ ਇਲਾਕੇ ਦਾ ਲੀਡਰ ਸ੍ਰ. ਬਚਨ ਸਿੰਘ ਗੁਜ਼ਰਵਾਲ ਕਰਦਾ ਸੀ। ਜਦ ਪੰਜਾਬੀ ਸੂਬੇ ਦਾ ਅੰਦੋਲਨ ਚੱਲਿਆ ਤਾਂ ਉਸ ਸਮੇਂ ਅਮਰ ਸਿੰਘ ਆਪਣੀ ਪਾਰਟੀ ਤੋਂ ਇਜਾਜ਼ਤ ਲਏ ਬਿਨਾਂ ਜੇਲ੍ਹ ਚਲਿਆ ਗਿਆ ਜਿਸ ਕਾਰਨ ਇਸ ਦੀ ਸੋਸ਼ਲਿਸਟ ਪਾਰਟੀ ਤੋਂ ਦੂਰੀ ਹੋ ਗਈ। ਵਿਚਾਰਾਂ ਵਿਚ ਤਬਦੀਲੀ ਆਈ ਤਾਂ ਇਹ ਸਾਂਝੀ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ। 1962 ਵਿਚ ਹਿੰਦ-ਚੀਨ ਦੀ ਜੰਗ ਲੱਗੀ ਤਾਂ ਕਮਿਊਨਿਸਟ ਪਾਰਟੀ ਦੋਫਾੜ ਹੋ ਗਈ। ਅਮਰ ਸਿੰਘ ਮਾਰਕਸੀ ਪਾਰਟੀ ਵਿਚ ਸ਼ਾਮਲ ਹੋ ਗਿਆ। ਕਿਸਾਨੀ ਫਰੰਟ 'ਤੇ ਕੰਮ ਕਰਨ ਲੱਗਿਆ ਤੇ ਇਸ ਨੂੰ ਜ਼ਿਲ੍ਹੇ ਦਾ ਕਿਸਾਨ ਸਭਾ ਦਾ ਮੀਤ ਪ੍ਰਧਾਨ ਬਣਾ ਦਿੱਤਾ ਗਿਆ।

ਚੰਗੇ ਗੁਣਾਂ ਦਾ ਧਾਰਨੀ ਹੋਣ ਕਾਰਨ 1962 ਦੀ ਪੰਚਾਇਤ ਚੋਣ ਵਿਚ ਪਿੰਡ ਦਾ ਸਰਪੰਚ ਚੁਣ ਲਿਆ ਗਿਆ। 1962 ਤੋਂ ਲੈ ਕੇ 1992 ਨੂੰ ਹੋਈ ਮੌਤ ਤੱਕ ਦੇ ਸਮੇਂ ਦੌਰਾਨ ਸਿਰਫ਼ ਇਕ ਦਫ਼ਾ ਗੁਰਪਾਲ ਸਿੰਘ ਉਰਫ਼ ਛੋਟਾ ਸਿੰਘ ਸਰਪੰਚ ਬਣਿਆ, ਬਾਕੀ ਸਾਰਾ ਸਮਾਂ ਸਰਪੰਚੀ ਦੀ ਜ਼ਿੰਮੇਵਾਰੀ ਕਾਮਰੇਡ ਦੇ ਮੋਢਿਆਂ ਉਪਰ ਹੀ ਰਹੀ। ਸ੍ਰ. ਗੁਰਪਾਲ ਸਿੰਘ ਨੂੰ ਸਰਪੰਚ ਵੀ ਖ਼ੁਦ ਕਾਮਰੇਡ ਅਮਰ ਸਿੰਘ ਨੇ ਆਪ ਬਣਾਇਆ ਸੀ। ਨਕਸਲਾਈਟ ਅੰਦੋਲਨ ਸਮੇਂ ਜਦੋਂ ਵਰੰਟ ਨਿਕਲੇ, ਉਸ ਸਮੇਂ ਵੀ ਸਰਪੰਚ ਸੀ। ਬਹਾਲ ਹੋਣ ਤੋਂ ਬਾਅਦ ਜਦ ਪਿੰਡ ਵਾਪਸ ਆਇਆ ਤਾਂ ਲੋਕਾਂ ਨੇ ਮਾਣ ਵਿਚ ਫੇਰ ਸਰਬਸੰਮਤੀ ਨਾਲ ਸਰਪੰਚ ਬਣਾ ਦਿੱਤਾ ਤੇ ਦੂਸਰੀ ਪੰਚਾਇਤ ਚੁਣਨ ਦਾ ਅਧਿਕਾਰ ਵੀ ਅਮਰ ਸਿੰਘ ਨੂੰ ਦੇ ਦਿੱਤਾ।

ਕਾਮਰੇਡ ਅਮਰ ਸਿੰਘ ਸਰਪੰਚੀ ਦੇ ਤੌਰ 'ਤੇ ਬਹੁਤ ਮਕਬੂਲ ਸੀ। ਜਦ ਕੋਈ ਇਲਾਕੇ ਦਾ ਮਸਲਾ ਅੜ ਜਾਂਦਾ ਤਾਂ ਉਸ ਦਾ ਫੈਸਲਾ ਕਾ. ਅਮਰ ਸਿੰਘ 'ਤੇ ਛੱਡ ਦਿੱਤਾ ਜਾਂਦਾ। ਉਹ ਲੋਕਾਂ ਦੇ ਸੁਭਾਅ ਦਾ ਬਹੁਤ ਭੇਤੀ ਸੀ। ਲੋਕਾਂ ਨੂੰ ਉਸ ਦੀ ਕਹੀ ਗੱਲ 'ਤੇ ਯਕੀਨ ਹੁੰਦਾ। ਉਹ ਨਿੰਮ ਵਾਂਗ ਕੌੜਾ ਤੇ ਗੁਣਕਾਰੀ ਮਨੁੱਖ ਸੀ।

1968 ਦੇ ਛਪਾਰ ਮੇਲੇ ਤੋਂ ਪਹਿਲਾਂ ਨਕਸਲੀ ਵਿਚਾਰਧਾਰਾ ਦੇ ਕਾਰਕੁੰਨਾਂ ਨੇ ਅੰਦਰਲੀ ਭੱਜ-ਨੱਠ ਕਰਕੇ ਪਾਰਟੀ ਦਾ

ਤਾਣਾ ਬਾਣਾ ਬੁਣ ਲਿਆ ਸੀ। ਮੇਲੇ ਮੌਕੇ ਇਨ੍ਹਾਂ ਆਪਣੀ ਪਾਰਟੀ ਦੀ ਵੱਖਰੀ ਸਟੇਜ ਲਾਈ, ਜਿਸ ਸਟੇਜ ਤੋਂ ਪਹਿਲੀਆਂ ਦੋਹਾਂ ਕਮਿਊਨਿਸਟ ਪਾਰਟੀਆਂ ਨੂੰ ਖੁੱਲ੍ਹ ਕੇ ਨਿੰਦਿਆ। ਇਸ ਮੌਕੇ ਗ਼ਦਰੀ ਬਾਬਾ ਗੁਰਮੁਖ ਸਿੰਘ ਲਲਤੋਂ ਵਲੋਂ ਛਪਵਾਈ ਗਈ ਕਾਮਰੇਡ ਚੇਅਰਮੈਨ ਮਾਉ-ਜੇ-ਤੁੰਗ ਦੀ ਲਾਲ ਕਿਤਾਬ ਵੀ ਵੰਡੀ ਗਈ। ਇਹ ਲੋਕਾਂ ਵਿਚ ਪਾਰਟੀ ਐਲਾਨ ਕਰਨ ਦੀ ਸਟੇਜ ਸੀ। ਲੀਡਰਾਂ ਦੀਆਂ ਗਰਮ ਤਕਰੀਰਾਂ ਸੀ.ਆਈ.ਡੀ. ਨੇ ਨੋਟ ਕਰ ਲਈਆਂ। ਸਟੇਜ ਦੀ ਕਾਰਵਾਈ ਦੇ ਮੁੱਖ ਲੀਡਰ ਕਾ. ਅਮਰ ਸਿੰਘ ਤੇ ਕਾ. ਦੇਸ਼ ਰਾਜ ਅਹਿਮਦਗੜ੍ਹ ਸਨ।

ਅਪ੍ਰੈਲ 1969 ਵਿਚ ਨਕਸਲਬਾੜੀ ਪਾਰਟੀ ਦੀ ਮੀਟਿੰਗ ਪਿੰਡ ਅਚਰਵਾਲ ਸ੍ਰ. ਘੀਚਰ ਸਿੰਘ ਦੀ ਖੇਤ ਦੀ ਕੋਠੀ ਹੋਈ, ਜੋ ਪਿੰਡ ਦੇ ਨਾਲ ਹੀ ਦੱਖਣ ਵੱਲ ਦੇ ਪਾਸੇ ਸੀ। ਇਸ ਮੀਟਿੰਗ ਵਿਚ ਪਾਰਟੀ ਪ੍ਰੋਗਰਾਮ ਉਲੀਕਿਆ ਗਿਆ। ਬਿਰਲਾ ਸੀਡ ਫਾਰਮ ਦੇ ਕਾਮਿਆਂ 'ਤੇ ਜ਼ਬਰ ਕਰਨ ਵਾਲੇ ਚਮਕੌਰ ਸਾਹਿਬ ਥਾਣੇ ਉਪਰ ਹਮਲਾ ਕਰਨ ਦਾ ਪ੍ਰੋਗਰਾਮ ਬਣਾਇਆ, ਜੋ ਇਸ ਲਹਿਰ ਦਾ ਆਗਾਜ਼ ਸੀ। ਸਰਕਾਰ ਨੇ ਇਸ ਮੀਟਿੰਗ ਨੂੰ ਬਗ਼ਾਵਤ ਰਾਹੀਂ ਸਰਕਾਰ ਉਲਟਾਉਣ ਦੀ ਯੋਜਨਾ ਦਾ ਨਾਂਅ ਦਿੱਤਾ। ਇਨਕਲਾਬੀਆਂ 'ਤੇ ਚੱਲਣ ਵਾਲੇ ਕੇਸ ਦਾ ਨਾਂ 'ਅੱਚਰਵਾਲ ਸਾਜ਼ਿਸ਼ ਕੇਸ' ਰੱਖਿਆ ਗਿਆ। ਇਹ ਮੀਟਿੰਗ ਅਪ੍ਰੈਲ ਮਹੀਨੇ ਹੋਈ ਪਰ ਜੋ ਕੇਸ ਰਾਏਕੋਟ ਥਾਣੇ ਦਰਜ ਕੀਤਾ ਗਿਆ ਉਸ ਦੀਂ ਮਤੀ 4.7.1969 ਹੈ ਤੇ ਮੀਟਿੰਗ ਹੋਣ ਦੀ ਮਿਤੀ 3.7.1969 ਹੈ।

ਕਾਮਰੇਡ ਅਮਰ ਸਿੰਘ ਭਗੌੜਾ ਹੋਣ ਕਾਰਨ ਜ਼ਮੀਨ, ਘਰ-ਬਾਰ ਦੀ ਕੁਰਕੀ ਹੋ ਗਈ ਜਦ ਸਮਾਨ ਦੀ ਕਿਸੇ ਨੇ ਬੋਲੀ ਨਾ ਦਿੱਤੀ ਤਾਂ ਪੁਲਿਸ ਘਰ ਦਾ ਸਮਾਨ ਚੁੱਕ ਕੇ ਥਾਣੇ ਲੈ ਗਈ। ਖੜ੍ਹੀ ਫਸਲ ਵਾਹ ਦਿੱਤੀ ਗਈ। ਪਰਿਵਾਰ ਨੂੰ ਪਿੰਡ ਛੱਡਣਾ ਪੈ ਗਿਆ। ਭਰਾ ਸੁਦਾਗਰ ਸਿੰਘ ਪੁਲਿਸ ਤੋਂ ਡਰਦਾ ਕਲਕੱਤੇ ਚਲਾ ਗਿਆ, ਜਿਥੇ ਦੁਰਘਟਨਾ ਵਿਚ ਮੌਤ ਹੋ ਗਈ। ਪਿੰਡ 'ਤੇ ਸਾਮਤ ਆ ਗਈ। ਰਾਤ ਨੂੰ ਨਾਕਾਬੰਦੀ ਹੋਣ ਲੱਗੀ। ਪਿੰਡ ਦੀ ਧਰਮਸ਼ਾਲਾ ਵਿਚ ਪੁਲਿਸ ਚੌਕੀ ਬੈਠ ਗਈ। ਜਿਨ੍ਹਾਂ ਘਰਾਂ ਵਿਚ ਕਾਮਰੇਡ ਦੇ ਆਉਣ ਦੀ ਸ਼ੱਕ ਹੁੰਦੀ, ਸਾਰੀ-ਸਾਰੀ ਰਾਤ ਪਹਿਰਾ ਲੱਗਾ ਰਹਿੰਦਾ। ਗਾਹੇ-ਬਗਾਹੇ ਜਾਂਦਾ ਜਦ ਕੋਈ ਅੱਚਰਵਾਲ ਦਾ ਬੰਦਾ ਪੁਲਿਸ ਦੇ ਅੜਿੱਕੇ ਆ ਜਾਂਦਾ ਤਾਂ ਪੁਲਿਸ ਉਸ ਨੂੰ ਕੁੱਟ ਧਰਦੀ ਤੇ ਕਾਮਰੇਡ ਅਮਰ ਸਿੰਘ ਬਾਰੇ ਪੁੱਛਦੀ। ਭੇਤ ਪਾ ਕੇ ਲੋਕ ਆਪਣਾ ਪਿੰਡ ਦੱਸਣੋ ਹਟ ਗਏ।

ਕਾ. ਅਮਰ ਸਿੰਘ ਨੇ ਪੰਜਾਬ ਦੀ ਇਨਕਲਾਬੀ ਤਾਲਮੇਲ ਕਮੇਟੀ ਵਲੋਂ ਦਿੱਤੇ ਕੰਮ ਨੂੰ ਸੰਭਾਲਦਿਆਂ ਮਾਰਚ 1969 ਵਿਚ ਬਿਰਲਾ ਸੀਡ ਫਾਰਮ ਦੀ ਹੜਤਾਲ ਦੀ ਚਿਆਰੀ ਲਈ ਰੋਪੜ ਜ਼ਿਲ੍ਹੇ ਵਿਚ ਕੰਮ ਕੀਤਾ। ਅਪ੍ਰੈਲ 1969 ਵਿਚ ਬਿਰਲਾ ਸੀਡ ਫਾਰਮ ਹੜਤਾਲ ਹੋਈ। ਗੁੰਡਾ ਅਨਸਰ ਜਾਗੀਰਦਾਰ ਦੀ ਪਿੱਠ 'ਤੇ ਆ ਗਿਆ। ਇਨਕਲਾਬੀਆਂ ਨੇ ਵੀ ਇੱਟ ਦਾ ਜਵਾਬ ਪੱਥਰ ਨਾਲ ਦੇਣ ਲਈ ਗੁੰਡਿਆਂ ਦੀਆਂ ਲੱਤਾਂ ਤੋੜ ਦਿੱਤੀਆਂ। ਸਰਕਾਰ ਨੇ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਨਕਸਲੀ ਹਮਦਰਦਾਂ 'ਤੇ ਬੇਤਹਾਸ਼ਾ ਜ਼ੁਲਮ ਹੋਇਆ। ਚਮਕੌਰ ਸਾਹਿਬ ਥਾਣੇ ਦੇ ਥਾਣੇਦਾਰ ਨੇ ਸਾਥੀ ਹਰਦੇਵ ਸਿੰਘ ਦੀ ਬਾਂਹ ਤੋੜ ਦਿੱਤੀ। ਨਕਸਲੀ ਕਮਿਊਨਿਸਟਾਂ ਨੇ ਥਾਣੇ 'ਤੇ ਹਮਲਾ ਕਰਨ ਦਾ ਮਤਾ ਪਾਸ ਕਰ ਦਿੱਤਾ। ਤਿਆਰੀ ਕਰਕੇ ਕਾਮਰੇਡ ਥਾਣੇ ਅੰਦਰ ਚਲੇ ਗਏ, ਜਦ ਥਾਣੇਦਾਰ ਮਾਰਨ ਲਈ ਰਿਵਾਲਵਰ ਚਲਾਇਆਤਾਂ ਮਿਸ ਹੋ ਗਿਆ। ਦਫ਼ਤਰ ਅੰਦਰ ਹੀ ਥਾਣੇਦਾਰ ਨਾਲ ਗੁਥਮ-ਗੁੱਥਾ ਹੋ ਗਏ। ਪੁਲਿਸ ਨੂੰ ਭਾਜੜ ਪੈ ਗਹੀ। ਕਾਮਰੇਡ ਅਮਰ ਸਿੰਘ ਗੇਟ ਕੋਲ ਇਕ ਐਸੀ ਥਾਂ ਖੜ੍ਹਾ ਸੀ, ਜਿਥੋਂ ਸਭ ਪੁਲਿਸ ਵਾਲੇ ਇਸ ਦੀ ਮਾਰ ਥੱਲੇ ਆਉਂਦੇ ਸਨ। ਜਦ ਵੀ ਪੁਲਿਸ ਵਾਲਾ ਕੋਈ ਸਿਰ ਬਾਹਰ ਕੱਢਦਾ ਤਾਂ ਅਮਰ ਸਿੰਘ ਉਨ੍ਹਾਂ 'ਤੇ ਗੋਲੀ ਦਾਗ ਦਿੰਦਾ। ਠਾਹ-ਠਾਹ 35-40 ਪੱਕੇ ਫਾਇਰ ਹੁੰਦੇ ਰਹੇ। ਥਾਣੇ ਅੰਦਰ ਘਬਰਾਹਟ ਤੇ ਸੁੰਨ ਵਰਤ ਗਈ। ਸਾਰੇ ਸ਼ਹਿਰ ਸੰਨਾਟਾ ਛਾ ਗਿਆ। ਇਹ ਪਾਰਟੀ ਦਾ ਪਹਿਲਾ ਐਕਸ਼ਨ ਸੀ।

18 ਜੂਨ 1969 ਨੂੰ ਜ਼ਿਲ੍ਹਾ ਸੰਗਰੂਰ ਦੇ ਪਿੰਡ ਕਿਲ੍ਹਾ ਹਕੀਮਾਂ ਸੋਲਾਂ ਸੌ ਵਿੱਘੇ ਜ਼ਮੀਨ 'ਤੇ ਪਾਰਟੀ ਦੀ ਅਗਵਾਈ ਹੇਠ ਕਬਜ਼ਾ ਕੀਤਾ ਗਿਆ। ਸਾਰਾ ਦਿਨ ਕਬਜ਼ਾ ਲੈਣ ਦੀ ਕਾਰਵਾਈ ਚਲਦੀ ਰਹੀ। ਅਮਰ ਸਿੰਘ ਅਗਵਾਈ ਵਾਲੇ ਦਸਤੇ ਵਿਚੋਂ ਇਕ ਸੀ ਜਿਸ ਦਾ ਹੌਸਲਾ ਤੇ ਠਰ੍ਹੰਮਾ ਵੇਖ ਕੇ ਦੂਸਰੇ ਸਾਥੀ ਹੈਰਾਨ ਸਨ।

ਕਾਮਰੇਡ 1972 ਵਿਚ ਖੁੱਲ੍ਹੇ ਰੂਪ ਲੋਕਾਂ ਵਿਚ ਵਿਚਰਨ ਲੱਗਾ। ਇਸ ਤੋਂ ਬੀਹ ਸਾਲ ਬਾਅਦ ਉਸ ਦੀ ਮੌਤ ਹੋਈ। ਬੀਹ ਸਾਲ ਦੇ ਅਰਸੇ ਵਿਚ ਕਦੇ ਵੀ ਗੁਪਤਵਾਸ ਜੀਵਨ ਦੀ ਗੱਲ ਨਾ ਕੀਤੀ। ਉਹ ਕਿਵੇਂ ਰਿਹਾ? ਕਿਥੇ ਰਿਹਾ? ਉਸ ਨੇ ਇਨਕਲਾਬੀ ਦੇ ਫਰਜ਼ ਨੂੰ ਪਹਿਚਾਣਿਆ ਹੀ ਨਹੀਂ; ਪੂਰਾ ਪਹਿਰਾ ਵੀਂ ਦੱਤਾ। ਪਾਰਟੀ ਅੰਦਰ ਕੀਤੇ ਕੰਮ ਦਾ ਪਤਾ ਉਸ ਦੇ ਸਾਥੀਆਂ ਰਾਹੀਂ ਹੀ ਲੱਗ ਸਕਿਆ ਹੈ ਜੋ ਹੁਣ ਕਿਤਾਬਾਂ ਵਿਚ ਦਰਜ ਹੈ।

ਜਸਵੰਤ ਸਿੰਘ ਕੰਵਲ ਨੇ ਨਕਸਲਬਾੜੀ ਲਹਿਰ 'ਤੇ ਆਪਣਾ ਨਾਵਲ 'ਲਹੂ ਦੀ ਲੋਅ' ਲਿਖਿਆ। ਜਦ ਨਾਵਲ ਦਾ ਖਰੜਾ ਤਿਆਰ ਕਰ ਰਿਹਾ ਸੀ, ਕਾਮਰੇਡ ਪਾਸ ਆਇਆ। ਉਸ ਨੇ ਲਹਿਰ ਬਾਰੇ ਸਵਾਲ ਕੀਤੇ, ਪਰ ਕਾਮਰੇਡ ਅਮਰ ਸਿੰਘ ਨੇ ਸਵਾਲਾਂ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ। ਕਹਿ ਦਿੱਤਾ, ਜੋ ਲਹਿਰ ਬਾਰੇ ਤੁਹਾਡੇ ਆਪਣੇ ਵਿਚਾਰ ਹਨ, ਖੁੱਲ੍ਹ ਕੇ ਲਿਖੋ ਤਾਂ ਕਿ ਸਾਨੂੰ ਵੀ ਪਤਾ ਲੱਗ ਸਕੇ, ਅਸੀਂ ਕਿੰਨੇ ਦਰੁਸਤ ਜਾਂ ਗਲਤ ਹਾਂ। ਇਸ ਤਰ੍ਹਾਂ ਪਾਰਟੀ ਅੰਦਰਲਾ ਭੇਤ ਕਦੇ ਵੀ ਉਜਾਗਰ ਨਾ ਕੀਤਾ।

ਪਿੰਡ ਵਿਚ ਉਸ ਦੀ ਆਪਣੀ ਟੀਮ ਸੀ ਜੋ ਉਸ ਦੀ ਮੌਤ ਤੱਕ ਪੂਰੀ ਵਫਾਦਾਰੀ ਨਿਭਾਉਂਦੀ ਰਹੀ। ਅੱਤਵਾਦ ਦੇ ਸਮੇਂ ਪਿੰਡ ਵਿਚ ਦਰਜਨਾਂ ਰਾਈਫਲਾਂ ਖਰੀਦੀਆਂ। ਇਹ ਸਭ ਅਮਰ ਸਿੰਘ ਦੀ ਹਿਫਾਜ਼ਤ ਖਾਤਰ ਖਰੀਦੀਆਂ ਸਨ। ਅਮਰ ਸਿੰਘ ਲੋਕਾਂ ਤੋਂ ਜਾਨ ਵਾਰਨ ਤੱਕ ਜਾਂਦਾ ਸੀ ਤੇ ਲੋਕ ਅਮਰ ਸਿੰਘ ਤੋਂ। ਪਿੰਡ ਵਾਲੇ ਸਾਥੀਆਂ 'ਤੇ ਐਨਾ ਭਰੋਸਾ ਹੋਣ 'ਤੇ ਵੀ ਉਸ ਨੇ ਅੰਡਰਗਰਾਊਂਡ ਜੀਵਨ ਦਾ ਕੋਈ ਭੇਤ ਵੀ ਬਾਹਰ ਨਹੀਂ ਸੀ ਕੱਢਿਆ।

ਅੱਤਵਾਦ ਤੇ ਅਮਰ ਸਿੰਘ : ਬੇਸ਼ੱਕ ਅੱਤਵਾਦ ਸੌੜੀ ਰਾਜਨੀਤੀ ਦੀ ਖੇਡ ਸੀ ਜਿਸ ਨੂੰ ਸਾਰੇ ਲੋਕਾਂ ਨੇ ਭੋਗਿਆ। ਇਹ ਧਰਮ ਦੇ ਨਾਂਅ 'ਤੇ ਉਠਾਈ ਗਈ ਕਾਲੀ ਹਨ੍ਹੇਰੀ ਸੀ ਜਿਸ ਨੇ ਪੰਜਾਬ ਨੂੰ ਗਰਦਾਗੋਰ ਕਰ ਦਿੱਤਾ। ਅੱਤਵਾਦੀ ਸਰਾਲਾਂ ਨੇ ਸਭ ਦੇ ਸਾਹ ਸੂਤ ਲਏ ਸਨ। ਪਿੰਡਾਂ ਦੇ ਚਿਹਰੇ ਬਿਮਾਰ ਲੱਗਦੇ ਤੇ ਧੁੱਪਾਂ ਛਾਵਾਂ ਵੇਦ-ਵੱਢ ਖਾਣ ਨੂੰ ਆਉਂਦੀਆਂ। ਤੁਰਫੇ-ਫਿਰਦੇ ਲੋਕ ਵੇਖਣ ਨੂੰ ਸਾਬਤ ਲਗਦੇ, ਪਰ ਅੰਦਰੋਂ ਚਕਨਾਚੂਰ। ਮਾਵਾਂ ਫਿਕਰਾਂ ਦੇ ਚੁੱਲ੍ਹਿਆਂ 'ਤੇ ਸਿਸਕਦੀਆਂ ਰੋਟੀਆਂ ਥੱਲਦੀਆਂ ਤੇ ਧੂਏਂ ਪੱਜ ਰੋਟੀ ਜਾਂਦੀਆਂ। ਖਾਣ-ਪੀਣ ਦੀ ਸੋਝੀ ਭੁੱਲ ਚੁੱਕੀ ਸੀ ਫੁੱਲੀਆਂ ਲੱਤਾਂ ਪੈਰ ਨਾ ਪੁੱਟਦੀਆਂ, ਲੋਕ ਮੁਰਝਾਈਆਂ ਇੱਛਾਵਾਂ ਨੂੰ ਮੋਢੇ ਲਾਈ ਫਿਰਦੇ। ਰਸਤਿਆਂ ਵਿਚ ਮਿਲਦੇ ਲੋਕ ਇਕ ਦੂਜੇ ਕੋਲ ਦੀ ਚੁੱਪ-ਚਾਪ ਲੰਘ ਜਾਂਦੇ। ਜੇ ਬੋਲਦੇ ਤਾਂ ਗੱਲ ਕਾਨਫੂਸੀ ਤੋਂ ਅੱਗੇ ਨਾ ਤੁਰਦੀ। ਲੋਕ ਘਰਾਂ ਅੰਦਰ ਬਨਵਾਸ ਦਾ ਜੀਵਨ ਭੋਗ ਰਹੇ ਸਨ। ਦਸ ਸਾਲ ਦਾ ਸਮਾਂ ਅਜਿਹੇ ਬਨਵਾਸ ਅੰਦਰ ਲੰਘ ਗਿਆ ਸੀ। ਇਸ ਸਮੇਂ ਦੌਰਾਨ ਕਿੰਨੇ ਘਰ ਉਜੜੇ? ਕੋਈ ਪਤਾ ਨਹੀਂ। ਕਿੰਨੇ ਸਿਵੇ ਮੱਚੇ? ਕੋਈ ਪਤਾ ਨਹੀਂ। ਘਰੋਂ ਰੋਟੀ ਕਮਾਉਣ ਗਿਆ, ਕੌਣ ਵਾਪਸ ਆਏਗਾ? ਕੋਈ ਪਤਾ ਨਹੀਂ? ਇਸ ਹਨ੍ਹੇਰੀ ਦੀ ਬਾਰਤਾ ਬਿਆਨਿਆ ਮੁੱਕਦੀ ਨਹੀਂ। ਸਾਰੇ ਦੁੱਖ ਸੁਣਾਉਣ ਨੂੰ ਕਾਹਲੇ ਹੁੰਦੇ, ਪਰ ਦੁੱਖ ਸੁਣਾਉਣ ਕਿਸ ਨੂੰ? ਸਾਰੇ ਹੀ ਦੁਖੀ। ਜਦ ਇਲਾਕੇ ਵਿਚ ਕੋਈ ਮਾੜੀ ਘਟਨਾ ਵਾਪਰ ਜਾਂਦੀ ਤਾਂ ਸਾਰੇ ਪਿੰਡਾਂ ਤੇ ਮਾਤਮ ਛਾ ਜਾਂਦਾ।

ਪਿੰਡ ਦੇ ਹਿੰਦੂ ਘਰਾਂ ਵਿਚ ਲੋੜ ਅਨੁਸਾਰ ਕਾ. ਅਮਰ ਸਿੰਘ ਆਪ ਵੀ ਪਹਿਰਾ ਦੇਣ ਜਾਂਦਾ। ਉਹ ਇਸ ਨੂੰ ਰੱਬ ਦਾ ਘੱਲਿਆ ਦੂਤ ਸਮਝਦੇ। ਉਹ ਆਪਣੇ ਇਲਾਕੇ ਵਿਚ ਫਰਿਸ਼ਤਿਆਂ ਵਾਂਗ ਵਿਚਰਦਾ ਰਿਹਾ। ਅੱਤਵਾਦੀਆਂ ਹੱਥੋਂ ਮਾਰੇ ਗਏ। ਪਰਿਵਾਰਾਂ ਨੂੰ ਮਿਲਦਾ, ਉਨ੍ਹਾਂ ਦੇ ਹੰਝੂ ਪੂੰਜਦਾ, ਸਸਕਾਰਾਂ 'ਤੇ ਜਾਂਦਾ, ਭੋਗਾਂ 'ਤੇ ਬੋਲਦਾ। ਬੋਲਣ ਸਮੇਂ ਸਰਕਾਰੀ ਤੇ ਗੈਰ ਸਰਕਾਰੀ ਦੋਵੇਂ ਅੱਤਵਾਦਾਂ ਨੂੰ ਆੜੇ ਹੱਕੀਂ ਲੈਂਦਾ। ਇਹ ਸ਼ਬਦ ਲੋਕ ਦੁਸ਼ਮਣਾਂ ਦੇ ਸੀਨੇ ਵਿਚ ਸੇਲੇ ਵਾਂਗ ਲਗਦੇ ਰਹੇ। ਇਹੀ ਸ਼ਬਦ ਅੱਤਵਾਦੀਆਂ ਲਈ ਵੰਗਾਰ ਬਣਦੇ ਰਹੇ। ਅੱਤਵਾਦ ਦਾ ਅਨੁਭਵ ਤਾਂ ਭਾਵੇਂ ਸਭ ਬੰਦਿਆਂ ਕੋਲ ਸੀ ਪਰ ਇਸ ਅਨੁਭਵੀ ਗਿਆਨ ਨੂੰ ਪੇਸ਼ ਕਰਨ ਦੀ ਸ਼ਬਦੀ ਕਲਾ ਕਾ. ਅਮਰ ਸਿੰਘ ਵਰਗੀ ਆਮ ਨਹੀਂ ਸੀ। ਇਸ ਸ਼ਬਦੀ ਕਲਾ ਦਾ ਗਿਆਨ ਹੀ ਉਸ ਨੂੰ ਦੂਸਰੇ ਬੁਲਾਰਿਆਂ ਤੋਂ ਵੱਖ ਕਰਦਾ ਸੀ। ਦੂਸਰਾ ਉਹ ਕੋਈ ਗੱਲ ਕਹਿ ਕੇ ਭੱਜਣ ਵਾਲਾ ਮਨੁੱਖ ਨਹੀਂ ਸੀ, ਉਹ ਤਾਂ ਕਹਿਣੀ ਕਰਨੀ ਦਾ ਪੱਕਾ ਸੂਰਾ ਸੀ। ਉਹ ਤਾਂ ਰੱਖ ਜੇਰਾ, ਅੱਜ ਹਨ੍ਹੇਰਾ, ਕੱਲ੍ਹ ਸਵੇਰਾ ਦੇ ਸ਼ਬਦਾਂ ਨਾਲ ਦਿਲਬਰੀਆਂ ਦੇਣ ਵਾਲਾ ਮਨੁੱਖ ਸੀ।

ਅੱਤਵਾਦੀ ਮਾਰਨ ਦੀ ਖਾਤਰ ਬਹੁਤ ਵਾਰੀ ਪਿੱਛਾ ਕਰ ਚੁੱਕੇ ਸਨ। ਅਮਰ ਸਿੰਘ ਦਾ ਸੰਘਰਸ਼ਸ਼ੀਲ ਹੋਣ ਕਾਰਨ ਕੁਦਰਤੀ ਭੈਅ ਬਣਿਆ ਹੋਇਆ ਸੀ। ਜਿਸ ਕਾਰਨ ਹਮਲੇ ਦੀ ਹਿੰਮਤ ਨਾ ਪੈਂਦੀ। ਦੂਸਰਾ ਉਸ ਨਾਲ ਪਿੰਡ ਦੇ ਹਥਿਆਰਬੰਦ ਸਾਥੀ ਹੁੰਦੇ ਸਨ। ਇਸ ਕਾਰਨ ਅੱਤਵਾਦੀ ਪਿਛਾ ਤਾਂ ਕਰਦੇ ਪਰ ਮਾਰਨ ਦਾ ਹੌਸਲਾ ਨਾ ਪੈਂਦਾ।

ਨਛੱਤਰ ਸਿੰਘ ਰੋਡੇ ਜਿਸ ਨੇ ਅੱਤਵਾਦ ਦੇ ਸ਼ੁਰੂ ਵਿਚ ਲਾਲਾ ਜਗਤ ਨਰਾਇਣ ਨੂੰ ਮਾਰਿਆ ਸੀ। ਇਹ ਅਮਰ ਸਿੰਘ ਦਾ ਨਕਸਲੀ ਲਹਿਰ ਸਮੇਂ ਗੁਪਤਵਾਸ ਸਾਥੀ ਰਹਿ ਚੁੱਕਾ ਸੀ ਤੇ ਅਮਰ ਸੰਘ ਦਾ ਪੁੱਜ ਕੇ ਕਦਰਦਾਨ ਸੀ। ਜਦ ਉਹ ਸੰਗਰੂਰ ਜੇਲ੍ਹ ਵਿਚ ਸਜ਼ਾ ਭੁਗਤ ਰਿਹਾ ਸੀ, ਉਸ ਨੇ ਅਮਰ ਸਿੰਘ ਨੂੰ ਮਿਲਣ ਲਈ ਸੁਨੇਹਾ ਘੱਲਿਆ। ਕਾਮਰੇਡ ਅਮਰ ਸਿੰਘ ਨਾਲ ਮੁਲਾਕਾਤ ਕਰਨ ਲਈ ਗਿਆ ਤਾਂ ਉਸ ਨੇ ਅਮਰ ਸਿੰਘ ਨੂੰ ਹੋਰ ਚੌਕਸੀ ਵਰਤਣ ਲਈ ਕਿਹਾ। ਇਹ ਵੀ ਦੱਸਿਆ ਕਿ ਤੇਰੇ ਮਗਰ ਬੱਸੀਆਂ ਪਿੰਡ ਤੋਂ ਬੰਦੇ ਬਹੁਤ ਵਾਰੀ ਲੱਗ ਚੁੱਕੇ ਹਨ, ਪਰ ਮਾਰਨ ਤੋਂ ਡਰਦੇ ਰਹੇ। ਕਿਉਂਕਿ ਤੇਰੇ ਨਾਲ ਹਰ ਵਾਰੀ ਹਥਿਆਰਬੰਦ ਬੰਦੇ ਸਨ। ਰੋਡੇ ਦੀ ਇਹ ਗੱਲ ਸੱਚ ਸਾਬਤ ਹੋਈ। ਅਮਰ ਸਿੰਘ ਨੂੰ ਜਿਸ ਦਿਨ ਮਾਰਿਆ ਸੀ, ਬੱਸੀਆਂ ਪਿੰਡ ਤੋਂ ਉਠ ਕੇ ਹੀ ਮਾਰਿਆ ਸੀ।

1991 ਦੀ ਗੱਲ ਹੈ, ਜਦ ਅੱਤਵਾਦੀਆਂ ਨੇ ਕਾਮਰੇਡ ਅਮਰ ਸਿੰਘ ਦੀ ਭੈਣ ਦੇ ਘਰ ਉਮਰਪੁਰੇ ਹਮਲਾ ਕਰ ਦਿੱਤਾ। ਕਾਮਰੇਡ ਦੇ ਭਾਣਜੇ ਨਿਰਭੈ ਸਿੰਘ 'ਤੇ ਪਹਿਲਾਂ ਵੀ ਕਈ ਵਾਰ ਹਮਲੇ ਹੋ ਚੁੱਕੇ ਸਨ। ਉਹ ਆਪ ਬਚ ਕੇ ਅੱਤਵਾਦੀਆਂ ਦਾ ਪਿਛਾ ਕਰਦਾ ਰਿਹਾ। ਜਿਸ ਦਿਨ ਉਸ ਦੇ ਘਰ 'ਤੇ ਹਮਲਾ ਕੀਤਾ, ਉਹ ਘਰ ਨਹੀਂ ਸੀ। ਇਹ ਹਮਲਾ ਬਹੁਤ ਵੱਡਾ ਸੀ। ਰਾਤ ਦਾ ਸਮਾਂ ਸੀ। ਅੱਤਵਾਦੀ ਕੰਧਾਂ ਟੱਪ ਕੇ ਵਿਹੜੇ ਵਿਚ ਆ ਉਤਰੇ। ਕਈ ਘੰਟੇ ਗੋਲੀਆਂ ਚਲਦੀਆਂ ਰਹੀਆਂ। ਦੂਸਰੇ ਦਿਨ ਪੁਲਿਸ ਆਈ ਤਾਂ ਉਨ੍ਹਾਂ ਨੇ 250 ਗੋਲੀਆਂ ਦੇ ਖੋਲ੍ਹ ਵਿਹੜੇ ਵਿਚੋਂ ਇਕੱਠੇ ਕੀਤੇ।

ਹਮਲੇ ਸਮੇਂ ਘਰ ਦੇ ਕਮਰੇ ਬੰਦ ਕਰ ਲਏ ਸਨ। ਅੱਤਵਾਦੀ ਗੋਲੀਆਂ ਦਾ ਮੀਂਹ ਵਰ੍ਹਾਉਂਦੇ ਰਹੇ। ਕਮਰਿਆਂ ਵਿਚ ਇਕ-ਦੂਜੇ ਪਾਸੇ ਜਾਣ ਲਈ ਰਸਤਾ ਬਣਿਆ ਹੋਇਆ ਸੀ। ਇਹ ਰਸਤਾ ਪਰਿਵਾਰ ਨੂੰ ਬਚਾਉਣ ਲਈ ਬਹੁਤ ਕੰਮ ਆਇਆ। ਅੰਦਰ ਅਮਰਿ ਸੰਘ ਦਾ ਭਣੋਈਆ ਸ੍ਰ. ਭਾਨ ਸਿੰਘ ਜੋ ਬ੍ਰਿਧ ਅਵਸਥਾ ਵਿਚ ਸੀ ਉਸ ਕੋਲ ਕਹਿਰੀ ਨਾਲ ਬਾਰਾਂ ਬੋਲ ਰਾਈਫਲ ਤੇ ਸੀਮਤ ਕਾਰਤੂਸ ਸਨ। ਜਦ ਅੰਦਰੋਂ ਕੋਈ ਗੋਲੀ ਨਾ ਚੱਲੀ ਤਾਂ ਉਨ੍ਹਾਂ ਕਮਰਿਆਂ ਦੇ ਗੇਟ ਭੰਨ ਸੁੱਟੇ। ਅੱਤਵਾਦੀਆਂ ਨੇ ਅੰਦਰ ਜਾਣ ਲਈ ਬੈਟਰੀ ਮਾਰੀ ਤਾਂ ਉਨ੍ਹਾਂ ਦੀ ਨਜ਼ਰ ਰਾਈਫਲ 'ਤੇ ਪੈ ਗਈ। ਉਸ ਸਮੇਂ ਅੰਦਰੋਂ ਗੋਲੀ ਵੀ ਚਲਾ ਦਿੱਤੀ। ਡਰਦੇ ਪਿਛੇ ਹਟ ਗਏ। ਦੂਰ ਹੋ ਕੇ ਫੇਰ ਗੋਲੀਆਂ ਚਲਾਉਣ ਲੱਗੇ। ਅੰਦਰੋਂ ਫਿਰ ਸਿੱਧੀ ਗੋਲੀ ਅੱਤਵਾਦੀਆਂ ਦੇ ਮਾਰੀ। ਉਹ ਭੱਜ ਗਏ। ਉਸ ਸਮੇਂ ਤੱਕ ਉਨ੍ਹਾਂ ਕੋਲੋਂ ਗੋਲੀਆਂ ਮੁੱਕ ਚੁੱਕੀਆਂ ਸਨ। ਜਾਣ ਸਮੇਂ ਇਕ ਗਰਨੇਟ ਸੁੱਟਿਆ ਜਿਸ ਦਾ ਪਿੰਨਨਾ ਨਿਕਲਣ ਕਾਰਨ ਚੱਲ ਨਾ ਸਕਿਆ। ਦੂਸਰੇ ਦਿਨ ਪੁਲਿਸ ਨੇ ਆ ਕੇ ਚੁੱਕਿਆ। ਚਲਦੀਆਂ ਗੋਲੀਆਂ ਦੌਰਾਨ ਕਾਮਰੇਡ ਦੀ ਭਾਣਜ ਨੂੰਹ ਦੇ ਸਿਰ ਵਿਚ ਗੋਲੀ ਲੱਗੀ ਜੋ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ, ਪਰ ਬਚ ਗਈ।

ਜਦ ਅਮਰ ਸਿੰਘ ਨਕਸਲੀ ਲਹਿਰ ਸਮੇਂ ਅੰਡਰਗਰਾਊਂਡ ਸੀ, ਉਸ ਸਮੇਂ ਪਿੰਡ ਤੋਂ ਪਿੰਡ ਖੇਤਾਂ ਵਿਚਦੀ ਸਿੱਧੇ ਰਾਹਾਂ ਦਾ ਭੇਤੀ ਸੀ। ਉਹ ਖੇਤਾਂ ਵਿਚ ਦੀ ਸਿੱਧਾ ਉਮਰਪੁਰੇ ਨੂੰ ਹੋ ਤੁਰਿਆ। ਰਾਤ ਨੂੰ ਚਲਦੀਆਂ ਗੋਲੀਆਂ ਦੀ ਆਵਾਜ਼ ਅੱਚਰਵਾਲ ਸੁਣ ਗਈ ਸੀ। ਅਮਰ ਸਿੰਘ ਦਾ ਅੰਦਾਜ਼ਾ ਉਮਰਪੁਰੇ ਗੋਲੀਆਂ ਚੱਲਣ ਦਾ ਸੀ ਜੋ ਠੀਕ ਨਿਕਲਿਆ। ਉਹ ਦਿਨ ਚੜ੍ਹੇ ਤੱਕ ਉਮਰਪੁਰੇ ਪਹੁੰਚ ਗਿਆ। ਤਦ ਨੂੰ ਪਿੰਡੋਂ ਅਮਰ ਸਿੰਘ ਦੇ ਮਗਰ ਹੋਰ ਸਾਥੀ ਵੀ ਪਹੁੰਚ ਗਏ। ਸਾਰਾ ਜਾਇਜ਼ਾ ਲੈ ਕੇ ਕਾਮਰੇਡ ਗੁਰਦੁਆਰੇ ਪਹੁੰਚ ਗਿਆ। ਕਈ ਮਿੰਟ ਸਪੀਕਰ ਵਿਚ ਬੋਲਦਾ ਰਿਹਾ। ਅੱਤਵਾਦੀਆਂ ਨੂੰ ਵੰਗਾਰਦਿਆਂ ਕਿਹਾ, "ਆਓ ਜੇ ਤੁਹਾਡੇ ਵਿਚ ਹਿੰਮਤ ਹੈ, ਅਸੀਂ ਮੁਕਾਬਲਾ ਕਰਨ ਨੂੰ ਤਿਆਰ ਹਾਂ। ਤੁਸੀਂ ਸ਼ੇਰ ਦੀ ਖੱਲ 'ਚ ਵੜੇ ਹੋਏ, ਭੇੜੀਏ ਹੋ, ਜੋ ਲੁੱਕ ਕੇ ਵਾਰ ਕਰਦੇ ਹੋ।"

ਉਮਰਪੁਰੇ ਪਿੰਡ ਵਿਚ ਅੱਤਵਾਦੀਆਂ ਵਲੋਂ ਹਮਲੇ ਦੀ ਖ਼ਬਰ ਛਪੀ। ਟੀ.ਵੀ. ਚੈਨਲ ਜਲੰਧਰ ਫਿਲਮਾਉਣ ਲਈ ਪਹੁੰਚ ਗਿਆ। ਬ੍ਰਿਧ ਹੋਏ ਭਾਨ ਸਿੰਘ ਵਲੋਂ ਇਕਹਿਰੀ ਨਾਲੀ ਬੰਦੂਕ ਨਾਲ ਕਈ ਘੰਟੇ ਚੱਲੇ ਮੁਕਾਬਲੇ ਨੂੰ ਵਿਖਾਉਂਦੇ ਰਹੇ।

ਇਸ ਹਮਲੇ ਤੋਂ ਬਾਅਦ ਵੀ ਉਸ ਦੇ ਭਾਣਜੇ 'ਤੇ ਕਈ ਹਮਲੇ ਹੋਏ। ਹਰ ਵਾਰੀ ਮੁਕਾਬਲਾ ਕਰਕੇ ਭਜਾਉਂਦਾ ਰਿਹਾ। ਇਕ ਵਾਰ ਮਗਰ ਜੀਪ ਲੈ ਕੇ ਕਈ ਕਿਲੋਮੀਟਰ ਤੱਕ ਪਿਛਾ ਕਰਦਾ ਰਿਹਾ। ਅੱਤਵਾਦੀ ਭੱਜਣ ਵਿਚ ਸਫ਼ਲ ਹੋ ਗਏ।

ਪੇਸ਼ ਨਾ ਜਾਂਦੀ ਵੇਖ ਕੇ ਇਕ ਰਾਤ ਅੱਤਵਾਦੀਆਂ ਨੇ ਖੜ੍ਹੀ ਫਸਲ ਹੀ ਵਾਹ ਦਿੱਤੀ। ਪਤਾ ਲੱਗਣ 'ਤੇ ਅਮਰ ਸਿੰਘ ਫੇਰ ਪਹੁੰਚ ਗਿਆ। ਫੇਰ ਗੁਰਦੁਆਰੇ ਦੇ ਸਪੀਕਰ 'ਚ ਬੋਲਿਆ। ਅੱਤਵਾਦੀਆਂ ਨੂੰ ਸਮਾਂ ਬੰਨ੍ਹ ਕੇ ਮੁਕਾਬਲਾ ਕਰਨ ਲਈ ਵੰਗਾਰਿਆ। ਇਹ ਵੰਗਾਰਾਂ ਅੱਤਵਾਦੀਆਂ ਤੋਂ ਸਹਿ ਨਾ ਹੋਈਆਂ। ਸਿੱਧਾ ਮੁਕਾਬਲਾ ਕਰਨ ਦੀ ਉਨ੍ਹਾਂ ਵਿਚ ਹਿੰਮਤ ਨਾ ਪਈ। ਆਖਰ ਦੂਸਰਾ ਪੈਂਤੜਾ ਅਖਤਿਆਰ ਕਰਕੇ ਕਾਮਰੇਡ ਨੂੰ ਧਜਾਉਣਾ ਸ਼ੁਰੂ ਕਰ ਦਿੱਤਾ।

ਜਿਸ ਦਿਨ ਕਾਮਰੇਡ ਦੀ ਮੌਤ ਹੋਈ, ਉਸ ਦਿਨ ਬੱਸੀਆਂ ਪਿੰਡ ਦਾ ਇਕ ਅਧਿਆਪਕ ਪ੍ਰਾਣ ਨਾਥ ਪਾਪੀ ਕਾਮਰੇਡ ਨੂੰ ਥਾਣੇ ਲਿਜਾਣ ਖਾਤਰ ਤਿੰਨ ਦਫ਼ਾ ਘਰ ਆਇਆ ਪਰ ਕਾਮਰੇਡ ਉਸ ਨੂੰ ਮਿਲ ਨਾ ਸਕਿਆ। ਘਰ ਆਉਣ 'ਤੇ ਅਮਰ ਸਿੰਘ ਨੂੰ ਪਤਾ ਲੱਗਿਆ ਤਾਂ ਉਸ ਨੇ ਨਿਰਮਲ ਸਿੰਘ ਸੈਕਟਰੀ ਨੂੰ ਬੱਸੀਆਂ ਨਾਲ ਚੱਲਣ ਲਈ ਕਿਹਾ। ਬੱਸੀਆਂ ਤੋਂ ਰਾਸ਼ਟਰ ਨਾਲ ਰਾਏਕੋਟ ਪਹੁੰਚ ਗਏ। ਮੁੜਦਿਆਂ ਨੂੰ ਡੂੰਘੀ ਸ਼ਾਮ ਹੋ ਗਈ। ਬੱਸੀਆਂ ਪਿੰਡ ਤੋਂ ਝੋਰੜਾਂ ਨੂੰ ਆਉਂਦਿਆਂ ਰਾਹ ਦੇ ਵਿਚਕਾਰ ਸਕੂਟਰ ਰੋਕ ਕੇ ਨਾਲ ਦਾ ਸਾਥੀ ਨਿਰਮਲ ਸਿੰਘ ਪਿਸ਼ਾਬ ਕਰ ਰਿਹਾ ਸੀ ਜਦ ਨੂੰ ਪਿਛਾ ਕਰਦੇ ਆ ਰਹੇ ਦੁਸ਼ਮਣਾਂ ਨੇ ਕਾਮਰੇਡ ਅਮਰ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਉਸ ਸਮੇਂ ਕਾਂਗਰਸ ਪਾਰਟੀ ਦਾ ਐਮ.ਐਲ.ਏ. ਨਿਰਮਲ ਮਹੰਤ ਸੀ। ਅਮਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਮਾਸਟਰ ਪ੍ਰਾਣ ਨਾਥ ਪਾਪੀ ਕਈ ਮਹੀਨੇ ਨਿਰਮਲ ਮਹੰਤ ਦੇ ਘਰ ਰਿਹਾ। ਸਵਾਲ ਪੈਦਾ ਹੁੰਦਾ ਹੈ, ਜੇ ਪ੍ਰਾਣ ਨਾਥ ਬਾਅਦ ਵਿਚ ਐਮ. ਐਲ. ਏ. ਦੇ ਘਰ ਰਹਿ ਸਕਦਾ ਸੀ ਤਾਂ ਉਸ ਨੂੰ ਪਹਿਲਾਂ ਥਾਣੇ ਕਿਉਂ ਨਾ ਲੈ ਕੇ ਗਿਆ। ਕਤਲ ਅਸਾਨੀ ਨਾਲ ਨਿਕਲ ਸਕਦਾ ਸੀ, ਪਰ ਪੁਲਿਸ ਕੱਢਣਾ ਨਹੀਂ ਸੀ ਚਾਹੁੰਦੀ।

ਸਾਫ਼ ਹੈ, ਕਾਮਰੇਡ ਦਾ ਕਤਲ ਅੱਤਵਾਦੀਆਂ ਤੇ ਪੁਲਿਸ ਦੀ ਸ਼ਹਿ 'ਤੇ ਹੋਇਆ। ਸਿਆਸੀ ਲੀਡਰਾਂ ਨੇ ਵੀ ਦੜ-ਵੱਟ ਕੇ ਦੋਖੀਆਂ ਦੀ ਹੌਸਲਾ ਅਫ਼ਜਾਈ ਕੀਤੀ।

ਕਾ. ਅਮਰ ਸਿੰਘ ਮਰਿਆ ਨਹੀਂ, ਉਹ ਜਿਉਂਦਾ ਹੈ, ਲੋਕਾਂ ਨੇ ਉਸ ਨੂੰ ਸ਼ਹੀਦ ਦਾ ਲਕਬ ਦਿੱਤਾ ਹੈ। ਸ਼ਹੀਦ ਦੀ ਜ਼ਿੰਦਗੀ ਮੌਤ ਤੋਂ ਬਾਅਦ ਸ਼ੁਰੂ ਹੁੰਦੀ ਹੈ। ਇਲਾਕੇ ਦੇ ਲੋਕ ਤੇ ਪੰਜਾਬ ਦੀਆਂ ਖੱਬੀਆਂ ਧਿਰਾਂ ਉਸ ਨੂੰ ਹਰ ਸਾਲ 12 ਸਤੰਬਰ ਨੂੰ ਯਾਦ ਕਰਦੀਆਂ ਹਨ।

A CHOICE DRIVING SCHOOL
- Class 5
- basic Driving Courses
- Certification Courses
- Advance Training Course
- Brush Up
- DDC Course
PICK UP & DROP OFF AVAILABLE

Off. 587-352-0610 Cell 403-473-1682

# ਅਦਾਲਤਾਂ ਨੂੰ ਸਤਿਕਾਰ ਆਪਣੇ ਫੈਸਲਿਆਂ ਕਾਰਨ ਮਿਲੂ, ਮਾਣਹਾਨੀ ਦੇ ਕੇਸਾਂ ਨਾਲ ਨਹੀਂ: ਅਰੁੰਧਤੀ ਰਾਏ



*ਸੰਸਾਰ ਪੱਧਰੀ ਇਨਾਮਾਂ ਨਾਲ ਸਨਮਾਨਿਤ ਉਘੀ ਲੇਖਿਕਾ ਅਤੇ ਜਮਹੂਰੀ ਕਾਰਕੁੰਨ ਅਰੁੰਧਤੀ ਰਾਏ ਨੇ ਤਿੰਨ ਸਤੰਬਰ 2020 ਨੂੰ ਦਿੱਲੀ ਵਿਖੇ 'ਵਿਦੇਸ਼ੀ ਪੱਤਰਕਾਰਾਂ ਦੇ ਕਲੱਬ' ਨੂੰ ਸੰਬੋਧਨ ਕੀਤਾ। ਪੇਸ਼ ਨੇ ਉਸ ਦੀ ਸਮੁੱਚੀ ਤਕਰੀਰ ਦਾ ਪੰਜਾਬੀ ਅਨੁਵਾਦ।*

ਨਮਸਕਾਰ: ਬਹੁਤ ਸ਼ਰਮਨਾਕ ਗੱਲ ਹੈ ਕਿ ਸੰਨ 2020 ਦੇ ਭਾਰਤ ਦੇ 23.9 ਪ੍ਰਤੀਸ਼ਤ ਨੈਗੇਟਿਵ ਵਿਕਾਸ ਦਰ ਵਾਲੇ ਦੌਰ ਵਿਚ ਅਸੀਂ 'ਬੋਲਣ ਦੀ ਆਜ਼ਾਦੀ ਦੇ ਅਧਿਕਾਰ' ਜਿਹੇ ਮੂਲੋਂ ਹੀ ਬੁਨਿਆਦੀ ਮਸਲੇ 'ਤੇ ਵਿਚਾਰ-ਚਰਚਾ ਕਰਨ ਲਈ ਇਕੱਠੇ ਹੋਈਏ - ਜੋ ਯਕੀਨਨ ਹੀ ਇਕ ਅਜਿਹਾ ਅਧਿਕਾਰ ਹੈ ਜੋ ਕਿਸੇ ਵੀ ਕਾਰਜਸ਼ੀਲ ਜਮਹੂਰੀਅਤ ਦੀ ਇਮਾਰਤ ਦੀ ਨੀਂਹ ਦਾ ਸਭ ਤੋਂ ਪਹਿਲਾ ਪੱਥਰ ਹੁੰਦਾ ਹੈ।

ਦੂਸਰੀ ਤਰਫ ਅਸੀਂ, ਜਿਨ੍ਹਾਂ ਨੇ ਸ਼ਾਇਦ ਆਪਣੇ ਆਪ ਨੂੰ ਇੱਕੋ ਦੇਸ਼ ਦੇ ਵਾਸੀ ਕਹਿਣ ਦਾ ਅਧਿਕਾਰ ਵੀ ਗੁਆ ਲਿਆ ਹੈ, ਆਰਥਿਕ ਤੇ ਸਮਾਜਿਕ ਤੌਰ 'ਤੇ ਆਪਣੇ ਗੋਡਿਆਂ ਪਰਨੇ ਹੋਏ ਪਏ ਹਾਂ। ਪਿਛਲੇ ਕੁੱਝ ਸਾਲਾਂ ਦੌਰਾਨ ਸਾਡੇ ਮੁਲਕ ਨੇ, ਮਨਸੂਈ ਤੌਰ 'ਤੇ ਦਿੱਤੇ ਗਏ ਦਿਲ ਦੇ ਦੌਰਿਆਂ ਵਰਗੇ ਕਈ ਆਰਥਿਕ ਝਟਕੇ ਝੱਲੇ ਹਨ (ਅਚਾਨਕ ਤੇ ਕੋਈ ਵਾਜਬੀਅਤ ਦੱਸੇ ਬਗ਼ੈਰ ਐਲਾਨੀ ਗਈ ਨੋਟਬੰਦੀ, ਬਗ਼ੈਰ ਕਿਸੇ ਸੋਚ-ਵਿਚਾਰ ਦੇ ਤੱਟ-ਫੱਟ ਲਾਗੂ ਕੀਤਾ ਗਿਆ ਜੀਐਸਟੀ ਨਿਜ਼ਾਮ, ਜੰਮੂ ਤੇ ਕਸ਼ਮੀਰ ਵਿਚੋਂ ਧਾਰਾ 370 ਦੀ ਮਨਸੂਖੀ, ਨਾਗਰਿਕਤਾ ਸੋਧ ਬਿਲ ਨੂੰ ਲਾਗੂ ਕਰਨ ਦੀ ਤੱਤ-ਭੜੱਥੀ ਕੋਸ਼ਿਸ਼, ਲੌਕਡਾਊਨ ਕਰਨ ਵਿਚ ਕੀਤੀ ਚੌੜ-ਚੁਪੱਟ ਅਤੇ ਹੁਣ ਖੁਦ ਕੋਵਿਡ 19 ਨਾਲ ਨਜਿੱਠਣ ਦੀ ਗੜਬੜ-ਚੌਥ।

ਜਿਵੇਂ ਕਿ ਸ਼ੂਗਰ ਰੋਗ ਦੇ ਮਰੀਜ਼ਾਂ ਨਾਲ ਅਕਸਰ ਵਾਪਰਦਾ ਹੈ, ਆਰਥਿਕ ਝਟਕਿਆਂ ਰੂਪੀ ਇਹ ਦਿਲ ਦੇ ਦੌਰੇ, ਚੁੱਪ-ਚੁਪੀਤੇ ਦੌਰੇ ਸਨ ਜੋ ਪਹਿਲਾਂ ਤੋਂ ਚੱਲ ਰਹੀ ਮਰਜ਼ ਦੇ ਪਰਦੇ ਹੇਠ ਲੁਕੋਏ ਹੋਏ ਸਨ। ਸਾਡੇ ਦੇਸ਼ ਦੇ ਸਬੰਧ ਵਿਚ ਇਹ ਮਰਜ਼ ਹੈ: ਲਗਾਤਾਰ ਹੋ ਰਹੇ ਸਰਕਾਰ-ਪੱਖੀ ਪ੍ਰਾਪੇਗੰਡੇ ਦੀ ਕਾਵਾਂਰੌਲੀ ਅਤੇ ਜਨਤਕ ਅਦਾਰਿਆਂ ਦੁਆਰਾ ਆਪਣੀ ਫਰਜ਼ਸਨਾਸ਼ੀ ਤੋਂ ਕਿਨਾਰਾਕਸ਼ੀ, ਜਿਨ੍ਹਾਂ ਨੇ ਇਸ ਨਿਘਾਰ ਨੂੰ ਰੋਕਣ ਲਈ ਕੁੱਝ ਨਹੀਂ ਕੀਤਾ। ਅਤੇ ਇਨ੍ਹਾਂ ਅਦਾਰਿਆਂ ਵਿੱਚ ਨਿਆਪਾਲਿਕਾ ਵੀ ਸ਼ਾਮਲ ਹੈ। ਜਮਹੂਰੀਅਤ ਰੂਪੀ ਸਾਡਾ ਦਿਲ ਫੇਲ੍ਹ ਹੋ ਰਿਹਾ ਹੈ। ਅਤੇ ਇਕ ਡਾਕਟਰ -ਜੋ ਜੇਲ੍ਹਾਂ ਵਿੱਚ ਨਜ਼ਰਬੰਦ ਕਈ ਵਿਦਿਅਕ ਮਾਹਰਾਂ,ਕਾਰਕੁੰਨਾਂ,ਵਕੀਲਾਂ ਅਤੇ ਵਿਦਵਾਨਾਂ ਦੀ ਹੀ ਤਰ੍ਹਾਂ- ਬਹੁਤ ਦੇਰ ਤੋਂ ਸਾਨੂੰ ਲਗਾਤਾਰ, ਸਾਡੀ ਜਮਹੂਰੀਅਤ ਦੀ ਮਾੜੀ ਸਿਹਤ ਬਾਰੇ ਚਿਤਾਵਨੀ ਦਿੰਦਾ ਆ ਰਿਹਾ ਹੈ। ਉਸ ਡਾਕਟਰ ਦਾ ਨਾਂਅ ਹੈ ਪ੍ਰਸ਼ਾਂਤ ਭੂਸ਼ਣ। ਆਪਣੀਆਂ ਇਨ੍ਹਾਂ ਕੋਸ਼ਿਸ਼ਾਂ ਬਦਲੇ ਉਹ ਹੁਣ ਇਕ ਸਜ਼ਾ-ਯਾਫਤਾ ਅਪਰਾਧੀ ਘੋਸ਼ਿਤ ਹੋ ਚੁੱਕਾ ਹੈ।

**ਅਸਫਲਤਾਵਾਂ ਦੀ ਲੰਬੀ ਲਿਸਟ:** ਅਦਾਲਤ ਦੀ ਮਾਣਹਾਨੀ ਕਰਨ ਸਬੰਧੀ ਸੁਪਰੀਮ ਕੋਰਟ ਦੇ ਸੰਨ 2020 ਵਾਲੇ ਦੋਸ਼-ਪੱਤਰ ਦਾ ਬਹੁਤ ਵਿਸਥਾਰਪੂਰਵਕ ਜਵਾਬ ਦਿੰਦਿਆਂ ਪ੍ਰਸ਼ਾਂਤ ਭੂਸ਼ਣ ਨੇ, ਆਪਣੇ ਵਿਰੁੱਧ ਲਾਏ ਗਏ ਦੋਸ਼ਾਂ ਦਾ ਕਾਨੂੰਨੀ ਦਲੀਲਾਂ ਰਾਹੀਂ ਜਵਾਬ ਦੇਣ ਇਲਾਵਾ ਅਜਿਹੇ ਬਹੁਤ ਸਾਰੇ ਹੋਰ ਨੁਕਤੇ ਉਠਾਏ ਜਿਨ੍ਹਾਂ ਰਾਹੀਂ ਉਸ ਨੇ ਦਾਅਵਾ ਕੀਤਾ ਕਿ ਸੁਪਰੀਮ ਕੋਰਟ, ਕੋਈ ਕਾਰਵਾਈ ਕਰਨ ਅਤੇ ਨਾ ਕਰਨ ਦੇ ਦੋਹਾਂ ਹੀ ਅਮਲਾਂ ਰਾਹੀਂ, ਭਾਰਤੀ ਸੰਵਿਧਾਨ ਦੇ ਰਖਵਾਲੇ ਵਜੋਂ ਕੰਮ ਕਰਨ, ਲੋਕਾਂ ਦੀ ਜ਼ਿੰਦਗੀ ਤੇ ਆਜ਼ਾਦੀ ਸਬੰਧੀ ਬੁਨਿਆਦੀ ਅਧਿਕਾਰਾਂ ਦੀ ਰਾਖੀ ਕਰਨ ਅਤੇ ਦੇਸ਼ ਦਾ ਸੰਕੀਰਨ ਬਹੁ-ਗਿਣਤੀਵਾਦ ਵੱਲ ਨਿਘਾਰ ਨੂੰ ਰੋਕਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।

**ਉਠਾਏ ਗਏ ਇਨ੍ਹਾਂ ਨੁਕਤਿਆਂ ਵਿੱਚ ਕੁੱਝ ਕੁ ਇਸ ਪ੍ਰਕਾਰ ਹਨ:** ਪਿਛਲੇ ਸਾਲ ਪੰਜ ਅਗੱਸਤ ਨੂੰ ਜੇਲ੍ਹੀਂ ਡੱਕੇ ਗਏ ਹਜ਼ਾਰਾਂ ਕਸ਼ਮੀਰੀਆਂ ਵਿਚੋਂ ਕੁੱਝ ਕੁ ਦੇ ਰਿਸ਼ਤੇਦਾਰਾਂ ਵੱਲੋਂ ਦਾਇਰ ਕੀਤੀਆਂ ਹੈਬੀਅਸ ਕਾਰਪਸ (ਗ੍ਰਿਫਤਾਰ ਕੀਤੇ ਸ਼ਖ਼ਸ ਨੂੰ ਮੈਜਿਸਟ੍ਰੇਟ ਸਾਹਮਣੇ ਪੇਸ਼ ਕੀਤੇ ਜਾਣ ਦਾ ਅਧਿਕਾਰ) ਪਟੀਸ਼ਨਾਂ, ਉਸ ਖੇਤਰ ਵਿਚ ਇੰਟਰਨੈਟ ਦੀ ਬੰਦੀ (ਜੋ ਮੇਰੇ ਰਾਏ ਅਨੁਸਾਰ ਮਨੁੱਖਤਾ ਵਿਰੋਧੀ ਅਪਰਾਧ ਹੈ), ਅਸਾਮ ਵਿਚ ਨਾਗਰਿਕਾਂ ਦਾ ਕੌਮੀ ਰਜਿਸਟਰ ਬਣਾਉਣ ਦਾ ਅਮਲ (ਜਿਸ ਕਾਰਨ ਲੋਕਾਂ ਨੂੰ ਅਕਹਿ ਦੁਸ਼ਵਾਰੀਆਂ ਝੱਲਣੀਆਂ ਪਈਆਂ ਅਤੇ ਕਰੋੜਾਂ ਲੋਕ ਇਸ ਲਿਸਟ ਵਿਚੋਂ ਬਾਹਰ ਰਹਿ ਗਏ) ਜਾਮੀਆ ਮਿਲੀਆ ਇਸਲਾਮੀਆ ਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਕੈਂਪਸ ਵਿਚ ਪੁਲਿਸ ਤੇ ਸੱਜ-ਪਿਛਾਖੜੀ ਗੁੰਡਿਆਂ ਦੁਆਰਾ ਹਮਲੇ, ਜਸਟਿਸ ਲੋਯਾ ਦੀ ਭੇਦਭਰੀ ਮੌਤ, ਰਫਾਲੇ ਹਵਾਈ ਜਹਾਜ਼ਾਂ ਦੇ ਸਰਕਾਰੀ ਖਰੀਦ ਸੌਦੇ ਵਿਚ ਘੋਟਾਲਾ, ਲੌਕਡਾਊਨ ਦੌਰਾਨ ਮਜ਼ਦੂਰਾਂ ਦੀ ਸੁਰੱਖਿਆ ਲਈ ਦਖਲ ਦੇਣ ਤੋਂ ਇਨਕਾਰ ਜਿਸ ਕਾਰਨ ਦਹਿ-ਲੱਖਾਂ ਮਜ਼ਦੂਰ ਦੇ ਪਰਵਾਸ ਦੇ ਖੌਫਨਾਕ ਮੰਜ਼ਰ ਦੇਖਣ ਨੂੰ ਮਿਲੇ ਅਤੇ ਕਈਆਂ ਨੂੰ ਆਪਣੇ ਪਿੰਡ ਜਾਂ ਘਰ ਪਹੁੰਚਣ ਲਈ ਹਜ਼ਾਰਾਂ ਕਿਲੋਮੀਟਰ ਤੱਕ ਦਾ ਸਫਰ ਤਹਿ ਕਰਨਾ ਪਿਆ।

ਜਵਾਬ-ਦਾਅਵੇ ਵਜੋਂ ਪੇਸ਼ ਕੀਤੇ ਪ੍ਰਸ਼ਾਂਤ ਭੂਸ਼ਣ ਦੇ ਐਫੀਡੈਵਿਟ ਵਿਚ ਕਈ ਮਹੱਤਵਪੂਰਨ ਰਿਸ਼ਵਤ ਘੋਟਾਲਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਸੁਪਰੀਮ ਕੋਰਟ ਦੇ ਜੱਜ ਵੀ ਸ਼ਾਮਲ ਹਨ ਅਤੇ ਉਨ੍ਹਾਂ ਦੇ ਨਾਵਾਂ ਦਾ ਵੀ ਉਲੇਖ ਕੀਤਾ ਗਿਆ। ਇਹ ਇਕ ਅਜਿਹਾ ਯਾਦਗਾਰੀ ਦਸਤਾਵੇਜ਼ ਹੈ ਜੋ ਹਰ ਉਸ ਸ਼ਖ਼ਸ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ ਜੋ ਇਹ ਸਮਝਣਾ ਚਾਹੁੰਦਾ ਹੈ ਕਿ ਆਧੁਨਿਕ ਭਾਰਤ ਕਿਵੇਂ ਕੰਮ ਕਰਦਾ - ਜਾਂ ਕਿਵੇਂ ਕੰਮ ਨਹੀਂ ਕਰਦਾ ਹੈ।

ਪਰ ਹੁਣ ਜਦੋਂ ਪ੍ਰਸ਼ਾਂਤ ਭੂਸ਼ਣ ਨੂੰ ਦੋਸ਼ੀ ਕਰਾਰ ਦਿਤਾ ਜਾ ਚੁੱਕਾ ਹੈ ਅਤੇ ਸਜ਼ਾ ਵੀ ਐਲਾਨੀ ਜਾ ਚੁੱਕੀ ਹੈ, ਅਸੀਂ ਇਨ੍ਹਾਂ ਸਾਰੇ ਨੁਕਤਿਆਂ ਉਪਰ ਪਹਿਰਾ ਦੇਣਾ, ਇਨ੍ਹਾਂ ਬਾਰੇ ਸਵਾਲ ਪੁੱਛਣਾ ਤੇ ਲਿਖਣਾ ਬੰਦ ਨਹੀਂ ਕਰ ਸਕਦੇ। ਸਾਨੂੰ ਪ੍ਰਸ਼ਾਂਤ ਭੂਸ਼ਣ ਦੀ ਮਿਸਾਲ ਤੋਂ ਸਬਕ ਸਿਖਣਾ ਚਾਹੀਦਾ ਹੈ ਅਤੇ ਉਸ ਦੁਆਰਾ ਦਿਖਾਏ ਹੌਂਸਲੇ ਨੂੰ ਹੋਰ ਬੁਲੰਦ ਕਰਨਾ ਚਾਹੀਦਾ ਹੈ।

ਮੈਂ ਇਕ ਹੋਰ ਅਹਿਮ ਨੁਕਤਾ ਉਠਾਉਣਾ ਚਾਹੁੰਦੀ ਹਾਂ। ਸੁਪਰੀਮ ਕੋਰਟ ਨੂੰ ਬਦਨਾਮ ਕਰਨ ਅਤੇ ਇਸ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਪ੍ਰਸ਼ਾਂਤ ਭੂਸ਼ਣ ਨੂੰ ਦੋਸ਼ੀ ਕਰਾਰ ਦਿਤੇ ਜਾਣ ਅਤੇ ਉਸ ਲਈ ਸਜ਼ਾ ਦਾ ਐਲਾਨ ਕਰਨ ਵਾਲੇ ਇਸ ਦੇ ਫੈਸਲੇ - ਇਕ ਰੁਪਏ ਦਾ ਸੰਕੇਤਿਕ ਜੁਰਮਾਨਾ-ਤੋਂ ਇਲਾਵਾ ਵੀ ਹੋਰ ਬਹੁਤ ਸਾਰਾ ਘਾਲਾ-ਮਾਲਾ ਹੈ। ਮੈਂ ਇਸ ਗੱਲ 'ਤੇ ਖੁਸ਼ ਹਾਂ ਕਿ ਪ੍ਰਸ਼ਾਂਤ ਭੂਸ਼ਣ ਨੇ ਇਸ ਫੈਸਲੇ ਨੂੰ ਚੁਣੌਤੀ ਦੇਣ ਦੀ ਗੱਲ ਕਹੀ ਹੈ ਕਿਉਂਕਿ ਜਿੰਨੀ ਦੇਰ ਤੱਕ ਇਹ ਫੈਸਲਾ ਬਰਕਰਾਰ ਰਹਿੰਦਾ ਹੈ, ਇਹ ਸਾਡੇ ਵਰਗੇ ਉਨ੍ਹਾਂ ਲੋਕਾਂ ਲਈ ਇਕ ਖਤਰਨਾਕ ਕੁੜਿੱਕੀ ਦੀ ਤਰ੍ਹਾਂ ਰਹੇਗਾ ਜੋ ਲੋਕ ਨਾਮਵਰ ਪਰਿਵਾਰਾਂ ਵਿਚੋਂ ਆਉਣ ਵਾਲੇ ਸੁਪਰੀਮ ਕੋਰਟ ਦੇ ਉਘੇ ਵਕੀਲ ਨਹੀਂ ਹਨ।

ਹਾਲੀਆ ਸਾਲਾਂ ਦੌਰਾਨ ਕਈ ਹੋਰਾਂ ਨੂੰ ਵੀ ਅਦਾਲਤ ਦੀ ਮਾਣ-ਹਾਨੀ ਕਰਨ ਦੇ ਦੋਸ਼ ਹੇਠ ਸਜ਼ਾ ਦਿਤੀ ਗਈ ਹੈ। ਉਨ੍ਹਾਂ ਵਿਚ ਕੱਲਕੱਤਾ ਹਾਈ ਕੋਰਟ ਦੇ ਇਕ ਦਲਿਤ ਜੱਜ,ਜਸਟਿਸ ਕਰਨਨ ਦਾ ਨਾਂਅ ਵੀ ਸ਼ਾਮਲ ਹੈ। ਉਸ ਨੂੰ ਮਾਣਹਾਨੀ ਕਾਨੂੰਨ ਦੀ ਇਕ ਵੱਖਰੀ ਧਾਰਾ ਅਧੀਨ ਸਜ਼ਾ ਦਿਤੀ ਗਈ ਸੀ-ਇਨਸਾਫ ਦੀ ਪ੍ਰਕਿਰਿਆ ਵਿਚ ਦਖਲਅੰਦਾਜ਼ੀ ਕਰਨ ਦੀ ਧਾਰਾ ਹੇਠ- ਅਤੇ ਛੇ ਮਹੀਨੇ ਜੇਲ੍ਹ ਵਿਚ ਰਹਿਣ ਦੀ ਸਜ਼ਾ ਸੁਣਾਈ ਗਈ ਸੀ। ਸੰਨ 2019 ਵਿਚ ਸੁਪਰੀਮ ਕੋਰਟ ਦੇ ਵਕੀਲ ਮੈਥਿਉ-ਨੇਦਮਪਾਰਾ ਨੂੰ 'ਅਪਮਾਨਜਨਕ ਦੋਸ਼ ਲਾਉਣ ਅਤੇ ਅਦਾਲਤ ਨੂੰ ਧਮਕਾਉਣ ਦੀ ਕੋਸ਼ਿਸ਼ ਕਰਨ' ਦੇ ਦੋਸ਼ਾਂ ਸਜ਼ਾ ਸੁਣਾਈ ਗਈ ਸੀ। ਉਸ ਨੂੰ ਮੁਅੱਤਲ ਰਹਿਣ ਵਾਲੀ ਤਿੰਨ ਮਹੀਨੇ ਦੀ ਜੇਲ੍ਹ ਅਤੇ ਇਕ ਸਾਲ ਤੱਕ ਅਦਾਲਤ ਵਿਚ ਕਾਨੂੰਨੀ ਪ੍ਰੈਕਟਿਸ ਕਰਨ ਉਪਰ ਬੰਦਿਸ਼ ਦੀ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਦੋਵਾਂ ਚੋਂ ਕਿਸੇ ਨੂੰ ਵੀ ਸੰਕੇਤਿਕ ਸਜ਼ਾ ਵਾਲਾ ਬਦਲ ਮੁਹੱਈਆ ਨਹੀਂ ਸੀ ਕਰਵਾਇਆ ਗਿਆ।

ਸੋਸ਼ਲ ਮੀਡੀਆ ਪਲੇਟਫਾਰਮਾਂ ਉਪਰ ਵੱਖ ਵੱਖ ਵਰਗਾਂ ਦੇ ਲੋਕਾਂ ਵੱਲੋਂ ਵੱਖ-ਵੱਖ ਕਿਸਮ ਦੀਆਂ ਟਿਪਣੀਆਂ ਦੀ ਕਾਫੀ ਭਰਮਾਰ ਰਹੀ ਹੈ-ਇਹ ਟਿਪਣੀਆਂ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਰੇ ਵੀ ਹਨ ਅਤੇ ਪ੍ਰਸ਼ਾਂਤ ਭੂਸ਼ਣ ਨੂੰ ਮਿਲੀ ਵੱਡੀ ਜਨਤਕ ਹਮਾਇਤ ਨੂੰ ਲੈ ਕੇ ਵੀ ਲਿਖੀਆਂ ਗਈਆਂ ਹਨ।

**ਉੱਚ-ਜਾਤੀ ਪਿਤਰਸੱਤਾ ਦੀ ਝਲਕ**

ਜੇਕਰ ਮੈਂ ਆਪਣੀ ਗੱਲ ਕਰਾਂ ਤਾਂ ਸੰਨ 2002 ਵਿੱਚ ਅਦਾਲਤ ਨੇ ਮਾਣਹਾਨੀ ਵਾਲੇ ਕੇਸ ਵਿਚ ਮੈਨੂੰ ਦੋਸ਼ੀ ਕਰਾਰ ਕੇ ਜੋ ਸਜ਼ਾ ਸੁਣਾਈ ਸੀ, ਉਸ ਫੈਸਲੇ ਦੀ ਸ਼ਬਦਾਵਲੀ ਬਹੁਤ ਅਸੰਜਮੀ, ਲਿੰਗਕ ਅਤੇ ਨਿੰਦਾਤਮਿਕ ਸੀ। ਯਕੀਨਨ ਹੀ ਸਾਡੇ ਦੋਨਾਂ ਦੁਆਰਾ ਕੀਤੇ ਗਏ 'ਅਪਰਾਧਾਂ ਬਾਰੇ ਜਿਵੇਂ ਸਮਝਿਆ ਜਾਂਦਾ ਹੈ, ਇਹ 'ਅਪਰਾਧ ਕਿਸੇ ਪੱਖੋਂ ਵੀ ਇਕੋ ਤਰ੍ਹਾਂ ਦੇ ਨਹੀਂ ਹਨ ਅਤੇ ਪ੍ਰਸ਼ਾਂਤ ਭੂਸ਼ਣ ਦਾ ਜਨਤਕ ਸੇਵਾ ਦਾ ਜੋ ਸ਼ਾਨਦਾਰ ਰਿਕਾਰਡ ਰਿਹਾ ਹੈ, ਇਸ ਹਾਲੀਆ ਫੈਸਲੇ ਵਿਚ ਉਸ ਰਿਕਾਰਡ ਦਾ ਵੀ ਇਕ ਅਹਿਮ ਅਸਰ ਰਿਹਾ ਹੈ।

ਪਰ ਪੂਰੇ ਮਾਹੌਲ ਵਿਚ ਉਚ-ਜਾਤੀ ਪਿਤਰਸੱਤਾ ਦੀ ਇਕ ਝਲਕ ਵੀ ਯਕੀਨਨ ਹੀ ਨਜ਼ਰੀਂ ਪੈਂਦੀ ਹੈ ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾਣਾ ਚਾਹੀਦਾ। ਸਾਡੇ ਵਰਗੇ ਗ਼ੈਰ-ਬਰਾਬਰੀ ਵਾਲੇ, ਜਾਤ-ਪਾਤੀ ਵਿਵਸਥਾ ਨਾਲ ਗ੍ਰਸੇ ਹੋਏ ਅਤੇ ਅਤਿ ਦਰਜੇ ਦੇ ਲਿੰਗਕ ਵਖਰੇਵਿਆਂ ਵਾਲੇ ਸਮਾਜ ਵਿਚ ਇਹ ਸਿਰਫ ਅਦਾਲਤਾਂ ਦੀ ਹੀ ਜ਼ਿੰਮੇਵਾਰੀ ਨਹੀਂ ਸਗੋਂ ਹਰ ਸ਼ਖ਼ਸ ਦਾ ਫਰਜ ਬਣਦਾ ਹੈ ਕਿ ਹਰ ਪ੍ਰਕਾਰ ਦੇ ਵਿਤਕਰਿਆਂ ਪ੍ਰਤੀ ਚੌਕੰਨੇ ਰਿਹਾ ਜਾਵੇ।

ਸਾਨੂੰ ਅਜਿਹੀ ਉਮੀਦ ਨਹੀਂ ਕਰਨੀ ਚਾਹੀਦੀ ਕਿ ਸਾਡੀ ਨਿਆਂ-ਪ੍ਰਣਾਲੀ, 'ਅਦਾਲਤ ਨੂੰ ਬਦਨਾਮ ਕਰਨ' ਅਤੇ 'ਇਸ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ' ਵਾਲੀ ਆਪਣੀ ਪੁਰਾਤਨਪੰਥੀ ਧਾਰਨਾ ਦੇ ਚੱਲਦਿਆਂ, ਮਾਣਹਾਨੀ ਕਾਨੂੰਨ ਦੀਆਂ ਧਾਰਾਵਾਂ ਨੂੰ ਰੱਦ ਕਰਕੇ ਆਪਣੇ ਅਧਿਕਾਰਾਂ ਨੂੰ ਸੀਮਿਤ ਕਰਨ ਦੀ ਖੁਦ ਹੀ ਕੋਈ ਪਹਿਲ ਕਰੇਗੀ। ਭਾਵੇਂ ਕਿ ਇਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਦਾਲਤਾਂ ਸਿਰਫ ਆਪਣੇ ਫੈਸਲਿਆਂ ਰਾਹੀਂ ਹੀ ਲੋਕਾਂ ਦਾ ਸਤਿਕਾਰ ਹਾਸਲ ਕਰ ਸਕਦੀਆਂ ਹਨ, ਮਾਣਹਾਨੀ ਵਾਲੇ ਇਸ ਬੇਹੂਦਾ ਕਾਨੂੰਨ ਰਾਹੀਂ ਨਹੀਂ।

ਕਿਉਂਕਿ ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਇਹ ਕਾਨੂੰਨ ਰੱਦ ਹੋ ਜਾਵੇ, ਸਾਨੂੰ ਇਸ ਗੱਲ ਲਈ ਸੰਘਰਸ਼ ਕਰਨਾ ਚਾਹੀਦਾ ਹੈ ਕਿ ਇਹ ਵਿਅਰਥ ਤੇ ਫਾਲਤੂ ਬਣ ਕੇ ਰਹਿ ਜਾਵੇ। ਅਜਿਹਾ ਕਰਨ ਲਈ ਸਾਨੂੰ ਜਾਣਬੁੱਝ ਕੇ ਜਾਂ ਬਗ਼ੈਰ ਕਿਸੇ ਕਾਰਨ ਤੋਂ ਅਦਾਲਤਾਂ ਦੀ ਬੇਇੱਜਤੀ ਕਰਨ ਦੀ ਜਰੂਰਤ ਨਹੀਂ ਸਗੋਂ ਪ੍ਰਸ਼ਾਂਤ ਭੂਸ਼ਣ ਦੀ ਤਰ੍ਹਾਂ ਅਦਾਲਤਾਂ, ਜੱਜਾਂ ਤੇ ਉਨ੍ਹਾਂ ਦੇ ਫੈਸਲਿਆਂ ਬਾਰੇ ਪੂਰੀ ਜ਼ਿੰਮੇਵਾਰੀ ਤੇ ਇਮਾਨਦਾਰੀ ਨਾਲ ਆਪਣੀ ਬੇਬਾਕ ਰਾਏ ਜ਼ਾਹਿਰ ਕਰਕੇ ਕਰਨਾ ਚਾਹੀਦਾ ਹੈ।

ਤੁਹਾਡਾ ਸਾਰਿਆਂ ਦਾ ਧੰਨਵਾਦ।

**ਪੇਸ਼ਕਸ਼: ਹਰਚਰਨ ਸਿੰਘ ਚਹਿਲ**

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote
New Readership & Encourage New Writers!
Book Exhibition & Sale!
Contact: Master Bhajan Singh at 403-455-4220

# ਭਗਤ ਸਿੰਘ ਨੇ ਕਿਹਾ

ਇਨਸਾਨੀ ਸੁਭਾਅ, ਭਰਮਾਂ ਅਤੇ ਖੜੋਤ ਚਾਹੁਣ ਵਾਲਾ ਹੋਣ ਕਰਕੇ, ਇਨਕਲਾਬ ਤੋਂ ਇਕ ਤਰ੍ਹਾਂ ਦਾ ਡਰ ਇਜ਼ਹਾਰ ਕਰਦਾ ਹੈ। ਸਮਾਜਿਕ ਤਬਦੀਲੀ ਸਦਾ ਤਾਕਤ ਅਤੇ ਖ਼ਾਸ ਸਹੂਲਤਾਂ ਮਾਨਣ ਵਾਲਿਆਂ ਲਈ ਡਰ ਪੈਦਾ ਕਰਦੀ ਹੈ। ਇਨਕਲਾਬ ਇਕ ਅਜਿਹਾ ਕ੍ਰਿਸ਼ਮਾਂ ਹੈ ਜਿਸ ਨੂੰ ਕੁਦਰਤ ਪਿਆਰ ਕਰਦੀ ਹੈ ਅਤੇ ਜਿਸ ਦੇ ਬਗ਼ੈਰ ਕੋਈ ਉੱਨਤੀ ਨਹੀਂ ਹੋ ਸਕਦੀ, ਨਾ ਕੁਦਰਤ ਵਿੱਚ ਨਾ ਇਨਸਾਨੀ ਕਾਰੋਬਾਰ ਵਿੱਚ। ਇਨਕਲਾਬ ਯਕੀਨੀ ਅਣ ਸੋਚੀ ਸਮਝੀ, ਕਤਲਾਂ ਅਤੇ ਸਾੜ ਫ਼ੂਕ ਦੀ ਦਰਿੰਦਾ ਮੁਹਿੰਮ ਨਹੀਂ, ਤੇ ਨਾ ਹੀ ਚੰਦ ਬੰਬ ਇਥੇ ਉੱਥੇ ਸੁੱਟਣ ਅਤੇ ਗੋਲੀਆਂ ਚਲਾਉਣਾ ਹੈ ਅਤੇ ਨਾ ਹੀ ਇਹ ਸਭਿਆਚਾਰ ਦੇ ਸਾਰੇ ਨਿਸ਼ਾਨ ਮਿਟਾਉਣ ਅਤੇ ਸਮੇਂ ਤੋਂ ਮੰਨੇ ਪ੍ਰਮੰਨੇ ਇਨਸਾਫ ਅਤੇ ਬਰਾਬਰੀ ਦੇ ਅਸੂਲ ਤਬਾਹ ਕਰਨਾ ਹੈ। ਇਨਕਲਾਬ ਕੋਈ ਮਾਯੂਸੀ ਤੋਂ ਪੈਦਾ ਹੋਇਆ ਫ਼ਲਸਫਾ ਵੀ ਨਹੀਂ ਤੇ ਨਾ ਹੀ ਸਿਰਲੱਥਾਂ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਹ ਇਕ ਪੁਖਤਾ ਤੇ ਜ਼ਿੰਦਾ ਤਾਕਤ ਹੈ ਇਜ਼ਹਾਰ ਜੋ ਨਵੇਂ ਤੇ ਪੁਰਾਣੇ ਦੀ, ਜੀਵਨ ਤੇ ਮੌਤ, ਰੌਸ਼ਨੀ ਅਤੇ ਹਨ੍ਹੇਰੇ ਦੀ ਅੰਤਰੀਵੀ ਟੱਕਰ ਦਾ ਇਜ਼ਹਾਰ ਹੈ। ਕੋਈ ਇਤਫ਼ਾਕ ਨਹੀਂ ਹੈ, ਨਾ ਕੋਈ ਸੰਗੀਤਮਈ ਇਕਸਾਰਤਾ ਹੈ ਅਤੇ ਨਾ ਹੀ ਕੋਈ ਤਾਲ ਜੋ ਕਿ ਇਨਕਲਾਬ ਬਗ਼ੈਰ ਆਈ ਹੋਏ। 'ਗੋਲਿਆਂ ਦਾ ਰਾਗ' ਜਿਸ ਬਾਰੇ ਕਵੀ ਗਾਉਂਦੇ ਹਨ, ਅਸਲੀਅਤ ਰਹਿਤ ਹੋ ਜਾਵੇਗਾ ਅਗਰ ਇਨਕਲਾਬ ਨੂੰ ਖਲਾਅ ਵਿਚੋਂ ਖ਼ਤਮ ਕਰ ਦਿੱਤਾ ਜਾਵੇ। ਇਨਕਲਾਬ ਇਕ ਨਿਯਮ ਹੈ। ਇਨਕਲਾਬ ਇਕ ਆਦੇਸ਼ ਹੈ ਅਤੇ ਇਨਕਲਾਬ ਸੱਚ ਹੈ।



**- ਸ਼ਹੀਦ ਭਗਤ ਸਿੰਘ**

# ਟੋਰਾਂਟੋ ਕੈਨੇਡਾ 'ਚ ਵੀ ਕਿਸਾਨੀ ਸੰਘਰਸ਼ ਦੀ ਹਮਾਇਤ

*ਭਾਰਤੀ ਹਾਕਮਾਂ ਦੇ ਕਾਲੇ ਕਾਨੂੰਨਾਂ ਦਾ ਵਿਰੋਧ*




ਟੋਰਾਂਟੋ : ਓਂਟਾਰੀਓ ਕੈਨੇਡਾ ਵਿਚ ਵੀ ਕਿਸਾਨੀ ਸੰਘਰਸ਼ ਦੇ ਹੱਕ ਵਿਚ ਵੀ ਜਥੇਬੰਦੀਆਂ ਵਲੋਂ ਹਮਾਇਤ ਅਤੇ ਸੰਘਰਸ਼ ਵਿੱਢਣ ਦੀ ਤਿਆਰੀ। ਇਸ ਗੱਲ ਦਾ ਪ੍ਰਗਟਾਵਾ 'ਸਰੋਕਾਰਾਂ ਦੀ ਆਵਾਜ਼' ਦੇ ਐਡੀਟਰ ਹਰਬੰਸ ਸਿੰਘ ਵਲੋਂ ਕੀਤਾ ਗਿਆ। ਅਦਾਰਾ ਸਰੋਕਾਰਾਂ ਦੀ ਆਵਾਜ਼, ਅੱਲਾਈਸ ਆਫ਼ ਪ੍ਰੌਗਰੈਸਿਵ ਕੈਨੇਡੀਅਨਸ, ਇੰਡੋ ਕੈਨੇਡੀਅਨ ਵਰਕਸ ਐਸੋਸੀਏਸ਼ਨ, ਐਨ.ਆਰ.ਆਈ. ਇਨਕਲਾਬੀ ਮੰਚ, ਵੈਸਟ ਕਲੱਬ ਸੀਪੀਸੀ, ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਆਦਿ ਨੇ ਕੇਂਦਰ ਵਲੋਂ ਕਿਸਾਨਾਂ ਵਿਰੁੱਧ ਪਾਸ ਕੀਤੇ ਬਿੱਲ ਸਖ਼ਤ ਵਿਰੋਧ ਕਰਦੇ ਹੋਏ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ।

ਐਨ.ਆਰ.ਆਈ. ਇਨਕਲਾਬੀ ਮੰਚ ਵਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਸਬੰਧੀ ਓਕਵਿਲ ਪਾਰਕ ਵਿਖੇ ਮੀਟਿੰਗ ਕੀਤੀ ਜਿਸ ਵਿਚ ਐਨ.ਆਰ.ਆਈ. ਇਨਕਲਾਬੀ ਮੰਚ ਦੇ ਆਗੂ ਤੇ ਮੈਂਬਰ ਪਰਿਵਾਰਾਂ ਸਮੇਤ ਪੁੱਜੇ ਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਦੇਸ਼ ਵਾਸੀਆਂ ਨੂੰ ਇਨਕਲਾਬੀ ਮੁਬਾਰਕਾਂ ਦਿੱਤੀਆਂ। ਇਸ ਮੌਕੇ 'ਤੇ ਮੰਚ ਦੇ ਸਰਪ੍ਰਸਤ ਡਾ. ਪ੍ਰਦੀਪ ਜੋਧਾਂ ਤੇ ਮੰਚ ਦੇ ਕੌਮੀ ਜ. ਸਕੱਤਰ ਤੇ ਕੌਮਾਂਤਰੀ ਬੁਲਾਰੇ ਨਵਦੀਪ ਜੋਧਾਂ ਨੇ ਜਿਥੇ ਸ਼ਹੀਦ ਭਗਤ ਸਿੰਘ ਦੀ ਜੀਵਨੀ ਬਾਰੇ ਚਾਨਣਾ ਪਾਇਆ, ਉਕੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਅਪੀਲ ਕਰਦਿਆਂ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਦੇ ਖਿਲਾਫ਼ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਫਾਸ਼ੀਵਾਦੀ ਤੇ ਫਿਰਕੂ ਤਾਕਤਾਂ ਦੇ ਖਿਲਾਫ਼ ਜਥੇਬੰਦੀਆਂ ਸਮੂਹ ਖੱਬੇਪੱਖੀ, ਅਗਾਂਹਵਧੂ ਤੇ ਇਨਕਲਾਬੀ ਤਾਕਤਾਂ ਨੂੰ ਇਕਜੁਟ ਹੋਣ ਦੀ ਵੀ ਗੱਲ ਕਹੀ। ਐਨ.ਆਰ.ਆਈ. ਇਨਕਲਾਬੀ ਮੰਚ ਕੈਨੇਡਾ ਵਲੋਂ ਜਿਥੇ ਇਸ ਮੌਕੇ ਭਾਰਤੀ ਹਾਕਮਾਂ ਵਲੋਂ ਪਾਸ ਕੀਤੇ ਗਏ ਕਾਲੇ ਕਾਨੂੰਨਾਂ ਜਿਨ੍ਹਾਂ 'ਚ ਤਿੰਨ ਖੇਤੀ ਤੇ ਇਕ ਮਜ਼ਦੂਰ ਵਿਰੋਧੀ ਕਾਲਾ ਕਾਨੂੰਨ ਸ਼ਾਮਲ ਹੈ, ਉਸਦਾ ਸਖਤ ਵਿਰੋਧ ਕੀਤਾ ਗਿਆ। ਮੰਚ ਵਲੋਂ ਭਾਰਤੀ ਹਾਕਮਾਂ ਵਲੋਂ ਪਾਸ ਕੀਤੇ ਗਏ ਇਨ੍ਹਾਂ ਕਾਨੂੰਨਾਂ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਨਾਲ ਜਿਥੇ ਕਾਰਪੋਰੇਟ ਘਰਾਣਿਆਂ ਨੂੰ ਦੇਸ਼ ਦੇ ਕਿਰਤੀ ਲੋਕਾਂ ਨੂੰ ਲੁੱਟਣ ਲਈ ਹੋਰ ਖੁੱਲ੍ਹ ਮਿਲੇਗੀ, ਉਥੇ ਬਹੁਰਾਸ਼ਟਰੀ ਕੰਪਨੀਆਂ ਦੀ ਆਮਦ ਦੇਸ਼ 'ਚ ਹੋ ਵਧੇਗੀ। ਮੰਚ ਨੇ ਭਾਰਤੀ ਹਾਕਮਾਂ ਦੀਆਂ ਅਮਰੀਕਨ ਸਾਮਰਾਜ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਦੀ ਸਖ਼ਤ ਆਲੋਚਨਾ ਕੀਤੀ। ਇਸ ਮੌਕੇ 'ਤੇ ਮੰਚ ਦੇ ਹੋਰ ਆਗੂਆਂ ਡਾ. ਮੋਨਿਕਾ ਜੋਧਾ, ਅਸ਼ਨਵੀ (ਸ਼ੈਂਕੀ ਜੋਧਾ) ਨਵਨੀਤ ਬੱਬੂ, ਨਿਹਾ ਕਪੂਰ, ਮੀਨੂ ਮੁਗਲ, ਕਰਨ ਕਪੂਰ ਤੋਂ ਇਲਾਵਾ ਪਰਿਵਾਰਕ ਬੱਚਿਆਂ ਆਸਨਾ, ਇਜ਼ਾਰਾ, ਆਹਨਾ, ਕਵੀ ਕਪੂਰ ਨੇ ਵੀ ਸ਼ਮੂਲੀਅਤ ਕੀਤੀ।

Al Karim TRAVEL & TOURS

ALKARIM TRAVEL & TOURS

Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

403-454-8011

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

NEW SERVICE BY CARE INC

Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available

www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਕੈਲਗਰੀ ਵਿੱਚ ਕਿਸਾਨਾਂ ਦੇ ਹੱਕ ਵਿੱਚ ਪ੍ਰਭਾਵਸ਼ਾਲੀ ਤੇ ਭਰਵੀਂ ਰੈਲੀ !






ਕੈਲਗਰੀ, (ਹਰਚਰਨ ਸਿੰਘ ਪਰਹਾਰ): 25 ਸਤੰਬਰ ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ ਦੇ ਸੱਦੇ ਤੇ ਪ੍ਰੇਰੀਵਿੰਡਜ਼ ਪਾਰਕ ਨਾਰਥ ਈਸਟ ਕੈਲਗਰੀ ਦੇ ਬਾਹਰ ਭਾਰਤ ਸਰਕਾਰ ਵਲੋਂ ਕਿਸਾਨ ਵਿਰੋਧੀ ਪਾਸ ਕੀਤੇ ਗਏ ਤਿੰਨ ਆਰਡੀਨੈਂਸਾਂ ਖਿਲਾਫ ਇੱਕ ਭਰਵੀਂ ਰੈਲੀ ਕੀਤੀ ਗਈ। ਇਹ ਰੈਲੀ ਭਾਰਤ ਤੇ ਖਾਸਕਰ ਪੰਜਾਬ ਵਿੱਚ ਕਿਸਾਨ, ਮਜਦੂਰ ਤੇ ਲੋਕ ਪੱਖੀ ਇਨਕਲਾਬੀ ਜਥੇਬੰਦੀਆਂ ਵਲੋਂ ਕਿਸਾਨਾਂ ਦੀਆਂ ਮੰਗਾਂ ਤੇ ਆਰਡੀਨੈਂਸਾਂ ਦੇ ਵਿਰੋਧ ਵਿੱਚ 25 ਸਤੰਬਰ ਨੂੰ ਦਿੱਤੇ ਗਏ, ਪੰਜਾਬ ਬੰਦ ਤੇ ਰੇਲ ਰੋਕੋ ਦੇ ਸੱਦੇ ਦਾ ਸਮਰਥਨ ਕਰਨ ਲਈ ਸੀ।ਬੇਸ਼ਕ ਕੋਵਿਡ ਕਾਰਨ ਬਹੁਤੇ ਇਕੱਠ ਦੀ ਆਸ ਨਹੀਂ ਸੀ, ਪਰ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀ ਸ਼ਮੂਲੀਅਤ ਦੱਸਦੀ ਸੀ ਕਿ ਲੋਕਾਂ ਵਿੱਚ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਹਮਦਰਦੀ ਤੇ ਸਰਕਾਰ ਪ੍ਰਤੀ ਪੂਰਾ ਰੋਹ ਸੀ। ਇਸ ਮੌਕੇ ਤੇ ਰੈਲੀ ਦੇ ਮੁੱਖ ਪ੍ਰਬੰਧਕ ਮਾਸਟਰ ਭਜਨ ਸਿੰਘ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਭਾਰਤ ਸਰਕਾਰ ਵਲੋਂ ਪਾਸ ਕੀਤੇ ਤਿੰਨ ਨਵੇਂ ਖੇਤੀ ਆਰਡੀਨੈਂਸਾਂ ਦੇ ਲਾਗੂ ਹੋਣ ਨਾਲ ਖੇਤੀ ਸੈਕਟਰ ਤੇ ਵੀ ਵੱਡੀਆਂ ਕਾਰਪੋਰੇਸ਼ਨਾਂ ਦਾ ਕਬਜ਼ਾ ਹੋ ਜਾਵੇਗਾ।ਸਰਕਾਰ ਵਲੋਂ ਫਸਲਾਂ ਦਾ ਤਹਿ ਕੀਤਾ ਜਾਂਦਾ ਘੱਟੋ-ਘੱਟ ਸਮਰਥਨ ਮੁੱਲ ਵੀ ਹੌਲੀ-ਹੌਲੀ ਖਤਮ ਹੋ ਜਾਵੇਗਾ। ਛੋਟੇ ਤੇ ਮੱਧ ਵਰਗੀ ਕਿਸਾਨਾਂ ਨੂੰ ਖੇਤੀ ਤੋਂ ਬਾਹਰ ਹੋਣਾ ਪਵੇਗਾ ਤੇ ਜਮੀਨਾਂ ਦੀ ਮਾਲਕੀ ਵੀ ਵੱਡੇ ਘਰਾਨਿਆਂ ਕੋਲ ਚਲੀ ਜਾਵੇਗੀ। ਕੈਲਗਰੀ ਦੀ ਉਘੀ ਕਵਿਤਰੀ ਤੇ ਕਈ ਕਿਤਾਬਾਂ ਦੀ ਲੇਖਿਕਾ ਸੁਰਿੰਦਰ ਗੀਤ ਵਲੋਂ ਕਿਸਾਨਾਂ ਤੇ ਮਜਦੂਰਾਂ ਦੇ ਹੱਕ ਵਿੱਚ ਇੱਕ ਕਵਿਤਾ ਪੜ੍ਹੀ। ਇਸ ਮੌਕੇ 'ਤੇ ਨੌਜਵਾਨ ਪ੍ਰਭਰੂਪ ਸਿੰਘ ਮਾਂਗਟ ਵਲੋਂ 'ਪਗੜੀ ਸੰਭਾਲ ਜੱਟਾ...' ਗੀਤ ਪੇਸ਼ ਕੀਤਾ। ਕਮਲਪ੍ਰੀਤ ਪੰਧੇਰ ਦੀ ਅਗਵਾਈ ਵਿੱਚ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਗਿੱਲ ਹਰਦੀਪ ਦੇ ਗਾਏ ਤੇ ਸੁੱਖ ਬਰਾੜ ਦੇ ਲਿਖੇ ਗੀਤ 'ਉਠ ਜਾਗ ਪੰਜਾਬ ਸਿਆਂ, ਸੁੱਤਿਆਂ ਚੋਰ ਘਰਾਂ ਵਿੱਚ ਵੜ ਗਏ...' ਤੇ ਕੋਰੀਓਗਰਾਫੀ ਪੇਸ਼ ਕੀਤੀ, ਜਿਸਨੂੰ ਲੋਕ ਨੇ ਖੂਬ ਸਰਾਹਿਆ। ਪ੍ਰਬੰਧਕਾਂ ਵਲੋਂ ਦਿੱਤੇ ਸੱਦੇ ਅਨੁਸਾਰ ਮੁਜ਼ਾਹਰਾਕਾਰੀ ਕਿਸਾਨੀ ਦੇ ਪ੍ਰਤੀਕ ਹਰੇ ਤੇ ਪੀਲੇ ਰੰਗ ਦੇ ਕੱਪੜੇ, ਦਸਤਾਰਾਂ ਜਾਂ ਚੁੰਨੀਆਂ ਪਾ ਕੇ ਆਏ ਹੋਏ ਸਨ। ਸਾਰੇ ਮੁਜ਼ਾਹਰੇ ਦੌਰਾਨ ਲੋਕਾਂ ਵਲੋਂ ਕਿਸਾਨਾਂ ਦੇ ਹੱਕ ਵਿੱਚ ਅਤੇ ਮੋਦੀ ਸਰਕਾਰ ਦੇ ਵਿਰੋਧ ਵਿੱਚ ਰੋਹ ਭਰੇ ਨਾਹਰੇ ਲਗਦੇ। ਗੁਰਦਿਆਲ ਸਿੰਘ ਖੈਹਰਾ ਵਲੋਂ ਸੰਬੋਧਨ ਕਰਦਿਆਂ ਲੋਕਾਂ ਨੂੰ ਲੀਡਰਾਂ ਤੋਂ ਸੁਚੇਤ ਕੀਤਾ ਕਿ ਇਹ ਹੀ ਤੁਹਾਡੇ ਮੋਰਚੇ ਫੇਲ੍ਹ ਕਰਦੇ ਹਨ, ਇਨ੍ਹਾਂ ਤੋਂ ਬਚ ਕੇ ਰਹੋ। ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਵਲੋਂ ਡਾ. ਬਲਵਿੰਦਰ ਕੌਰ ਬਰਾੜ ਨੇ ਕਿਸਾਨ ਬਿੱਲਾਂ ਦੇ ਪੈਣ ਵਾਲੇ ਮਾਰੂ ਪ੍ਰਭਾਵਾਂ ਬਾਰੇ ਵਿਚਾਰ ਸਾਂਝੇ ਕੀਤੇ। ਮੈਡਮ ਬਰਾੜ ਤੇ ਮੈਡਮ ਗੁਰਚਰਨ ਕੌਰ ਥਿੰਦ ਆਪਣੀ ਜਥੇਬੰਦੀ ਦੀਆਂ ਔਰਤਾਂ ਨਾਲ ਮੁਜਾਹਰੇ ਵਿੱਚ ਸ਼ਾਮਿਲ ਸਨ। ਸਿੱਖ ਵਿਰਸਾ ਇੰਟਰਨੈਸ਼ਨਲ ਤੋਂ ਹਰਚਰਨ ਸਿੰਘ ਪ੍ਰਹਾਰ ਵਲੋਂ ਆਏ ਹੋਏ ਲੋਕਾਂ, ਮੀਡੀਆ, ਜਥੇਬੰਦੀਆਂ ਦਾ ਧੰਨਵਾਦ ਕੀਤਾ, ਜੋ












ਬਹੁਤ ਘੱਟ ਸਮੇਂ ਦੇ ਨੋਟਿਸ ਤੇ ਵੱਡੀ ਗਿਣਤੀ ਵਿੱਚ ਪਹੁੰਚੇ। ਉਨ੍ਹਾਂ ਲੋਕਾਂ ਨੂੰ ਚਿਤਾਵਨੀ ਦਿੱਤੀ ਕਿ ਲੀਡਰ ਹੀ ਸਾਡੀ ਬੇੜੀ ਡੋਬਦੇ ਹਨ, ਇਨ੍ਹਾਂ ਦੀਆਂ ਚਾਲਾਂ ਤੋਂ ਸਾਵਧਾਨ ਰਹੋ।ਉਨ੍ਹਾਂ ਲੋਕਲ ਦੇਸੀ ਲੀਡਰਾਂ ਬਾਰੇ ਬੋਲਦਿਆਂ ਕਿਹਾ ਕਿ ਇਹ ਲੀਡਰ ਲੋਕ ਮਸਲਿਆਂ ਤੇ ਨਾ ਕਦੇ ਬੋਲਦੇ ਹਨ ਤੇ ਨਾ ਹੀ ਲੋਕਾਂ ਨਾਲ ਖੜ੍ਹਦੇ ਹਨ। ਅੱਜ ਵੀ ਜਦੋਂ ਲੋਕ ਇਤਨੀ ਵੱਡੀ ਗਿਣਤੀ ਵਿੱਚ ਆਏ ਹਨ ਤਾਂ ਕਿਸੇ ਵੀ ਐਮ ਐਲ ਏ, ਐਮ ਪੀ, ਕੌਂਸਲਰ, ਕਿਸੇ ਗੁਰਦੁਆਰੇ ਦੇ ਪ੍ਰਧਾਨ, ਕਿਸੇ ਜਥੇਬੰਦੀ ਦੇ ਕਿਸੇ ਲੀਡਰ ਦਾ ਸ਼ਾਮਲ ਨਾ ਹੋਣਾ ਦੱਸਦਾ ਹੈ ਕਿ ਇਹ ਲੋਕਾਂ ਤੋਂ ਟੁੱਟੇ ਹੋਏ ਹਨ, ਸਿਰਫ ਤੁਹਾਡੀ ਵੋਟਾਂ ਲਈ ਹੀ ਤੁਹਾਨੂੰ ਵਰਤਦੇ ਹਨ। ਯਾਦ ਰਹੇ ਕੈਲਗਰੀ ਨਾਰਥ ਈਸਟ ਦੇ ਪ੍ਰੇਰੀਵਿੰਡਜ਼ ਪਾਰਕ ਵਿੱਚ ਇਸ ਮੁਜ਼ਾਹਰੇ ਦੇ ਅਖੀਰ ਵਿੱਚ ਕਿਸਾਨਾਂ ਦੇ ਹੱਕ ਤੇ ਮੋਦੀ ਸਰਕਾਰ ਦੇ ਵਿਰੋਧ ਵਿੱਚ ਚੁੱਕੇ ਹੋਏ ਬੈਨਰਾਂ ਤੇ ਤਖਤੀਆਂ ਨਾਲ ਪ੍ਰਦਰਸ਼ਨਕਾਰੀਆਂ ਨੇ ਪ੍ਰੇਰੀਵਿੰਡ ਦੇ ਬਾਹਰ ਰੋਡ ਦੇ ਨਾਲ-ਨਾਲ ਨਾਹਰੇਬਾਜੀ ਕਰਦੇ ਹੋਏ ਰੋਸ ਮਾਰਚ ਵੀ ਕੀਤਾ। ਪ੍ਰਬੰਧਕਾਂ ਵਲੋਂ ਮੀਡੀਆ ਕਵਰੇਜ ਲਈ ਆਏ ਰਿਸ਼ੀ ਨਾਗਰ (ਰੈਡ ਐਫ ਐਮ ਰੇਡੀਉ), ਅਵਨੀਤ ਤੇਜਾ ਤੇ ਸ਼ਵੀ ਸਿੰਘ (ਪ੍ਰਾਈਮ ਏਸ਼ੀਆ ਟੀਵੀ), ਜਸਜੀਤ ਧਾਮੀ (ਅਜੀਤ ਅਖਬਾਰ), ਬਲਜਿੰਦਰ ਸੰਘਾ (ਮੈਪਲ ਮੀਡੀਆ), ਡੈਨ ਸਿੱਧੂ (ਲੋਕ ਸੱਥ) ਦਾ ਖਾਸਕਰ ਧੰਨਵਾਦ ਕੀਤਾ।

















ESTATEVIEW®
(Real Estater & Property Management)
Baljinder Bath
Real Estate Associate
Baljinder Bath
Our Brokerage provides Following Services :
All Kind of Real Estate Services
REAL ESTATE
• Help Buyer / Seller
• Free Home Evaluations
• Commercial Buy / Sell / Lease
• Builders / Developers / Investors
PROPERTY MANAGEMENT
• Find Tenants, Collect Rents
• Take Care of Service Calls
• Manage Condo Corporation / Boards
• Non Resident Canadians' NR4 Tax Handling
403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.

Amandeep Gill
Financial Security Advisor
offering Life, Health,
Group Insurance and Investments
Desjardins
Financial Security®
Independent Network
FINANCIAL SERVICES
• Life Insurance (WL, UL, Term)
• Critical Illness Insurance
• Disability Insurance
• Registered Education Savings Plan (RESP)
• Registered Retirement Savings Plan (RRSP)
• Tax Free Savings Account (TFSA)
• Drug & Dental Plan
• Super Visa Insurance
• Mortgage & Loans
209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

*16 ਸਤੰਬਰ 'ਤੇ ਵਿਸ਼ੇਸ਼*

# ਹਾਸ਼ੀਆਗ੍ਰਸਤਾਂ ਦਾ ਸੁਪਨਸਾਜ ਸੀ
# ਸਾਡਾ ਭਾਅ ਗੁਰਸ਼ਰਨ ਸਿੰਘ




ਧਰਤੀ ਨੂੰ ਧਰਤੀ ਦੇ ਲੋਕਾਂ ਨੂੰ ਪਿਆਰ ਕਰਣ ਵਾਲੇ ਉਨ੍ਹਾਂ ਹਰਮਨ ਪਿਆਰੇ ਲੋਕਾਂ ਦੀਬਾਰੇ, ਜਿਨ੍ਹਾਂ ਨੇ ਜੇ ਸੋਚਿਆ ਤਾਂ ਸਿਰਫ ਤੇ ਸਿਰਫ ਲੋਕਾਂ ਬਾਰੇ, ਜੇ ਕੁੱਝ ਕੀਤਾ ਤਾਂ ਸਿਰਫ ਤੇ ਸਿਰਫ ਲੋਕਾਂ ਬਾਰੇ। ਜੇ ਜੀਵਿਆ ਤਾਂ ਸਿਰਫ ਤੇ ਸਿਰਫ ਲੋਕਾਂ ਲਈ। ਉਹ ਲੋਕ ਕਿਸ ਮਿੱਟੀ ਦੇ ਬਣੇ ਹੋਣਗੇ, ਜਿਨ੍ਹਾਂ ਨੇ ਜਾਗਦਿਆਂ ਤਾਂ ਲੋਕਾਂ ਬਾਰੇ ਸੋਚਿਆ ਹੀ ਪਰ ਸੁੱਤਿਆਂ ਵੀ ਸੁਪਨੇ ਲੋਕਾਂ ਦੇ ਹੀ ਲਏ। ਹਰ ਵੇਲੇ ਇੱਕੋ ਫਿਕਰ, ਇੱਕੋ ਸੋਚ, ਇੱਕੋ ਸੁਪਨਾ, ਇੱਕੋ ਆਦਰਸ਼, ਇੱਕੋਂ ਉਦੇਸ਼ - ਸਭ ਲਈ ਜਿਉਣ ਜੋਗਾ, ਬਰਾਬਰਤਾ ਆਧਾਰਿਤ ਸਮਾਜ, ਜਿਸ ਵਿੱਚ ਬੰਦੇ ਹੱਥੋਂ ਬੰਦੇ ਦੀ ਲੁੱਟ ਨਾ ਹੋਵੇ, ਨਾ ਕੋਈ ਅਮੀਰ ਨਾ ਕੋਈ ਗਰੀਬ, ਨਾ ਕੋਈ ਉੱਚਾ ਨਾ ਕੋਈ ਨੀਵਾਂ, ਪਿੰਡਾਂ ਤੇ ਸ਼ਹਿਰਾਂ ਦਾ ਭੇਦ ਖਤਮ - ਵਾਹ- ਅੰਤਿਮ ਸਾਹ ਲੈਣ ਤੱਕ ਇੱਕ ਚੰਗੇਰੇ ਸਮਾਜ ਦਾ ਸੁਪਨਾ ਲੈ, ਸਾਰੀ ਉਮਰ ਉਸ ਪਵਿੱਤਰ ਮਿਸ਼ਨ ਦੀ ਪੂਰਤੀ ਲਈ ਪਿੰਡ ਪਿੰਡ ਤੁਰਿਆ ਇਹ ਵਣਜਾਰਾ, ਇਹ ਮਿਸ਼ਨਰੀ, ਸਮੂਹ ਲਈ ਨਿੱਜ ਨੂੰ ਕੁਰਬਾਨ ਕਰਨ ਵਾਲਾ, ਹਰ ਵੇਲੇ ਚੜ੍ਹਦੀਕਲਾਂ 'ਚ ਰਹਿਣ ਵਾਲਾ ਅਣਥੱਕ ਕਾਮਾ-ਇੱਕ ਲੀਜੈਂਡ ਬਣ ਸਾਡੇ ਲਈ ਪ੍ਰਰਨਾ ਸ੍ਰੋਤ ਹੈ॥ ਸਾਡਾ ਭਾਅ, ਕਿਰਤੀ ਲੋਕਾਂ ਦਾ ਰੰਗਕਰਮੀ, ਨਾਟਕਕਾਰ ਸਿਰਫ ਲੋਕ ਕਲਾ ਦਾ ਸਿਰਮੋਰ ਹੀ ਨਹੀਂ ਸੀ, ਸਗੋਂ ਦੇਸ਼ ਅੰਦਰ ਇਨਕਲਾਬੀ ਬਦਲ ਉਸਾਰਣ, ਇਨਕਲਾਬੀ ਸ਼ਕਤੀਆਂ ਨੂੰ ਇੱਕ ਜੁੱਟ ਕਰਨ ਲਈ ਲਾ ਉਮਰ ਖੋਜਲਦਾ ਤੇ ਅਹੁਲਦਾ ਰਿਹਾ ਇੱਕ ਸੱਚਾ ਇਨਕਲਾਬੀ ਸੀ। ਨਾਟਕਲਾ ਉਸ ਲਈ ਰੋਜੀ ਰੋਟੀ ਦਾ ਸਾਧਣ ਨਹੀਂ ਸੀ, ਸਗੋਂ ਲੋਕਾਂ ਨੂੰ ਸਮਾਜਿਕ ਰਾਜਨੀਤਿਕ ਚੇਤਨਾ ਦੇਣ ਦਾ ਇੱਕ ਸਿੱਕੇਬੰਦ ਜਰੀਆ ਸੀ। ਸ਼ਾਇਦ ਇਹੀ ਵਜ੍ਹਾ ਹੈ ਕਿ ਜੀਉਂਦੇ ਜੀ ਕਈ ਥਾਂਈ ਇਸ ਮਰਜੀਵੜੇ ਦੀਆਂ ਯਾਦਗਾਰਾਂ ਉਸਰੀਆਂ। ਲੋਕ ਕਲਾਂ ਦਾ ਸਿਰਮੋਰ ਨਾਟਕਕਾਰ ਆਮ ਲੋਕਾਂ ਲਈ ਭਾਈ ਮੰਨਾ ਸਿੰਘ ਤੇ ਤਬਦੀਲੀ ਦੀਆਂ ਵਾਹਕ ਸ਼ਕਤੀਆਂ ਲਈ ਆਪਣੇ ਭਾਅ ਜੀ- ਗੁਰਸ਼ਰਨ ਸਿੰਘ, ਗੁਰਸ਼ਰਨ ਸਿੰਘ ਹੋਰਾਂ ਜਦੋਂ ਸੂਬੇ ਦੀਆਂ ਅਗਾਹਵਧੂ ਨਾਟਕ ਅਤੇ ਗੀਤ ਸੰਗੀਤ ਮੰਡਲੀਆਂ ਨੂੰ ਇੱਕ ਮੰਚ ਤੇ ਇਕੱਠਾ ਕਰ ਪੰਜਾਬ ਲੋਕ ਸਭਿਆਚਾਰਕ ਮੰਚ ਬਣਾਇਆ ਤਾਂ ਪਹਿਲੀ ਸੂਬਾਈ ਟੀਮ 'ਚ ਬਤੌਰ ਵਿੱਤ ਸਕੱਤਰ ਤੇ ਫਿਰ ਲਗਭਗ ਦੋ ਦਹਾਕੇ ਜਨਰਲ ਸਕੱਤਰ ਵਜੋਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਜਦੋ ਭਾਅ ਜੀ ਨੇ 'ਸਮਤਾ' ਪ੍ਰਕਾਸ਼ਿਤ ਕੀਤੀ ਤਾਂ ਮੈਨੂੰ ਯਾਦ ਹੈ 1980 ਦੀ ਬੱਸ ਕਿਰਾਇਆ ਵਿਰੋਧੀ ਐਜੀਟੇਸ਼ਨ ਦੌਰਾਨ ਮਹੀਨਾ ਭਰ ਕੱਟੀ ਲੁਧਿਆਣਾ ਜੇਲ੍ਹ ਦੀ ਕੈਦ ਦਾ ਤਜਰਬਾ ਮੇਰਾ ਅਨੁਭਵ 'ਸਭ ਅੱਛਾ ਹੈ', 'ਸਮਤਾ' 'ਚ ਛਪਿਆ ਸੀ ਤੇ ਕਾਫੀ ਮਕਬੂਲ ਹੋਇਆ ਸੀ। ਸਮਤਾ ਦੇ ਸਾਰੇ ਅੰਕਾਂ ਦੀ ਫਾਈਲ ਡਾ. ਨਵਸ਼ਰਨ ਦੀ ਮਿਹਨਤ ਨਾਲ ਹੁਣ ਨੈੱਟ ਤੇ ਉਪਲਬਧ ਹੈ। ਉਨ੍ਹਾਂ ਸਮਿਆਂ 'ਚ ਸਮਾਜਿਕ ਰਾਜਨੀਤਿਕ ਸਰੋਕਾਰ ਦਾ ਇਹ ਮੈਗਜੀਨ 'ਸਮਤਾ' ਸਾਰੇ ਇਨਕਲਾਬੀ ਕੈਂਪ ਵੱਲੋਂ ਬੇਸਬਰੀ ਨਾਲ ਉਡੀਕਿਆ ਜਾਣ ਵਾਲਾ ਹਰਮਨ ਪਿਆਰਾ ਮੈਗਜੀਨ ਸੀ। ਭਾਅ ਜੀ ਦਾ ਮੈਗਜ਼ੀਨ 'ਸਰਦਲ' ਇੱਕ ਬਦਲਵੇ ਸਾਹਿਤ ਸਭਿਆਚਾਰ ਦੀ ਸਥਾਪਤੀ ਦਾ ਵਾਹਕ ਇੱਕ ਸਥਾਪਤ ਮੈਗਜੀਨ ਸੀ ਜਿਸ ਦੀ 1999 ਤੋਂ 2008 ਤੱਕ ਸੰਪਾਦਨਾ ਦੀ ਜਿੰਮੇਵਾਰੀ ਅਤਰਜੀਤ ਹੋਰਾਂ ਸੰਗ ਨਿੱਠ ਕੇ ਭਾਅ ਜੀ ਦੀ ਨਿਰਦੇਸ਼ਨਾ ਹੇਠ ਮੇਰੇ ਵੱਲੋਂ ਵੀ ਨਿਭਾਈ ਗਈ। 'ਸਰਦਲ' ਦਾ ਦਲਿਤ ਵਿਸ਼ੇਸ਼ ਅੰਕ ਇੱਕ ਮੀਲ ਪੱਥਰ ਹੈ। ਹੁਣ ਵੀ ਅਨੇਕਾਂ ਸਾਹਿਤ ਰਸੀਏ ਸਰਦਲ ਜੋ ਕਿ ਲੰਮੇ ਸਮੇਂ ਤੋਂ ਛਪ ਨਹੀਂ ਸਕਿਆ, ਦੀ ਉਡੀਕ ਕਰਦੇ ਹਨ।

ਭਾਅ ਜੀ ਜਿੱਥੇ ਆਪਣੇ ਮਿਸ਼ਨ ਲਈ ਦ੍ਰਿੜ ਸਨ, ਉਥੇ ਵਿਚਾਰ ਵਟਾਦਰੇ 'ਚ ਉਨ੍ਹੇ ਹੀ ਸੁਹਿਰਦ। ਮੈਨੂੰ ਯਾਦ ਹੈ 1989 'ਚ ਸੀ.ਪੀ.ਐਮ.ਦੀ ਦੇਸ਼ਪੱਧਰੀ ਚੰਡੀਗੜ੍ਹ 'ਚ ਹੋਈ 4 ਰੋਜਾ ਪਾਰਟੀ ਕਾਨਫਰੰਸ 'ਚ ਉਨ੍ਹਾਂ ਵੱਲੋਂ ਕੀਤੀ ਅਗਵਾਈ ਤੋਂ ਬਾਅਦ ਪ.ਲ.ਸ. ਮੰਚ ਦੀ ਸੂਬਾਈ ਮੀਟਿੰਗ 'ਚ ਹੋਈ ਨੁਕਤਾਚੀਨੀ ਨੂੰ ਉਨ੍ਹਾਂ ਕੇਰਾਂ ਗਰਮ ਹੋਣ ਤੋਂ ਬਾਅਦ ਬਹੁਤ ਹੀ ਸਹਿਜਤਾ ਨਾਲ ਬਾਦਲੀਲ ਸਵੀਕਾਰ ਕਰ ਲਿਆ ਸੀ। 1985 'ਚ ਸੇਵਾਵਾਲਾ ਕਾਂਡ ਤੋਂ ਬਾਅਦ ਸਾਥੀ ਜਗਪਾਲ ਦੇ ਸ਼ਹੀਦੀ ਸਮਾਗਮ ਤੇ ਇਕੱਠੇ ਹੋਏ ਇਨਕਲਾਬੀ ਕਾਂਡਰ ਨੇ ਜਦੋਂ ਭਾਅ ਜੀ ਨਾਲ ਦਲੀਲ ਨਾਲ ਇਸ ਮੁੱਦੇ 'ਤੇ ਬਹਿਸ ਕੀਤੀ ਕਿ ਸੀ.ਪੀ.ਆਈ. ਸੀ.ਪੀ.ਐਸ ਵੱਲੋਂ ਉਨ੍ਹਾਂ ਨੂੰ ਚੰਡੀਗੜ੍ਹ ਤੋਂ ਮੈਂਬਰ ਪਾਰਲੀਮੈਂਟ ਦੀ ਚੋਣ ਲੜਾਉਣ ਦਾ ਐਲਾਨ ਉਨ੍ਹਾਂ ਦੀ ਇਨਕਲਾਬੀ ਸਿਆਸਤ ਨਾਲ ਉੱਕਾ ਹੀ ਬੇਮੇਚਾ ਹੈ ਤਾਂ ਭਾਅ ਜੀ ਨੇ ਵਰਕਰਾਂ ਦੀ ਬੇਨਤੀ ਨੂੰ ਮੰਨਣ 'ਚ ਬਿਲਕੁੱਲ ਹੀ ਹਿਚਕਚਾਹਟ ਨਾ ਦਿਖਾਈ। ਭਾਅ ਜੀ ਸਾਰੀ ਉਮਰ ਭਾਵੇਂ ਸਾਰੇ ਹੀ ਖੱਬੇਪੱਖੀਆਂ ਦੀਆਂ ਸਟੇਜਾਂ 'ਤੇ ਰੰਗਮੰਚ ਕਰਦੇ ਰਹੇ, ਬੋਲਦੇ ਵੀ ਰਹੇ, ਪਰ ਉਹ ਲਾ ਉਮਰ ਨਕਸਲੀ ਸਿਆਸਤ ਦੇ ਅਲੰਬਰਦਾਰ ਰਹੇ। ਸੁਚੇਤ ਰੂਪ 'ਚ ਉਹ ਆਪਣੇ ਆਪ ਨੂੰ ਇਨਕਲਾਬੀ ਨਕਸਲੀ ਸਿਆਸਤ ਦਾ ਵਾਹਕ ਸਮਝਦੇ ਸਨ, ਇਸੇ ਲਈ 1986 'ਚ ਉਨਾਂ ਸਾਰੀਆਂ ਨਕਸਲੀ ਧਿਰਾਂ ਨੂੰ ਇਕ ਮੰਚ 'ਇਨਕਲਾਬੀ ਏਕਤਾ ਕੇਂਦਰ' ਤੇਂ ਲਿਆਉਣ ਦਾ ਸਫਲ ਕਾਰਜ ਕੀਤਾ ਸੀ। ਪੰਜਾਬ ਵਿੱਚ ਲੋਕ ਮੁੱਦਿਆਂ ਤੇ ਉਸਰੀਆ ਸਾਂਝੀਆਂ ਕਮੇਟੀਆਂ ਦਾ ਮੁੱਖੀ ਬਣਾਉਣ ਵਿੱਚ ਕਿਸੇ ਵੀ ਇਨਕਲਾਬੀ ਧਿਰ ਨੂੰ ਕੋਈ ਵੀ ਦਿਕਤ ਨਹੀਂ ਸੀ ਹੁੰਦੀ ਭਾਵੇਂ ਕਿ ਉਹ ਆਪਰੇਸ਼ਨ ਗਰੀਨ ਹੰਟ ਵਿਰੋਧੀ, ਜਮਹੂਰੀ ਫਰੰਟ ਹੋਵੇ ਜਾਂ ਮਹਿਲਕਲਾਂ ਘੋਲ ਦੇ ਤਿੰਨ ਆਗੂਆਂ ਦੀਆਂ ਉਮਰ ਕੈਦ ਸਜਾਵਾਂ ਰੱਦ ਕਰਵਾਉਣ ਲਈ ਬਣੀ ਸੰਘਰਸ਼ ਕਮੇਟੀ ਦੇ ਆਗੂ ਦੀ ਜਿੰਮੇਵਾਰੀ ਹੋਵੇ।

ਐਮਰਜੈਂਸੀ ਦੌਰਾਨ ਅਸੀਂ ਆਪਣੇ ਸ਼ਹਿਰ ਗੁਰੂ ਤੇਗ ਬਹਾਦਰ ਸ਼ਤਾਬਦੀ ਕਮੇਟੀ ਬਣਾਕੇ ਅਸਿੱਧੇ ਢੰਗ ਨਾਲ ਐਮਰਜੈਂਸੀ ਖਿਲਾਫ ਭਾਅ ਜੀ ਦੇ 'ਜਿੰਨ ਸੱਚ ਪਲਿ ਹੋਇ' 'ਨਿਉਦਿਆ ਦੀ ਓਟ', 'ਚਾਂਦਨੀ ਚੌਂਕ ਤੇ ਸਰਹਿੰਦ ਤੱਕ' ਨਾਟਕ ਖਿਡਾਏ, ਉਸ ਕਾਲੇ ਦੌਰ 'ਚ ਲਾਮਿਸਾਲ ਇਕੱਤਰਤਾ ਸੀ, ਭਾਅ ਜੀ ਪ੍ਰਸੰਨ ਹੋ ਕੇ ਗਏ, ਖਰਚ ਆਏ ਸਨ ਸਿਰਫ 478 ਰੁਪਏ। ਦੋ ਸਾਲ ਬਾਅਦ ਅਸੀਂ ਨੌਜਵਾਨ ਭਾਰਤ ਸਭਾ ਵੱਲੋਂ ਪੁਰਾਣੀ ਦਾਣਾ ਮੰਡੀ 'ਚ ਨਾਟਕ ਸਮਾਗਮ ਰੱਖਿਆ। ਇਕੱਠ ਇੱਛਾ ਮੁਤਾਬਿਕ ਨਾ ਹੋ ਸਕਿਆ, ਔਰਤਾਂ ਦੀ ਹਿੱਸੇਦਾਰੀ ਸੀ ਹੀ ਨਹੀਂ। ਭਾਅ ਜੀ ਦਾ ਗੁੱਸਾ ਅਸਮਾਨੀ 'ਚ ਚੜ ਗਿਆ। ਜਤਿੰਦਰ ਕੌਰ, ਬਲਵਿੰਦਰ ਭਾਰਤੀ ਜਿਹੇ ਕਲਾਕਾਰਾਂ ਨੂੰ ਪੈਕਅਪ ਦਾ ਹੁਕਮ ਚਾੜ ਸਮਾਨ ਰਿਕਸ਼ਿਆਂ ਤੇ ਲੱਦ ਭਾਅ ਜੀ ਨੇ ਆਪਣੇ ਲਸ਼ਕਰ ਸਮੇਤ ਬੱਸ ਸਟੈਂਡ ਨੂੰ ਚਾਲੇ ਪਾ ਦਿੱਤੇ। ਭਾਅ ਜੀ ਤੇ ਸਾਰੀ ਟੀਮ ਅੱਗੇ ਅੱਗੇ, ਅਸੀਂ ਪਿੱਛੇ ਪਿੱਛੇ ਪਰ ਭਾਅ ਜੀ ਟਸ ਤੋਂ ਮਸ ਨਾ ਹੋਏ। ਬੇਇੱਜਤੀ ਹੋਈ ਕਿ ਸਬਕ ਮਿਲਿਆ, ਅਸੀਂ ਇਹ ਦਵੰਦ ਅਜੇ ਤੱਕ ਨਹੀਂ ਸਮਝ ਸਕੇ- ਹੁਣ ਵੀ ਕਦੇ ਕਦੇ ਵਿੰਨੀਪੱਗ ਰਹਿੰਦੇ ਅਵਤਾਰ ਸਿੱਧੂ ਤੇ ਮੈਂ ਇਸ ਘਟਨਾ ਨੂੰ ਯਾਦ ਕਰਦੇ ਭਾਅ ਜੀ ਦੇ ਹਠ ਦੀ ਦਾਦ ਦੇਦੇ ਹਾਂ। ਵਾਹ ਭਾਅ ਜੀ ਨਿਆਰਾਪਣ ਸੀ ਭਾਅ ਜੀ ਦੀ ਸਖਸ਼ੀਅਤ 'ਚ ਕਮਾਲ ਦਾ ਹਠ। ਅਕਲ ਦੇਣ ਦੀ ਜਿੱਦ।

ਅਸੀਂ ਜਦੋਂ ਭਾਅ ਜੀ ਵਿਛੋੜੇ ਤੋਂ ਦੋ ਕੁ ਸਾਲ ਪਹਿਲਾਂ ਬੈਡ 'ਤੇ ਸਨ। ਚੰਡੀਗੜ੍ਹ ਪੜਾਈ ਕਰਦੀ ਆਪਣੀ ਧੀ ਨੂੰ ਘਰੇਲੂ ਸਮਾਨ ਦੇਣ ਗਏ ਹਰਕੇਸ਼, ਸੁਰਿੰਦਰ, ਕਿਰਣ ਮਿਲਣ ਗਏ ਸਾਂ ਤਾਂ ਭਾਅ ਜੀ ਨੂੰ ਜਿਵੇਂ ਚਾਅ ਚੜ ਗਿਆ ਹੋਵੇ- ਭਾਅ ਜੀ ਲੰਮੇ ਪਏ, ਉੱਠ ਕੇ ਬੈਠ ਗਏ-ਚੱਲਣ ਫਿਰਨ ਤੋਂ ਆਹਰੀ-ਹਾ ਬਈ ਖੰਨਾ ਫਲਾਣੀ ਤਰੀਖ ਤੁਸੀਂ ਫਲਾਣੀ ਥਾਂ ਤੇ ਫਲਾਣੀ ਤਾਰੀਖ ਫਲਾਣੀ ਥਾਂ ਸਮਾਗਮ ਰੱਖ ਲਓ ਤੇ ਤੁਸੀ ਮੇਰੇ ਵਲੋਂ ਮਾਇਕ ਸਹਾਇਤਾ ਦੱਸੋਂ ਕਿ ਕੀ ਦੇਵਾ- ਨਹੀਂ ਨਹੀਂ ਭਾਅ ਜੀ- ਪ੍ਰੋਗਰਾਮ ਹੋ ਜਾਣਗੇ ਤੁਸੀ ਫਿਕਰ ਨਾ ਕਰੋ- ਤੇ ਭਾਅ ਦਾ ਚਿਹਰਾ ਦਗ ਦਗ ਕਰ ਰਿਹਾ ਸੀ।

ਉਦੋਂ ਮੁਬਾਇਲ ਫੋਨ ਨਹੀਂ ਸੀ ਹੁੰਦਾ। ਸਮਤਾ ਦੇ ਪਾਠਕਾਂ ਦੇ ਜਵਾਬ, ਛੋਟੇ ਛੋਟੇ ਖਤ ਦੱਸ ਪੈਸੇ ਵਾਲੇ ਪੋਸਟਕਾਰਡ ਤੇ ਜੜੇ, ਖੁਸ਼ਕਤੀ ਨਾ ਉਕਰੇ ਮਿਲਦੇ ਸਨ, ਜਾਪਦਾ ਸੀ, ਕੋਈ ਵੱਡਾ ਸਨਮਾਨ ਮਿਲ ਗਿਆ ਹੋਵੇ। ਅਨੇਕਾਂ ਖਤ ਅਜੇ ਵੀ ਸਾਂਭੇ ਪਏ ਹਨ, ਇੱਕ ਯਾਦਗਾਰ ਵਜੋਂ। ਕਮਾਲ ਦੀ ਅਪਣਤ, ਕਮਾਲ ਦੀ ਸਮਾਂ ਪਾਬੰਦੀ। ਸੱਚਮੁੱਚ ਭਾਅ ਜੀ ਇੱਕ ਅਵੱਲੀ ਤੇ ਖੂਬਸੂਰਤ ਸਖਸ਼ੀਅਤ ਦੇ ਮਾਲਕ ਸਨ।

ਇੱਕ ਅਤਿਅੰਤ ਸਾਦਗੀ ਭਰਪੂਰ ਜੀਵਨ ਅਨੁਸਾਸ਼ਿਤ ਜੀਵਨ ਜਾਂਚ, ਭਾਅ ਜੀ ਸੱਚਮੁੱਚ ਇੱਕ ਰੋਲ ਮਾਡਲ ਸਨ। ਭਾਅ ਜੀ ਨੇ ਆਪਣੇ ਪੂਰੇ ਜੀਵਨ ਨਾਲ 'ਚ ਹਜ਼ਾਰਾਂ ਪਿੰਡਾਂ, ਸਕੂਲਾਂ, ਕਾਲਜਾਂ, ਕਸਬਿਆਂ 'ਚ ਨਾਟਕ ਖੇਡੇ, ਦਰਜਨਾਂ ਨਾਟਕ ਟੀਮਾਂ ਤਿਆਰ ਕਰਵਾਈਆਂ, ਸੈਕੜੇ ਕਲਾਕਾਰਾਂ ਤਿਆਰ ਕੀਤੇ, ਕਿੰਨੇ ਹੀ ਰੰਗਮੰਚ ਦਾ ਸਰਤਾਜ ਬਣੇ, ਲਗਭਗ ਸਾਰੀਆਂ ਹੀ ਨਾਟਕ ਟੀਮਾਂ ਨੇ ਭਾਅ ਜੀ ਦੇ ਨਾਟਕ ਖੇਡੇ, ਨੁੱਕੜ ਨਾਟਕ 'ਟੋਆ' ਮੈਨੂੰ ਨੀ ਲਗਦਾ ਕਿਸੇ ਸਟੇਜ ਤੇ, ਪਿੰਡ 'ਚ ਕਿਸੇ ਟੀਮ ਵੱਲੋਂ ਨਾ ਖੇਡਿਆ ਗਿਆ ਹੋਵੇ। ਕਿਸ਼ਨ ਚੰਦਰ ਦੀ ਕਹਾਣੀ ਦਾ ਨਾਟ ਰੁਪਾਂਤਰ 'ਟੋਆ' ਇੱਕ ਸਿਆਸੀ ਵਿਅੰਗ ਮਕਬੂਲੀਅਤ ਦੀਆਂ ਸਾਰੀਆਂ ਸੀਮਾਂਵਾ ਟੱਪ ਗਿਆ ਹੈ। ਨਵਉਸਰੀ ਹਰ ਟੀਮ ਨੇ ਆਪਣੀ ਸ਼ੁਰੂਆਤ ਇਸੇ ਨਾਟਕ ਤੋਂ ਕੀਤੀ।

ਅਗਾਹਵਧੂ, ਇਨਕਲਾਬੀ ਸਾਹਿਤ ਘਰ ਘਰ ਪਹੁੰਚਾਉਣ, ਹਰ ਸਥਾਪਤ ਤੇ ਉੱਭਰ ਰਹੇ ਸਾਹਿਤਕਾਰ ਨੂੰ ਛਾਪਣ ਤੇ ਸਿਰਫ ਛਪਾਈ ਮੁੱਲ ਤੇ ਕਈ ਵੇਰ ਉਸ ਤੋਂ ਵੀ ਘੱਟ ਕੀਮਤ ਤੇ ਹਜ਼ਾਰਾਂ ਪਾਠਕਾਂ ਤੱਕ ਪੁਚਾਉਣ ਦਾ ਇੱਕ ਆਪਣਾ ਪੁਸਤਕ ਇਤਿਹਾਸ ਹੈ। ਮੁਨਾਫਾ ਜਾਂ ਕਮਾਈ ਜਿਸ ਦੇ ਨੇੜੇ ਤੇੜੇ ਵੀ ਨਹੀਂ ਸੀ। ਉਸ ਸ਼ਾਨਾਮੱਤੇ ਕਰਮ ਦਾ ਨਾਮ ਸੀ ਬਲਰਾਜ ਸਾਹਨੀ ਘਰੇਲੂ ਯਾਦਗਾਰ ਪੁਸਤਕਾਲਯਾ।

ਭਾਅ ਜੀ ਗੁਰਸ਼ਰਨ ਸਿੰਘ ਦੀ ਬੁਲੰਦ ਆਵਾਜ਼ ਦੀ ਉਹ ਕੜਕ, ਉਹ ਕਸ਼ਿਸ਼ ਹਜ਼ਾਰਾ ਦੀਵਾਨਿਆਂ ਲਈ ਅੱਜ ਵੀ ਸੱਜਰੀ ਹੈ। ਭਾਅ ਜੀ ਨੇ ਕਿਹਾ ਸੀ ਜੇ ਅਸੀਂ ਦਰਿਆਵਾਂ ਦੇ ਰੁੱਖ ਮੋੜ ਸਕਦੇ ਹਾਂ ਤਾਂ ਅਸੀਂ ਸਮਾਜ ਦਾ ਰੁੱਖ ਕਿਓ ਨਹੀਂ ਮੋੜ ਸਕਦੇ। ਉਨ੍ਹਾਂ ਇਹ ਦਾ ਕਥਨ ਉਨ੍ਹਾਂ ਦੇ ਸਮੁੱਚੇ ਜੀਵਨ ਸੰਗਰਾਮ ਦਾ ਸਾਰੰਸ਼ ਹੈ।

ਭਾਅ ਜੀ ਗੁਰਸ਼ਰਨ ਸਿੰਘ ਹੋਰਾਂ ਦੀ ਘਾਲਣਾ ਨੂੰ ਸਲਾਮ !!

**ਲਾਲ ਪਰਚਮ ਤੋਂ ਧੰਨਵਾਦ**



ਸਾਹਿਤ




**Dr. Baltej Parhar, Chiropractor**

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC
#3 2015 32nd Ave NE Calgary, AB T2E 6Z3
Ph. 403-764-3539 (FLEX)
Email: baltej.parhar@flexology.ca

FLEXOLOGY WELLNESS

# ਰਵੀਸ਼ ਕੁਮਾਰ ਦਾ ਖ਼ਤ 25 ਸਤੰਬਰ ਦੇ ਭਾਰਤ ਬੰਦ ਦੇ ਅੰਦੋਲਨਕਾਰੀਆਂ ਦੇ ਨਾਂ :

25 ਸਤੰਬਰ 2020 ਭਾਰਤ ਬੰਦ ਦੇ ਸਬੰਧ ਵਿਚ ਰਵੀਸ਼ ਕੁਮਾਰ (NDTV) ਦਾ ਮਿਹਨਤੀ ਲੋਕਾਂ ਖਾਸ ਕਰਕੇ ਕਿਸਾਨਾਂ ਦੇ ਨਾਂ ਇਹ ਮਹੱਤਵਪੂਰਨ ਖ਼ਤ ਮੈਂ ਪੰਜਾਬੀ ਵਿਚ ਅਨੁਵਾਦ ਕਰਕੇ ਇੱਥੇ ਪਾ ਰਿਹਾਂ। ਹੋ ਸਕੇ ਤਾਂ ਧਰਨਿਆਂ 'ਤੇ ਬੈਠੇ ਲੋਕਾਂ ਤੱਕ ਇਹ ਜਰੂਰ ਪਹੁੰਚਾਉ। ਉਨ੍ਹਾਂ ਨੂੰ ਪੜ੍ਹ ਕੇ ਸੁਣਾਉ – ਸੁੱਤਿਆਂ ਨੂੰ ਜਗਾਉ। ਜੇ ਨਾ ਜਾਗੇ ਤਾਂ ਲੁੱਟੇ ਜਾਉਗੇ।

ਇਕੱਲੇ ਕਿਸਾਨਾਂ ਵਾਸਤੇ ਹੀ ਨਹੀਂ ਮਜ਼ਦੂਰਾਂ ਦੇ ਖਿਲਾਫ ਵੀ ਉਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਨਾਉਣ ਵਾਲੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਹੁਣ ਸਮੁੱਚੇ ਮਿਹਨਤਕਸ਼ਾਂ ਦੇ ਏਕੇ ਬਿਨਾਂ ਨਹੀਂ ਸਰਨਾਂ

ਇਹ ਖ਼ਤ ਪੜ੍ਹਨ ਵਾਸਤੇ ਹੀ ਨਹੀਂ ਸਮਝਣ ਵਾਸਤੇ ਵੀ ਹੈ। ਨਾਲ ਹੀ ਆਪਣਾ ਮੀਡੀਆ ਵੀ ਪਹਿਚਾਣੋ।

ਰਵੀਸ਼ ਕੁਮਾਰ ਦਾ ਖ਼ਤ 25 ਸਤੰਬਰ ਦੇ ਭਾਰਤ ਬੰਦ ਦੇ ਅੰਦੋਲਨਕਾਰੀਆਂ ਦੇ ਨਾਂ:

– ਰਵੀਸ਼ ਕੁਮਾਰ (NDTV)

ਅਨੁਵਾਦ – ਕੇਹਰ ਸ਼ਰੀਫ਼

ਸੁਣਿਆ ਹੈ ਕਿ ਤੁਸੀਂ ਸਾਰਿਆਂ ਨੇ 25 ਸਤੰਬਰ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਹੈ। ਵਿਰੋਧ ਕਰਨਾ ਅਤੇ ਸ਼ਾਂਤਮਈ ਤਰੀਕੇ ਨਾਲ ਵਿਰੋਧ ਪ੍ਰਦਰਸ਼ਨ ਕਰਨਾ ਤੁਹਾਡਾ ਲੋਕਤੰਤਰੀ ਅਧਿਕਾਰ ਹੈ। ਮੇਰਾ ਕੰਮ ਸਰਕਾਰ ਦੇ ਨਾਲ ਤੁਹਾਡੀਆਂ ਗਲਤੀਆਂ ਦੱਸਣਾ ਵੀ ਹੈ। ਤੁਸੀਂ 25 ਸਤੰਬਰ ਨੂੰ ਭਾਰਤ ਬੰਦ ਦਾ ਦਿਨ ਗਲਤ ਚੁਣਿਆ ਹੈ। 25 ਸਤੰਬਰ ਨੂੰ ਫਿਲਮ ਅਭਿਨੇਤਰੀ ਦੀਪਿਕਾ ਪਾਦੂਕੋਣ ਨੂੰ ਬੁਲਾਇਆ ਗਿਆ ਹੈ। ਨਾਰਕੋਟਿਕਸ ਕੰਟਰੋਲ ਬਿਊਰੋ ਨਸ਼ਾ ਸੇਵਨ ਦੇ ਬਹੁਤ ਹੀ ਗੰਭੀਰ ਮਾਮਲੇ ਵਿੱਚ ਉਨ੍ਹਾਂ ਤੋਂ ਲੰਬੀ ਪੁੱਛਗਿੱਛ ਕਰੇਗਾ। ਜਿਨ੍ਹਾਂ ਨਿਊਜ਼ ਚੈਨਲਾਂ ਵਲੋਂ ਤੁਸੀਂ 2014 ਤੋਂ ਬਾਅਦ ਰਾਸ਼ਟਰਵਾਦ ਦੀ ਫਿਰਕੂ ਘੁੱਟੀ ਪੀਤੀ ਹੈ, ਉਹ ਹੀ ਚੈਨਲ ਤੁਹਾਨੂੰ ਛੱਡ ਕੇ ਦੀਪਿਕਾ ਦੇ ਆਣ-ਜਾਣ ਤੋਂ ਲੈ ਕੇ ਖਾਣ-ਪੀਣ ਦੀ ਕਵਰੇਜ ਕਰਨਗੇ। ਵੱਧ ਤੋਂ ਵੱਧ, ਤੁਸੀਂ ਉਨ੍ਹਾਂ ਚੈਨਲਾਂ ਨੂੰ ਬੇਨਤੀ ਕਰ ਸਕਦੇ ਹੋ ਕਿ ਉਹ ਦੀਪਿਕਾ ਤੋਂ ਹੀ ਪੁੱਛ ਲੈਣ ਕਿ ਕੀ ਉਹ ਭਾਰਤ ਦੇ ਕਿਸਾਨਾਂ ਦੁਆਰਾ ਪੈਦਾ ਕੀਤਾ ਅਨਾਜ ਖਾਂਦੀ ਹੈ ਜਾਂ ਯੂਰਪ ਦੇ ਕਿਸਾਨਾਂ ਦੁਆਰਾ ਪੈਦਾ ਕੀਤਾ ਗਿਆ ਅੰਨ ਖਾਂਦੀ ਹੈ। ਸਿਰਫ ਇਹ ਹੀ ਇਕ ਸਵਾਲ ਹੈ ਜਿਸ ਦੇ ਬਹਾਨੇ 25 ਸਤੰਬਰ ਨੂੰ ਕਿਸਾਨਾਂ ਦੇ ਅੰਦੋਲਨ ਬਾਰੇ ਕਵਰੇਜ ਦੀ ਸੰਭਾਵਨਾ ਬਚਦੀ ਹੈ। 25 ਸਤੰਬਰ ਨੂੰ ਕਿਸਾਨਾਂ ਨਾਲ ਜੁੜੀ ਖਬਰ ਬ੍ਰੇਕਿੰਗ ਨਿਊਜ਼ ਬਣ ਸਕਦੀ ਹੈ। ਨਹੀਂ ਤਾਂ ਅਜਿਹਾ ਸੰਭਵ ਨਹੀਂ।

ਤੁਸੀਂ ਭਾਰਤ ਬੰਦ ਕਰ ਰਹੇ ਹੋ। ਤੁਹਾਡੇ ਭਾਰਤ ਬੰਦ ਤੋਂ ਪਹਿਲਾਂ ਹੀ, ਨਿਊਜ਼ ਚੈਨਲਾਂ ਨੇ ਤੁਹਾਨੂੰ ਭਾਰਤ ਵਿਚ ਬੰਦ ਕਰ ਦਿੱਤਾ ਹੈ। ਚੈਨਲਾਂ ਵਲੋਂ ਬਣਾਏ ਭਾਰਤ ਵਿਚ ਬੇਰੁਜ਼ਗਾਰ ਬੰਦ ਹਨ, ਜਿਨ੍ਹਾਂ ਦੀ ਨੌਕਰੀ ਗਈ ਉਹ ਬੰਦ ਹਨ। ਇਸੇ ਤਰਾਂ, ਤੁਸੀਂ ਕਿਸਾਨ ਵੀ ਬੰਦ ਹੋ। ਤੁਹਾਡੀ ਕੁਝ ਜਗ੍ਹਾ ਅਖਬਾਰਾਂ ਦੇ ਜ਼ਿਲ੍ਹਾ ਐਡੀਸ਼ਨਾਂ ਵਿੱਚ ਬਚੀ ਹੈ, ਜਿੱਥੇ ਤੁਹਾਡੇ ਨਾਲ ਸਬੰਧਤ ਗਈਆਂ-ਗੁਜ਼ਰੀਆਂ ਖ਼ਬਰਾਂ ਹੋਣਗੀਆਂ, ਉਹ ਖ਼ਬਰਾਂ ਜਿਨ੍ਹਾਂ ਦਾ ਕੋਈ ਅਰਥ ਨਹੀਂ ਹੋਵੇਗਾ। ਉਨ੍ਹਾਂ ਖ਼ਬਰਾਂ ਵਿੱਚ, ਪਿੰਡ ਦਾ ਨਾਮ ਹੋਵੇਗਾ, ਤੁਹਾਡੇ ਵਿੱਚੋਂ ਦੋ-ਚਾਰ ਜਣਿਆਂ ਦਾ ਨਾਮ ਹੋਵੇਗਾ, ਟਰੈਕਟਰ ਦੀ ਫੋਟੋ ਹੋਵੇਗੀ, ਇੱਕ ਬੁੱਢੀ ਔਰਤ ਬਾਰੇ ਸਿੰਗਲ ਕਾਲਮੀ ਖ਼ਬਰ ਹੋਵੇਗੀ। ਜ਼ਿਲ੍ਹਾ ਐਡੀਸ਼ਨ ਦਾ ਜ਼ਿਕਰ ਇਸ ਕਰਕੇ ਕੀਤਾ ਕਿਉਂਕਿ ਤੁਸੀਂ ਕਿਸਾਨ ਹੁਣ ਰਾਸ਼ਟਰੀ ਐਡੀਸ਼ਨ ਦੇ ਯੋਗ ਨਹੀਂ ਰਹੇ। ਨਿਊਜ਼ ਚੈਨਲਾਂ ਅੰਦਰ ਜੇ ਤੁਹਾਡੇ ਭਾਰਤ ਬੰਦ ਨੂੰ ਸਪੀਡ ਨਿਊਜ਼ ਵਿਚ ਥਾਂ ਮਿਲ ਜਾਵੇ ਤਾਂ ਤੁਸੀਂ ਇਸ ਖੁਸ਼ੀ ਵਿਚ, ਆਪਣੇ ਪਿੰਡ ਵਿਚ ਵੀ ਇਕ ਛੋਟਾ ਜਿਹਾ ਪਿੰਡ-ਬੰਦ ਕਰ ਲੈਣਾ।




25 ਸਤੰਬਰ ਦੇ ਦਿਨ ਰਾਸ਼ਟਰੀ ਐਡੀਸ਼ਨਾਂ ਦੀ ਮਲਿਕਾ ਦੀਪਿਕਾ ਹੀ ਹੋਵੇਗੀ। ਉਸ ਦਿਨ, ਜਦੋਂ ਉਹ ਘਰੋਂ ਬਾਹਰ ਜਾਵੇਗੀ ਤਾਂ ਰਸਤੇ ਵਿੱਚ ਟ੍ਰੈਫਿਕ ਪੁਲਿਸ ਦੀ ਥਾਂ ਰੀਪੋਰਟਰ ਹੀ ਖੜ੍ਹੇ ਹੋਣਗੇ। ਜੇ ਜਹਾਜ਼ ਦੀ ਉਡਾਣ ਰਾਹੀਂ ਮੁੰਬਈ ਪਹੁੰਚੇਗੀ, ਤਾਂ ਜਹਾਜ਼ ਵਿਚ ਉਸ ਤੋਂ ਬਿਨਾਂ ਬਾਕੀ ਜਿੰਨੀਆਂ ਵੀ ਸੀਟਾਂ ਖਾਲੀ ਹੋਣਗੀਆਂ ਸਾਰੀਆਂ ਸੀਟਾਂ 'ਤੇ ਰੀਪੋਰਟਰ ਹੀ ਹੋਣਗੇ। ਉਹਦੀ ਕਾਰ ਤੋਂ ਲੈ ਕੇ ਉਸਦੀ ਸਾੜ੍ਹੀ ਦੀ ਚਰਚਾ ਹੋਵੇਗੀ। ਨਿਊਜ਼ ਚੈਨਲਾਂ 'ਤੇ ਉਸ ਦੀਆਂ ਫਿਲਮਾਂ ਦੇ ਗੀਤ ਚੱਲਣਗੇ। ਉਸ ਦੇ ਸੰਵਾਦ ਚੱਲਣਗੇ। ਦੀਪਿਕਾ ਨੇ ਕਿਸੇ ਫਿਲਮ ਵਿਚ ਸ਼ਰਾਬ ਜਾਂ ਨਸ਼ੇ ਦਾ ਸੀਨ ਕੀਤਾ ਹੋਵੇਗਾ ਤਾਂ ਉਹ ਹੀ ਸਾਰਾ ਦਿਨ ਚੱਲਗਾ। ਕਿਸਾਨ ਦੀ ਗੱਲ ਨਹੀਂ ਹੋਵੇਗੀ।

2017 ਦਾ ਸਾਲ ਯਾਦ ਕਰੋ ਜਦੋਂ ਸੰਜੇ ਲੀਲਾ ਭੰਸਾਲੀ ਦੀ ਫਿਲਮ ਪਦਮਾਵਤ ਆਉਣ ਵਾਲੀ ਸੀ। ਉਸ ਨੂੰ ਲੈ ਕੇ ਇਕ ਜਾਤੀ ਵਿਸ਼ੇਸ਼ ਦੇ ਲੋਕਾਂ ਨੇ ਹੰਗਾਮਾ ਕਰ ਦਿੱਤਾ। ਕਈ ਹਫ਼ਤਿਆਂ ਤੱਕ ਉਸ ਫਿਲਮ ਬਾਰੇ ਟੀਵੀ ਵਿਚ ਬਹਿਸ ਚਲਦੀ ਰਹੀ ਸੀ। ਉਦੋਂ ਤੁਸੀਂ ਇਸ ਕਵਰੇਜ ਵਿੱਚ ਗੁਆਚ ਗਏ ਸੀ। ਹਰਿਆਣਾ, ਮੱਧ ਪ੍ਰਦੇਸ਼, ਗੁਜਰਾਤ ਸਣੇ ਕਈ ਰਾਜਾਂ ਵਿਚ ਇਸ ਫਿਲਮ ਦੇ ਪ੍ਰਦਰਸਨ ਨੂੰ ਲੈ ਕੇ ਹਿੰਸਾ ਹੋਈ ਸੀ। ਦੀਪਿਕਾ ਦਾ ਸਿਰ ਕਲਮ ਕਰਨ ਵਾਲਿਆਂ ਲਈ 5 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਹੋਇਆ ਸੀ। ਉਹੀ ਦੀਪਿਕਾ ਹੁਣ ਨਾਰਕੋਟਿਕਸ ਕੰਟਰੋਲ ਬਿਊਰੋ ਜਾਵੇਗੀ, ਤਾਂ ਚੈਨਲਾਂ ਦੇ ਕੈਮਰੇ ਉਸ ਦੇ ਕਦਮਾਂ ਨੂੰ ਚੁੰਮ ਰਹੇ ਹੋਣਗੇ। ਉਨ੍ਹਾਂ ਦੀ ਰੇਟਿੰਗ ਆਸਮਾਨ ਛੂਹ ਰਹੀ ਹੋਵੇਗੀ। ਕਿਸਾਨਾਂ ਤੋਂ ਚੈਨਲਾਂ ਨੂੰ ਕੁੱਝ ਨਹੀਂ ਮਿਲਦਾ। ਬਹੁਤ ਸਾਰੇ ਐਂਕਰ ਤਾਂ ਖਾਣਾ ਵੀ ਘੱਟ ਹੀ ਖਾਂਦੇ ਹਨ। ਉਨ੍ਹਾਂ ਦੀ ਫਿੱਟਨੈੱਸ ਦੱਸਦੀ ਹੈ ਕਿ ਉਨ੍ਹਾਂ ਨੂੰ ਤੁਹਾਡੇ ਮੁੱਠੀ ਭਰ ਅਨਾਜ ਦੀ ਹੀ ਲੋੜ ਹੈ। ਖੇਤਾਂ ਵਿਚ ਟਿੱਡੀਦਲਾਂ ਦਾ ਹਮਲਾ ਹੋਵੇ ਤਾਂ ਇਨ੍ਹਾਂ ਐਂਕਰਾਂ ਨੂੰ ਬੁਲਾ ਲੈਣਾ। ਇਕ ਐਂਕਰ ਤਾਂ ਇੰਨਾ ਚੀਕਦਾ ਹੈ ਕਿ ਉਸ ਦੀ ਆਵਾਜ਼ ਸੁਣ ਕੇ ਹੀ ਸਾਰੀਆਂ ਟਿੱਡੀਆਂ ਪਾਕਿਸਤਾਨ ਵਾਪਸ ਚਲੀਆਂ ਜਾਣਗੀਆਂ। ਤੁਹਾਨੂੰ ਥਾਲੀ ਵਜਾਉਣ ਅਤੇ ਡੀਜੇ ਵਾਲਿਆਂ ਨੂੰ ਬੁਲਾਉਣ ਦੀ ਜ਼ਰੂਰਤ ਹੀ ਨਹੀਂ ਪਵੇਗੀ।

2014 ਤੋਂ ਤੁਸੀਂ ਸਾਰੇ ਕਿਸਾਨ ਭਾਈ ਤਾਂ ਨਿਊਜ਼ ਚੈਨਲਾਂ 'ਤੇ ਇਹ ਹੀ ਕੁੱਝ ਵੇਖਦੇ ਆ ਰਹੇ ਸੀ। ਜਦੋਂ ਐਂਕਰ ਗਊ-ਰਕਸ਼ਾ ਨੂੰ ਲੈ ਕੇ ਭੜਕਾਊ ਕਵਰੇਜ ਕਰਦੇ ਸਨ, ਤਾਂ ਤੁਹਾਡਾ ਖੂਨ ਖੌਲ਼ਦਾ ਸੀ। ਤੁਸੀਂ ਸੋਚਿਆ ਕਿ ਤੁਸੀਂ ਕਦੋਂ ਤੱਕ ਖੇਤੀ-ਬਾੜੀ ਕਰਦੇ ਰਹੋਗੇ, ਥੋੜ੍ਹੀ ਜਹੀ ਧਰਮ ਦੀ ਰੱਖਿਆ ਵੀ ਕੀਤੀ ਜਾਵੇ। ਧਰਮ ਦੇ ਨਾਮ 'ਤੇ ਨਫ਼ਰਤ ਦੀ ਅਫੀਮ ਤੁਹਾਨੂੰ ਦੇ ਦਿੱਤੀ ਗਈ। ਵਿਚਾਰ ਦੀ ਥਾਂ ਤਲਵਾਰ ਲਿਸ਼ਕਾਉਣ ਦਾ ਜੋਸ਼ ਭਰ ਦਿੱਤਾ ਗਿਆ। ਤੁਸੀਂ ਹਰ ਰੋਜ਼ ਨਿਊਜ਼ ਚੈਨਲਾਂ ਦੇ ਸਾਹਮਣੇ ਬੈਠ ਕੇ ਵੀਡੀਓ ਗੇਮ ਖੇਡ ਰਹੇ ਸੀ। ਤੁਹਾਨੂੰ ਮਹਿਸੂਸ ਹੋਇਆ ਕਿ ਤੁਹਾਡੀ ਤਾਕਤ ਵੱਧ ਗਈ ਹੈ। ਤੁਹਾਡੇ ਵਿੱਚਲੇ ਨੌਜਵਾਨਾਂ ਨੂੰ ਵਟਸਐਪ ਨਾਲ ਜੋੜ ਕੇ ਭੀੜ ਵਿਚ ਬਦਲ ਦਿੱਤਾ ਗਿਆ। ਜਿਵੇਂ ਹੀ ਗਊ-ਰੱਖਿਆ ਦਾ ਮੁੱਦਾ ਮੱਠਾ ਪਿਆ ਤਾਂ ਤੁਹਾਡੇ ਖੇਤਾਂ ਵਿੱਚ ਅਵਾਰਾ ਪਸ਼ੂਆਂ (ਸਾਨਾਂ, ਢੱਟਿਆਂ – ਅਨੁ:) ਨੇ ਹਮਲਾ ਕਰ ਦਿੱਤਾ। ਅਵਾਰਾ ਪਸ਼ੂਆਂ ਤੋਂ ਆਪਣੀਆਂ ਫ਼ਸਲਾਂ ਨੂੰ ਬਚਾਉਣ ਲਈ ਤੁਸੀਂ ਰਾਤ ਭਰ ਜਾਗਣ ਲੱਗੇ।

ਮੈਂ ਇਹ ਗਿਣ ਕੇ ਨਹੀਂ ਦੱਸ ਸਕਦਾ ਕਿ ਤੁਹਾਡੇ ਵਿੱਚੋਂ ਕਿੰਨੇ ਫਿਰਕਪ੍ਰਸਤ ਹੋਏ ਸਨ, ਪਰ ਜਿੰਨੇ ਵੀ ਹੋਏ ਸਨ ਉਨ੍ਹਾਂ ਦੀ ਕੀਮਤ ਸਭ ਨੂੰ ਚੁਕਾਉਣੀ ਪਵੇਗੀ। ਮੈਂ, ਇਹ ਖ਼ਤ ਇਸ ਲਈ ਲਿਖ ਰਿਹਾ ਹਾਂ ਤਾਂ ਕਿ ਤੁਸੀਂ 25 ਸਤੰਬਰ ਨੂੰ ਕਵਰੇਜ ਹੋਣ ਬਾਰੇ ਤੁਸੀਂ ਸ਼ਿਕਾਇਤ ਨਾ ਕਰੋ। ਤੁਸੀਂ ਇਸ ਗੋਦੀ ਮੀਡੀਆ ਵਿੱਚ ਜਨਤਾ ਨੂੰ ਕਦੋਂ ਵੇਖਿਆ ਹੈ? 17 ਸਤੰਬਰ ਨੂੰ ਬੇਰੁਜ਼ਗਾਰਾਂ ਨੇ ਅੰਦੋਲਨ ਕੀਤਾ, ਉਹ ਵੀ ਤਾਂ ਤੁਹਾਡੇ ਹੀ ਬੱਚੇ ਵੀ ਸਨ। ਕੀ ਉਨ੍ਹਾਂ ਬਾਰੇ ਕਵਰੇਜ ਹੋਈ, ਕੀ ਤੁਸੀਂ ਉਨ੍ਹਾਂ ਦੇ ਸਵਾਲਾਂ ਬਾਰੇ ਬਹਿਸ ਵੇਖੀ?

ਯਾਦ ਕਰੋ ਜਦੋਂ ਮੁਜ਼ੱਫਰਨਗਰ ਵਿੱਚ ਦੰਗੇ ਹੋਏ ਸਨ। ਇਕ ਘਟਨਾ ਨੂੰ ਲੈ ਕੇ ਕਿਸ ਤਰ੍ਹਾਂ ਦੇ ਦੁਰ-ਪ੍ਰਚਾਰ ਦੇ ਆਸਰੇ ਤੁਹਾਡੇ ਵਿਚਕਾਰ ਨਫ਼ਰਤ ਭਰੀ ਗਈ ਸੀ? ਤੁਹਾਡੇ ਖੇਤਾਂ ਵਿਚ ਲਕੀਰ ਖਿੱਚੀ ਗਈ। ਜਦੋਂ ਤੁਹਾਨੂੰ ਫਿਰਕਾਪ੍ਰਸਤ ਬਣਾਇਆ ਜਾਂਦਾ ਹੈ ਉਦੋਂ ਹੀ ਤੁਹਾਨੂੰ ਗੁਲਾਮ ਬਣਾਇਆ ਜਾਂਦਾ ਹੈ। ਜਿਸ ਕਿਸੇ ਤੋਂ ਵੀ ਇਹ ਗਲਤੀ ਹੋਈ ਹੈ ਉਸਨੂੰ ਹੁਣ ਇਕੱਲਤਾ ਦੀ ਸਜ਼ਾ ਭੁਗਤਣੀ ਪਏਗੀ। ਅੱਜ ਵੀ, ਦੋ-ਚਾਰ ਅਫਵਾਹਾਂ ਨਾਲ ਤੁਹਾਨੂੰ ਭੀੜ ਵਿੱਚ ਬਦਲਿਆ ਜਾ ਸਕਦਾ ਹੈ। ਵਟਸਐਪ 'ਤੇ ਜੁੜੇ ਨੰਬਰਾਂ ਦਾ ਇਕ ਸਮੂਹ ਬਣਾਇਆ ਗਿਆ। ਫੇਰ ਤੁਹਾਡੇ ਫੋਨ ਵਿਚ ਕਈ ਤਰ੍ਹਾਂ ਝੂਠੇ ਮੈਸੇਜ ਆਉਣ ਲੱਗੇ। ਤੁਹਾਡੇ ਫ਼ੋਨ ਵਿੱਚ ਕਿੰਨੇ ਮੈਸੇਜ ਆਏ ਹੋਣਗੇ ਕਿ ਨਹਿਰੂ ਮੁਸਲਮਾਨ ਸੀ। ਜਿਹੜੇ ਲੋਕ ਅਜਿਹਾ ਕਰ ਰਹੇ ਸਨ ਉਹ ਜਾਣਦੇ ਹਨ ਕਿ ਤੁਹਾਨੂੰ ਫਿਰਕਾਪ੍ਰਸਤ ਬਨਾਉਣੇ ਦਾ ਕੰਮ ਪੂਰਾ ਹੋ ਚੁੱਕਾ ਹੈ। ਤੁਸੀਂ ਜਿੰਨੇ ਮਰਜ਼ੀ ਅੰਦੋਲਨ ਕਰ ਲਉ, ਫਿਰਕਾਪ੍ਰਸਤੀ ਦਾ ਇੱਕ ਬਟਨ ਦੱਬਿਆ ਜਾਵੇਗਾ ਤਾਂ ਸਾਰਾ ਪਿੰਡ ਭੀੜ ਵਿੱਚ ਬਦਲ ਜਾਵੇਗਾ। ਪਿੰਡ ਵਿਚ ਪੁੱਛ ਲੈਣਾ ਕਿ ਰਵੀਸ਼ ਕੁਮਾਰ ਨੇ ਗੱਲ ਸਹੀ ਕਹੀ ਹੈ ਜਾਂ ਨਹੀਂ ?

ਭਾਰਤ ਸੱਚਮੁੱਚ ਪਿਆਰਾ ਦੇਸ਼ ਹੈ। ਇਸ ਵਿਚ ਬਹੁਤ ਸਾਰੀਆਂ ਘਾਟਾਂ ਹਨ। ਇਸ ਦੇ ਲੋਕਤੰਤਰ ਵਿਚ ਵੀ ਬਹੁਤ ਸਾਰੀਆਂ ਘਾਟਾਂ ਹਨ, ਪਰ ਇਸ ਦੇ ਲੋਕਤੰਤਰੀ ਮਾਹੌਲ ਵਿਚ ਕੋਈ ਘਾਟ ਨਹੀਂ ਸੀ। ਮੀਡੀਆ ਦੇ ਆਖੇ ਲੱਗ ਕੇ ਜਿਨ੍ਹਾਂ ਤਬਕਿਆਂ ਨੇ ਇਸ ਨੂੰ ਖਤਮ ਕੀਤਾ ਹੈ ਉਨ੍ਹਾਂ ਵਿਚ ਤੁਸੀਂ ਕਿਸਾਨ ਭਰਾ ਵੀ ਹੋ। ਤੁਸੀਂ ਇਕ ਨੂੰ ਵੋਟ ਦਿੰਦੇ, ਤਾਂ ਦੂਸਰੇ ਨੂੰ ਵੀ ਕੋਲ ਬਿਠਾਉਂਦੇ ਸੀ। ਹੁਣ ਤੁਸੀਂ ਅਜਿਹਾ ਨਹੀਂ ਕਰਦੇ। ਤੁਹਾਡੇ ਦਿਮਾਗ ਵਿਚੋਂ ਅਜਿਹੀ ਸਾਂਝ / ਬਦਲ ਨੂੰ ਖਤਮ ਕਰ ਦਿੱਤਾ ਗਿਆ ਹੈ। ਹੁਣ ਤੁਸੀਂ ਇੱਕ ਨੂੰ ਵੋਟ ਦਿੰਦੇ ਹੋ ਅਤੇ ਦੂਜੇ ਨੂੰ ਡਾਂਗਾਂ ਨਾਲ ਭਜਾ ਦਿੰਦੇ ਹੋ। ਸਿਰਫ ਤੁਸੀਂ ਹੀ ਨਹੀਂ, ਬਹੁਤ ਸਾਰੇ ਲੋਕ ਅਜਿਹਾ ਕਰਨ ਲੱਗੇ ਹਨ। ਤੁਹਾਡੀਆਂ ਇਨ੍ਹਾਂ ਗੱਲਾਂ ਨਾਲ ਕਿਸੇ ਵੀ ਬਦਲ ਦੀ ਸੰਭਾਵਨਾ ਖਤਮ ਕਰ ਦਿੱਤੀ ਜਾਂਦੀ ਹੈ। ਵਿਰੋਧੀ ਧਿਰ ਖਤਮ ਹੋਣ ਲਗਦੀ ਹੈ। ਵਿਰੋਧੀ ਧਿਰ ਦੇ ਖਤਮ ਹੋਣ ਨਾਲ ਜਨਤਾ ਦੀ ਹੋਣੀ ਮਿਟਣ ਲਗਦੀ ਹੈ। ਵਿਰੋਧੀ ਧਿਰ ਨੂੰ ਲੋਕ ਖੜ੍ਹਾ ਕਰਦੇ ਹਨ। ਜਿਵੇਂ ਹੀ ਵਿਰੋਧੀ ਧਿਰ ਖਤਮ ਹੁੰਦੀ ਹੈ, ਜਨਤਾ ਵੀ ਖਤਮ ਹੋਣ ਲੱਗ ਪੈਂਦੀ ਹੈ। ਮੇਰੀ ਇਸ ਗੱਲ ਨੂੰ ਗੂੜ੍ਹੀ ਸਿਆਹੀ ਨਾਲ ਆਪਣੇ ਪਿੰਡ ਦੀਆਂ ਕੰਧਾਂ 'ਤੇ ਲਿਖ ਦੇਣਾ ਅਤੇ ਬੱਚਿਆਂ ਨੂੰ ਦੱਸਣਾ ਕਿ ਤੁਹਾਥੋਂ ਗਲਤੀ ਹੋ ਗਈ, ਪਰ ਉਹ ਗਲਤੀ ਨਾ ਕਰਨ।

ਕਿਸਾਨਾਂ ਕੋਲ ਕਦੇ ਕੋਈ ਤਾਕਤ ਨਹੀਂ ਸੀ। ਸਿਰਫ ਇਕ ਹੀ ਤਾਕਤ ਸੀ ਕਿ ਉਹ ਕਿਸਾਨ ਹਨ। ਕਿਸਾਨ ਦਾ ਅਰਥ ਹੈ ਜਨਤਾ। ਕਿਸਾਨ ਸੜਕਾਂ 'ਤੇ ਨਿਕਲੇਗਾ, ਇਹ ਇਕ ਦੌਰ ਦੀ ਸਖਤ ਚੇਤਾਵਨੀ ਹੁੰਦੀ ਸੀ। ਇਹ ਮੁੱਖ ਖ਼ਬਰ (ਹੈੱਡਲਾਈਨ) ਹੁੰਦੀ ਸੀ। ਅਖਬਾਰਾਂ ਤੋਂ ਲੈ ਕੇ ਨਿਊਜ਼ ਚੈਨਲਾਂ ਤੱਕ ਕੰਬ ਜਾਂਦੇ ਸਨ। ਹੁਣ ਤੁਸੀਂ ਜਨਤਾ ਨਹੀਂ ਹੋ। ਜਿਵੇਂ ਹੀ ਜਨਤਾ ਬਣਨ ਦੀ ਕੋਸ਼ਿਸ਼ ਕਰੋਗੇ, ਚੈਨਲਾਂ 'ਤੇ ਦੀਪਿਕਾ ਦੀ ਕਵਰੇਜ ਵਧ ਜਾਵੇਗੀ ਅਤੇ ਤੁਹਾਡੀ ਪਿੱਠ' ਤੇ ਪੁਲਿਸ ਦੀਆਂ ਲਾਠੀਆਂ ਵਰ੍ਹਨੀਆਂ ਸ਼ੁਰੂ ਹੋ ਜਾਣਗੀਆਂ। ਮੁਕੱਦਮੇ ਦਰਜ਼ ਹੋਣ ਲੱਗਣਗੇ। ਭਾਰਤ ਬੰਦ ਦੇ ਦੌਰਾਨ ਬਹੁਤ ਸਾਰੇ ਕੈਮਰੇ ਵਾਲੇ ਤੁਹਾਨੂੰ ਦਿਖਾਈ ਦੇਣਗੇ ਪਰ ਕਵਰੇਜ਼ ਨਹੀਂ ਦਿਸੇਗੀ। ਲੋਕਲ ਚੈਨਲਾਂ ਉੱਤੇ ਬਹੁਤ ਕੁੱਝ ਦਿਖਾਈ ਦੇਵੇਗਾ ਪਰ ਰਾਸ਼ਟਰੀ ਚੈਨਲਾਂ ਉੱਤੇ ਮਾਮੂਲੀ ਹੀ ਦਿਸੇਗਾ। ਆਪਣੇ ਭਾਰਤ ਬੰਦ ਅੰਦੋਲਨ ਦੀ ਵੀਡੀਓ ਬਣਾ ਲਉ ਤਾਂ ਜੋ ਇਹ ਪਿੰਡ ਵਿਚ ਵਾਇਰਲ ਹੋ ਸਕੇ।

ਤੁਹਾਨੂੰ ਇਨ੍ਹਾਂ ਚੈਨਲਾਂ ਨੇ ਇੱਕ ਸਸਤੀ ਭੀੜ ਵਿੱਚ ਬਦਲ ਦਿੱਤਾ ਹੈ। ਤੁਸੀਂ ਸੌਖੀ ਤਰ੍ਹਾਂ ਇਸ ਭੀੜ ਵਿਚੋਂ ਬਾਹਰ ਨਹੀਂ ਆ ਸਕਦੇ। ਜੇ ਮੇਰੀ ਗੱਲ 'ਤੇ ਵਿਸ਼ਵਾਸ ਨਾ ਹੋਵੇ ਤਾਂ ਕੋਸ਼ਿਸ਼ ਵੇਖੋ। ਮੋਦੀ ਜੀ ਕਹਿੰਦੇ ਹਨ ਕਿ ਖੇਤੀ ਦੇ ਤਿੰਨ ਕਾਨੂੰਨ ਤੁਹਾਡੀ ਅਜ਼ਾਦੀ ਲਈ ਲਿਆਂਦੇ ਗਏ ਹਨ। ਇਸ ਬਾਰੇ ਇਸ ਦੇ ਹੱਕ ਤੇ ਵਿਰੋਧ ਵਿਚ ਬਹਿਸ ਹੋ ਸਕਦੀ ਹੈ। ਵੱਡੇ ਪੱਤਰਕਾਰ ਜਿਨ੍ਹਾਂ ਨੇ ਕਦੇ ਤੁਹਡੇ ਖੇਤ ਵਿਚੋਂ ਮੁਫਤ ਹੀ ਗੰਨੇ ਤੋੜ ਕੇ ਗੰਨਾ ਚੂਪਦਿਆਂ ਫੋਟੋ ਖਿਚਾਈ ਸੀ ਉਹ ਵੀ ਸਰਕਾਰ ਦੀ ਪ੍ਰਸ਼ੰਸਾ ਕਰ ਰਹੇ ਹਨ। ਮੈਂ ਤਾਂ ਕਹਿੰਦਾ ਹਾਂ ਕਿ ਕਿਉਂ ਬੰਦ ਕਰਦੇ ਹੋ, ਤੁਸੀਂ ਇਨ੍ਹਾਂ ਐਂਕਰਾਂ ਤੋਂ ਖੇਤੀ ਕਰਨੀ ਸਿੱਖ ਲਉ, ਉਨ੍ਹਾਂ ਤੋਂ ਸਮਝ ਲਉ।

ਸ਼ਾਸਤਰੀ ਜੀ ਦੇ ਇਕ ਵਾਰ ਕਹਿਣ 'ਤੇ ਹੀ ਤੁਸੀਂ ਆਪਣੀ ਜਾਨ ਵਾਰ ਦਿੱਤੀ। ਉਨ੍ਹਾਂ ਨੇ ਜੈ ਜਵਾਨ-ਜੈ ਕਿਸਾਨ ਦਾ ਨਾਅਰਾ ਦਿੱਤਾ। ਉਨ੍ਹਾਂ ਤੋਂ ਬਾਅਦ ਜਦੋਂ ਵੀ ਇਹ ਨਾਅਰਾ ਲਗਦਾ ਹੈ ਤਾਂ ਕਿਸਾਨ ਦੀ ਜੇਬ ਕੱਟੀ ਜਾਂਦੀ ਹੈ। ਨੇਤਾਵਾਂ ਨੂੰ ਪਤਾ ਲੱਗ ਗਿਆ ਕਿ ਸਾਡਾ ਕਿਸਾਨ ਭੋਲ਼ਾ ਹੈ। ਭਾਵੁਕ ਹੋ ਜਾਂਦਾ ਹੈ। ਦੇਸ਼ ਲਈ ਪੁੱਤਰ ਅਤੇ ਅਨਾਜ ਸਭ ਦੇ ਦੇਵੇਗਾ। ਤੁਹਾਡੀ ਇਹ ਮਾਸੂਮੀਅਤ ਸੱਚਮੁੱਚ ਬਹੁਤ ਖੂਬਸੂਰਤ ਹੈ। ਤੁਸੀਂ ਇਵੇਂ ਹੀ ਭੋਲ਼ੇ ਬਣੇ ਰਹੋ। ਨਿਊਜ਼ ਚੈਨਲਾਂ ਦੇ ਬਣਾਏ ਪਿਆਦਿਆਂ ਵਰਗੇ ਹੋ ਜਾਵੋਗੇ ਤਾਂ ਕੰਮ ਕਿਵੇਂ ਚੱਲੇਗਾ। ਬਸ! ਜਦੋਂ ਵੀ ਕੋਈ ਨੇਤਾ ਜੈ ਜਵਾਨ-ਜੈ ਕਿਸਾਨ ਦਾ ਨਾਅਰਾ ਲਾਵੇ ਤਾਂ ਆਪਣੇ ਹੱਥਾਂ ਨਾਲ ਜੇਬ ਨੂੰ ਘੁੱਟ ਕੇ ਫੜ ਲੈਣਾ।

ਤੁਸੀਂ ਕਈ ਦਿਨਾਂ ਤੋਂ ਪ੍ਰਦਰਸ਼ਨ ਕਰ ਰਹੇ ਹੋ। ਨਿਊਜ਼ ਚੈਨਲ ਚਾਹੁੰਦੇ ਤਾਂ ਉਦੋਂ ਹੀ ਬਹਿਸ ਕਰ ਸਕਦੇ ਸਨ। ਇਸ ਤਰ੍ਹਾਂ ਕਿਸਾਨਾਂ ਨੂੰ ਪਤਾ ਤਾਂ ਹੁੰਦਾ ਕਿ ਕਿਹੜਾ ਕਾਨੂੰਨ ਆ ਰਿਹਾ ਹੈ, ਕੀ ਹੋਵੇਗਾ ਜਾਂ ਕੀ ਨਹੀਂ ਹੋਵੇਗਾ। ਪਰੰਤੂ ਅਜਿਹਾ ਨਹੀਂ ਹੋਇਆ। ਮੈਂ ਤਾਂ ਤੁਹਾਨੂੰ ਕਿਹਾ ਸੀ ਨਿਊਜ਼ ਚੈਨਲ ਅਤੇ ਅਖਬਾਰਾਂ ਨੂੰ ਖਰੀਦਣਾ ਬੰਦ ਕਰ ਦਿਉ। ਉਹ ਪੈਸਾ ਤੁਸੀਂ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਦੇ ਦਿਉ। ਤੁਸੀਂ ਮੰਨੇ ਹੀ ਨਹੀਂ। ਜਿਹੜਾ ਗੁਲਾਮ ਮੀਡੀਆ ਨੂੰ ਖਰੀਦਣ ਵਾਲਾ ਹੁੰਦਾ ਹੈ ਉਹ ਵੀ ਗੁਲਾਮ ਹੀ ਸਮਝਿਆ ਜਾਂਦਾ ਹੈ। ਉਂਜ, ਮਈ 2015 ਵਿਚ, ਪ੍ਰਧਾਨ ਮੰਤਰੀ ਨੇ ਤੁਹਾਡੇ ਲਈ ਕਿਸਾਨ ਚੈਨਲ ਲਾਂਚ ਕੀਤਾ ਹੈ। ਉਮੀਦ ਹੈ ਤੁਸੀਂ ਉਥੇ ਨਜ਼ਰ ਆਉਂਦੇ ਹੋਵੋਗੇ।

ਖ਼ਤ ਲੰਬਾ ਹੈ। ਤੁਹਾਡੇ ਬਾਰੇ 'ਚ ਕੁੱਝ ਛਪੇਗਾ-ਦਿਖੇਗਾ ਤਾਂ ਨਹੀਂ, ਇਸ ਕਰਕੇ ਵੀ ਲੰਬਾ ਲਿਖ ਦਿੱਤਾ ਤਾਂ ਜੋ 25 ਤਾਰੀਖ ਨੂੰ ਤੁਸੀਂ ਇਸ ਨੂੰ ਹੀ ਪੜ੍ਹਦੇ ਰਹੋ। ਮੇਰਾ ਇਹ ਖ਼ਤ ਖੇਤੀ ਦੇ ਕਾਨੂੰਨਾਂ ਬਾਰੇ ਨਹੀਂ ਹੈ ਮੇਰਾ ਖ਼ਤ ਉਸ ਮੀਡੀਆ ਸੱਭਿਆਚਾਰ ਬਾਰੇ ਹੈ ਜਿਥੇ ਇੱਕ ਫਿਲਮ ਅਦਾਕਾਰ ਦੀ ਮੌਤ ਦੇ ਬਹਾਨੇ ਬਾਲੀਵੁੱਡ ਨੂੰ ਨਿਸ਼ਾਨਾ ਬਣਾਉਣ ਲਈ ਤਿੰਨ ਮਹੀਨਿਆ ਤੋਂ ਪ੍ਰੋਗਰਾਮ ਚੱਲ ਰਿਹਾ ਹੈ। ਤੁਸੀਂ ਸਾਰੇ ਵੀ ਉਹੋ ਦੇਖ ਰਹੇ ਹੋ। ਤੁਸੀਂ ਸਿਰਫ ਇਹ ਨਹੀਂ ਦੇਖ ਰਹੇ ਕਿ ਨਿਸ਼ਾਨੇ 'ਤੇ ਤੁਸੀਂ ਆਪ ਹੋ।

– ਰਵੀਸ਼ ਕੁਮਾਰ

---

## ਭਗਤ ਸਿਆਂ ਯਾਰ !
## ਤੂੰ ਦਮੂੰਖਾਂ ਕੀ ਬੀਜੀਆਂ



ਭਗਤ ਸਿਆਂ
ਯਾਰ !

ਤੂੰ ਦਮੂੰਖਾਂ ਕੀ ਬੀਜੀਆਂ
ਚੱਪੇ ਚੱਪੇ 'ਚੋਂ ਬੰਦੂਕਾਂ ਉੱਗ ਪਈਆਂ...
ਉਠਾਉਣ ਯੋਗ ਹੱਥਾਂ ਨੇ ਉਠਾ ਲਈਆਂ...
ਚਲਾਉਣ ਯੋਗ ਹੱਥਾਂ ਨੇ ਚਲਾ ਲਈਆਂ
ਸੱਤ ਸਮੁੰਦਰ
ਪਾਰੋਂ ਆਏ ਬਾਂਦਰ
ਟਪੂਸੀਆਂ ਮਾਰਦੇ ਭੱਜ ਗੇ
ਪਰ ਪਿੱਛੇ ਬੜਾ ਕੁੱਝ ਛੱਡ ਗਏ
ਅਜ਼ਾਦੀ ਮਿਲੀ ਤਾਂ ਸਹੀ
ਪਰ ਨਾ ਅੱਧੀ
ਨਾ ਪੂਰੀ
ਬੱਸ ਜਮ੍ਹਾਂ ਈ ਅਧੂਰੀ
ਨਹੀਂ ਮੁੱਕੀ ਸੀ ਬਾਂਦਰਾਂ ਦੀ ਨਸਲ....
ਤੇਰੇ ਤੁਰ ਜਾਣ ਤੋਂ ਬਾਅਦ
ਤੇਰੀ ਉਹ ਜਰਖੇਜ਼ ਧਰਤ
ਬੇਕਿਰਕ ਬੇਗੈਰਤ ਬੇਤਰਸ
ਜਰਵਾਣਿਆਂ ਨੇ ਸਾਂਭ ਲਈ
ਜ਼ਹਿਰਾਂ ਪਾ
ਫਿਰ ਕਰ ਲਈ ਕੁੱਖ ਗਰਭਵਤੀ
ਫਿਰ ਉੱਗ ਪਏ
ਸੁੱਤੇ ਬੀਜ
ਫਿਰ ਬੰਦੂਕਾਂ ਨੇ ਸਿਰ ਚੁੱਕਿਆ
ਜ਼ਹਿਰੀ ਨਾਗਣਾਂ ਵਾਂਗ...
ਸੁਦਾਗਰ ਦੀਆਂ ਟੋਪੀਆਂ ਵਾਂਗ
ਕੁੱਤਿਆਂ ਅੱਗੇ ਸੁੱਟੀਆਂ ਰੋਟੀਆਂ ਵਾਂਗ
ਇਕ ਇਕ ਕਰਕੇ
ਚੁੱਕ ਲਈਆਂ
ਸਾਰੇ ਬਾਂਦਰਾਂ ਨੇ ਬੰਦੂਕਾਂ
ਤੇ ਮਾਰ ਰਹੇ ਨੇ ਕੂਕਾਂ
ਅਣਗਿਣਤ ਬਾਂਦਰ
ਭਾਂਤ ਭਤੀਲੇ
ਚਿੱਟੇ ਕਾਲੇ
ਭਗਵੇਂ ਨੀਲੇ
ਸਾਰਿਆਂ ਹੱਥ ਬੰਦੂਕ.....
ਭਗਤ ਸਿਆਂ
ਯਾਰ !
ਹੁਣ ਤੇਰੀਆਂ ਬੰਦੂਕਾਂ ਦਾ ਮੂੰਹ
ਤੇਰੇ ਹੀ ਵੱਲ ਹੈ
ਹੁਣ ਦੱਸ
ਇਸ ਮਸਲੇ ਦਾ ਕੀ ਹੱਲ ਹੈ...
ਹੁਣ ਤੇਰੇ ਵਾਰਸਾਂ ਨੂੰ
ਜਾਂ ਤਾਂ ਫਿਰ ਮਰਨਾ ਪੈਣਾ
ਜਾਂ ਫਿਰ ਹੁਣ
'ਹੋਰ ਕੁੱਝ'
ਕਰਨਾ ਪੈਣਾ
ਇਹਨਾਂ ਦਾ
ਮੁਕਾਬਲਾ ਕਰਨ ਲਈ
ਬੰਦੂਕਾਂ ਨਹੀਂ
ਕੁੱਝ ਹੋਰ ਬੀਜਣਾ ਪੈਣਾ
ਕਿਸੇ ਕੁੰਢੀਆਂ ਮੁੱਛਾਂ ਵਾਲੇ
ਮਲੰਗ ਵਰਗਾ ਕੁੱਝ ਨਹੀਂ
ਬਿਨਾ ਗੱਲੋਂ ਖੰਘੀ
ਖੰਘ ਵਰਗਾ ਵੀ ਕੁੱਝ ਨਹੀਂ
ਨਾ ਹੀ ਟੋਪੀ
ਪਗੜੀ
ਜਾਂ ਨਿੱਕਰ ਵਰਗਾ
ਨਾ ਹੀ ਕਿਸੇ ਰਾਹ ਜਾਂਦੇ ਨੂੰ
ਕੀਤੀ ਟਿੱਚਰ ਵਰਗਾ
ਬਲਕਿ
ਸੁਰਖ਼ ਸੂਰਜਾਂ ਵਰਗਾ
ਸੂਹੇ ਰੰਗਾਂ ਵਰਗਾ
ਸ਼ੋਖ ਫੁੱਲਾਂ ਵਰਗਾ
ਟਹਿਕਦੇ ਚੰਦਾਂ ਵਰਗਾ
ਕਿਸੇ ਸੋਚ ਵਰਗਾ
ਕਿਸੇ ਹੋਸ਼ ਵਰਗਾ
ਕਿਸੇ ਠਾਠਾਂ ਮਾਰਦੇ
ਜੋਸ਼ ਵਰਗਾ
ਕੁੱਝ ਵੀ
ਜਿਸਦਾ ਸ਼ਾਇਦ ਅਜੇ
ਨਾਮਕਰਨ ਨਹੀਂ ਹੋਇਆ..

- ਡਾ. ਕੁਲਦੀਪ ਸਿੰਘ ਦੀਪ

# ਪਾਸ਼ ਕਰਕੇ ਸਿੱਖੀ ਪੰਜਾਬੀ







ਸਤੀਸ਼ ਛਿਪਾ

ਇਹ ਪੰਦਰਾਂ ਸਾਲਾਂ ਦਾ ਅਦਬੀ ਸਫ਼ਰ ਮਤਲਬ ਦੋ ਦਹਾਕਿਆਂ ਦੇ ਲੋਏ ਤੋਏ- ਕਿਸੇ ਵੀ ਰੂਪ ਤੋਂ ਘੱਟ ਨਹੀਂ ਹੈ (ਅਠਾਰਾਂ ਸਾਲ, ਕਿਤਾਬ ਪਬਲਿਸ਼ ਹੋਣ ਤੋਂ ਤਿੰਨ ਸਾਲ ਪਹਿਲਾਂ ਲਿਖਣਾ ਸ਼ੁਰੂ ਕੀਤਾ) ਸਾਲਾਂ ਦਾ ਸਫ਼ਰ ਕਿੱਤਾ। ਬਹੁਤ ਸਾਰੇ ਕੌੜੇ ਅਤੇ ਮਿੱਠੇ ਤਜ਼ਰਬਿਆਂ ਦੇ ਨਾਲ, ਮੈਨੂੰ ਇਸ ਸਾਹਿਤਕ ਯਾਤਰਾ ਵਿਚ ਜ਼ਹਿਰੀਲੇ, ਜ਼ਹਿਰ-ਬੁਝਾਉਣ ਵਾਲੇ ਤਜ਼ਰਬੇ ਵੀ ਹੋਏ ਹਨ। ਜਰੂਰੀ ਰਸਾਲਿਆਂ ਵਿਚ ਪ੍ਰਕਾਸ਼ਤ ਹੋਣਾ ਜਾਂ ਪੁਸਤਕਾਂ ਦੇ ਪ੍ਰਕਾਸ਼ਤ ਹੋਣਾ ਇੰਨਾ ਮਹੱਤਵਪੂਰਣ ਨਹੀਂ ਸੀ ਕਿ ਸਤਿਕਾਰਜੋਗ ਪ੍ਰਮੋਦ ਕੁਮਾਰ ਸ਼ਰਮਾ ਅਤੇ ਰਾਜੇਸ਼ ਚੜ੍ਹਾ ਜੀ ਅਤੇ ਮਨੋਜ ਕੁਮਾਰ ਸਵਾਮੀ ਜੀ ਅਤੇ ਪ੍ਰਹਿਲਾਦ ਪਰੀਕ ਦੀ ਅਗਵਾਈ ਅਤੇ ਹੌਸਲਾ ਦੇ ਕਾਰਨ ਅਧਿਐਨ ਵੱਲ ਮੁੜਨਾ ਮੇਰੇ ਲਈ ਮਹੱਤਵਪੂਰਣ ਸੀ। ਇਹ ਤਿੰਨ ਗੁਰੂ ਮੇਰੀ ਜਿੰਦਗੀ ਦੇ ਅਟੁੱਟ ਅੰਗ ਹਨ। ਮੈਨੂੰ ਬਹੁਤ ਤੇਜ਼ੀ ਨਾਲ ਪੜ੍ਹਨ ਦੀ ਗਤੀ ਅਤੇ ਕਿਤਾਬ ਚੋਣ ਦੀ ਪਹੁੰਚ ਮਿਲੀ। ਇਸ ਲਈ, ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਤੀਹ ਸਾਲਾਂ ਦੀ ਇਸ ਉਮਰ ਮਤਲਬ ਅੱਜ ਤਕ ਵੀ, ਮੈਂ ਬਹੁਤ ਘੱਟ, ਬੇਵਸੀ ਵਿਚ ਬਹੁਤ ਮਾੜੀਆਂ ਜਾਂ ਹਲਕੀ ਕਿਤਾਬਾਂ ਪੜ੍ਹੀਆਂ ਹੋਣਗੀਆਂ, ਨਹੀਂ ਤਾਂ ਮੇਰੇ ਲਈ ਵਿਸ਼ਵ ਭਾਸ਼ਾ ਦੇ ਸਾਹਿਤ ਅਤੇ ਭਾਰਤੀ ਭਾਸ਼ਾਵਾਂ ਦੇ ਸਾਹਿਤ ਦੇ ਅਨਮੋਲ ਕਲਾਸਿਕ ਵਿਚ ਆਉਣਾ ਮੁਸ਼ਕਿਲ ਸੀ। ਪਰ ਇਹ ਅਸੰਭਵ ਨਹੀਂ ਸੀ। ਪ੍ਰਹਿਲਾਦ ਜੀ ਪਾਰੀਕ ਦਾ ਇਸ ਲੜੀ ਵਿਚ ਆਉਣਾ ਮੇਰੇ ਲਈ ਇਕ ਹੈਰਾਨੀਜਨਕ ਤਜਰਬਾ ਸੀ। ਸਮਾਜਿਕ ਅਤੇ ਰਾਜਨੀਤਿਕ ਸਰਗਰਮੀ ਕਾਰਨ ਮੈਂ ਆਮ ਪਾਠਕਾਂ ਨਾਲੋਂ ਵਧੀਆ ਅਤੇ ਮਹੱਤਵਪੂਰਣ ਕਿਤਾਬਾਂ ਪੜ੍ਹਦਾ ਸੀ।

ਅੱਜ, ਫੇਸਬੁੱਕ ਦੇ ਪ੍ਰਦੂਸ਼ਿਤ ਸਮੇਂ ਵਿਚ ਜਦੋਂ ਕਿਤਾਬਾਂ ਬਹੁਤ ਅਸਾਨੀ ਨਾਲ ਅਤੇ ਸਸਤੇ ਜਾਂ ਮੁਫਤ ਵਿਚ ਉਪਲਬਧ ਹਨ, ਫਿਰ ਵੀ ਉਹ ਉਸ ਪੱਧਰ ਦੀ ਨਹੀਂ ਹਨ ਜੋ ਅਸੀਂ ਉਸ ਸਮੇਂ ਪ੍ਰਾਪਤ ਕੀਤੀ ਸੀ, ਪੜ੍ਹੋ ਤੇ ਸਮਾਜ ਹਿੱਤ ਲੜੋ ਮੁਹਿੰਮ ਦਾ ਹਿੱਸਾ ਬਣ ਗਏ।

ਸਾਹਿਤ ਨੂੰ ਸਿਰਫ ਕਾਗਜ਼ ਦੀ ਤਰਾਂ ਪੜ੍ਹ ਕੇ ਕਿਸੇ ਹੀਲੇ ਨਾ ਲੱਗਿਆ ਜਾਵੇ ਤਾਂ ਕਿ ਫਾਇਦਾ ਉਮਰ ਗਵਾਣ ਦਾ। ਪੜ੍ਹਨਾ, ਲੋਕ ਵਿਚਕਾਰ ਵਸਣਾ-ਇਕ ਸਹੀ ਰਾਜਨੀਤਿਕ ਲਾਈਨ ਦੀ ਚੋਣ ਕਰਨਾ ਅਤੇ ਇਸ ’ਤੇ ਕੰਮ ਕਰਨਾ ਹੈ ਤੋਂ ਔਖਾ ਪਰ ਚੁਣਾਵ ਕਰਨ ਤੋਂ ਬਾਅਦ ਹੌਸਲਾ ਔਰ ਜਜ਼ਬਾ ਬੇਹਦ ਹੋ ਜਾਤਾ ਹੈ। ਇਨਕਲਾਬ ਦੀ ਸੋਚ ਨੂੰ ਮਜਬੂਤ ਕਰਦੇ ਹੋਇਆ ਹੀ ਨਹੀਂ ਤੁਰਦੇ ਬਲਕਿ ਜਨਤਕ ਅੰਦੋਲਨਾਂ ਵਿਚ ਸ਼ਾਮਲ ਹੋਣਾ ਵੀ ਮਹੱਤਵਪੂਰਨ ਸੀ।

ਇੱਕ ਜਾਂ ਦੋ ਜਾਂ ਵੱਧ ਤੋਂ ਵੱਧ ਅੱਜ ਇਸ ਫੂਹੜ ਸਾਮੰਤੀ ਸਾਹਿਤ ਨੂੰ ਫੇਸਬੁੱਕ ਜਾਂ ਜਿੱਥੇ ਵੀ ਇਸ ਨੂੰ ਸਥਾਪਤ ਕਰਣਾ ਸੋਖਾ ਹੈ, ਕਿੱਤਾ ਜਾ ਰਿਹਾ ਹੈ।

ਸਮਾਜਿਕ ਤੌਰ ’ਤੇ ਜਾਂ ਕਿਹਾ ਜਾ ਸਕਤਾ ਹੈ ਕਿ ਆਮ ਚੀਜ਼ ਨੂੰ ਲੋਕ ਦੀ ਅੱਖਾਂ ਨਾਲ ਵੇਖਣਾ ਮੁਸ਼ਕਲ ਨਹੀਂ ਹੈ।

ਮੈਂ ਕਿਸੇ ਵੀ ਕਿਸਮ ਦਾ ਚੰਗਾ, ਇਮਾਨਦਾਰ ਅਤੇ ਸੱਚਾ ਨਹੀਂ ਹਾਂ, ਜੇ ਤੁੱਸੀਂ ਸੱਚ ਮੰਨਦੇ ਹੋ, ਤਾਂ ਨੁਕਸਾਨ ਕੀ ਹੈ-ਬਾਕੀ ਇਸ ਗੱਲ ਤੇ ਜੇ ਕੋਈ ਜਕੀਨ ਨਹੀਂ ਕਰਦਾ ਤਾਂ ਵੀ ਫਰਕ ਨਹੀਂ ਪੜਦਾ। ਮੈਂ ਕਹਿੰਦਾ ਕਿ ਇੰਨਾ ਸਮਿਆਂ ਵਿੱਚੋਂ ਮੈਨੂੰ ਪਹਿਲੀ ਵਾਰੀ ਲਭਿਆ ਸੀ ਇਕ ਹੀਰਾ, ਪਰ ਜੇ ਤੁਸੀਂ ਇਸ ਨੂੰ ਕੋਹਿਨੂਰ ਵੀ ਆਖੋ ਤਾਂ ਵੀ ਘੱਟ ਹੀ ਹੋਊ।

ਜਦੋਂ ਮੈਂ ਪਹਿਲੀ ਵਾਰ ਕਿਸੇ ਕਿਤਾਬ ’ਤੇ ਬਣਿਆ ਸਕੈਚ ਵੇਖਿਆ-‘‘ਇਹ’’ ਪਾਸ਼ ਹੈ। ‘‘ਮੈਂ ਵੇਖਦਾ ਰਿਹਾ ਤੇ ਜਾਂਚ ਕਰਦਾ ਜਾਂ ਭਾਲਦਾ ਰਿਹਾ ਇਸ ਦਾ ਹਿੰਦੀ ਉਲਥਾ ਭਾਲਿਆ ਪਰ ਮਿਲਿਆ ਨਹੀਂ।

ਬਹੁਤ ਤਲਾਸ਼ ਕਿੱਤੀ ਮਗਰ। ਮੈਨੂੰ ਕਿਧਰੇ ਵੀ ਨਹੀਂ ਮਿਲਿਆ - ਉਸ ਸਮੇਂ ਜਦੋਂ ਮੈਂ ਜਵਾਨ ਸੀ, ਮੇਰੇ ਕੋਲ ਘਰ ਵਿੱਚ ਟੈਲੀਫੋਨ ਵੀ ਨਹੀਂ ਸੀ, ਜਿੱਥੋਂ ਮੈਂ ਰਾਹੀਂ ਲਭ ਸਕਦਾਂ, ਓਨਾ ਥਾਵਾਂ ਚ ਵੀ ਨਹੀਂ ਮਿਲਿਆ ਜਿੱਥੇ ਆਸ ਸੀ ਮੈਨੂੰ...ਪਰ ਪੜ੍ਹਨਾ ਜਰੂਰੀ ਨਹੀਂ, ਬਹੁਤ ਜ਼ਿਆਦਾ ਜ਼ਰੂਰੀ ਸੀ ਕਿਉਂਕਿ ਹੁਣ ਤਕ ਪਾਸ਼ ਮੇਰੇ ਦਿਲ ਵਿੱਚ ਬਹੁਤ ਗਹਿਰਾ ਪੈਠ ਗਿਆ ਸੀ, ਤੇ ਬਹੁਤ ਸਮਾਂ ਬਾਅਦ ਮੈਨੂੰ-ਹਿੰਦੀ ਵਿੱਚ ਇੱਕ ਕਵਿਤਾ ਦੀ ਕਟਿੰਗ ਮਿਲੀ ਜੋ ਅੱਜ ਤੱਕ ਫਰੇਮ ਕਰਵਾਈ ਸੁਰਕਸ਼ਿਤ ਪਾਈ ਆ।

ਮੈਂ ਹਾਲਾਤ ਨਾਲ ਸਮਝੌਤਾ ਕਰਕੇ
ਸਾਂਸ ਘਸੀਟਣਾ ਨਹੀਂ ਚਾਹੁੰਦਾ

ਮੇਰੇ ਯਾਰੋਂ ਮੈਨੂੰ ਇਸ ਕਤਲੇਆਮ ’ਚ
ਸ਼ਰੀਕ ਹੋ ਲੈਣ ਦਿਓ

ਅਤੇ ਬਹੁਤ ਜ਼ਿਆਦਾ ਦਿਨ ਬੀਤ ਗਏ, ਤੇ ਇਸਦੇ ਨਾਲ ਨਾਲ ਪੜ੍ਹਨ ਦੀ ਇੱਛਾ ਜੱਬਰ ਤਰੀਕੇ ਨਾਲ ਵਧਦੀ ਰਹੀ ਸੀ। ਅਸਾਡੇ ਗੁਆਂਢ ’ਚ ਜ਼ਿਆਦਾਤਰ ਘਰ ਸਿੱਖਾਂ ਦੇ ਹਨ, ਭਾਵ ਮੇਰਾ ਆਲਾ-ਦੁਆਲਾ ਪੰਜਾਬੀ ਹੈ - ਘਰ ਦੇ ਨਾਲ ਹੂ ਗਲੀ ਦੀ ਅਗਲੀ ਨੁੱਕੜ ਤੇ ਇਕ ਮੇਰੇ ਮਿੱਤਰ ਪਿਆਰੇ ਦਾ ਮਕਾਨ ਸੀ ਉਸ ਦੀ ਮਾਤਾ ਨਾਲ ਗੱਲ ਕਰਦਾ ਹੋਇਆ ਮੈਂ ਕਈ ਵਾਰ ਆਪਣੀ ਗੁਰਮੁਖੀ ਬਾਰੇ ਕੁਝ ਪੁੱਛਦਾ ਰਹਿੰਦਾ ਸੀ- ਪਰ ਇਸ ਵਾਰ ਕੋਈ ਵੀ ਬਹਾਨਾ ਤੇ ਨਾ ਥਕਾਵਟ ਹੀ ਹੋਈ ਔਰ ਮੈਂ ਚੌਥੇ ਦਿਨ, ਬਿਨਾਂ ਕਿਸੇ ਸਹਿਯੋਗ ਅਤੇ ਸਹਾਇਤਾ ਦੇ ਆਪਣੇ ਆਪ ਪਾਸ਼ ਨੂੰ ਪੜ੍ਹ ਰਿਹਾ ਸੀ। ਇਸਦੇ ਕਾਫੀ ਸਮਾਂ ਬਾਅਦ ਜਦ ਵੀ ਮੈਂ ਪਾਸ਼ ਦੀ ਗੱਲ ਕਰਦਾ ਤਾਂ ਸੱਥ ਵਿਚ ਇਕ ਜਾਂ ਦੋ ਕੱਟੜ ਹੁੰਦੇ ਹੀ ਸੀ ਜਿਹੜੇ ਬਕਵਾਸ ਦੇ ਇਲਾਵਾ ਕੁਝ ਨਹੀਂ ਕਰ ਸਕਦੇ ਸੀ, ਸ਼ਾਇਦ ਆ ਹੀ ਕਾਰਨ ਹੈ ਕਿ ਅੱਜ ਵੀ ਮੈਂ ਭਾਵੇ ਕੋਈ ਕਿਸੀ ਦੀ ਨਿੰਦਿਆ ਕਰੇ, ਫਰਕ ਨਹੀਂ ਪੈਂਦਾ। ਇਹ ਗੰਦਗੀ ਤੋਂ ਇਲਾਵਾ ਕੁਝ ਵੀ ਨਹੀਂ ਹੈ ।

ਪਾਸ਼। ਵਾਹ ਪਾਸ਼। ਆਪਣਾ ਪਾਸ਼... ਇਸਦਾ ਵੀ ਇਕ ਹੋਰ ਕਾਰਨ ਸੀ ਜਿਸ ਕਰਕੇ ਅਸੀਂ ਕੁਤਾਬਾਂ ਕੋਰੀਆ ਕਰਦੇ ਰਹੇ। ਮਿਤਬ ਚੋਰ। ਜਾਣੇ ਕਿੰਨੀ ਹੀ ਕਿਤਾਬਾਂ ਚੋਰੀ ਕਿੱਤੀ ਹਿਸਾਬ ਹੀ ਨਹੀਂ ਹੈ।

ਜਦੋਂ ਮੈਂ ਗਿਆਰ੍ਹਵੀਂ ਜਮਾਤ ਵਿਚ ਸੀ, ਮੇਰਾ ਪਹਿਲਾ ਰਾਜਸਥਾਨੀ ਕਾਵਿ ਸੰਗ੍ਰਹਿ ‘ਡਾਂਡੀ ਤੋਂ ਅੰਨਜਾਣ’ ਰਾਜਸਥਾਨੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਅਕੈਡਮੀ, ਬੀਕਾਨੇਰ ਦੇ ਵਿੱਤੀ ਸਹਾਇਤਾ ਨਾਲ ਛਾਪਿਆ ਗਿਆ ਸੀ, ਜਿਸ ਲਈ ਗੁਰੂ ਜੀ ਓਮ ਪੁਰੋਹਿਤ ਕਾਗਦ ਜੀ ਹਰ ਵਾਰ ਮਿਲਣ ’ਤੇ ਮੈਨੂੰ ਝਿੜਕਦੇ ਸਨ, ਕਿਉਂਕਿ ਉਹ ਸੰਗ੍ਰਹਿ ਇੱਕ ਨੌਸੀਖੀਆ ਮੂਰਖ ਮੁੰਡੇ ਦੀ ਕਾਹਲੀ ਦਾ ਇੱਕ ਬੁਰਾ ਨਤੀਜਾ ਸੀ. ਕਿਸੇ ਵੀ ਸਥਿਤੀ ਵਿੱਚ, ਮੈਂ ਇਸ ਕਿਤਾਬ ਨੂੰ ਭੁੱਲਣਾ ਚਾਹੁੰਦਾ ਸੀ ਅਤੇ ਅੱਗੇ ਵਧਣਾ ਚਾਹੁੰਦਾ ਸੀ, ਜੋ ਜ਼ਿਆਦਾ ਸਮੇਂ ਤੱਕ ਲਿਖਣੋ ਵਿਮੁੱਖ ਨਹੀਂ ਰਹਿ ਸਕਿਆ। ਉਸੇ ਸਮੇਂ, ਮੈਂ ਰਸਾਲਿਆਂ ਅਤੇ ਆਖਬਾਰਾਂ ਵਿਚ ਛਪਣਾ ਸ਼ੁਰੂ ਕਰ ਦਿੱਤਾ। ਇੱਕ ਟੀਨ ਏਜ ਹੋਣ ਦੇ ਨਾਤੇ, ਸੈਕਸੁਅਲਿਟੀ ਅਤੇ ਭਾਵਨਾ ਵਿੱਚ ਫਰਕ ਕਰਨਾ ਅਸੰਭਵ ਸੀ। ਸਫਲ ਹੋਣ ਵਾਲੀਆਂ ਅਸਫਲ ਪ੍ਰੇਮ ਕਹਾਣੀਆਂ ਮੈਨੂੰ ਰੋਮਾਂਚਿਤ ਕਰਦੀਆਂ ਸਨ ਅਤੇ ਮੈਂ ਕੁਝ ਦਿਨ ਉਸ ਦੇ ਪ੍ਰਭਾਵ ਵਿਚ ਰਿਹਾ. ਇਸ ਸਮੇਂ ਦੌਰਾਨ ਹੀ ਮੈਂ ਪਾਸ਼ ਨੂੰ ਪੜ੍ਹਨ ਤੋਂ ਬਾਦ ਅਨੁਵਾਦ ਦਾ ਕੱਮ ਵੀ ਸ਼ੁਰੂ ਕਰ ਲਿਆ ਸੀ.....

ਮੇਰੇ ਬਾਰੇ ’ਚ ਬਕਵਾਸ ਅਤੇ ਨਿੰਦਿਆ ਕਰਨ ਵਾਲੇ ਧੜੇ ਨੂੰ ਮੈਂ ਕਦੇ ਭਾਵ ਨਹੀਂ ਦਿੱਤੇ, ਦੋਸਤ ਦੁਸ਼ਮਣ ਦੋਨੋ ਮੇਰੀ ਬਹਸ ਚ ਸ਼ਾਮਲ ਹੁੰਦੇ ਰਹੇ ਨੇ। ਉਨ੍ਹਾਂ ਵਿਚੋਂ ਕੁਝ ਲੰਮੇ ਸਮੇਂ ਤਕ ਮੇਰੇ ਅੰਦਰ ਵਿਲੱਖਣ ਤਬਦੀਲੀ ਤੋਂ ਖੁਸ਼ ਹੋ ਅਕਸਰ ਪਰਿਚਿਤ ਮਿੱਤਰਾਂ ਕਿਤਾਬਾਂ ਦਾ ਗਿਫ਼ਟ ਦੇਣੇ ਸ਼ੁਰੂ ਕੀਤੇ, ਐ ਦਿਨ ਬਹੁਤ ਪਿਆਰੇ ਸੀ ।

ਮੈਨੂੰ ਨਹੀਂ ਸੀ ਪਤਾ ਕਿ ਇਸ ਤੋਂ ਵੱਧ ਵੀ ਕੋਈ ਹੋਰ ਪਿਆਰੀ ਚੀਜ ਮੇਰੇ ਲਈ ਹੋਵੇਗੀ, ਆ ਸੂਪਰਾਇਜ ਸਾਥੀ ਪ੍ਰੇਮਪਾਲ ਨੇ ਦਿੱਤਾ ਆਪਣੀ ਫੇਸਬੁਕ ਵਾਲ ਤੇ ਕਿ ‘‘..... ਕਿ ਤੁੱਸੀਂ ਸਤੀਸ਼ ਛਿਪਾ ਨੂੰ ਜਾਣਦੇ’’, ਨਹੀਂ, ਤਾਂ ਫੇਰ ਜਾਣੋ, ਸਤੀਸ਼ ਰਾਜਸਥਾਨ ਦੇ ਸੁਰਤਗੜ੍ਹ ਸ਼ਹਿਰ ਚੇ ਰਹਿਣ ਵਾਲਾ ਇਕ ਅਗਾਂਹਵਧੂ ਲਿਖਾਰਾ ਹੈ। ‘ਪੰਜਾਬੀ ਤੇ ਹੋਰ ਭਾਸ਼ਾਵਾਂ ਦੇ ਲਿਖਾਰੀਆਂ ਤੇ ਲਿਖਦਾ ਹੀ ਰਹਿੰਦਾ, ਕੋਲਮ ਦਾ ਹੈ ‘ਕਿ ਤੁਸੀਂ ਫਲਾਣੇ ਨੂੰ ਜਾਣਦੇ ਹੋ।’ ਉਸ ਨੂੰ ਰਾਜਸਥਾਨ ਦੇ ਸਾਮੰਤਵਾਦੀ ਸੋਚ ਦੇ ਲੋਕਾਂ ਨੇ ਸਾਹਿਤਿਕ ਕਪਟ ਦੀ ਖਿਲਾਫਤ ਕਰਣ ਲਈ ਤੇ ਇਨਕਲਾਬੀ ਸੋਚ ਰੱਖਣ ਤੇ ਸਹੀ ਮਸਲਿਆਂ ਤੇ ਬਹਿਸ ਕਰਣ ਕਰਕੇ... ਅਘੋਸ਼ਿਤ ਰੂਪ ’ਚ ਚੁਪ ਚਾਪ ਬਲੈਕ ਲਿਸਟੇਡ ਕਰ ਦਿਤਾ ਗਿਆ ਹੈ। ਮਤਲਬ ਰਾਜਸਥਾਨ ਦੇ ਮੁੱਖ ਮੁੱਖ ਰਸਾਲਿਆਂ, ਜਿੰਨਾ ਦੇ ਮਾਲਕ ਕੁਝ ਇਸ ਭਾਸ਼ਾਈ (ਹਿੰਦੀ ਤੇ ਰਾਜਸਥਾਨੀ) ਦੇ ਕੱਟੜ ਲੋਕ ਨੇ, ਜਿਹੜੇ ਪੈਲਾਂ ਤੋਂ ਹੀ ਪੰਜਾਬ ਦੇ ਸ਼ਹੀਦ ਇਨਕਲਾਬੀਆਂ ਬਾਰੇ ਲਿਖਣ ਜਾਂ ਸਹੀ ਤਰਕ ਨੂੰ ਸਥਾਪਿਤ ਕਰਣ ਲਈ ਸ਼ੁਰੂ ਕਿੱਤੀ ਬਹਿਸ ਕਰਕੇ ਬਲੈਕ ਲਿਸਟੇਡ ਹੋਇਆ ਤੇ ਹੁਣ ਫੇਰ ਇਸ ਨੂੰ ਹਾਸ਼ੀਏ ਤੇ ਲਾ ਛਡਿਆ ਪਰ ਸਤੀਸ਼ ਦਾ ਕਹਿਣਾ ਹੈ ਕਿ ਅੱਜ ਪਾਸ਼ ਦਾ ਜਨਮਦਿਨ ਹੈ, ਪਾਸ਼ ਜੋ ਸਤੀਸ਼ ਦੀ ਸੋਚ, ਉਸ ਦੇ ਚਿੰਤਨ ਅਤੇ ਵਿਚਾਰਾਂ ਚ ਇਸ ਤਰਾਂ ਵਸਿਆ ਹੈ ਕਿ ਅੱਜ ਓ ਬੰਦਾ ਭਾਵੇਂ ਕੋਈ ਗੱਲ, ਕਿਸੇ ਵੀ ਭਾਸ਼ਾ ਦੀ ਹੋਵੇ, ਜਿਕਰ ਪਾਸ਼ ਦਾ ਓਥੇ ਆਉਣਾ ਹੀ ਆਉਣਾ..... ਲਗਦੈ ਜਿਵੇਂ ਪਾਸ਼ ਦਾ ਪਗ ਵਟ ਭਰਾ ਹੈ। ਤੇ ਨਿਡਰਤਾ ਔਰ ਹੌਸਲਾ ਵੀ ਹੈ ਬੰਦੇ ਚ ਕਿ ਪੂਰੇ ਰਾਜਸਥਾਨ ਨਾਲ ਭਿੜਿਆ ਬੈਠਾ ਅਗਲਾ। ਇਸ ਸਭ ਕਾਸੇ ਦਾ ਕਾਰਣ ਕਿ ਹੋ ਸਕਦਾ

ਜਿਹੜਾ ਬੰਦਾ ਆਪਣੀ ਮਾਂ ਬੋਲੀ ਬਾਗੜੀ ਦੇ ਨਾਲ ਹੀ ਪੰਜਾਬੀ ਮਾਂ ਬੋਲੀ ਜੋਕਿ ਉਸਦੀ ਬੋਲੀ ਹੈ ਨਹੀਂ, ਇੰਨਾ ਸਤਿਕਾਰ ਕਰਦਾ ਕਿ ਪੰਜਾਬੀ ਮਾਂ ਬੋਲੀ ਦੇ ਸਾਹਿਤ ਦਾ ਨਾਂ ਕੇਵਲ ਹਿੰਦੀ, ਮਰਾਠੀ ਤੇ ਰਾਜਸਥਾਨੀ ਚ ਉਲਥਾ ਕਰਕੇ ਇਸ ਧਰਤੀ ਦੇ ਸੁੱਖ, ਸੰਘਰਸ਼ਾਂ ਤੇ ਮਹਾਨਤਾ ਓਨਾ ਪਾਠਕਾਂ ਤੀਕ ਲੈਕੇ ਜਾਂਦਾ ਐ ਜਿਹੜਾ ਪੰਜਾਬੀ ਬੋਲੀ ਪੜ੍ਹ ਜਾਂ ਬੋਲ ਨਹੀਂ ਸਕਦੇ, ਸਗੋਂ ਇੱਕ ਹੋਰ ਵੀ ਗੱਲ ਆ ਕਿ ਬਾਈ ਕਿਸੇ ਤਰ੍ਹਾਂ ਦਾ ਲੋਭ ਲਾਲਚ ਤੇ ਦਿਹਾੜੀ ਵਾਸਤੇ ਨਹੀਂ ਸੀ ਆ ਕਰ ਰਿਹਾ, ਇਸ ਦੇ ਮਨ ’ਚ ਬਾਬਾ ਬੂਝਾ ਸਿੰਘ ਤੋਂ ਲੈ ਕੇ ਦਰਸ਼ਨ ਦੁਸਾਂਝ ਤਕ ਇੰਨਾ ਸਤਿਕਾਰ ਹੈ ਕਿ ਸਾਮਣੇ ਭਾਵੇਂ ਕੋਈ ਕੁਜ ਵੀ ਹੋਵੇ, ਸਹੀ ਗੱਲ ਸਹੀ ਹੀ ਸਾਬਤ ਕਰਕੇ ਮਨਣਾ ਜਰੂਰੀ ਹੁੰਦਾ।

ਅੱਜ ਦੇ ਸਮੇਂ ਜਿੱਥੇ ਜਵਾਨ ਲਿਖਾਰਿਆਂ ਨੂੰ ਆਪਣਾ ਲਿੱਖਣ ਤੋਂ ਵੇਲ ਹੈ ਨਹੀਂ, ਪਰ ਸਤੀਸ਼ ਦੂਜੀਆਂ ਤੇ ਵੀ ਬਰਾਬਰ ਲਿਖਦਾ ਰਹਿੰਦਾ। ਤੇ ਜੇ ਇਹ ਬੰਦਾ ਆਪਣੇ ਲੋਕਾਂ ਤੇ ਲਿਖਦਾ ਰਹਿੰਦਾ ਤਾਂ ਕਿ ਆਪਣਾ ਫਰਜ਼ ਨਹੀਂ ਬਣਦਾ ਕਿ ਭਾਵੇਂ ਹਲਕੇ, ਪਰ ਕੁਝ ਗੱਲ ਤਾਂ ਕਰੀਏ ਕਿ ਬਾਈ ਇੰਨਾ ਖਤਰਨਾਕ ਜਾਪਦਾ ਹੈ ਬੰਦਾ ਤਾਂ ਇਸ ਤ ਮਾਮਲਾ ਦਰਜ ਕਰਣ, ਪਰ ਓਹ ਵੀ ਨਹੀਂ ਕਿਉਂਕਿ ਕੋਈ ਅੱਗੇ ਵੱਧ ਕੇ ਸ਼ਕਲ ਦਿਖਾਣੋਂ ਡਰਦੇ ਨੇ..... ਜਾਇਜ਼ ਵੀ ਹੈ ਕਿ ਚੁਪਚਾਪ ਚਲਾਕੀ ਨਾਲ ਸ਼ਾਇਡ ਕਿੱਤਾ ਗਿਆ ਬੰਦਾ ਸ਼ਿਕਾਇਤ ਕਰਣ ਵੀ ਤੋਂ ਕਿਸ ਨੂੰ.... ਪਰ ਨਹੀਂ, ਸ਼ਿਕਾਇਤ ਨਹੀਂ, ਤੀਨ ਰਿਸਾਲੇ ਹੈ ਜਿਨ੍ਹਾਂ ਦਾ ਮੰਚ ਹਾਲੇ ਭੀ ਖੁੱਲ੍ਹਾ ਹੈ।

ਮੰਚ, ਜਾਂ ਮੌਕੇ ਦੀ ਕੋਈ ਘਾਟ ਹੈ ਹੀ ਨਹੀਂ ਕਿਉਂਕਿ ਪੰਜਾਬੀ, ਰਾਜਸਥਾਨੀ ਤੇ ਮਰਾਠੀ (ਮਰਾਠੀ ਚ ਹੁਣਿ ਉਲਥੇ ਦਾ ਕੱਮ ਸ਼ੁਰੂ ਕਿੱਤਾ ਏ) ਭਾਸ਼ਾ ਦੇ ਮੰਚ ਨੇ, ਪਰ ਇੱਥੇ ਮਸਲਾ ਅੱਡ ਆ .... ਤੇ ਨਾਲ ਅਸਲ ਗੱਲ ਆ ਵੀ ਹੈ, ‘ਲੈ ਹੋਰ ਕਰ ਉਲਥਾ, ਸਾਨੂੰ ਕਹਿੰਦਾ ਹੁੰਦਾ ਸੀ ਕਿ ਨਹੀਂ ਲੈਵਲ ਦਾ ਲਿਖਿਆ ਕਰੋ...ਸਾਰਾ ਰੌਲਾ ਇੰਨਾ ਅਗਾਂਹਵਧੂ ਧੜੇ ਕੋਲ ਲੁਕੇ ਹੋਏ ਫਾਸਿਜਮ ਦਾ ਹੀ ਹੈ।

ਭਾਸ਼ਾ, ਬੋਲੀ, ਸ਼ਬਦ, ਅਰਥ ਤੇ ਜੀਵਨ ਦਾ ਜਿਹੜਾ ਸਤਿਕਾਰ ਕਰਦਾ ਤੇ...ਲੋਕ ਦੀ ਹਰ ਇਕ ਬੋਲੀ ਤੇ ਅਦਬ ਦੇ ਜਵਾਨ ਲਿਖਾਰਿਆਂ ਵੱਜੋਂ ਜਾਣੂ ਇਸ ਹੀ ਨਹੀਂ ਬਲਕਿ ਕਿਸੇ ਨੂੰ ਵੀ ਕੋਈ ਅੱਜ ਸੋਸ਼ਲ ਮੀਡੀਆ ਦੇ ਸਮੇ ਕਰਕੇ ਬਲੈਕ ਲਿਸਟ ਨਹੀਂ ਕਰ ਸਕਦਾ, ਸਤੀਸ਼ ਚੰਗੀ ਤਰ੍ਹਾਂ ਜਾਣਦਾ... ਚੱਲੋ ਮੰਨ ਲਓ ਕਿ ਬਾਈ ਕੱਟੜਾਂ ਨੇ ਕਰ ਦਿੱਤਾ ਆ ਕਾਰਾ ਵੀ, ਤੇ ਨਾਲ ਹੋਰ ਕੁਜ ਵੀ ਨਣ ਲਓ...ਕਰ ਦਿੱਤਾ ਤਾਂ ਕਿ ਹੋਇਆ.....

...ਪਾਸ਼ ਦੇ ਬਾਅਦ ਪੋਰੀ ਨਕਸਲ ਲਹਿਰ ਦਾ ਬਹੁਤ ਸਮਾਂ ਤਕ ਗੰਭੀਰ ਤੇ ਜਮਾ ਗ੍ਰਾਸ ਰੂਟ ਪਠਨ ਤੇ ਇਨਕਲਾਬੀ ਸਵਰ ਤੇ ਖੁਲਾ ਰਿਸਰਚ ਕਰਦੇ ਹੋਏ ਬਹੁਤ ਕੁਜ ਸਿੱਖਣ ਜਾਨਣ ਲਈ ਮਿਲਿਆ, ਔਰ ਫਿਰ ਮੇਰੇ ਕੋਲ ਇਸ ਦੇ ਲਈ ਸ਼ਬਦਾਂ ਦਾ ਘਾਟਾ ਪੈ ਗਿਆ... ਪੰਜਾਬੀ, ਪਾਸ਼ ਤੇ ਮਿੱਤਰ ਪਿਆਰਿਆਂ ਨੂੰ ਸਲਾਮ।





ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070

*ਤੇਰਾ ਲੁੱਟਿਆ ਸ਼ਹਿਰ ਲਾਹੌਰ, ਨੀ ਸੱਸੀਏ ਬੇ-ਖ਼ਬਰੇ*

# ਦੇਸ਼ ਦੀ ਤਬਾਹੀ ਦਾ ਕਾਰਨ ਬਣੇਗੀ, ਦੇਸ਼ ਦੇ ਧੰਨ, ਸਾਧਨਾਂ-ਵਸੀਲਿਆਂ ਦੀ ਲੁੱਟ !

ਮਾਨਸੂਨ ਸੈਸ਼ਨ 2020 ਦੀ ਸੰਸਦ ਦੀ ਕਾਰਵਾਈ ਵਿੱਚ ਜ਼ਿਕਰ ਹੋਇਆ ਸੀ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਾਰਚ 2015 ਤੋਂ ਨਵੰਬਰ 2019 ਦਰਮਿਆਨ ਕੁੱਲ 58 ਦੇਸ਼ਾਂ ਦੀ ਯਾਤਰਾ ਕੀਤੀ ਅਤੇ ਇਹਨਾ ਯਾਤਰਾਵਾਂ ਉਤੇ ਕੁੱਲ ਮਿਲਾਕੇ 517 ਕਰੋੜ 82 ਲੱਖ ਰੁਪਏ ਖ਼ਰਚ ਹੋਏ। ਇਹ ਯਾਤਰਾਵਾਂ ਸਰਕਾਰੀ ਪੱਖ ਅਨੁਸਾਰ ਗਲੋਬਲ ਮੁੱਦਿਆਂ ਸਬੰਧੀ ਭਾਰਤ ਦੇ ਦ੍ਰਿਸ਼ਟੀਕੋਣ ਬਾਰੇ ਹੋਰ ਦੇਸ਼ਾਂ ਨਾਲ ਸਮਝ ਵਧਾਉਣ ਅਤੇ ਦੇਸ਼ ਦੇ ਵਪਾਰ ਅਤੇ ਨਿਵੇਸ਼, ਤਕਨਾਲੋਜੀ, ਰੱਖਿਆ ਸਹਿਯੋਗ ਵਧਾਉਣ ਸਬੰਧੀ ਕੀਤੀਆਂ ਗਈਆਂ। ਪਰ ਅਮਰੀਕਾ ਦੀ ਝੋਲੀ ਪੈ ਕੇ, ਇਕਪਾਸੜ ਫ਼ੈਸਲੇ ਕਰਕੇ ਕੀ ਭਾਰਤ ਨੇ ਆਪਣੇ ਗਵਾਂਢੀ ਮੁਲਕਾਂ ਚੀਨ, ਨੇਪਾਲ, ਪਾਕਿਸਤਾਨ ਨਾਲ ਵੈਰ-ਵਿਰੋਧ ਨਹੀਂ ਵਧਾ ਲਿਆ? ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਸਬੰਧਾਂ ਦੀ ਥਾਂ ਉਹਨਾ ਨਾਲ ਕੌੜ ਵਧਿਆ ਹੈ ਅਤੇ ਚੀਨ ਨਾਲ ਤਾਂ ਵੈਰ-ਵਿਰੋਧ ਇੰਨਾ ਵਧਿਆ ਹੈ ਕਿ ਜੰਗ ਤੱਕ ਦੀ ਨੌਬਤ ਆਈ ਹੋਈ ਹੈ। ਇਹਨਾ ਵਿਦੇਸ਼ੀ ਫੇਰੀਆਂ ਨੇ ਨਰੇਂਦਰ ਮੋਦੀ ਦੀ ਸਖ਼ਸ਼ੀਅਤ ਨੂੰ ਤਾਂ ਜ਼ਰੂਰ ਉਭਾਰਿਆ ਹੋਏਗਾ, ਪਰ ਉਸ ਗਰੀਬ ਦੇਸ਼ ਦੀ ਕਰੋੜਾਂ ਦੀ ਸੰਪਤੀ ਨੂੰ ਚੂਨਾ ਲਗਾਇਆ ਗਿਆ ਹੈ, ਜਿਥੋਂ ਦੇ ਲੋਕਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦੇ ਅਵੱਲੇ ਕੰਮਾਂ ਨੇ ਲੋਕਾਂ ਦੀ ਪ੍ਰੇਸ਼ਾਨੀ ਵਿੱਚ ਲਗਾਤਾਰ ਵਾਧਾ ਕੀਤਾ ਹੈ ਅਤੇ ਦੇਸ਼ ਦੀ ਆਰਥਿਕਤਾ ਨੂੰ ਵੱਡੀ ਢਾਅ ਲਾਈ ਹੈ। ਦੇਸ਼ ਦੇ ਪੈਸੇ ਦੀ ਦੁਰਵਰਤੋਂ ਦੀਆਂ ਤਾਂ ਅਨੇਕਾਂ ਹੈਰਾਨ ਕੁੰਨ ਉਦਾਹਰਨਾਂ ਹਨ, ਜਿਹੜੀਆਂ ਸੰਜੀਦਾ ਮਨੁੱਖ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੰਦੀਆਂ ਹਨ। ਨੋਟਬੰਦੀ ਨੇ ਆਮ ਆਦਮੀ ਤੇ ਛੋਟੇ ਕਾਰੋਬਾਰੀਆਂ, ਕਿਸਾਨਾਂ, ਮਜ਼ਦੂਰਾਂ ਨੂੰ ਗਰੀਬ-ਰੇਖਾ ਤੋਂ ਹੇਠਾ ਵੱਲ ਧਕੇਲ ਦਿੱਤਾ। ਜੀ.ਐਸ.ਟੀ. ਕਾਹਲ ਵਿੱਚ ਲਾਗੂ ਕਰਨ ਨਾਲ ਕਾਰੋਬਾਰੀਆਂ ਦੇ ਕਾਰੋਬਾਰਾਂ ਨੂੰ ਤਾਂ ਧੱਕਾ ਪਹੁੰਚਾ ਹੀ, ਆਮ ਲੋਕਾਂ ਦਾ ਜਨ-ਜੀਵਨ ਵੀ ਪ੍ਰਭਾਵਤ ਹੋਇਆ। ਇਥੇ ਹੀ ਬੱਸ ਨਹੀਂ ਕੇਂਦਰ ਸਰਕਾਰ ਨੇ ਜੀ.ਐਸ.ਟੀ. ਉਤੇ ਲਗਾਏ ਸੈੱਸ ਦੀ ਦੁਰਵਰਤੋਂ ਕੀਤੀ। ਕੈਗ ਨੇ ਹੁਣੇ ਜਿਹੇ ਇੱਕ ਰਿਪੋਰਟ ਛਾਪੀ ਹੈ, ਜਿਸ ਅਨੁਸਾਰ ਕੇਂਦਰ ਸਰਕਾਰ ਨੇ ਨਿਯਮਾਂ ਦੀ ਉਲੰਘਣਾ ਕਰਦਿਆਂ 2017-18 ਤੇ 2018-19 ਵਿੱਚ ਜੀ.ਐਸ.ਟੀ. ਮੁਆਵਜ਼ੇ ਦੀ 47, 272 ਕਰੋੜ ਰੁਪਏ ਦੀ ਰਕਮ ਕੰਸੋਲੀਡੇਟਿਡ ਫੰਡ ਆਫ ਇੰਡੀਆ (ਸੀ.ਐਫ. ਆਈ.) ਵਿੱਚ ਰੱਖੀ ਤੇ ਇਸ ਫੰਡ ਨੂੰ ਦੂਜੇ ਕੰਮਾਂ ਲਈ ਵਰਤਿਆ, ਜੋ ਕਿ ਜੀ.ਐਸ.ਟੀ. ਮੁਆਵਜ਼ਾ ਸੈੱਸ ਐਕਟ 2017 ਦੇ ਨਿਯਮਾਂ ਦੀ ਉਲੰਘਣਾ ਹੈ। ਕਾਨੂੰਨ ਮੁਤਾਬਕ ਕਿਸੇ ਵੀ ਸਾਲ ਵਿੱਚ ਜਮ੍ਹਾਂ ਕੀਤੇ ਗਏ ਕੁਲ ਸੈੱਸ ਨੂੰ ਜੀ.ਐਸ.ਟੀ. ਕੰਪਨਸੇਸ਼ਨ ਸੈੱਸ ਫੰਡ ਵਿੱਚ ਕਰੈਡਿਟ ਕੀਤਾ ਜਾਂਦਾ ਹੈ। ਇਹ ਪਬਲਿਕ ਅਕਾਊਂਟ ਦਾ ਹਿੱਸਾ ਹੈ ਅਤੇ ਇਸਦੀ ਵਰਤੋਂ ਰਾਜਾਂ ਨੂੰ ਜੀ.ਐਸ.ਟੀ. ਮਾਲੀਏ ਵਿੱਚ ਕਮੀ ਦੀ ਭਰਪਾਈ ਲਈ ਕੀਤੀ ਜਾਂਦੀ ਹੈ ਪਰ ਕੇਂਦਰ ਸਰਕਾਰ ਨੇ ਕੁਲ ਜੀ.ਐਸ.ਟੀ. ਸੈੱਸ ਨੂੰ ਜੀ.ਐਸ.ਟੀ. ਕੰਪਨਸੇਸ਼ਨ ਫੰਡ ਵਿੱਚ ਟਰਾਂਸਫਰ ਕਰਨ ਦੀ ਥਾਂ ਸੀ.ਐਫ.ਆਈ ਵਿੱਚ ਹੀ ਰੱਖਿਆ। ਪੰਜਾਬ ਸਮੇਤ ਕਈ ਰਾਜ ਸਰਕਾਰਾਂ ਜੀ.ਐਸ.ਟੀ. ਦੇ ਹਿੱਸੇ ਦੀ ਮੰਗ ਕਰਦੀਆਂ ਰਹੀਆਂ ਪਰ ਕੇਂਦਰ ਸਰਕਾਰ ਆਪਣੇ "ਥਾਣੇਦਾਰੀ" ਵਤੀਰੇ ਨੂੰ ਕਾਇਮ ਰੱਖਦਿਆਂ ਆਪਣੀਆਂ ਹੀ ਸ਼ਰਤਾਂ ਉਤੇ ਫੰਡ ਰਲੀਜ਼ ਕਰਨਾ ਜਾਂ ਕਰਜ਼ਾ ਦੇਣ ਲਈ ਸੂਬਿਆਂ ਨੂੰ ਫੰਡ ਰਲੀਜ਼ ਕਰਨ ਲਈ ਮੰਨੀ। ਅਸਲ ਵਿੱਚ ਤਾਂ ਕਰੋਨਾ ਆਫ਼ਤ ਦੇ ਸਮੇਂ ਜਿਥੇ ਸੂਬਿਆਂ ਦੀਆਂ ਸੰਵਧਾਨਿਕ ਸ਼ਕਤੀਆਂ ਦੀ ਸੰਘੀ ਘੁੱਟੀ ਗਈ, ਉਥੇ ਹੀ ਵਿੱਤੀ ਸੰਘੀ ਘੁੱਟਕੇ ਵਿਰੋਧੀ ਧਿਰ ਦੀਆਂ ਸਰਕਾਰਾਂ ਵਾਲੇ ਸੂਬਿਆਂ ਨੂੰ ਪ੍ਰੇਸ਼ਾਨ ਕਰਨ ਦਾ ਰੁਖ ਕੇਂਦਰ ਸਰਕਾਰ ਨੇ ਅਪਣਾਈ ਰੱਖਿਆ।

ਲੋੜੋਂ ਵੱਧ ਬਹੁਮਤ ਦੀ ਪ੍ਰਾਪਤੀ ਮੋਦੀ ਸਰਕਾਰ ਦੇ ਸਿਰ ਚੜ੍ਹਕੇ ਬੋਲਦੀ ਰਹੀ ਅਤੇ ਉਸ ਵਲੋਂ ਕਈ ਵਿਵਾਦਿਤ ਬਿੱਲ ਪਾਸ ਕਰਕੇ ਆਪਣੀਆਂ ਚੰਮ ਦੀ ਚਲਾਈਆਂ ਹਨ। ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕਰ ਦਿੱਤੀ ਗਈ। ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖੋਹਕੇ ਉਸਨੂੰ ਭਾਗਾਂ 'ਚ ਵੰਡ ਕੇ ਕੇਂਦਰ ਸ਼ਾਸ਼ਤ ਬਣਾ ਦਿੱਤਾ ਗਿਆ। ਪੰਜਾਬੀ ਬੋਲਦੇ ਜੰਮੂ-ਕਸ਼ਮੀਰ 'ਚ ਰਹਿੰਦੇ ਪੰਜਾਬੀ ਦਾ ਹੱਕ ਖੋਹਦਿਆਂ ਪੰਜਾਬੀ ਨੂੰ ਸਰਕਾਰੀ ਭਾਸ਼ਾਵਾਂ ਦੇ ਦਰਜੇ ਤੋਂ ਮਹਿਰੂਮ ਕਰ ਦਿੱਤਾ ਗਿਆ।

ਦੇਸ਼ ਦੀਆਂ ਘੱਟ ਗਿਣਤੀਆਂ ਦੀ ਪ੍ਰਸ਼ਾਨੀ ਵਧਾਉਂਦਿਆਂ ਅਤੇ ਭਾਰਤੀ ਸੰਵਧਾਨਿਕ ਦੀ ਮੂਲ ਭਾਵਨਾ ਨੂੰ ਅੱਖੋਂ-ਪਰੋਖੇ ਕਰਦਿਆਂ ਨਾਗਰਿਕਤਾ ਸੋਧ ਬਿੱਲ ਬਣਾਕੇ ਲੋਕਾਂ ਦੀ ਪ੍ਰੇਸ਼ਾਨੀ 'ਚ ਵਾਧਾ ਕੀਤਾ ਗਿਆ। ਆਪਣੇ ਹੱਕਾਂ ਲਈ ਸ਼ਾਹੀਨ ਬਾਗ ਦਿੱਲੀ ਅਤੇ ਹੋਰ ਥਾਵਾਂ ਉਤੇ ਡਟੇ ਘੱਟ ਗਿਣਤੀ ਲੋਕਾਂ ਉਤੇ ਪੁਲਿਸ ਤਸ਼ੱਦਦ ਕੀਤਾ ਗਿਆ। ਦਿੱਲੀ 'ਚ ਦੰਗੇ ਭੜਕੇ। ਦਰਜਨ ਭਰ ਸਿਆਸੀ ਨੇਤਾਵਾਂ ਉਤੇ ਦੰਗੇ ਭੜਕਾਉਣ ਦੇ ਦੋਸ਼ਾਂ ਤਹਿਤ ਦਿੱਲੀ ਪੁਲਿਸ ਵਲੋਂ ਐਫ.ਆਈ.ਆਰ. ਦਰਜ਼ ਕੀਤੀ ਗਈ। ਇਥੇ ਹੀ ਬੱਸ ਨਹੀਂ ਕਰੋਨਾ ਆਫ਼ਤ ਦੀ ਆੜ ਵਿੱਚ ਮਜ਼ਦੂਰਾਂ ਵਿਰੋਧੀ ਕਨੂੰਨਾਂ 'ਚ ਸੋਧਾਂ ਕਰਨ ਲਈ ਆਰਡੀਨੈਂਸ ਜਾਰੀ ਕੀਤੇ ਗਏ ਅਤੇ ਕਿਸਾਨਾਂ ਵਿਰੋਧੀ ਆਰਡੀਨੈਂਸ ਜੂਨ 2020 'ਚ ਜਾਰੀ ਕਰਕੇ, ਕਿਸਾਨਾਂ ਨੂੰ ਇਹਨਾ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ ਉਤੇ ਆਉਣ ਤੇ ਮਜ਼ਬੂਰ ਕਰ ਦਿੱਤਾ ਗਿਆ। ਕਾਰਪੋਰੇਟ ਸੈਕਟਰ ਅਤੇ ਵੱਡੇ ਵਪਾਰੀਆਂ ਹੱਥ ਜ਼ਮੀਨਾਂ ਸੌਂਪਣ ਦਾ ਰਾਹ ਪੱਧਰਾ ਕਰਨ ਲਈ ਇਹ ਆਰਡੀਨੈਂਸ ਕਾਨੂੰਨ ਬਣਾ ਦਿੱਤੇ ਗਏ ਹਨ। ਜ਼ਰੂਰੀ ਵਸਤਾਂ ਬਿੱਲ 'ਚ ਸੋਧ ਕਰਕੇ ਹਰ ਰੋਜ਼ ਵਰਤੋਂ ਵਾਲੀਆਂ ਵਸਤਾਂ ਨੂੰ ਜਖ਼ੀਰੇਬਾਜਾਂ ਹੱਥ ਫੜਾ ਦਿੱਤਾ ਗਿਆ ਅਤੇ ਲੋਕਾਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਗਿਆ ਹੈ। ਅਸਲ ਵਿੱਚ ਲੋਕਾਂ ਦੀ ਆਜ਼ਾਦੀ ਦੀ ਲੁੱਟ ਦੇ ਨਾਲ-ਨਾਲ ਲੰਮੇ ਸਮੇਂ ਤੋਂ ਮੋਦੀ ਸਰਕਾਰ ਲੋਕਾਂ ਦੇ ਸਾਧਨਾਂ ਦੀ ਵਿੱਤੀ ਲੁੱਟ ਕਰਨ ਤੇ ਤੁਲੀ ਹੋਈ ਹੈ ਅਤੇ ਦੇਸ਼ ਦਾ ਰਾਜ ਭਾਗ, ਇਲੈਕਟ੍ਰਾਨਿਕ ਮੀਡੀਆ ਅਡਾਨੀਆਂ, ਅੰਬਾਨੀਆਂ ਦੇ ਹੱਥ ਸੌਂਪਕੇ ਦੇਸ਼ ਦੇ ਲੋਕਾਂ ਨੂੰ ਗੁਲਾਮੀ ਦੀਆਂ ਜੰਜ਼ੀਰਾਂ 'ਚ ਜਕੜਨ ਦੇ ਰਾਹ ਤੋਰ ਰਹੀ ਹੈ।

ਦੇਸ਼ ਵਿੱਚ ਕੇਂਦਰੀਕਰਨ ਅਤੇ ਵਪਾਰੀਕਰਨ ਦੀ ਨੀਤੀ ਕੀ ਲੋਕ ਕਲਿਆਣਕਾਰੀ ਸਰਕਾਰਾਂ ਕਰ ਸਕਦੀਆਂ ਹਨ? ਸੰਵਿਧਾਨ ਦੇ ਆਸ਼ੇ ਦੇ ਉਲਟ ਜਾ ਕੇ ਕੀ ਲੋਕ ਹਿਤੈਸ਼ੀ ਸਰਕਾਰਾਂ ਆਪਣੀ ਨੀਤੀ ਘੜ ਸਕਦੀਆਂ ਹਨ? ਦੇਸ਼ ਦੇ ਹਾਕਮ ਟੋਲੇ ਵਲੋਂ ਨਵੀਂ ਸਿੱਖਿਆ ਨੀਤੀ ਦਾ ਜਿਸ ਢੰਗ ਨਾਲ ਵਪਾਰੀਕਰਨ ਕਰਦਿਆਂ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦੇਸ਼ 'ਚ ਪੈਰ ਪਸਾਰਨ ਦਾ ਸੱਦਾ ਦਿੱਤਾ ਹੈ, ਕੀ ਉਹ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਕੀ ਰੇਲਵੇ ਸਮੇਤ ਏਅਰ ਇੰਡੀਆ ਅਤੇ ਹੋਰ ਸਰਕਾਰੀ ਸੰਸਥਾਵਾਂ ਨੂੰ ਪ੍ਰਾਈਵੇਟ ਕੰਪਨੀਆਂ ਹੱਥ ਸੌਂਪ, ਲੋਕਾਂ ਨੂੰ ਸਸਤੇ 'ਚ ਮਿਲਦੀਆਂ ਸੇਵਾਵਾਂ ਦਾ ਘਾਣ ਕਰਨਾ ਨਹੀਂ? ਰੇਲਵੇ ਦੇ ਨਿੱਜੀਕਰਨ ਕਰਦਿਆਂ ਸਫ਼ਾਈ ਮਜ਼ਦੂਰਾਂ ਦੀ ਵੱਡੀ ਗਿਣਤੀ ਨੂੰ ਬੇਰੁਜ਼ਗਾਰੀ ਵੱਲ ਧੱਕ ਦਿੱਤਾ ਗਿਆ। ਹੁਣ ਰੇਲਵੇ ਪ੍ਰੈੱਸ ਅਤੇ ਕਈ ਪਲੇਟਫਾਰਮ ਪ੍ਰਾਈਵੇਟ ਕੰਪਨੀਆਂ ਹੱਥ ਸੌਂਪੇ ਜਾ ਰਹੇ ਹਨ। ਆਮ ਲੋਕ, ਜਿਹਨਾ ਲਈ ਘੱਟ ਲਾਗਤ ਵਾਲੇ ਸਫ਼ਰ ਲਈ, ਜੋ ਰੇਲ ਸਫ਼ਰ ਸਹੂਲਤਾਂ ਦਿੱਤੀਆਂ ਗਈਆਂ ਕੀ ਇਹ ਖੋਹਣ ਦਾ ਕੋਝਾ ਯਤਨ ਨਹੀਂ?

ਕੇਂਦਰੀ ਲੁੱਟ-ਖਸੁੱਟ ਅਤੇ ਕਾਰਪੋਰੇਟ ਭਾਈਵਾਲੀ ਦੀ ਵੱਡੀ ਉਦਾਹਰਨ ਕਿਸਾਨ ਵਿਰੋਧੀ ਬਣ ਗਏ ਐਕਟ ਹਨ, ਜਿਹਨਾ ਨੇ ਕਿਸਾਨਾਂ ਖ਼ਾਸ ਕਰਕੇ ਪੰਜਾਬ, ਹਰਿਆਣਾ, ਯੂ.ਪੀ., ਮਹਾਰਾਸ਼ਟਰ, ਰਾਜਸਥਾਨ, ਉਡੀਸਾ ਦੇ ਕਿਸਾਨਾਂ ਦੀ ਹੋਣੀ ਹੀ ਬਦਲ ਦੇਣੀ ਹੈ। ਉਸ ਦੀਆਂ ਫ਼ਸਲਾਂ ਕਿਸਾਨਾਂ ਦੀ ਆਮਦਨ ਦੋ ਗੁਣੀ ਕਰਨ ਦਾ ਸਬਜ਼ ਬਾਗ ਵਿਖਾਕੇ, ਲੁੱਟਣ ਦਾ ਬੰਨ੍ਹ-ਛੁੱਬ ਕਰ ਦਿੱਤਾ ਹੈ। ਮੰਡੀਆਂ ਦਾ ਖ਼ਾਤਮਾ ਕਰਕੇ, ਸਰਕਾਰੀ ਖਰੀਦ ਤੋਂ ਹੱਥ ਖਿੱਚੇ ਗਏ ਹਨ। ਫ਼ਸਲਾਂ ਦੇ ਘੱਟ ਲਾਗਤ ਮੁੱਲ ਤੋਂ ਕਿਨਾਰਾ ਕੀਤਾ ਜਾ ਰਿਹਾ ਹੈ। ਕਿਸਾਨ ਜਿਹੜਾ ਪਹਿਲਾਂ ਹੀ ਘਾਟੇ ਦੀ ਖੇਤੀ ਕਰਦਾ ਹੈ, ਜਿਸ ਵਿੱਚ ਡਾ: ਸਵਾਮੀਨਾਥਨ ਦੀ ਰਿਪੋਰਟ ਚੋਣਾਂ ਤੋਂ ਪਹਿਲਾ ਲਾਗੂ ਕਰਨ ਦੇ ਲਾਗਤ ਮੁੱਲ ਤੋਂ ਉਪਰ 50 ਫ਼ੀਸਦੀ ਨਫੇ ਦੀ ਗੱਲ ਸ਼ਾਮਿਲ ਸੀ, ਤੋਂ ਕਿਨਾਰਾ ਕਰਕੇ ਹਿਮਾਚਲ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਨੇਤਾ ਸ਼ਾਂਤਾ ਕੁਮਾਰ ਕਮੇਟੀ ਦੀ ਰਿਪੋਰਟ ਲਾਗੂ ਕਰਦਿਆਂ ਕਿਸਾਨਾਂ ਤੋਂ ਸਭੋ ਕੁਝ ਖੋਹਕੇ ਉਹਨਾ ਨੂੰ ਹੱਥਲ ਬਣਾ ਦਿੱਤਾ ਗਿਆ। ਕੀ ਇਹ ਕਿਸਾਨਾਂ ਦੇ ਖੇਤਾਂ ਨੂੰ "ਵੱਡਿਆਂ" ਕੋਲ ਜ਼ਮੀਨ "ਗਿਰਬੀ" ਕਰਨ ਦੀ ਸਾਜ਼ਿਸ਼ ਨਹੀਂ ਹੈ? ਮਗਰਮੱਛ ਦੇ ਹੰਝੂ ਵਹਾਉਂਦਿਆਂ ਇਹਨਾ ਕਾਨੂੰਨਾਂ ਨੂੰ ਕਿਸਾਨ ਪੱਖੀ ਗਰਦਾਨਿਆਂ ਜਾ ਰਿਹਾ ਹੈ ਅਤੇ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ, ਪਰ ਅਸਲ ਅਰਥਾਂ ਵਿੱਚ ਇਹ ਸਭ ਕੁਝ ਕਿਸਾਨੀ ਖ਼ਾਸ ਕਰਕੇ ਪੰਜਾਬ ਦੀ ਕਿਸਾਨੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਰੋਲਣ ਦੀ ਇੱਕ ਵੱਡੀ ਸਾਜ਼ਿਸ਼ ਹੈ।

ਕੇਂਦਰ ਸਰਕਾਰ ਨੇ ਪਿਛਲੇ ਸਾਲਾਂ ਵਿੱਚ ਕਾਰਪੋਰੇਟ ਜਗਤ ਨੂੰ ਕਿੰਨੀਆਂ ਸਹੂਲਤਾਂ ਦਿੱਤੀਆਂ? ਕਿੰਨੀਆਂ ਸਹੂਲਤਾਂ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਨੂੰ ਦਿੱਤੀਆਂ। ਕਿੰਨਾ ਕਰਜ਼ਾ ਕਾਰਪੋਰੇਟ ਜਗਤ ਦਾ ਮੁਆਫ਼ ਕੀਤਾ, ਇਹ ਕਹਿਕੇ ਕਿ ਇਹ ਕਰਜਾ ਚੁਕਾਉਣ ਦੇ ਕਾਬਲ ਨਹੀਂ ਹਨ, ਤੇ ਕਿੰਨਾ ਕਰਜ਼ਾ ਕਿਸਾਨਾਂ ਦਾ ਮੁਆਫ਼ ਕੀਤਾ? ਇਹ ਸਭ ਕੁਝ ਲੋਕ ਕਚਿਹਰੀ ਵਿੱਚ ਦਰਜ਼ ਹੈ। ਕਿਸਾਨਾਂ ਦੇ ਥੋੜ੍ਹੇ ਜਿਹੇ ਕਰਜ਼ੇ ਪਿਛੇ ਵਰੰਟ ਕੱਢੇ ਜਾਂਦੇ ਹਨ, ਪਰ ਵੱਡਿਆਂ ਦੇ ਕਰਜ਼ੇ ਹੀ ਮੁਆਫ਼ ਨਹੀਂ ਕੀਤੇ ਜਾਂਦੇ ਸਗੋਂ ਉਹਨਾ ਨੂੰ ਬੈਂਕਾਂ ਨਾਲ ਫਰਾਡ ਕਰਕੇ ਵਿਦੇਸ਼ ਭਜਣ ਦੀ ਖੁਲ੍ਹ ਦਿੱਤੀ ਜਾਂਦੀ ਹੈ। ਸਾਲ 2019 ਵਿੱਤੀ ਵਰ੍ਹੇ 'ਚ ਭਾਰਤੀ ਬੈਂਕਾਂ ਨੇ 2.54 ਲੱਖ ਕਰੋੜ ਦਾ ਕਾਰਪੋਰੇਟ ਕਰਜ਼ਾ ਨਾ ਮੋੜਨ ਯੋਗ ਸਮਝਦਿਆਂ ਮੁਆਫ਼ ਕੀਤਾ। ਪਰ ਕਿਸਾਨਾਂ ਦਾ ਕਰਜ਼ਾ ਕੇਂਦਰ ਸਰਕਾਰ ਨੇ ਮੁਆਫ਼ ਕਰਨ ਤੋਂ ਸਾਫ਼ ਨਾਂਹ ਕਰ ਦਿੱਤੀ। ਜਦਕਿ ਸਾਲ 2020 ਦੇ ਪਹਿਲੇ ਮਹੀਨਿਆਂ 'ਚ ਜਦੋਂ ਕੋਵਿਡ-19 ਦਾ ਦੌਰ ਚਲ ਰਿਹਾ ਹੈ, ਸੀ.ਬੀ.ਆਈ. ਨੇ 14424 ਕਰੋੜ ਦੇ ਬੈਂਕ ਘਪਲੇ ਦੇ 40 ਕੇਸ ਫੜੇ ਹਨ। ਸਾਲ 2019 ਵਿੱਚ 71543 ਕਰੋੜ ਰੁਪਏ ਦੇ ਗਬਨ ਹੋਏ ਸਨ। ਦੂਜੇ ਲਫਜ਼ਾਂ ਵਿੱਚ ਲੋਕਾਂ ਦਾ ਪੈਸਾ ਲੁੱਟਿਆ ਜਾ ਰਿਹਾ ਹੈ। ਸਰਕਾਰ ਹੱਥ ਤੇ ਹੱਥ ਧਰਕੇ ਬੈਠੀ ਹੈ। ਉਸਨੂੰ ਚਿੰਤਾ ਆਪਣੀ ਵੋਟ ਬੈਂਕ ਪੱਕੀ ਕਰਨ ਦੀ ਹੈ। ਕਰੋਨਾ ਆਫ਼ਤ ਸਮੇਂ ਨਰੇਂਦਰ ਮੋਦੀ ਵਲੋਂ ਪੀ.ਐਮ,. ਕੇਅਰ ਫੰਡ ਸਥਾਪਤ ਕੀਤਾ ਗਿਆ, ਇਸ ਫੰਡ ਨੂੰ ਪਰਾਈਮ ਮਨੀਸਟਰ ਨੈਸ਼ਨਲ ਰਿਲੀਫ ਫੰਡ ਤੋਂ ਵੱਖਰਾ ਰੱਖਿਆ ਗਿਆ ਤਾਂ ਕਿ ਇਸ ਗੱਲ ਦੀ ਪੁੱਛਗਿੱਛ ਨਾ ਹੋਵੇ ਕਿ ਇਸ ਫੰਡ ਵਿਚੋਂ ਕਿੰਨੀ ਰਾਸ਼ੀ, ਕਿਥੇ ਤੇ ਕਿਸ ਲਈ ਖ਼ਰਚ ਕੀਤੀ ਗਈ। ਇਸ ਸਬੰਧੀ ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਜਦੋਂ ਪੀ.ਐਮ. ਰਿਲੀਫ ਫੰਡ ਵਿੱਚ 500 ਮਿਲੀਅਨ ਡਾਲਰ ਦੀ ਰਕਮ ਅਣਵਰਤੀ ਪਈ ਸੀ, ਤਾਂ ਨਵਾਂ ਪੀ.ਐਮ. ਕੇਅਰ ਫੰਡ ਬਣਾਉਣ ਦੀ ਕੀ ਲੋੜ ਸੀ? ਸਵਾਲ ਤਾਂ ਇਹ ਵੀ ਕਰਨਾ ਬਣਦਾ ਹੈ ਕਿ ਇਸ ਫੰਡ ਦਾ ਆਡਿਟ ਨਾ ਕਰਨ ਦਾ ਪਰਾਵਾਧਾਨ ਕਿਉਂ ਕੀਤਾ ਗਿਆ ਹੈ? ਇਸ ਨਵੇਂ ਫੰਡ ਵਿੱਚ ਰੇਲਵੇ ਨੇ 151 ਕਰੋੜ, ਆਰਮੀ, ਨੇਵੀ, ਏਅਰ ਫੋਰਸ ਅਤੇ ਰੱਖਿਆ ਵਿਭਾਗ ਨੇ 500 ਕਰੋੜ ਦਿੱਤੇ ਹਨ ਅਤੇ ਵੱਡੀਆਂ ਰਕਮਾਂ ਕੰਪਨੀਆਂ ਵਲੋਂ ਇਸ ਫੰਡ 'ਚ ਆਈਆਂ ਹਨ। ਇਸ ਫੰਡ ਨੂੰ ਕੈਗ ਦੇ ਦਖ਼ਲ ਤੋਂ ਵਾਂਝਿਆਂ ਕਰਨਾ, ਕੀ ਕਿਸੇ ਵਿੱਤੀ ਦੁਰਵਰਤੋਂ ਵੱਲ ਇਸ਼ਾਰਾ ਨਹੀਂ ਕਰਦਾ? ਦੇਸ਼ ਅੱਜ ਜਦੋਂ ਕਰਾਹ ਕਰਾਹ ਕਰ ਰਿਹਾ ਹੈ। ਬੇਕਾਰੀ ਨੇ ਉਸਦੇ ਪੈਰ ਜਕੜ ਲਏ ਹਨ। ਦੇਸ਼ ਦੀ ਜੀ.ਡੀ.ਪੀ. ਮਾਈਨਸ 23 ਹੋ ਚੁੱਕੀ ਹੈ, ਉਸ ਵੇਲੇ ਦੇਸ਼ ਦੇ ਧੰਨ, ਸਾਧਨਾਂ-ਵਸੀਲਿਆਂ, ਲੋਕਾਂ ਦੀ ਆਜ਼ਾਦੀ-ਜ਼ਜਬਿਆਂ ਦੀ ਬੇ-ਖ਼ਬਰੀ ਲੁੱਟ ਦੇਸ਼ ਦੀ ਤਬਾਹੀ ਦਾ ਕਾਰਨ ਬਣੇਗੀ!

# ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਸਿੰਘ ਦੀ ਯਾਦ ਵਿਚ ਭਦੌੜ ਵਿਖੇ ਪ੍ਰੋਗਰਾਮ ਆਯੋਜਿਤ

## PAM ਕੈਨੇਡਾ ਦਾ 'ਦਰਦ ਲਾਕਡਾਊਨ ਦਾ' ਗੀਤ ਰਿਲੀਜ਼ ਹੋਇਆ







ਪੰਜਾਬ ਲੋਕ ਸਭਿਆਚਾਰ ਮੰਚ ਅਤੇ ਦੇਵਿੰਦਰ ਸਤਿਆਰਥੀ ਸਾਹਿਤ ਸਭਾ ਭਦੌੜ ਵਲੋਂ ਕਸਬਾ ਭਦੌੜ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਅਤੇ 27 ਸਤੰਬਰ ਨੂੰ ਭਾਅ ਜੀ ਗੁਰਸ਼ਰਨ ਸਿੰਘ ਦੇ ਸਦੀਵੀ ਵਿਛੋੜੇ ਦੀ ਯਾਦ ਨੂੰ ਇਕ ਪ੍ਰਭਾਵਸ਼ਾਲੀ ਗੀਤ-ਸੰਗੀਤ ਸਮਾਗਮ ਆਯੋਜਿਤ ਕਰਕੇ ਮਨਾਇਆ ਗਿਆ। ਇਸ ਪ੍ਰੋਗਰਾਮ ਵਿਚ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਸੰਦੀਪ ਕੁਮਾਰ, ਸੁਖਮੰਦਰ ਸਿੰਘ, ਨਵਦੀਪ ਜੱਸਲ, ਰਾਜ ਮੁਹੰਮਦ, ਸ਼ਰੀਫ਼ ਅਲੀ ਅਤੇ ਅਰਸ਼ਦੀਪ ਨੇ ਗੀਤ-ਸੰਗੀਤ ਨਾਲ ਰੰਗ ਬੰਨ੍ਹਿਆ। ਕੈਨੇਡਾ ਦੀ ਕੰਪਨੀ ਪੀਪਲਜ਼ ਆਲਟਰਨੇਟ ਮੀਡੀਆ (PAM) ਵਲੋਂ ਡਾ. ਹਰਦੀਪ ਸਿੰਘ ਦੀ ਅਗਵਾਈ ਵਿਚ ਲੋਕ ਸੰਗੀਤ ਮੰਡਲੀ ਭਦੌੜ ਦੇ ਸਹਿਯੋਗ ਨਾਲ ਰਿਕਾਰਡ ਕਰਵਾਇਆ ਗੀਤ 'ਦਰਦ ਲਾਕਡਾਊਨ ਦਾ' ਇਕ ਪ੍ਰਭਾਵਸ਼ਾਲੀ ਰਸਮ ਨਾਲ ਪੰਜਾਬ ਖੇਤ ਮਜ਼ਦੂਰ ਦੇ ਸੂਬਾ ਪ੍ਰਧਾਨ ਤੇ ਇਸ ਸੰਗੀਤ ਦੇ ਲੇਖਕ ਜੋਰਾ ਸਿੰਘ ਨਸਰਾਲੀ ਵਲੋਂ ਰਲੀਜ਼ ਕੀਤਾ ਗਿਆ। ਇਸ ਗੀਤ ਨੂੰ ਸੁਖਮੰਦਰ ਭਦੌੜ ਨੇ ਗਾਇਆ ਅਤੇ ਮਾਸਟਰ ਰਾਮ ਕੁਮਾਰ ਨੇ ਤਰਜ ਅਤੇ ਸੰਗੀਤ ਨਾਲ ਸੁਰਬੱਧ ਕੀਤਾ ਹੈ। ਪ੍ਰੋਗਰਾਮ ਵਿਚ ਜ਼ੋਰਾਸਿੰਘ ਨਸਰਾਲੀ, ਤਰਕਸ਼ੀਲ ਸੁਸਾਇਟੀ ਦੇ ਮਾਸਟਰ ਰਾਜਿੰਦਰ ਸਿੰਘ, ਪਲਸ ਮੰਚ ਦੇ ਸੂਬਾ ਕਮੇਟੀ ਮੈਂਬਰ ਮਾ. ਰਾਮ ਕੁਮਾਰ, ਪ੍ਰੋ. ਚਰਨਦੀਪ ਸਿੰਘ, ਸੁਰਜੀਤ ਸਿੰਘ ਸੰਧੂ ਪ੍ਰਧਾਨ ਸਾਹਿਤ ਸਭਾ ਅਤੇ ਰਿਟਾ. ਹੈਡਮਾਸਅਰ ਸੱਤਪਾਲ ਸ਼ਰਮਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅਜੋਕੇ ਦੌਰ ਅੰਦਰ ਮਹੱਤਤਾ ਦਾ ਜ਼ਿਕਰ ਕੀਤਾ ਹੈ ਅਤੇ ਲੋਕਪੱਖੀ ਨਾਟਕਕਾਰ ਗੁਰਸ਼ਰਨ ਸਿੰਘ ਵਲੋਂ ਸਮੁੱਚੀ ਜ਼ਿੰਦਗੀ ਨਾਟਕਾਂ ਰਾਹੀਂ ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਦਿਆਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਪ੍ਰਤੀ ਉਨ੍ਹਾਂ ਦੇ ਯੋਗਦਾਨ ਦਾ ਵਰਨਣ ਕੀਤਾ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਮਾਸਟਰ ਗੁਰਮੇਲ ਭੁਟਾਲ ਨੇ ਬਾਖ਼ੂਬੀ ਨਿਭਾਈ।



# ਤਿੰਨ ਖੇਤੀ ਆਰਡੀਨੈਂਸ ਕੀ ਹਨ

***ਹਾਲ ਹੀ ਵਿੱਚ, ਕੋਰੋਨਾ ਦੇ ਚਲਦਿਆਂ, ਕੇਂਦਰ ਸਰਕਾਰ 3 ਖੇਤੀ ਆਰਡੀਨੈਂਸ ਲੈ ਕੇ ਆਈ ਹੈ, ਜਿਨ੍ਹਾਂ ਨੂੰ ਕੇਂਦਰ ਸਰਕਾਰ ਇੱਕ ਵੱਡਾ ਖੇਤੀਬਾੜੀ ਸੁਧਾਰ, ਖੇਤੀਬਾੜੀ ਵਿੱਚ ਸੁਧਾਰ ਦੱਸਿਆ ਜਾ ਰਿਹਾ ਹੈ। ਪਰ ਇਸ ਵਿੱਚ ਕਿੰਨੀ ਸੱਚਾਈ ਹੈ, ਆਓ ਅਸੀਂ ਇੱਕ ਕਿਸਾਨ ਦੇ ਨਜ਼ਰੀਏ ਤੋਂ ਇਸਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਕਰੀਏ***

**ਗੁਰਪ੍ਰੀਤ ਸਿੰਘ**

**1) ਪਹਿਲਾ ਆਰਡੀਨੈਂਸ ਹੈ - ਕਿਸਾਨ ਉਤਪਾਦ ਵਪਾਰ ਅਤੇ ਵਪਾਰਕ ਆਰਡੀਨੈਂਸ 2020**

ਇਸ ਦੇ ਤਹਿਤ ਕੇਂਦਰ ਸਰਕਾਰ 'ਇਕ ਦੇਸ਼, ਇਕ ਖੇਤੀਬਾੜੀ ਮੰਡੀ' ਬਣਾਉਣ ਦੀ ਗੱਲ ਕਰ ਰਹੀ ਹੈ। ਇਸ ਆਰਡੀਨੈਂਸ ਦੇ ਜ਼ਰੀਏ ਪੈਨ ਕਾਰਡ ਧਾਰਕ ਕਿਸੇ ਵੀ ਵਿਅਕਤੀ, ਕੰਪਨੀ, ਸੁਪਰ ਮਾਰਕੀਟ, ਕਿਸੇ ਵੀ ਕਿਸਾਨ ਦੇ ਖੇਤ, ਕੋਠੇ ਵਿਚ, ਘਰ ਵਿਚ, ਸੜਕ 'ਤੇ ਕਿਸੇ ਵੀ ਜਗ੍ਹਾ' ਤੇ ਫਸਲ ਖਰੀਦ ਸਕਦੇ ਹਨ। ਕਿਸਾਨ ਆਪਣੀ ਫਸਲ ਨੂੰ ਕਿਸੇ ਵੀ ਸ਼ਹਿਰ, ਰਾਜ ਜਾਂ ਦੇਸ਼ ਦੇ ਕਿਸੇ ਵੀ ਕੋਨੇ ਵਿਚ ਵੀ ਲਿਜਾ ਕੇ ਵੇਚ ਸਕਦਾ ਹੈ। ਕੇਂਦਰ ਸਰਕਾਰ ਨੇ ਏਪੀਐਮਸੀ ਵਿਹੜੇ (ਮੰਡੀ ਬਾਜਾਰ) ਵਿੱਚ ਖੇਤੀਬਾੜੀ ਦੇ ਸਮਾਨ ਵੇਚਣ ਦੀ ਸ਼ਰਤ ਨੂੰ ਹਟਾ ਦਿੱਤਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਖੇਤੀਬਾੜੀ ਦੇ ਸਾਮਾਨ ਦੀ ਖਰੀਦ ਜੋ ਕਿ ਏਪੀਐਮਸੀ ਮਾਰਕੀਟ ਤੋਂ ਬਾਹਰ ਹੋਵੇਗੀ ਕੋਈ ਟੈਕਸ ਵਗੈਰਾ ਨਹੀਂ ਲਗੇਗਾ। ਇਸਦਾ ਅਰਥ ਹੈ ਕਿ ਏਪੀਐਮਸੀ ਮਾਰਕੀਟ ਪ੍ਰਣਾਲੀ ਹੌਲੀ ਹੌਲੀ ਖ਼ਤਮ ਹੋ ਜਾਵੇਗੀ ਕਿਉਂਕਿ ਏਪੀਐਮਸੀ ਸਿਸਟਮ ਅਰਥਾਤ ਖੇਤੀਬਾੜੀ ਉਤਪਾਦਾਂ ਦੀਆਂ ਮੰਡੀਆਂ ਟੈਕਸਾਂ ਅਤੇ ਹੋਰ ਖਰਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਰਹਿਣਗੀਆਂ।

ਇਸ ਆਰਡੀਨੈਂਸ ਦੇ ਤਹਿਤ ਪੈਨ ਕਾਰਡ, ਕੰਪਨੀ ਜਾਂ ਸੁਪਰ ਮਾਰਕੀਟ ਰੱਖਣ ਵਾਲੇ ਵਿਅਕਤੀ ਨੂੰ ਕਿਸਾਨੀ ਦਾ ਸਾਮਾਨ ਖਰੀਦਣ ਵਾਲੇ ਨੂੰ ਤਿੰਨ ਦਿਨਾਂ ਦੇ ਅੰਦਰ ਅੰਦਰ ਕਿਸਾਨਾਂ ਦਾ ਮਾਲ ਭਰਨਾ ਪਵੇਗਾ। ਐਸਡੀਐਮ ਇਸ ਦਾ ਹੱਲ ਕਰੇਗਾ ਜੇ ਮਾਲ ਖਰੀਦਣ ਵਾਲੇ ਵਿਅਕਤੀ ਜਾਂ ਕੰਪਨੀ ਅਤੇ ਕਿਸਾਨ ਦੇ ਵਿਚਕਾਰ ਵਿਵਾਦ ਹੁੰਦਾ ਹੈ ਤਾਂ ਪਹਿਲਾਂ, ਐਸਡੀਐਮ ਦੁਆਰਾ ਕਿਸਾਨ ਅਤੇ ਸਮਾਨ ਖਰੀਦਣ ਵਾਲੀ ਕੰਪਨੀ ਦੇ ਅਧਿਕਾਰੀ ਦੀ ਇੱਕ ਕਮੇਟੀ ਬਣਾਈ ਜਾਏਗੀ ਅਤੇ ਆਪਸੀ ਗੱਲਬਾਤ ਰਾਹੀਂ ਹੱਲ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ,ਜੇਕਰ ਗੱਲਬਾਤ ਦਾ ਹੱਲ ਨਾ ਹੋਇਆ ਤਾਂ ਕੇਸ ਦੀ ਸੁਣਵਾਈ ਐਸ.ਡੀ.ਐਮ. ਜੇ ਐਸਡੀਐਮ ਆਦੇਸ਼ ਨਾਲ ਸਹਿਮਤ ਨਹੀਂ ਹੁੰਦਾ, ਤਾਂ ਜ਼ਿਲ੍ਹਾ ਅਧਿਕਾਰੀ ਯਾਨੀ ਜ਼ਿਲ੍ਹਾ ਕੁਲੈਕਟਰ, ਐਸਡੀਐਮ ਅਤੇ ਜ਼ਿਲ੍ਹਾ ਅਧਿਕਾਰੀ ਨੂੰ ਅਪੀਲ ਕੀਤੀ ਜਾ ਸਕਦੀ ਹੈ ਕਿ ਉਹ 30 ਦਿਨਾਂ ਦੇ ਅੰਦਰ ਅੰਦਰ ਹੱਲ ਕਰਨਾ ਪਏਗਾ।

ਇਕ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਕਿਸਾਨ ਅਤੇ ਕੰਪਨੀ ਵਿਚਾਲੇ ਝਗੜੇ ਦੀ ਸਥਿਤੀ ਵਿਚ, ਇਸ ਆਰਡੀਨੈਂਸ ਦੇ ਤਹਿਤ ਅਦਾਲਤ ਵਿਚ ਪਹੁੰਚ ਨਹੀਂ ਕੀਤੀ ਜਾ ਸਕਦੀ।

ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪ੍ਰਸ਼ਾਸਨਿਕ ਅਧਿਕਾਰੀ ਹਮੇਸ਼ਾਂ ਸਰਕਾਰ ਦੇ ਦਬਾਅ ਹੇਠ ਹੁੰਦੇ ਹਨ ਅਤੇ ਸਰਕਾਰ ਹਮੇਸ਼ਾਂ ਵਪਾਰੀਆਂ ਅਤੇ ਕੰਪਨੀਆਂ ਦੇ ਹੱਕ ਵਿੱਚ ਖੜ੍ਹੀ ਰਹਿੰਦੀ ਹੈ, ਕਿਉਂਕਿ ਚੋਣਾਂ ਸਮੇਂ ਵਪਾਰੀ ਅਤੇ ਕੰਪਨੀਆਂ ਰਾਜਨੀਤਿਕ ਪਾਰਟੀਆਂ ਨੂੰ ਦਾਨ ਕਰਦੇ ਹਨ। ਅਦਾਲਤਾਂ ਸਰਕਾਰ ਦੇ ਅਧੀਨ ਨਹੀਂ ਹਨ ਅਤੇ ਹਰ ਭਾਰਤੀ ਨੂੰ ਨਿਆਂ ਲਈ ਅਦਾਲਤ ਜਾਣ ਦਾ ਅਧਿਕਾਰ ਹੈ, ਇਸ ਲਈ ਇਹ ਪ੍ਰਸ਼ਨ ਉੱਠਦਾ ਹੈ ਕਿ ਸੰਵਿਧਾਨਕ ਅਧਿਕਾਰ ਇੱਥੇ ਕਿਸਾਨੀ ਤੋਂ ਕਿਉਂ ਖੋਹਿਆ ਜਾ ਰਿਹਾ ਹੈ?

ਨਵੇਂ ਆਰਡੀਨੈਂਸ ਨਾਲ ਕਿਸਾਨਾਂ ਨੂੰ ਇਨਸਾਫ ਮਿਲਣਾ ਬਹੁਤ ਮੁਸ਼ਕਲ ਹੋਏਗਾ। ਇਹ ਵੀ ਨੋਟ ਕਰਨਯੋਗ ਹੈ ਕਿ ਕੇਂਦਰ ਸਰਕਾਰ ਨੇ ਕੋਈ ਗਰੰਟੀ ਨਹੀਂ ਦਿੱਤੀ ਹੈ ਕਿ ਨਿੱਜੀ ਪੈਨ ਕਾਰਡ ਰੱਖਣ ਵਾਲੇ ਵਿਅਕਤੀ, ਕੰਪਨੀ ਜਾਂ ਸੁਪਰ ਮਾਰਕੀਟ ਦੁਆਰਾ ਕਿਸਾਨਾਂ ਦੇ ਮਾਲ ਦੀ ਖਰੀਦ ਐਮਐਸਪੀ (ਘੱਟੋ ਘੱਟ ਸਮਰਥਨ ਮੁੱਲ) ਤੇ ਕੀਤੀ ਜਾਏਗੀ। ਇਥੇ ਸਵਾਲ ਇਹ ਵੀ ਹੈ ਕਿ ਛੋਟੇ ਕਿਸਾਨਾਂ ਨੂੰ ਫਸਲਾਂ ਵੇਚ ਕੇ ਪੈਸੇ ਦੀ ਜਲਦੀ ਜ਼ਰੂਰਤ ਹੁੰਦੀ ਹੈ, ਇਸ ਤਰ੍ਹਾਂ ਦੀ ਸਥਿਤੀ ਵਿੱਚ, ਉਹ ਘੱਟ ਕੀਮਤ 'ਤੇ ਫਸਲਾਂ ਵੇਚਣ ਲਈ ਮਜਬੂਰ ਹੋਣਗੇ। ਤਾਂ ਫਿਰ ਵੱਡੇ ਖਿਡਾਰੀ ਦੇ ਸਾਹਮਣੇ ਕਿਸਾਨ ਕਿਵੇਂ ਬਚੇਗਾ?

ਕਿਉਂਕਿ ਇਸ ਕੇਂਦਰ ਸਰਕਾਰ ਦੇ ਆਰਡੀਨੈਂਸ ਤੋਂ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਜਦੋਂ ਫਸਲਾਂ ਤਿਆਰ ਹੋ ਜਾਣਗੀਆਂ, ਉਸ ਸਮੇਂ ਵੱਡੀਆਂ ਕੰਪਨੀਆਂ ਜਾਣਬੁੱਝ ਕੇ ਕਿਸਾਨਾਂ ਦੇ ਮਾਲ ਦੀਆਂ ਕੀਮਤਾਂ ਨੂੰ ਘਟਾਉਣਗੀਆਂ ਅਤੇ ਇਸ ਨੂੰ ਵੱਡੀ ਮਾਤਰਾ ਵਿੱਚ ਸਟੋਰ ਕਰਨਗੀਆਂ ਜੋ ਬਾਅਦ ਵਿੱਚ ਉਹ ਗਾਹਕਾਂ ਨੂੰ ਵਧੇਰੇ ਕੀਮਤਾਂ ਤੇ ਵੇਚਣਗੀਆਂ।

ਏਪੀਐਮਸੀ ਐਕਟ ਵਿਅਕਤੀਗਤ ਰਾਜ ਸਰਕਾਰਾਂ ਦੁਆਰਾ ਮੰਡੀਆਂ ਵਿੱਚ ਕਿਸਾਨਾਂ ਦੀਆਂ ਫਸਲਾਂ ਦੇ ਐਮਐਸਪੀ ਦੀ ਖਰੀਦ ਨੂੰ ਯਕੀਨੀ ਬਣਾਉਣ ਅਤੇ ਵਪਾਰੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ।

ਇੱਥੇ ਸਭ ਤੋਂ ਮਹੱਤਵਪੂਰਣ ਪ੍ਰਸ਼ਨ ਇਹ ਹੈ ਕਿ ਜਦੋਂ ਏਪੀਐਮਸੀ ਮਾਰਕੇਟ ਵਿਚ ਕਿਸਾਨਾਂ ਦੀ ਉਪਜ ਨਹੀਂ ਖਰੀਦਦੇ, ਫਿਰ ਸਰਕਾਰ ਇਸ ਗੱਲ ਦਾ ਕਿਵੇਂ ਹਿਸਾਬ ਲਗਾਏਗੀ ਕਿ ਕਿਸਾਨੀ ਦਾ ਮਾਲ ਐਮਐਸਪੀ' ਤੇ ਖਰੀਦਿਆ ਜਾ ਰਿਹਾ ਹੈ ਜਾਂ ਨਹੀਂ?

ਅਸੀਂ ਇਹ ਵੀ ਮੰਨਦੇ ਹਾਂ ਕਿ ਇਸ ਸਮੇਂ ਦੇਸ਼ ਵਿਚ ਖੇਤੀਬਾੜੀ ਉਪਜ ਮਾਰਕੀਟ ਪ੍ਰਣਾਲੀ ਵਿਚ ਵੱਡੇ ਸੁਧਾਰ ਦੀ ਜ਼ਰੂਰਤ ਹੈ. ਇੱਕ ਅੰਦਾਜ਼ੇ ਅਨੁਸਾਰ ਸਿਰਫ 30% ਕਿਸਾਨ ਆਪਣੀ ਫਸਲ ਨੂੰ ਮੰਡੀ ਵਿੱਚ ਲਿਜਾਣ ਦੇ ਯੋਗ ਹਨ। ਬਾਕੀ ਕਿਸਾਨ ਇਸ ਤੋਂ ਬਾਹਰ ਹੀ ਵੇਚ ਦਿੰਦੇ ਹਨ।ਤਾਂ ਫਿਰ ਸਰਕਾਰ ਨੂੰ ਹੁਣ ਦੇਸ਼ ਭਰ ਦੇ ਕਿਸੇ ਵੀ ਪਿੰਡ ਤੋਂ 5 ਕਿਲੋਮੀਟਰ ਦੇ ਅੰਦਰ ਖੇਤੀਬਾੜੀ ਉਪਜ ਮੰਡੀ ਦਾ ਉਦੇਸ਼ ਦੇਣਾ ਚਾਹੀਦਾ ਹੈ। ਮੰਡੀ ਵਿਹੜੇ ਵਿੱਚ ਆਧੁਨਿਕ ਕੋਲਡ ਸਟੋਰੇਜ, ਆਧੁਨਿਕ ਤੋਲ ਦੇ ਹੁੱਕ, ਵੱਡੇ ਗੋਦਾਮ, ਵੱਡੇ ਵਿਹੜੇ ਹੋਣੇ ਚਾਹੀਦੇ ਹਨ, ਭਾਵੇਂ ਇਹ ਆਧੁਨਿਕ ਫਿਲਟਰਿੰਗ ਹੈ, ਕਿਸਾਨ ਸਭਾ ਗ੍ਰਹਿ, ਕਿਸਾਨਾਂ ਦੀਆਂ ਫਸਲਾਂ ਲਈ ਐਮਐਸਪੀ ਖਰੀਦ ਗਰੰਟੀ ਕਾਨੂੰਨ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮੌਜੂਦਾ ਸਮੇਂ ਇਹ ਢਾਂਚਾ ਇੰਨਾ ਵੱਡਾ ਨਹੀਂ ਹੈ. ਐਮਐਸਪੀ ਦੀ ਖਰੀਦ ਗਰੰਟੀ ਕਾਨੂੰਨ ਨਹੀਂ ਹੈ, ਪਰ ਫਿਰ ਵੀ ਏ ਪੀ ਐਮ ਸੀ ਸਿਸਟਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਕਿਸਾਨਾਂ ਦਾ ਸਾਮਾਨ ਖਰੀਦਣ ਦੀ ਇਹ ਨਵੀਂ ਪ੍ਰਣਾਲੀ ਕਿਸਾਨਾਂ ਦੀ ਲੁੱਟ ਵਿਚ ਵਾਧਾ ਕਰੇਗੀ। ਉਦਾਹਰਣ ਦੇ ਲਈ, 2006 ਵਿੱਚ, ਬਿਹਾਰ ਸਰਕਾਰ ਨੇ ਏਪੀਐਮਸੀ ਐਕਟ ਨੂੰ ਖਤਮ ਕਰ ਦਿੱਤਾ ਅਤੇ ਐਮਐਸਪੀ ਤੇ ਕਿਸਾਨਾਂ ਦੇ ਉਤਪਾਦਾਂ ਦੀ ਖਰੀਦ ਖ਼ਤਮ ਕਰ ਦਿੱਤੀ। ਉਸ ਤੋਂ ਬਾਅਦ, ਐਮਐਸਪੀ 'ਤੇ ਕਿਸਾਨਾਂ ਦੇ ਮਾਲ ਵੇਚਣੇ ਬੰਦ ਹੋ ਗਏ ਅਤੇ ਪ੍ਰਾਈਵੇਟ ਕੰਪਨੀਆਂ ਨੇ ਐਮਐਸਪੀ ਤੋਂ ਬਹੁਤ ਘੱਟ ਕੀਮਤਾਂ' ਤੇ ਕਿਸਾਨਾਂ ਦਾ ਮਾਲ ਖਰੀਦਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਉਥੇ ਦੇ ਕਿਸਾਨਾਂ ਦੀ ਸਥਿਤੀ ਵਿਗੜ ਗਈ ਅਤੇ ਇਸ ਦੇ ਨਤੀਜੇ ਵਜੋਂ ਬਿਹਾਰ ਦੇ ਕਿਸਾਨਾਂ ਨੇ ਖੇਤ ਨੂੰ ਛੱਡਣ ਲਈ ਵੱਡੀ ਗਿਣਤੀ 'ਚ ਮਜ਼ਦੂਰੀ ਛੱਡ ਦਿੱਤੀ। ਹੋਰ ਰਾਜਾਂ ਵਿਚ ਚਲੇ ਗਏ।

**2) ਦੂਜਾ ਆਰਡੀਨੈਂਸ - ਜ਼ਰੂਰੀ ਵਸਤੂਆਂ ਐਕਟ 1955 ਵਿਚ ਸੋਧ**

ਇਸ ਤੋਂ ਪਹਿਲਾਂ, ਵਪਾਰੀਆਂ ਨੇ ਫਸਲਾਂ ਨੂੰ ਕਿਸਾਨਾਂ ਤੋਂ ਘੱਟ ਕੀਮਤ 'ਤੇ ਖਰੀਦਿਆ ਅਤੇ ਉਨ੍ਹਾਂ ਨੂੰ ਕਾਲਾਬਾਜਾਰੀ ਲਈ ਸਟੋਰ ਕੀਤਾ, ਇਸਨੂੰ ਰੋਕਣ ਲਈ ਜ਼ਰੂਰੀ ਕਮੋਡਿਟੀ ਐਕਟ 1955 ਬਣਾਇਆ ਗਿਆ ਸੀ। ਜਿਸ ਦੇ ਤਹਿਤ ਵਪਾਰੀਆਂ ਨੂੰ ਖੇਤੀ ਉਤਪਾਦਾਂ ਦੀ ਸੀਮਾ ਤੋਂ ਵੱਧ ਸਟੋਰ ਕਰਨ 'ਤੇ ਪਾਬੰਦੀ ਸੀ। ਹੁਣ ਇਸ ਨਵੇਂ ਆਰਡੀਨੈਂਸ ਦੇ ਤਹਿਤ ਆਲੂ, ਪਿਆਜ਼, ਦਾਲਾਂ, ਤੇਲ ਬੀਜਾਂ ਅਤੇ ਤੇਲ ਦੇ ਭੰਡਾਰਨ 'ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿਚ 85% ਛੋਟੇ ਕਿਸਾਨ ਹਨ, ਕਿਸਾਨਾਂ ਕੋਲ ਲੰਬੇ ਸਮੇਂ ਦੀ ਸਟੋਰੇਜ ਪ੍ਰਣਾਲੀ ਨਹੀਂ ਹੈ। ਇਸ ਸਮੇਂ ਕਿਸਾਨ ਦੀ ਬਹੁਤ ਘੱਟ ਆਮਦਨੀ ਹੈ, ਭਾਵੇਂ ਇਹ ਛੋਟਾ ਕਿਸਾਨ ਹੋਵੇ ਜਾਂ ਵੱਡਾ ਕਿਸਾਨ, ਉਹ ਆਪਣੀ ਫਸਲ ਨੂੰ ਜ਼ਿਆਦਾ ਸਮੇਂ ਲਈ ਨਹੀਂ ਰੱਖ ਸਕਦਾ ਕਿਉਂਕਿ ਕਿਸਾਨ ਨੂੰ ਵਾਢੀ ਦੇ ਤੁਰੰਤ ਬਾਅਦ ਪੈਸੇ ਦੀ ਜ਼ਰੂਰਤ ਹੁੰਦੀ ਹੈ।

ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਕਿਸਾਨ ਆਪਣੇ ਉਤਪਾਦਾਂ ਨੂੰ ਸਟੋਰ ਕਰਨ ਤੋਂ ਪਹਿਲਾਂ ਕਿੰਨੇ ਦਿਨਾਂ ਲਈ ਸਟੋਰ ਕਰ ਸਕਦਾ ਸੀ, ਜੋ ਕਿ ਇਕ ਕਾਨੂੰਨੀ ਪਾਬੰਦੀ ਸੀ, ਇਹ ਸਿਰਫ ਵੱਡੀਆਂ ਕੰਪਨੀਆਂ ਅਤੇ ਵਪਾਰੀਆਂ ਦੇ ਭੰਡਾਰਨ 'ਤੇ ਸੀ, ਇਸ ਨੂੰ ਹਟਾ ਦਿੱਤਾ ਗਿਆ ਹੈ ਤਾਂ ਇਹ ਫੈਸਲਾ ਕਿਸਾਨੀ ਦੋਸਤਾਨਾ ਕਿਵੇਂ ਹੋ ਸਕਦਾ ਹੈ ? ਇਸਦੇ ਨਾਲ, ਸਿਰਫ ਧੰਨਾ ਸੇਠਾਂ ਨੂੰ ਬਲੈਕ ਮਾਰਕੀਟਿੰਗ ਕਰਨ ਦਾ ਪੂਰਾ ਮੌਕਾ ਮਿਲਿਆ ਹੈ, ਬਲੈਕ ਮਾਰਕੀਟਿੰਗ ਕਰਨ ਦਾ ਕਾਨੂੰਨੀ ਅਧਿਕਾਰ ਪ੍ਰਾਪਤ ਹੋਇਆ ਹੈ।

ਯਾਨੀ ਇਹ ਆਰਡੀਨੈਂਸ ਵੱਡੀਆਂ ਕੰਪਨੀਆਂ ਦੁਆਰਾ ਖੇਤੀਬਾੜੀ ਉਤਪਾਦਾਂ ਦੀ ਕਾਲਾ ਬਾਜਾਰੀ ਲਈ ਲਿਆਂਦਾ ਗਿਆ ਹੈ, ਇਹ ਕੰਪਨੀਆਂ ਅਤੇ ਸੁਪਰ ਮਾਰਕੀਟ ਖੇਤੀ ਉਤਪਾਦਾਂ ਨੂੰ ਆਪਣੇ ਵੱਡੇ ਗੁਦਾਮਾਂ ਵਿਚ ਸਟੋਰ ਕਰਨਗੀਆਂ ਅਤੇ ਬਾਅਦ ਵਿਚ ਇਨ੍ਹਾਂ ਨੂੰ ਵਧੇਰੇ ਕੀਮਤਾਂ 'ਤੇ ਗਾਹਕਾਂ ਨੂੰ ਵੇਚਣਗੀਆਂ। ਇਸ ਨਾਲ ਕਿਸਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏਗਾ, ਪਰ ਦੇਸ਼ ਦਾ ਆਮ ਖਪਤਕਾਰ ਵੀ ਮਹਿੰਗਾਈ ਨਾਲ ਜੂਝੇਗਾ।

ਇੱਕ ਕਿਸਾਨ ਫਸਲ ਦੀ ਬਿਜਾਈ ਤੋਂ ਪਹਿਲਾਂ ਇੱਕ ਮਹੀਨਾ ਦੁਬਿਧਾ ਵਿੱਚ ਰਹਿੰਦਾ ਹੈ, ਉਹ ਕਿਹੜੀ ਫਸਲ ਬੀਜੇ, ਉਹ ਅਕਸਰ ਚੁਣਦਾ ਹੈ ਕਿ ਕਿਹੜੀ ਫਸਲ ਦੀ ਕੀਮਤ ਜ਼ਿਆਦਾ ਹੈ। ਸੋਚੋ ਕਿ ਵੱਡੇ ਉਦਯੋਗਪਤੀਆਂ ਦੁਆਰਾ ਵਾਧੂ ਭੰਡਾਰਿਤ ਫਸਲ ਦੀ ਬਿਜਾਈ ਸਮੇਂ ਇਹ ਰੇਟ ਉੱਚਾ ਰਹੇਗਾ, ਫਿਰ ਕਿਸਾਨ ਮਹਿੰਗੀ ਫਸਲ ਦੀ ਬਿਜਾਈ ਕਰਨਗੇ। ਪਰ 4 ਤੋਂ 5 ਮਹੀਨਿਆਂ ਦੀ ਬਿਜਾਈ ਤੋਂ ਬਾਅਦ ਕਿਸਾਨ ਦੀ ਫਸਲ ਮੰਡੀ ਵਿਚ ਆ ਜਾਏਗੀ, ਉਦੋਂ ਤੱਕ ਵੱਡੇ ਚੁਫੇਰੇ ਆਪਣੀ ਭੰਡਾਰ ਦੀ ਫਸਲ ਨੂੰ ਦੁਬਾਰਾ ਮਾਰਕੀਟ ਵਿਚ ਉਤਾਰਣਗੇ। ਇਸ ਦੇ ਕਾਰਨ, ਦੁਬਾਰਾ ਕਿਸਾਨ ਦੀ ਵਾਢੀ ਤੱਕ ਕੀਮਤਾਂ ਵਿੱਚ ਭਾਰੀ ਗਿਰਾਵਟ ਆਵੇਗੀ। ਅਜਿਹੀ ਸਥਿਤੀ ਵਿੱਚ ਕਿਸਾਨੀ ਦਾ ਮੁੜ ਸ਼ੋਸ਼ਣ ਕੀਤਾ ਜਾਵੇਗਾ।ਫਿਰ, ਵੱਡੇ ਖਿਡਾਰੀ ਖਰੀਦ ਕੇ, ਉਹ ਕਿਸਾਨ ਦੀ ਸਸਤੀ ਫਸਲ ਦਾ ਭੰਡਾਰ ਕਰਨਗੇ ਅਤੇ ਇਸ ਦੀ ਕੀਮਤ ਵਿਚ ਵਾਧਾ ਕਰਨਗੇ, ਇਹ ਸਿਲਸਿਲਾ ਜਾਰੀ ਰਹੇਗਾ।

ਇੱਥੇ ਸਾਨੂੰ ਅਮਰੀਕਾ ਬਾਰੇ ਵੀ ਚਰਚਾ ਕਰਨੀ ਚਾਹੀਦੀ ਹੈ ਜਿਥੇ 1970 ਤੋਂ ਓਪਨ ਮਾਰਕੀਟ ਕਮੋਡਿਟੀ ਐਕਟ ਹੈ ਜਿਸਦਾ ਅਰਥ ਇਹ ਹੈ ਕਿ ਭਾਰਤ ਵਿੱਚ ਅੱਜ ਜੋ ਸਿਸਟਮ ਬਦਲ ਰਿਹਾ ਹੈ ਉਹ 50 ਸਾਲ ਪਹਿਲਾਂ ਤੋਂ ਅਮਰੀਕਾ ਵਿੱਚ ਹੈ। ਉਥੇ, ਵਾਲਮਾਰਟ ਅਤੇ ਨੈਕਸਸ ਵਰਗੀਆਂ ਵੱਡੀਆਂ ਕੰਪਨੀਆਂ ਕਿਸਾਨੀ ਦੀਆਂ ਫਸਲਾਂ ਦੀ ਖਰੀਦ ਅਤੇ ਵਾਢੀ ਕਰਦੀਆਂ ਹਨ ਅਤੇ ਇਸ ਨੂੰ ਉਸੇ ਤਰੀਕੇ ਨਾਲ ਸਟੋਰ ਕਰਦੀਆਂ ਹਨ।

ਇਸ ਉਦਾਹਰਣ ਦੇ ਨਾਲ ਸਾਨੂੰ ਵਧੇਰੇ ਸਮਝਣਾ ਚਾਹੀਦਾ ਹੈ ਕਿ ਇਹ ਕਾਰਜ ਕਿਸਾਨੀ ਨੂੰ ਖਤਮ ਕਰੇਗਾ। ਕੁਝ ਦਿਨ ਪਹਿਲਾਂ, ਸੀਓਨੀ ਜ਼ਿਲਾ ਮੱਧ ਪ੍ਰਦੇਸ਼ ਦੇ ਕਿਸਾਨ ਮੱਕੀ ਨੂੰ 1850 ਰੁਪਏ ਕੁਇੰਟਲ ਦੇ ਸਮਰਥਨ ਮੁੱਲ ਨਾਲੋਂ 900 ਤੋਂ 1000 ਰੁਪਏ ਵਿੱਚ ਬਹੁਤ ਘੱਟ ਭਾਅ ਤੇ ਵੇਚ ਰਹੇ ਸਨ। ਕਿਸਾਨਾਂ ਨੂੰ ਰਾਹਤ ਨਾ ਦੇਣ ਦੇ ਬਾਵਜੂਦ, ਕੇਂਦਰ ਸਰਕਾਰ ਨੇ ਮੱਕੀ ਨਾਲ ਸਬੰਧਤ ਵੱਡੀਆਂ ਕੰਪਨੀਆਂ ਨੂੰ 5 ਲੱਖ ਮੀਟ੍ਰਿਕ ਟਨ ਮੱਕੀ ਵਿਦੇਸ਼ਾਂ ਤੋਂ ਆਯਾਤ ਕਰਨ ਦੀ ਇਜਾਜ਼ਤ ਦੇ ਦਿੱਤੀ, ਇਸਦੇ ਬਾਵਜੂਦ ਇਸ ਲਈ ਆਨਲਾਈਨ ਕਿਸਾਨ ਸੱਤਿਆਗ੍ਰਹਿ ਕੀਤਾ ਗਿਆ। ਵਰਤਮਾਨ ਵਿੱਚ, ਸੰਯੁਕਤ ਰਾਜ ਵਿੱਚ ਮੱਕੀ ਦੀ ਕੀਮਤ 145 ਡਾਲਰ ਪ੍ਰਤੀ ਟਨ ਹੈ ਭਾਵ 1060 ਰੁਪਏ ਪ੍ਰਤੀ ਕੁਇੰਟਲ।ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੇ ਦੇਸ਼ ਦੀਆਂ ਕੰਪਨੀਆਂ ਮੱਕੀ ਨੂੰ 1000 ਤੋਂ 1100 ਰੁਪਏ ਪ੍ਰਤੀ ਕੁਇੰਟਲ ਬਰਾਮਦ ਕਰਨਗੀਆਂ ਅਤੇ ਇਸ ਨੂੰ ਗੋਦਾਮਾਂ ਵਿਚ ਸਟੋਰ ਕਰ ਦੇਣਗੀਆਂ ਅਤੇ ਜਦੋਂ ਅੱਜ ਤੋਂ 2 ਮਹੀਨੇ ਬਾਅਦ ਕਿਸਾਨ ਦੀ ਫਸਲ ਬਾਜ਼ਾਰ ਵਿਚ ਆਉਣਾ ਸ਼ੁਰੂ ਕਰ ਦੇਵੇਗੀ ਤਾਂ ਕਿਸਾਨ ਨੂੰ 800 ਤੋਂ 900 ਰੁਪਏ ਦੀ ਕੀਮਤ ਮਿਲੇਗੀ। ਸਰਕਾਰ ਆਪਣੇ ਆਪ ਵਿੱਚ ਇੱਕ ਕੁਇੰਟਲ ਮੱਕੀ ਦੇ ਉਤਪਾਦਨ ਲਈ 1213 ਰੁਪਏ ਦੀ ਲਾਗਤ ਨੂੰ ਮੰਨਦੀ ਹੈ।

**3) ਤੀਜਾ ਆਰਡੀਨੈਂਸ ਹੈ- ਮੁੱਲ ਬੀਮਾ ਅਤੇ ਫਾਰਮ ਸੇਵਾਵਾਂ ਆਰਡੀਨੈਂਸ 'ਤੇ ਕਿਸਾਨ ਸਮਝੌਤਾ**

ਇਸਦੇ ਤਹਿਤ ਇਕਰਾਰਨਾਮੇ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਵੇਗਾ ਜਿਸ ਵਿੱਚ ਵੱਡੀਆਂ ਕੰਪਨੀਆਂ ਖੇਤੀਬਾੜੀ ਕਰਨਗੇ ਅਤੇ ਕਿਸਾਨ ਸਿਰਫ ਇਸ ਵਿੱਚ ਕੰਮ ਕਰਨਗੇ। ਇਸ ਨਵੇਂ ਆਰਡੀਨੈਂਸ ਤਹਿਤ ਕਿਸਾਨ ਆਪਣੀ ਜ਼ਮੀਨ 'ਤੇ ਮਜ਼ਦੂਰ ਬਣ ਕੇ ਰਹਿ ਜਾਵੇਗਾ। ਇਸ ਆਰਡੀਨੈਂਸ ਰਾਹੀਂ ਕੇਂਦਰ ਸਰਕਾਰ ਸਾਡੇ ਕਿਸਾਨਾਂ ਉੱਤੇ ਖੇਤੀਬਾੜੀ ਦੇ ਪੱਛਮੀ ਮਾਡਲ ਨੂੰ ਥੋਪਣਾ ਚਾਹੁੰਦੀ ਹੈ। ਹਾਲਾਂਕਿ ਇਹ ਮਾਡਲ ਸਾਡੇ ਦੇਸ਼ ਵਿਚ ਨਵਾਂ ਨਹੀਂ ਹੈ, ਦੇਸ਼ ਵਿਚ ਠੇਕੇ ਦੀ ਖੇਤੀ ਪਹਿਲਾਂ ਹੀ ਕੀਤੀ ਜਾ ਰਹੀ ਹੈ। ਹਾਲਾਂਕਿ ਇਹ ਮਾਡਲ ਸਾਡੇ ਦੇਸ਼ ਵਿਚ ਨਵਾਂ ਨਹੀਂ ਹੈ, ਦੇਸ਼ ਵਿਚ ਠੇਕੇ ਦੀ ਖੇਤੀ ਪਹਿਲਾਂ ਹੀ ਕੀਤੀ ਜਾ ਰਹੀ ਹੈ। ਇਸ ਦੀਆਂ ਮਿਸਾਲਾਂ ਮੱਧ ਪ੍ਰਦੇਸ਼ ਵਿੱਚ ਟਮਾਟਰ ਅਤੇ ਕੈਪਸਿਕਮ ਦੀ ਕਾਸ਼ਤ, ਮਹਾਰਾਸ਼ਟਰ ਵਿੱਚ ਫੁੱਲ ਅਤੇ ਅਨਾਰ ਦੀ ਕਾਸ਼ਤ, ਕਰਨਾਟਕ ਵਿੱਚ ਕਾਜੂ ਦੀ ਕਾਸ਼ਤ, ਉਤਰਾਖੰਡ ਵਿੱਚ ਨਸ਼ਿਆਂ ਦੀ ਕਾਸ਼ਤ ਹਨ। ਜੋ ਕਿ ਕਿਸਾਨਾਂ ਲਈ ਵਧੇਰੇ ਲਾਭਕਾਰੀ ਨਹੀਂ ਹੈ। ਪੁਰਾਣੇ ਮਾਡਲ ਨੂੰ ਅਜੇ ਵੀ ਇੰਨੇ ਬਲ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਕਿ ਕਿਸਾਨ ਦੀ ਪੂਰੀ ਤਸਵੀਰ ਅਤੇ ਕਿਸਮਤ ਬਦਲ ਜਾਵੇਗੀ, ਪਰ ਸਰਕਾਰ ਇਹ ਭੁੱਲ ਜਾਂਦੀ ਹੈ ਕਿ ਸਾਡੇ ਕਿਸਾਨਾਂ ਦੀ ਤੁਲਨਾ ਵਿਦੇਸ਼ੀ ਕਿਸਾਨਾਂ ਨਾਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਾਡੇ ਕੋਲ ਜ਼ਮੀਨੀ ਆਬਾਦੀ ਦਾ ਅਨੁਪਾਤ ਪੱਛਮੀ ਦੇਸ਼ਾਂ ਨਾਲੋਂ ਵੱਖਰਾ ਹੈ ਅਤੇ ਸਾਡੇ ਕੋਲ ਖੇਤੀਬਾੜੀ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ, ਜਦੋਂ ਕਿ ਪੱਛਮੀ ਦੇਸ਼ਾਂ ਵਿੱਚ ਇਹ ਕਾਰੋਬਾਰ ਹੈ।

ਤਜ਼ਰਬਾ ਦਰਸਾਉਂਦਾ ਹੈ ਕਿ ਇਕਰਾਰਨਾਮੇ ਦੀ ਖੇਤੀ ਨਾਲ ਹੀ ਕਿਸਾਨਾਂ ਦਾ ਸ਼ੋਸ਼ਣ ਹੁੰਦਾ ਹੈ। ਪਿਛਲੇ ਸਾਲ, ਪੈਪਸੀਕੋ ਕੰਪਨੀ ਨੇ ਗੁਜਰਾਤ ਵਿੱਚ ਕਈ ਕਰੋੜਾਂ ਰੁਪਏ ਦਾ ਕਿਸਾਨਾਂ ਉੱਤੇ ਮੁਕੱਦਮਾ ਕੀਤਾ ਸੀ, ਜੋ ਬਾਅਦ ਵਿੱਚ ਕਿਸਾਨ ਸੰਗਠਨਾਂ ਦੇ ਵਿਰੋਧ ਕਾਰਨ ਵਾਪਸ ਲੈ ਲਿਆ ਗਿਆ ਸੀ। ਇਕਰਾਰਨਾਮੇ ਦੀ ਖੇਤੀ ਤਹਿਤ ਕੰਪਨੀਆਂ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਕਿਸਾਨਾਂ ਦਾ ਮਾਲ ਇਕ ਨਿਸ਼ਚਤ ਕੀਮਤ ਤੇ ਖਰੀਦਣ ਦਾ ਵਾਅਦਾ ਕਰਦੀਆਂ ਹਨ।

ਪਰ ਬਾਅਦ ਵਿਚ ਜਦੋਂ ਕਿਸਾਨ ਦੀ ਫਸਲ ਤਿਆਰ ਹੋ ਜਾਂਦੀ ਹੈ, ਕੰਪਨੀਆਂ ਕਿਸਾਨਾਂ ਨੂੰ ਕੁਝ ਸਮੇਂ ਲਈ ਇੰਤਜ਼ਾਰ ਕਰਨ ਲਈ ਆਖਦੀਆਂ ਹਨ ਅਤੇ ਬਾਅਦ ਵਿਚ ਕਿਸਾਨਾਂ ਦੀ ਉਪਜ ਨੂੰ ਮਾੜਾ ਕਹਿ ਕੇ ਰੱਦ ਕਰ ਦਿੱਤੀ ਜਾਂਦੀ ਹੈ।

ਇਹ ਐਕਟ ਇਸ ਗੱਲ ਦੀ ਗਰੰਟੀ ਨਹੀਂ ਦਿੰਦਾ ਕਿ ਕਿਸਾਨ ਦਾ ਸਾਮਾਨ ਕੰਪਨੀ ਖਰੀਦੇਗੀ। ਫਿਰ ਸਵਾਲ ਇਹ ਉੱਠਦਾ ਹੈ ਕਿ ਜੇ ਕਿਸਾਨ ਸਖਤ ਮਿਹਨਤ ਨਾਲ 100 ਕੇਲੇ ਉਗਾਏਗਾ ਅਤੇ ਕੰਪਨੀ ਉਸ ਦੇ 25 ਕੇਲੇ ਨੂੰ ਮਾੜੇ ਜਾਂ ਛੋਟੇ ਵਜੋਂ ਰੱਦ ਕਰੇਗੀ ਤਾਂ ਉਹ ਕਿਸਾਨ ਕਿੱਥੇ ਵੇਚੇਗਾ..?

**ਪੋਸਟ-ਸਕ੍ਰਿਪਟ:** ਸਿਰਫ ਵਪਾਰੀਆਂ ਨੂੰ ਮੰਡੀ ਟੈਕਸ ਅਤੇ ਕਾਨੂੰਨ ਵਿਵਸਥਾ ਤੋਂ ਛੋਟ ਹੈ। ਵਪਾਰੀਆਂ ਅਤੇ ਕੰਪਨੀਆਂ ਕੋਲ ਸਟੋਰੇਜ ਅਤੇ ਕਾਲਾ ਬਾਜਾਰੀ ਦਾ ਕਾਨੂੰਨੀ ਅਧਿਕਾਰ ਹੈ। ਕੰਟਰੈਕਟ ਫਾਰਮਿੰਗ ਨੇ ਕੰਪਨੀਆਂ ਨੂੰ ਕਾਸ਼ਤ ਕਰਨ ਅਤੇ ਇਸ ਨੂੰ ਉਤਸ਼ਾਹਤ ਕਰਨ ਦਾ ਅਧਿਕਾਰ ਦਿੱਤਾ ਹੈ ਤਾਂ ਕਿ ਕਿਸਾਨ ਆਪਣੇ ਖੇਤ ਦਾ ਮਜ਼ਦੂਰ ਬਣ ਸਕੇਗਾ।

ਜੇ ਇਨ੍ਹਾਂ ਆਰਡੀਨੈਂਸਾਂ ਵਿਚ ਕਿਸਾਨੀ ਲਈ ਕੁਝ ਵੀ ਨਹੀਂ ਹੈ, ਤਾਂ ਪ੍ਰਧਾਨ ਮੰਤਰੀ ਨੂੰ ਸਾਡੀ ਬੇਨਤੀ ਹੈ ਕਿ ਉਨ੍ਹਾਂ ਨੂੰ ਕਿਸਾਨ ਹਿਤੈਸ਼ੀ ਦੱਸਦਿਆਂ ਪ੍ਰਚਾਰ ਪ੍ਰਚਾਰ ਨਾ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਇੰਨਾ ਨਾਸਮਝ ਨਾ ਸਮਝੋ।

ਇਨ੍ਹਾਂ ਆਰਡੀਨੈਂਸਾਂ ਵਿਚ ਨਾ ਤਾਂ ਕਿਸਾਨ ਨੂੰ ਫਸਲਾਂ ਦਾ ਐਮਐਸਪੀ ਮਿਲਣ ਦੀ ਗਰੰਟੀ ਹੈ ਅਤੇ ਨਾ ਹੀ ਸਾਰੀ ਫਸਲ ਵੇਚਣ ਦੀ ਕੋਈ ਗਰੰਟੀ ਹੈ।

ਕਿਸਾਨ ਭਰਾਵੋ, ਹੁਣ ਤੁਹਾਨੂੰ ਖੁਦ ਸਮਝਣਾ ਪਏਗਾ ਕਿ ਵਿਰੋਧ ਕਰਨਾ ਹੈ ਜਾਂ ਨਹੀਂ।

**ਰਾਸ਼ਟਰੀ ਕਿਸਾਨ ਮਜ਼ਦੂਰ ਸੰਗਠਨ**
**ਪੂਰਨਪੁਰ, ਪੀਲੀਭੀਤ,**
**ਉੱਤਰ ਪ੍ਰਦੇਸ਼**



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



ਜਸਵੰਤ ਜੀਰਖ
98151-69825

# ਕਰੋਨਾ ਨੂੰ ਲੋਕਾਂ ਦੀ ਹੱਕੀ ਆਵਾਜ਼ ਦਬਾਉਣ ਲਈ ਵਰਤ ਰਹੀਆਂ ਨੇ ਸਰਕਾਰਾਂ



ਅੱਜ ਜਦੋਂ ਦੇਸ਼ ਦੇ ਹਰ ਕੋਨੇ , ਸ਼ਹਿਰਾਂ, ਪਿੰਡਾਂ ਅਤੇ ਝੁੱਗੀਆਂ ਝੌਂਪੜੀਆਂ ਵਿੱਚ ਵਸਦੇ ਲੋਕ ਕਰੋਨਾ ਦੀ ਬਿਮਾਰੀ ਤੋਂ ਭੈ ਭੀਤ ਹੋ ਕੇ, ਜਿੱਥੇ ਸਰਕਾਰ ਦੀ ਗਲਤ ਕਾਰਗੁਜ਼ਾਰੀ ਕਾਰਣ ਆਪਣੇ ਰੋਜ਼ਗਾਰਾਂ ਤੋਂ ਵੀ ਹੱਥ ਧੋ ਬੈਠੇ ਹਨ, ਉੱਥੇ ਕੇਂਦਰ ਅਤੇ ਰਾਜ ਸਰਕਾਰਾਂ ਲਈ ਇਹ ਵਰਦਾਨ ਸਾਬਤ ਹੋ ਰਿਹਾ ਹੈ। ਸਰਕਾਰੀ ਅੰਕੜੇ ਵੇਖੀਏ ਤਾਂ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਕਰੋਨਾ ਦੇ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸਿਰਫ ਕਰੋਨਾ ਨੂੰ ਦਰਸਾਉਂਦੇ ਇਹ ਸਰਕਾਰੀ ਅੰਕੜੇ ਕਿੰਨੇ ਕੁ ਠੀਕ ਹਨ, ਇਨ੍ਹਾਂ ਬਾਰੇ ਪੜਤਾਲ ਕਰਨ ਦਾ ਕੋਈ ਪੈਮਾਨਾ ਨਿਯਮਤ ਨਹੀਂ, ਜਿਸ ਕਰਕੇ ਟੀ ਵੀ ਜਾਂ ਅਖ਼ਬਾਰਾਂ ਵਿੱਚ ਜੋ ਆ ਗਿਆ, ਉਸ ਉੱਪਰ ਅੱਖਾਂ ਬੰਦ ਕਰਕੇ ਭਰੋਸਾ ਕਰਨਾ ਪੈ ਰਿਹਾ ਹੈ। ਮੌਤਾਂ ਦੇ ਅੰਕੜਿਆਂ ਉੱਪਰ ਵੀ ਇਸੇ ਤਰ੍ਹਾਂ ਦੀ ਬੇ ਵੱਸੀ ਵਿੱਚ ਯਕੀਨ ਕਰਨਾ ਪੈਂਦਾ ਹੈ। ਦਿਲ, ਕੈਂਸਰ, ਸ਼ੂਗਰ, ਟੀ ਬੀ, ਕੁਪੋਸ਼ਣ, ਭੁੱਖਮਰੀ ਆਦਿ ਦੀਆਂ ਬਿਮਾਰੀਆਂ ਕਾਰਣ ਹੋ ਰਹੀਆਂ ਮੌਤਾਂ ਬਾਰੇ ਕੋਈ ਗੱਲ ਹੀ ਨਹੀਂ ਹੋ ਰਹੀ। ਅੰਕੜਿਆਂ ਅਨੁਸਾਰ ਸਿਰਫ ਕਰੋਨਾ ਦੀਆਂ ਮੌਤਾਂ ਦੀ ਰੋਜ਼ਾਨਾ ਗਿਣਤੀ ਵਿੱਚ ਹੁਣ ਸਾਡਾ ਦੇਸ਼ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਪਿਛਾੜਦਾ ਹੋਇਆ ਅੱਗੇ ਵਧ ਰਿਹਾ ਹੈ। ਕਰੋਨਾ ਤੋਂ ਬਿਨਾਂ ਹੋਰ ਬਿਮਾਰੀਆਂ ਨਾਲ ਮਰਨ ਵਾਲੇ ਲੋਕਾਂ ਦੇ ਅੰਕੜੇ ਕਿਧਰੇ ਵਿਖਾਈ ਨਹੀਂ ਦਿੰਦੇ। ਭਾਵੇਂ ਭੁੱਖਮਰੀ, ਟੀ ਬੀ ਆਦਿ ਨਾਲ ਹਰ ਰੋਜ਼ ਹੋ ਰਹੀਆਂ ਮੌਤਾਂ ਦੀ ਗਿਣਤੀ ਵਿੱਚ ਦੇਸ਼ ਇਸ ਤੋਂ ਵੀ ਅੱਗੇ ਹੈ, ਪਰ ਇਸ ਗਿਣਤੀ ਨੂੰ ਕਦੀ ਵੀ ਦੁਨੀਆਂ ਦੇ ਸਾਹਮਣੇ ਲਿਆਉਣ ਬਾਰੇ ਨਾ ਕੋਈ ਸਰਕਾਰ ਤੇ ਨਾ ਹੀ ਸਰਕਾਰਾਂ ਦੇ ਗੁਣਗਾਣ ਕਰਨ ਵਾਲਾ ਮੀਡੀਆ ਆਪਣਾ ਮੂੰਹ ਖੋਲ੍ਹਦਾ ਹੈ।

ਜੇਕਰ ਲੋਕ ਇਕੱਠੇ ਹੋ ਕੇ ਕਰੋਨਾ ਕਾਰਣ ਸਮਾਜ ਦੀ ਹੋ ਰਹੀ ਦੁਰਦਸ਼ਾ ਬਾਰੇ ਆਵਾਜ਼ ਉਠਾਉਂਦੇ ਹਨ ਤਾਂ ਕਰੋਨਾ ਦੇ ਨਾਂ ਤੇ ਲਾਈਆਂ ਪਾਬੰਦੀਆਂ ਦੀ ਉਲੰਘਣਾ ਕਰਨ ਦਾ ਕੇਸ ਮੜ੍ਹ ਦਿੱਤੇ ਜਾਂਦੇ ਹਨ। ਸਰਕਾਰਾਂ ਵੱਲੋਂ ਲੋਕਾਂ ਦਾ ਇਮਿਊਨੀਟੀ ਸਿਸਟਮ ਸੁਧਾਰਨ ਦੀ ਥਾਂ ਉਹਨਾਂ ਨੂੰ ਡਰਾ ਧਮਕਾਕੇ ਹੋਰ ਨੀਵਾਂ ਕੀਤਾ ਜਾ ਰਿਹਾ ਹੈ।ਅਰਬਾਂ ਰੁਪਿਆ ਲੋਕ ਮਾਰੂ ਹਥਿਆਰਾਂ, ਲੜਾਕੂ ਜਹਾਜ਼ ਖਰੀਦਣ, ਮੂਰਤੀਆਂ ਬਣਾਉਣ, ਵਿਦੇਸ਼ੀ ਦੌਰਿਆਂ ਅਤੇ ਵਿਦੇਸ਼ੀ ਮਹਿਮਾਨਾਂ ਦੀ ਨਜ਼ਰੋਂ ਭਾਰਤੀ ਗਰੀਬ ਜਨਤਾ ਦੀਆਂ ਝੁੱਗੀਆਂ ਦਿਸਣ ਤੋਂ ਬਚਾਉਣ ਲਈ ਦੀਵਾਰ ਬਣਾਉਣ, ਵੱਡੇ ਪੂੰਜੀਪਤੀਆਂ ਦੇ ਕਰਜ਼ੇ ਮੁਆਫ ਕਰਨ, ਧਰਮਾਂ ਦੇ ਨਾਂ ਤੇ ਕੀਤੇ ਜਾ ਰਹੇ ਅਡੰਬਰਾਂ ਆਦਿ ਤੇ ਕੀਤੇ ਜਾ ਰਹੇ ਬੇਲੋੜੇ ਖਰਚਿਆਂ ਰਾਹੀਂ, ਲੋਕਾਂ ਪ੍ਰਤੀ ਸਰਕਾਰੀ ਲਾਪਰਵਾਹੀ ਸਪਸਟ ਜ਼ਾਹਰ ਹੁੰਦੀ ਹੈ। ਸਰਕਾਰ ਵੱਲੋਂ ਦੇਸ਼ ਵਿੱਚ ਭੁੱਖ ਮਰੀ ਕਾਰਣ ਕੁਪੋਸਨ ਦੀ ਮਾਰ ਝੱਲ ਰਹੇ ਬੱਚਿਆਂ ਲਈ ਲੋਕਾਂ ਤੋਂ ਦਾਨ ਮੰਗਣ ਦੀਆਂ ਸਰਕਾਰੀ ਅਪੀਲਾਂ ਹਰ ਰੋਜ਼ ਟੀਵੀ ਚੈਨਲਾਂ ਰਾਹੀਂ ਵੇਖੀਆਂ ਜਾ ਸਕਦੀਆਂ ਹਨ। ਕਰੋਨਾ ਬਾਰੇ ਸਰਕਾਰ ਵੱਲੋਂ ਵਧ ਚੜ੍ਹਕੇ ਕੀਤੇ ਜਾ ਰਹੇ ਪ੍ਰਚਾਰ ਅਤੇ ਦਬਕਿਆਂ ਕਾਰਣ ਆਮ ਲੋਕਾਂ ਦੇ ਸਾਹ ਸੂਤੇ ਹੋਏ ਹਨ, ਪਰ ਦੂਜੇ ਪਾਸੇ ਸਿਹਤ ਕਾਮਿਆਂ, ਡਾਕਟਰਾਂ ਤੇ ਹੋਰ ਅਮਲੇ ਨੂੰ ਸਮੇਂ ਸਿਰ ਤਨਖਾਹਾਂ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦੇਣ ਦੀ ਬਜਾਏ, ਉਹਨਾਂ ਦੇ ਹੌਸਲੇ ਤਾਲੀਆਂ, ਥਾਲੀਆਂ, ਘੰਟੀਆਂ ਬਜਾਕੇ ਅਤੇ ਬਿਜਲੀ ਰੌਸ਼ਨੀ ਬੰਦ ਕਰਕੇ ਦੀਵੇ ਮੋਮਬੱਤੀਆਂ ਜਗਾ ਕੇ ਵਧਾਏ ਜਾਣ ਦੇ ਫੁਰਮਾਨ ਦਿੱਤੇ ਜਾਂਦੇ ਰਹੇ ਹਨ। ਹੁਣ ਤੱਕ ਸਰਕਾਰੀ ਅੰਕੜਿਆਂ ਅਨੁਸਾਰ ਚਾਰ ਸੌ ਦੇ ਕਰੀਬ ਡਾਕਟਰ ਕਰੋਨਾਂ ਦੀ ਭੇਂਟ ਚੜ੍ਹਨ ਦੀਆਂ ਰਿਪੋਰਟਾਂ ਹਨ। ਪਰ ਅਫ਼ਸੋਸ ਕਿ ਸਿਹਤ ਕਰਮੀਆਂ ਦੀ ਹੌਸਲਾ ਅਫਜਾਈ ਹੈਲੀਕਾਪਟਰਾਂ ਰਾਹੀਂ ਫੁੱਲ ਵਰਸਾਉਣ ਅਤੇ ਤਾਲੀਆਂ ਥਾਲੀਆਂ ਬਜਾਕੇ ਕਰਨ ਵਾਲੀ ਸਰਕਾਰ ਇਨ੍ਹਾਂ ਨੂੰ ਸ਼ਹੀਦ ਮੰਨਕੇ ਬਣਦਾ ਮੁਆਵਜ਼ਾ ਦੇਣ ਬਾਰੇ ਚੁੱਪ ਹੈ। ਇਹ ਕਰੋਨਾ ਦੇ ਨਾਂ ਹੇਠ ਸਿਹਤ ਕਰਮੀਆਂ ਨੂੰ ਟਿੱਚ ਜਾਣਕੇ ਉਹਨਾਂ ਨਾਲ ਖਿਲਵਾੜ ਕਰਨਾ ਨਹੀਂ ਤਾਂ ਹੋਰ ਕੀ ਹੈ?

ਆਮ ਲੋਕਾਂ ਲਈ ਮਾਸਕ ਨਾ ਪਹਿਨਣ ਲਈ ਜੁਰਮਾਨਾ, ਦਿੱਤੇ ਗਏ ਟਾਈਮ ਤੋਂ ਪਹਿਲਾਂ ਜਾਂ ਪਿੱਛੋਂ ਘਰੋਂ ਨਿਕਲਣ ਤੇ ਕੇਸ ਦਰਜ, ਭਾਵੇਂ ਕਿਸੇ ਮਜਬੂਰੀ ਕਾਰਣ ਹੀ ਕਿਸੇ ਨੂੰ ਘਰੋਂ ਬਾਹਰ ਆਉਣਾ ਪਏ। ਦੁਕਾਨਦਾਰਾਂ ਨੂੰ 10 ਮਿੰਟ ਵੀ ਦੁਕਾਨ ਲੇਟ ਬੰਦ ਕਰਨ ਲਈ ਜੁਰਮਾਨਾ ਜਾਂ ਕੇਸ ਦਰਜ ਕੀਤੇ ਜਾਂਦੇ ਹਨ। ਦੁਕਾਨਾਂ, ਹਸਪਤਾਲਾਂ ਜਾਂ ਹੋਰ ਪਬਲਿਕ ਅਦਾਰਿਆਂ ਵਿੱਚ ਹੱਥਾਂ ਨੂੰ ਸੈਨੇਟਾਈਜਰ ਕਰਨ, ਟੈਂਪਰੇਚਰ ਚੈੱਕ ਕਰਵਾਉਣ ਵਰਗੇ ਹੁਕਮ ਲਾਗੂ ਕਰਨ ਸਮੇਤ ਲੋਕਾਂ ਨੂੰ ਵੱਡੀ ਪੱਧਰ ਤੇ ਪੁਲਿਸ ਵੱਲੋਂ ਪ੍ਰੇਸ਼ਾਨ ਕਰਨ ਕਾਰਣ ਆਮ ਲੋਕਾਂ ਦੀਆਂ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਵਿੱਚ ਆਏ ਰੋਜ਼ ਵਾਧਾ ਹੋ ਰਿਹਾ ਹੈ ਅਤੇ ਜੁਰਮਾਨਿਆਂ ਰਾਹੀਂ ਉਹਨਾਂ ਦੀਆਂ ਜੇਬ੍ਹਾਂ 'ਚ ਬਚਦੀ ਰਹਿੰਦ ਖੂੰਹਦ ਵੀ ਝਪਟੀ ਜਾ ਰਹੀ ਹੈ।ਰਾਜ ਭਾਵੇਂ ਕੋਈ ਵੀ ਹੋਵੇ ਪੁਲਿਸ ਅਤੇ ਗੁੰਡਾ ਗ੍ਰੋਹਾਂ ਦੀ ਧੌਂਸਗਿਰੀ ਆਮ ਹੀ ਹਰ ਰੋਜ਼ ਸਾਹਮਣੇ ਆਉਂਦੀ ਰਹੀ ਹੈ। ਸਰਕਾਰੀ ਕੁਰਸੀਆਂ ਤੇ ਬੈਠੇ ਮੰਤਰੀਆਂ, ਮੁੱਖ ਮੰਤਰੀਆਂ ਤੇ ਹਾਕਮਾਂ ਦੀ ਹਾਲਤ ਰੋਮ ਸੜ ਰਿਹਾ ਹੈ ਤੇ ਨੀਰੋ ਚੈਨ ਦੀ ਬੰਸਰੀ ਬਜਾ ਰਿਹਾ ਹੈ। ਉੱਪਰ ਪੂਰੀ ਢੁੱਕਦੀ ਹੈ। ਜਿਸ ਦੀ ਮਾਰ ਆਮ ਲੋਕਾਂ ਤੇ ਪੈ ਰਹੀ ਹੈ। ਕਰੋਨਾ ਦੀ ਮਾਰ ਹੇਠ ਬਹੁਤ ਵੱਡੇ ਤਬਕੇ ਦੇ ਰੋਜ਼ਗਾਰ ਖੁੱਸ ਜਾਣ ਕਰਕੇ ਉਹਨਾਂ ਨੂੰ ਘਰ ਦੇ ਖ਼ਰਚੇ ਚਲਾਉਣ ਲਈ ਵੱਡੀ ਮੁਸੀਬਤ ਖੜ੍ਹੀ ਹੋ ਗਈ ਹੈ। ਫੈਕਟਰੀਆਂ, ਹੌਜਰੀਆਂ ਸਮੇਤ ਤਮਾਮ ਸਨਅਤ ਖਤਮ ਹੋਣ ਕਿਨਾਰੇ ਹੈ। ਜਿਹੜੇ ਕਿਰਤੀ ਇਹਨਾਂ ਵਿੱਚ ਕੰਮ ਕਰ ਰਹੇ ਸਨ, ਉਹ ਇੱਕ ਦਮ ਵੇਹਲੇ ਹੋ ਗਏ ਹਨ।

ਲਾਕਡਾਊਨ ਕਰਨ ਲੱਗਿਆਂ ਦੇਸ਼ ਦੇ ਚੌਂਕੀਦਾਰ ਕਹਾਉਣ ਵਾਲੇ ਪ੍ਰਧਾਨ ਮੰਤਰੀ ਨੂੰ ਪਤਾ ਨਹੀਂ ਕਿਹੜੇ ਡਾਕੂ ਤੋਂ ਦੇਸ਼ ਨੂੰ ਲੁੱਟੇ ਜਾਣ ਦਾ ਖਤਰਾ ਖੜ੍ਹਾ ਹੋ ਗਿਆ ਸੀ ਕਿ ਉਸ ਨੇ ਭੋਰਾ ਭਰ ਵੀ ਇਨ੍ਹਾਂ ਕਿਰਤੀ ਲੋਕਾਂ ਬਾਰੇ ਬਿਨਾਂ ਕੁੱਝ ਸੋਚਿਆਂ ਸਿਰਫ 4 ਘੰਟੇ ਦੇ ਨੋਟਿਸ ਤੇ ਪੂਰੇ ਦੇਸ਼ ਵਾਸੀਆਂ ਨੂੰ ਆਪਣੇ ਘਰਾਂ ਅੰਦਰ ਬੰਦ ਹੋਣ ਦੇ ਫੁਰਮਾਨ ਸੁਣਾ ਦਿੱਤੇ। ਭਾਵੇਂ ਸਰਕਾਰੀ ਤੌਰ ਤੇ ਐਲਾਨ ਕੀਤੇ ਗਏ ਕਿ ਕਿਸੇ ਦੀ ਵੀ ਨੌਕਰੀ ਨਹੀਂ ਜਾਏਗੀ ਅਤੇ ਨਾ ਹੀ ਕਿਸੇ ਦੀ ਤਨਖ਼ਾਹ ਕੱਟੀ ਜਾਵੇਗੀ। ਪਰ ਇਹ ਸਾਰੇ ਐਲਾਨ ਇੱਕ ਵਾਰ ਫਿਰ ਸਿਰਫ ਜੁਮਲੇ ਹੀ ਸਾਬਤ ਹੋਏ। ਪਰਵਾਸੀ ਕਿਰਤੀਆਂ ਨੇ ਜੋ ਸੰਤਾਪ ਭੋਗਿਆ ਤੇ ਭੋਗ ਰਹੇ ਹਨ , ਉਹਨਾਂ ਨੂੰ ਰਾਹਤ ਪਹੁੰਚਾਉਣ ਬਾਰੇ ਸਰਕਾਰਾਂ ਦੀ ਜ਼ੁੰਮੇਵਾਰੀ ਸਿਰਫ ਬਿਆਨਾਂ ਤੱਕ ਹੀ ਰਹਿ ਗਈ ਹੈ। ਜੇਕਰ ਪੰਜਾਬ ਦੇ ਮਨੁੱਖਤਾ ਪੱਖੀ ਲੋਕ/ਸੰਸਥਾਵਾਂ ਆਦਿ ਰੋਜਗਾਰਾਂ ਤੋਂ ਵਿਹਲੇ ਹੋਏ ਆਮ ਕਿਰਤੀਆਂ ਦੀ ਸਾਰ ਨਾ ਲੈਂਦੇ ਤਾਂ ਭੁੱਖ ਮਰੀ ਦੀ ਤਸਵੀਰ ਹੋਰ ਵੀ ਦਰਦਨਾਕ ਹੋਣੀ ਸੀ। ਇੱਥੋਂ ਤੱਕ ਕਿ ਸਕੂਲਾਂ ਦੇ ਕੱਚੇ ਅਧਿਆਪਕਾਂ ਵੱਲੋਂ ਸਬਜ਼ੀ ਵੇਚਣ ਜਾਂ ਕੋਈ ਹੋਰ ਮਾੜੀ ਮੋਟੀ ਮਜ਼ਦੂਰੀ ਕਰਨ ਵਰਗੇ ਕੰਮ ਕਰਕੇ ਆਪਣਾ ਪਰਿਵਾਰ ਪਾਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਹੋਰ ਅਦਾਰਿਆਂ ਵਿੱਚੋਂ ਵੇਹਲੇ ਹੋਏ ਮਜ਼ਦੂਰਾਂ ਨੇ ਵੱਡੀ ਪੱਧਰ ਤੇ ਫਲ- ਫਰੂਟ ਤੇ ਸਬਜ਼ੀ ਵੇਚਣ ਦਾ ਕੰਮ ਆਪਣੇ ਸਾਈਕਲ ਦੇ ਪਿੱਛੇ ਕਰੇਟ ਰੱਖਕੇ ਹੀ ਚਲਾਉਣਾ ਪਿਆ। ਪਰ ਵਾਰੇ ਵਾਰੇ ਜਾਈਏ ਸਾਡੀ ਪੁਲੀਸ ਦੇ ਜਿਸ ਨੇ ਇਹਨਾਂ ਬੇਵੱਸ ਲੋਕਾਂ ਨੂੰ ਵੀ ਨਹੀਂ ਬਖ਼ਸ਼ਿਆ। ਸੋਸਲ ਮੀਡੀਏ ਤੇ ਬਹੁਤ ਸਾਰੀਆਂ ਅਜਿਹੀਆਂ ਵੀਡੀਓ ਵਾਇਰਲ ਹੋਈਆਂ ਜ਼ਿਹਨਾਂ ਵਿੱਚ ਪੁਲਿਸ ਮੁਲਾਜ਼ਮ ਇੱਕ ਕੇਲਾ ਵਿਕਰੇਤਾ ਦੇ ਸਾਈਕਲ ਪਿੱਛੇ ਰੱਖੀ ਕੇਲਿਆਂ ਦੀ ਕਰੇਟ ਹੀ ਚੁੱਕ ਲੈ ਗਏ। ਕਈ ਸਬਜ਼ੀ ਦੀਆਂ ਰੇਹੜੀਆਂ ਹੀ ਉਲਟਾਕੇ ਸਬਜ਼ੀਆਂ ਸੜਕ ਵਿਚਕਾਰ ਖਿਲਾਰ ਦਿੱਤੀਆਂ ਜਾਂਦੀਆਂ ਰਹੀਆਂ। ਪਰ ਨਾ ਹੀ ਕਿਸੇ ਸਿਆਸਤਦਾਨ ਦੇ ਕੰਨ ਤੇ ਜੂੰ ਸਰਕੀ ਤੇ ਨਾ ਹੀ ਕਿਸੇ ਪ੍ਰਸਾਸਨਿਕ ਅਧਿਕਾਰੀ ਦੇ। ਆਮ ਲੋਕਾਂ ਦੀਆਂ ਜੇਬ੍ਹਾਂ ਵਿੱਚ ਜੋ ਮਾੜਾ ਮੋਟਾ ਬਚਦਾ ਸੀ, ਉਸਨੂੰ ਵੱਖ ਵੱਖ ਤਰ੍ਹਾਂ ਦੇ ਚਲਾਣ ਕੱਟਦਿਆਂ ਕਰੋਨਾ ਦੇ ਬਹਾਨੇ ਸਰਕਾਰੀ ਕਮਾਈ ਦਾ ਸਾਧਨ ਬਣਾਕੇ ਕਢਵਾਇਆ ਜਾ ਰਿਹਾ ਹੈ।

ਇਸੇ ਤਰ੍ਹਾਂ ਕਰੋਨਾ ਕਾਰਣ ਵੱਡੀ ਪੱਧਰ ਤੇ ਜੋ ਲੋਕ ਬੇਰੋਜਗਾਰ ਹੋ ਗਏ, ਉਹਨਾਂ ਦੇ ਘਰਾਂ ਦੇ ਗੁਜ਼ਾਰੇ ਚੱਲਣੇ ਵੀ ਮੁਸ਼ਕਲ ਹੋ ਗਏ ਹਨ। ਇਹਨਾਂ ਬਾਰੇ ਪ੍ਰਧਾਨ ਮੰਤਰੀ ਜੀ ਦੇ ਜਬਾਨੀ ਸਮਝਿਆ ਜਾ ਸਕਦਾ ਹੈ। ਉਹਨਾਂ ਨੇ ਦੇਸ਼ ਦੇ 80 ਕਰੋੜ ਗਰੀਬ ਲੋਕਾਂ ਨੂੰ 5 ਕਿੱਲੋ ਅਨਾਜ, ਇਕ ਕਿੱਲੋ ਦਾਲ ਪ੍ਰਤੀ ਮਹੀਨਾ ਦੇਣ ਦੇ ਬਿਆਨ ਦੇ ਕੇ ਜਿੱਥੇ ਅੱਧੀ ਤੋਂ ਵੱਧ ਜਨ-ਸੰਖਿਆ ਦੇ ਕੰਗਾਲੀ ਭਰੇ ਜੀਵਨ ਬਾਰੇ ਸਿੱਧ ਹੋ ਗਿਆ ਹੈ, ਉੱਥੇ ਵਿਕਾਸ ਦੀਆਂ ਮਾਰੀਆਂ ਜਾ ਰਹੀਆਂ ਝੂਠੀਆਂ ਡੀਂਗਾਂ ਨੂੰ ਵੀ ਬੇਪਰਦ ਕਰ ਦਿੱਤਾ ਹੈ। ਇਸ ਤੋਂ ਜ਼ਾਹਰ ਹੈ ਕਿ ਸਰਕਾਰ ਮੁਤਾਬਕ ਦੇਸ਼ ਦੀ 80 ਕਰੋੜ ਵੱਸੋਂ 5 ਕਿੱਲੋ ਅਨਾਜ ਖਰੀਦਣ ਤੋਂ ਵੀ ਅਸਮਰੱਥ ਹੋ ਚੁੱਕੀ ਹੈ। ਹੁਣ ਇਸ ਵੱਡੀ ਗਿਣਤੀ ਵੱਸੋਂ ਦੀਆਂ ਵੋਟਾਂ ਲੈਣ ਲਈ ਪ੍ਰਧਾਨ ਸੇਵਕ ਵੱਲੋਂ 'ਮਨ ਕੀ ਬਾਤ' ਸੁਣਾਕੇ , ਕੀਤੇ ਵਾਅਦੇ ਨਾ ਪੂਰੇ ਕਰਦਿਆਂ ਆਮ ਲੋਕਾਂ ਨੂੰ ਭੁਚਲਾਕੇ ਆਪਣੀਆਂ ਨਾਕਾਮੀਆਂ ਛਪਾਉਣ ਲਈ ਵਰਤਿਆ ਜਾਵੇਗਾ।

ਕਰੋਨਾ ਦੇ ਰਾਮ ਰੌਲੇ ਵਿੱਚ ਦੇਸ਼ ਦੇ ਕਮਾਊ ਪਬਲਿਕ ਅਦਾਰਿਆਂ ਨੂੰ ਵੱਡੇ ਪੂੰਜੀਪਤੀਆਂ ਕੋਲ ਵੇਚਣ ਵਰਗੇ ਫੈਸਲਿਆਂ ਨੇ ਸਰਕਾਰਾਂ ਦੀ ਅਸਲ ਨੀਤੀ ਤੇ ਨੀਯਤ ਵੀ ਸਾਹਮਣੇ ਲਿਆਂਦੀ ਹੈ। ਲੋਕਾਂ ਨੇ ਆਪਣਾ ਪਸੀਨਾ ਵਹਾਕੇ ਭਰੇ ਸਰਕਾਰੀ ਖ਼ਜ਼ਾਨੇ ਰਾਹੀਂ ਉਸਾਰੇ ਇਨ੍ਹਾਂ ਅਦਾਰਿਆਂ ਨੂੰ ਵੇਚਣ ਲਈ ਸਰਕਾਰਾਂ ਨਹੀਂ ਚੁਣੀਆਂ, ਸਗੋਂ ਇਨ੍ਹਾਂ ਵਿੱਚ ਲੋਕ ਪੱਖੀ ਹੋਰ ਸੁਧਾਰ ਕਰਨ ਦੀ ਜ਼ੁੰਮੇਵਾਰੀ ਨਿਭਾਉਣ ਲਈ ਚੁਣਿਆ ਹੈ। ਇਸੇ ਤਰ੍ਹਾਂ ਕਿਸਾਨ ਵਿਰੋਧੀ ਤਿੰਨ ਆਰਡੀਨੈਂਸਾਂ ਬਾਰੇ ਨੋਟੀਫਿਕੇਸਨ ਜਾਰੀ ਕਰਨ, ਮਜ਼ਦੂਰਾਂ ਲਈ ਕੰਮ ਦੇ ਘੰਟੇ ਵਧਾਉਣ ਅਤੇ ਲੇਬਰ ਕਾਨੂੰਨਾਂ ਵਿੱਚ ਸੋਧ ਕਰਕੇ ਉਹਨਾਂ ਨੂੰ ਪੂੰਜੀਪਤੀਆਂ ਦੇ ਰਹਿਮੋ ਕਰਮ ਤੇ ਛੱਡਕੇ ਆਪਣੀ ਯੂਨੀਅਨ ਬਣਾਉਣ ਵਰਗੇ ਅਧਿਕਾਰਾਂ ਤੋਂ ਵਾਂਜੇ ਕਰਨ ਵਰਗੇ ਫ਼ੈਸਲੇ ਕਰੋਨਾ ਦੇ ਰਾਮ ਰੌਲੇ ਵਿੱਚ ਹੀ ਲਿਆਂਦੇ ਗਏ ਹਨ। ਇਸੇ ਦੌਰ ਵਿੱਚ ਪੈਟ੍ਰੋਲ/ਡੀਜ਼ਲ ਦੀਆਂ ਕੀਮਤਾਂ ਵਿੱਚ ਆਏ ਰੋਜ਼ ਲਗਾਤਾਰ ਵਾਧਾ ਕਰਕੇ ਲੋਕਾਂ ਦੇ ਨੱਕ 'ਚ ਦਮ ਕੀਤਾ ਗਿਆ।ਲੋਕਾਂ ਨੂੰ ਵੀ ਸਰਕਾਰਾਂ ਦੇ ਅਜਿਹੇ ਫੈਸਲਿਆਂ ਤੋਂ ਜਾਣ ਲੈਣਾ ਚਾਹੀਦਾ ਹੈ ਕਿ ਉਹਨਾਂ ਦੀਆਂ ਵੋਟਾਂ ਲੈਕੇ ਸੇਵਾ ਦੇ ਨਾਂ ਤੇ ਗੱਦੀਆਂ ਸੰਭਾਲਣ ਵਾਲੇ ਅਸਲ ਵਿੱਚ ਕਿਹਨਾਂ ਦੇ ਸੇਵਾਦਾਰ ਹਨ। ਜੇਕਰ ਲੋਕ ਹਿੱਤੂ ਜੱਥੇਬੰਦੀਆਂ ਸਰਕਾਰਾਂ ਦੇ ਇਨ੍ਹਾਂ ਫੈਸਲਿਆਂ ਨੂੰ ਰੱਦ ਕਰਵਾਉਣ ਲਈ ਧਰਨੇ, ਮੁਜ਼ਾਹਰਿਆਂ ਰਾਹੀਂ ਆਵਾਜ਼ ਉਠਾਉਂਦੀਆਂ ਹਨ ਤਾਂ ਉਹਨਾਂ ਖ਼ਿਲਾਫ਼, ਕਰੋਨਾਂ ਨੂੰ ਪਾਬੰਦੀਆਂ ਲਗਾਉਣ ਲਈ ਬਹਾਨਾ ਬਣਾਕੇ ਵਰਤਣਾ ਸੌਖਾ ਹੋ ਗਿਆ ਹੈ। ਕੀ ਲੋਕਾਂ ਨੂੰ ਆਪਣੇ ਦੇਸ਼ ਦੇ ਹਿੱਤ ਵਿੱਚ ਉਹਨਾਂ ਸਰਕਾਰਾਂ ਖਿਲਾਫ ਆਵਾਜ਼ ਨਹੀਂ ਉਠਾਉਣੀ ਚਾਹੀਦੀ ਜਿਹੜੀਆਂ ਲੋਕਾਂ ਦੀ ਸੰਘੀ ਨੱਪਕੇ ਦੇਸ਼ ਨੂੰ ਵੇਚਣ ਤੇ ਤੁੱਲੀਆਂ ਹੋਣ ? ਭਾਵੇਂ ਪੰਜਾਬ ਦੇ ਮੁੱਖ ਮੰਤਰੀ ਨੇ ਕਰੋਨਾ ਦੇ ਬਹਾਨੇ ਪੂਰੇ ਸੂਬੇ ਵਿੱਚ 144 ਲਗਾਕੇ ਉਹਨਾਂ ਲੋਕਾਂ ਦੀ ਆਵਾਜ਼ ਬੰਦ ਕਰਨ ਦੇ 'ਮਹਾਰਾਜਾ ਨੁਮਾਂ ਫੁਰਮਾਨ' ਜਾਰੀ ਕੀਤੇ ਗਏ। ਪਰ ਹੁਣ ਜਦੋਂ ਕਿਸਾਨ ਮਜ਼ਦੂਰ ਸਰਕਾਰਾਂ ਦੇ ਫੁਰਮਾਨਾ ਨੂੰ ਜੁੱਤੀ ਹੇਠ ਲਿਤਾੜਦਿਆਂ ਸੜਕਾਂ ਤੇ ਆ ਗਏ ਹਨ ਤਾਂ ਕੈਪਟਨ ਵੱਲੋਂ ਸੰਘਰਸ਼ਸੀਲ ਲੋਕਾਂ ਖ਼ਿਲਾਫ਼ ਧਾਰਾ 144 ਅਧੀਨ ਦਰਜ ਕੀਤੇ ਕੇਸਾਂ ਨੂੰ ਰੱਦ ਕਰਨ ਦੇ ਹੁੱਕਮ ਕਰਨੇ ਪਏ ਹਨ। ਦੇਰ ਆਏ ਦਰੁੱਸਤ ਆਏ ਦੇ ਮੁਹਾਵਰੇ ਅਨੁਸਾਰ ਇਹ ਚੰਗਾ ਕਦਮ ਹੈ। ਇਸੇ ਤਰ੍ਹਾਂ ਕਰੋਨਾ ਦੇ ਨਾਂ ਹੇਠ ਦਰਜ ਕੀਤੇ ਕੇਸ ਵੀ ਰੱਦ ਕਰਨੇ ਬਣਦੇ ਹਨ, ਕਿਉਂਕਿ ਸਰਕਾਰਾਂ ਜਦੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਉਹਨਾਂ ਖ਼ਿਲਾਫ਼ ਜਬਰ ਕਰਦੀਆਂ ਹਨ ਤਾਂ ਉਹਨਾਂ ਨੂੰ ਮਜਬੂਰੀ ਵੱਸ ਸੜਕਾਂ ਤੇ ਉਤਰਕੇ ਸ਼ੰਘਰਸ ਕਰਨਾ ਪੈਂਦਾ ਹੈ, ਜਿਸ ਲਈ ਸਿੱਧੇ ਤੌਰ ਤੇ ਸਰਕਾਰਾਂ ਜ਼ੁੰਮੇਵਾਰ ਹਨ।

ਅੱਜ ਜਦੋਂ ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਹੋਰ ਵਰਗ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਦੇਸ਼ ਨੂੰ ਵੱਡੇ ਪੂੰਜੀਪਤੀਆਂ/ ਕਾਰਪੋਰੇਟਾਂ ਕੋਲ ਵੇਚੇ ਜਾਣ ਖ਼ਿਲਾਫ ਉੱਠ ਖੜੇ ਹਨ ਤਾਂ ਕੇਂਦਰ ਸਰਕਾਰ ਦੀ ਸੁਰ ਵਿੱਚ ਸੁਰ ਮਿਲਾਉਣ ਵਾਲੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਅਸਤੀਫ਼ਾ ਦੇਣਾ ਪਿਆ ਹੈ ਜੋ ਲੋਕ ਸੰਘਰਸ਼ਾਂ ਦੀ ਬਦੌਲਤ ਹੀ ਹੋਇਆ ਹੈ। ਇਸ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਦੇਸ਼ ਨੂੰ ਵਿਕਾਊ ਕਰਨ ਵਾਲੇ ਸਿਆਸਤਦਾਨਾਂ ਦੀ ਚੁੰਗਲ ਵਿੱਚੋਂ, ਦੇਸ਼ ਨੂੰ ਸਿਰਫ ਤੇ ਸਿਰਫ ਲੋਕ ਸੰਘਰਸ਼ਾਂ ਨਾਲ ਹੀ ਬਚਾਇਆ ਜਾ ਸਕਦਾ ਹੈ। ਅੱਜ ਸਹੀ ਅਰਥਾਂ ਵਿੱਚ ਦੇਸ਼ ਅਤੇ ਆਪਣੇ ਹੱਕਾਂ ਲਈ ਆਰ ਪਾਰ ਦੀ ਲੜਾਈ ਲੜ ਰਹੇ ਹਰ ਵਰਗ ਦੇ ਲੋਕਾਂ ਨੂੰ, ਆਪਸੀ ਸਾਂਝ ਹੋਰ ਪੱਕੀ ਕਰਕੇ ਅੱਗੇ ਵਧਣ ਨਾਲ ਹੀ ਦੇਸ਼ ਵਿਰੋਧੀ ਤਾਕਤਾਂ ਜਿਹੜੀਆਂ ਹੱਕ ਸੱਚ ਦੀ ਆਵਾਜ਼ ਉਠਾਉਣ ਵਾਲਿਆਂ ਨੂੰ ਝੂਠੇ ਕੇਸਾਂ ਵਿੱਚ ਫਸਾਕੇ ਜੇਲ੍ਹੀਂ ਡੱਕ ਰਹੀਆਂ ਹਨ, ਨੂੰ ਭਾਂਜ ਦੇਣੀ ਬੇਹੱਦ ਜ਼ਰੂਰੀ ਹੈ।



*ਸ਼ਹੀਦੀ ਸਾਕਾ 29 ਸਤੰਬਰ ਨੂੰ ਵਿਸ਼ੇਸ*

# ਕਾਮਾਗਾਟਾ ਮਾਰੂ ਦਾ ਇਤਿਹਾਸਕ ਸਾਕਾ ਅਤੇ ਗਦਰ ਲਹਿਰ

**ਜਸਦੇਵ ਸਿੰਘ ਲਲਤੋਂ**
0161-2805677



1914 ਵਿੱਚ ਵਾਪਰਿਆ ਕੌਮਾਗਾਟਾ ਮਾਰੂ ਦਾ ਸਾਕਾ, ਭਾਰਤੀਆਂ ਦੀ ਕੈਨੇਡਾ ਅੰਦਰ ਦਾਖਲੇ ਦੀ ਲੜਾਈ ਦਾ ਇੱਕ ਮਹਾਨ ਇਤਿਹਾਸਕ ਸਾਕਾ ਹੈ। ਇਹ ਉਹ ਸਮਾਂ ਸੀ, ਜਿਸ ਵੇਲੇ ਭਾਰਤ ਅੰਗਰੇਜ਼ ਰਾਜ ਦੀ ਜ਼ਾਲਮ ਚੱਕੀ ਵਿੱਚ ਪਿਸ ਰਿਹਾ ਸੀ। ਭਾਈ ਗੁਰਦਿੱਤ ਸਿੰਘ ਸਰਹਾਲੀ ਦੀ ਪਟੇਦਾਰੀ ਹੇਠ ਵਪਾਰਕ ਲੀਹਾਂ 'ਤੇ ਇੱਕ ਜਪਾਨੀ ਕੰਪਨੀ- 'ਸ਼ਿਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਪਾਸੋਂ 11000 ਡਾਲਰ ਪ੍ਰਤੀ ਮਹੀਨਾਂ ਦੀ ਦਰ ਨਾਲ ਛੇ ਮਹੀਨੇ ਲਈ ਪਟੇ ਤੇ ਲਏ ਜ਼ਹਾਜ਼ ਦਾ ਨਾਮ 'ਕਾਮਾਗਾਟਾਮਾਰੂ' ਸੀ ਜਿਸ ਨੂੰ ਹਾਂਗਕਾਂਗ ਤੋਂ ਕੈਨੇਡਾ ਲਈ ਤੋਰਿਆ ਜਾਣਾ ਸੀ। 25 ਮਾਰਚ 1914 ਨੂੰ ਹਾਂਗਕਾਂਗ ਦੀ ਗੋਰੀ ਹਕੂਮਤ ਨੇ ਭਾਈ ਗੁਰਦਿੱਤ ਸਿੰਘ ਤੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਲੇਕਿਨ ਹਾਂਗਕਾਂਗ ਵਿੱਚ ਹੋਏ ਰੋਸ-ਐਕਸ਼ਨਾਂ ਦੇ ਸਿੱਟੇ ਵੱਜੋਂ 28 ਮਾਰਚ ਨੂੰ ਕੇਸ ਵਾਪਸ ਲੈ ਕੇ ਉਨ੍ਹਾਂ ਨੂੰ ਰਿਹਾ ਕਰਨਾ ਪਿਆ। ਰੋਟੀ -ਰੋਜੀ, ਉੱਚ ਵਿਦਿਆ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ 165 ਭਾਰਤੀ ਮੁਸਾਫਰ ਹਾਂਗਕਾਂਗ ਤੋਂ, 111 ਸ਼ੰਘਾਈ ਤੋਂ, 86 ਮੋਜੀ (ਜਾਪਾਨ) ਤੋਂ, 14 ਯੋਕੋਹਾਮਾ (ਜਾਪਾਨ) ਤੋਂ ਚੜ੍ਹੇ ਇਸ ਤਰ੍ਹਾਂ ਕੁੱਲ 376 ਮੁਸਾਫਰ ਸਵਾਰ ਹੋਏ। ਤੀਜੀ ਕਿਸ਼ਤ ਵੇਲੇ ਪੈਸੇ ਦੀ ਤੰਗੀ ਨੂੰ ਪੂਰਾ ਕਰਨ ਲਈ ਭਾਈ ਬਲਵੰਤ ਸਿੰਘ ਖੁਰਦਪੁਰ (ਬਾਅਦ'ਚ ਕੈਨੇਡਾ ਲਹਿਰ ਦੇ ਗੱਦਰੀ ਸ਼ਹੀਦ) ਭਾਰੀ ਰਕਮ ਲੈ ਕੇ ਮੋਜੀ ਵਿਖੇ ਪੁੱਜੇ ਇਸ ਤਰ੍ਹਾਂ ਉਨ੍ਹਾਂ ਨੇ ਵੱਡਾ ਮੋਢਾ ਲਾਇਆ ਅਤੇ ਆਪ ਕੋਬੀ ਤੋਂ ਸਿੱਧਾ ਕੈਨੇਡਾ ਮੂਹਰੇ ਪੁੱਜ ਗਏ। ਇਸ ਤਰ੍ਹਾਂ ਗਦਰ ਪਾਰਟੀ ਅਤੇ ਕਾਮਾਗਾਟਾਮਾਰੂ ਦੇ ਆਪਸੀ ਰਿਸ਼ਤੇ ਦੀ ਉਸਾਰੀ ਸ਼ੁਰੂ ਹੋਈ। ਦੂਜੇ ਪਾਸੇ ਹਿੰਦ ਦੀ ਗੋਰੀ ਹੁਕੂਮਤ ਦੇ ਇਸ਼ਾਰੇ 'ਤੇ ਕੈਨੇਡਾ ਹਕੂਮਤ ਨੇ 31 ਮਾਰਚ 1914 ਤੋਂ ਹੀ ਨਾਂ-ਦਾਖਲੇ ਬਾਰੇ ਹੁਕਮ ਨੰਬਰ 920 ਲਾਗੂ ਕਰ ਦਿੱਤਾ ਸੀ। 17 ਅਪ੍ਰੈਲ ਨੂੰ ਘਰੋਗੀ ਵਜ਼ੀਰ ਰੋਚੇ ਨੇ ਕੈਨੇਡਾ ਦੀ ਪਾਰਲੀਮੈਂਟ 'ਚ ਐਲਾਨ ਕੀਤਾ ਕਿ ਉਘਾਟਾਂ ਦੇ ਮਹਿਕਮੇ ਦੇ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਜੋ ਹਿੰਦੀ ਨਵੇਂ ਰੂਲਾਂ ਨੂੰ ਉਲੰਘ ਕੇ ਆਉਣ ਤਾਂ ਉਨ੍ਹਾਂ ਨੂੰ ਉੱਤਰਨ ਨਾ ਦਿੱਤਾ ਜਾਵੇ"। ਇਹ ਸੀ ਕੈਨੇਡਾ ਦੀ ਭੂਤਰੀ ਹੋਈ ਸਾਮਰਾਜੀ ਸਰਕਾਰ ਦਾ ਰਵੱਈਆ! 21 ਮਈ ਨੂੰ ਜਹਾਜ਼ ਵਿਕਟੋਰੀਆ ਦੀ ਕੁਰਾਟੀਨ ਤੇ, 23 ਨੂੰ ਵੈਨਕੂਵਰ ਨੇੜੇ ਪੁੱਜਾ; ਲੇਕਿਨ ਬੰਦਰਗਾਹ ਤੋਂ ਦੂਰ ਦੋ-ਤਿੰਨ ਮੀਲ ਪਿੱਛੇ ਹੀ ਰੋਕ ਦਿੱਤਾ ਗਿਆ।

ਵੈਨਕੂਵਰ 'ਚ ਮੋਰਚਾ ਬੰਦੀ ਤੇ ਦੇਸ਼-ਪ੍ਰਦੇਸ਼'ਚ ਰੋਸ ਲਹਿਰ ਮੁਸਾਫਰਾਂ ਲਈ ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦੀ ਸਹਾਇਤਾ, ਜਹਾਜ਼ ਨੂੰ ਕੰਢੇ ਲਾਉਣ ਤੇ ਮੁਸਾਫਿਰਾਂ ਦੇ ਕੈਨੇਡਾ ਦਾਖਲੇ ਲਈ ਕੈਨੇਡਾ ਵਸਦੇ ਹਿੰਦੀਆਂ ਨੇ ਮੋਰਚਾ ਆਰੰਭ ਕਰ ਦਿੱਤਾ। ਗੁਰਦੁਆਰਾ ਵੈਨਕੂਵਰ ਵਿੱਚ 3 ਮਈ ਨੂੰ 700 ਦੇ ਕਰੀਬ ਇਕੱਠ ਹੋਇਆ। ਭਾਈ ਬਲਵੰਤ ਸਿੰਘ ਤੇ ਸ੍ਰੀ ਹਸਨ ਰਹੀਮ ਦੀ ਅਪੀਲ 'ਤੇ 60,000 ਡਾਲਰ ਇਕੱਠੇ ਹੋਏ। ਕੈਨੇਡਾ ਵਾਪਸੀ ਭਾਈ ਭਾਗ ਸਿੰਘ ਤੇ ਸ਼੍ਰੀ ਹਸਨ ਰਹੀਮ ਨੇ ਜਹਾਜ਼ ਦਾ ਨਵਾਂ ਪਟਾ ਆਪਣੇ ਨਾਮ ਕਰਵਾ ਕੇ 22,000 ਡਾਲਰ ਦੀ ਕਿਸ਼ਤ ਕੰਪਨੀ ਨੂੰ ਦਿੱਤੀ। ਹਿੰਦ ਸਰਕਾਰ, ਕਾਂਗਰਸ ਪਾਰਟੀ, ਪਟਿਆਲਾ ਤੇ ਨਾਭਾ ਦੇ ਰਾਜਿਆ ਨੂੰ ਮਸਲੇ ਦੇ ਹੱਲ ਲਈ ਤਾਰਾਂ ਦਿੱਤੀ ਗਈਆਂ। ਵਿਕਟੋਰੀਆ ਤੇ ਵੈਨਕੂਵਰ 'ਚ ਹਰ ਰੋਜ਼ ਲੋਕ ਇਕੱਠੇ ਕਰਕੇ ਗੋਰੇ ਸ਼ਾਹੀ ਜੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਂਦੀ। ਗਦਰ ਪਾਰਟੀ ਨੇ "ਗਦਰ" ਅਖਬਾਰ ਦਾ ਵਿਸ਼ੇਸ਼ ਅੰਕ 'ਕਾਮਾਗਾਟਾਮਾਰੂ' ਕੱਢਿਆ ਅਤੇ ਦੇਸ਼-ਪ੍ਰਦੇਸ਼ ਅੰਦਰ ਜਲਸੇ-ਜਲੂਸਾਂ ਦੀ ਲਹਿਰ ਵਿੱਢ ਦਿੱਤੀ। ਹਿੰਦ 'ਚ ਲਾਹੌਰ, ਰਾਵਲਪਿੰਡੀ, 'ਚ ਕਵਾਲ, ਗੁੱਜਰਾਂਵਾਲਾ, ਤੇ ਪਟਿਆਲਾ 'ਚ ਰੋਸ ਮੁਜਾਹਰੇ ਕੀਤੇ ਗਏ। ਪੂਰਬੀ ਦੇਸ਼ਾਂ 'ਚ ਵੀ ਹਿੰਦੀਆਂ ਨੇ ਆਵਾਜ਼ ਉਠਾਈ। ਲੰਡਨ 'ਚ ਮੁਸਲਿਮ ਲੀਗ ਨੇ ਬਸਤੀਆਂ ਦੇ ਲੰਡਨ ਦਫਤਰ ਮੂਹਰੇ ਤਿੱਖਾ ਪ੍ਰਦਰਸ਼ਨ ਕੀਤਾ।ਸਿੱਟੇ ਵੱਜੋਂ ਮਹੀਨਾਂ ਭਰ ਤੋਂ ਬੁਰੀ ਤਰ੍ਹਾਂ ਭੁੱਖ ਮਰੀ ਦਾ ਸ਼ਿਕਾਰ ਮੁਸਾਫਰਾਂ ਨੂੰ 28 ਜੂਨ ਤੋਂ ਰਾਸ਼ਨ ਪਾਣੀ ਤੇ 7 ਜੁਲਾਈ ਤੋਂ ਵਕੀਲਾਂ ਨੂੰ ਮਿਲਣ ਦੀ ਆਗਿਆ ਮਿਲੀ। ਪਰੰਤੂ ਅਦਾਲਤਾਂ 'ਚੋਂ ਨਿਆਂ ਨਾ ਮਿਲਿਆ।

16 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਹਰ ਹਾਲਤ ਜਹਾਜ਼ ਨੂੰ ਵਾਪਸ ਭੇਜਣ ਦੇ ਹੁਕਮ ਚਾੜ੍ਹ ਦਿੱਤੇ। ਵੈਨਕੂਵਰ, ਲੰਡਨ, ਓਟਾਵਾ, ਦਿੱਲੀ ਵਿਚਕਾਰ ਸਰਕਾਰਾਂ ਦੀਆਂ ਆਪਸ ਵਿੱਚ ਤਾਰਾਂ ਤੇ ਤਾਰਾਂ ਖੜਕੀਆਂ। 19 ਜੁਲਾਈ ਨੂੰ 'ਸੀ-ਲਾਇਨ' ਨਾ ਦਾ ਟੱਗ ਜਹਾਜ਼ ਲੈ ਕੇ ਸੈਂਕੜੇ ਗੋਰੇ ਪੁਲਿਸੀਆਂ ਨੇ ਵੱਡੇ ਤੜਕੇ ਕਾਮਾਗਾਟਾਮਾਰੂ 'ਤੇ ਹਮਲਾ ਕਰ ਦਿੱਤਾ। ਮੌਤ ਦੇ ਗਾਨੇ ਬੰਨੀ ਮੁਸਾਫਰਾਂ ਨੇ ਸੋਟੀਆਂ, ਕੁਹਾੜੀਆਂ, ਮਸ਼ੀਨਾਂ ਦੇ ਪੁਰਜਿਆਂ, ਲੋਹੇ ਦੇ ਡੰਡਿਆਂ ਤੇ ਪੱਥਰ ਦੇ ਕੋਇਲਿਆਂ ਨਾਲ ਮੁਕਾਬਲਾ ਕਰਕੇ 20 ਪੁਲਸੀਏ ਫੱਟੜ ਕਰ ਦਿੱਤੇ। ਪੁਲਿਸ ਨੇ ਗੋਲੀਆਂ ਚਲਾਈਆਂ, ਕੇਵਲ 1 ਮੁਸਾਫਿਰ ਦੇ ਮੱਥੇ ਤੇ ਝਰੀਟ ਆਈ। ਦੂਜੇ ਦਿਨ 'ਰੇਨਬੋ' ਨਾ ਦਾ ਜੰਗੀ ਜਹਾਜ ਲਿਆ ਕੇ ਸਿੱਧੀ ਗੋਲਾਬਾਰੀ ਕਰਨ ਦੀਆਂ ਧਮਕੀਆਂ ਦਿੱਤੀਆਂ। ਲੇਕਿਨ ਪਹਿਲੀ ਸੰਸਾਰ ਜੰਗ ਦੀਆਂ ਲੋੜਾਂ ਤੇ ਮਜ਼ਬੂਰੀਆਂ ਤਹਿਤ ਗੋਰਾ ਸ਼ਾਹੀ ਨੂੰ ਸਮਝੌਤਾ ਕਰਨਾ ਪਿਆ। ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦਾ ਖਰਚਾ ਕਰਨ ਉਪਰੰਤ, ਕਾਮਾਗਾਟਾਮਾਰੂ ਨੂੰ ਵਾਪਸ ਹਿੰਦ ਲਿਜਾਣ ਦਾ ਸਮਝੌਤਾ ਹੋਇਆ ਗਦਰ ਪਾਰਟੀ ਦੇ ਆਗੂਆਂ ਨੂੰ, ਹੋਰ ਮਿਤਰਾਂ ਤੇ ਰਿਸ਼ਤੇ ਦਾਰਾਂ ਨੂੰ ਮੁਲਾਕਾਤਾਂ ਦੀ ਆਗਿਆ ਮਿਲੀ। ਆਗੂਆਂ ਨੇ ਮੁਸਾਫਰਾਂ ਨੂੰ ਹਿੰਦ 'ਚੋਂ ਗੋਰਾ ਸ਼ਾਹੀ ਰਾਜ ਖਤਮ ਕਰਨ ਤੇ ਕੌਮੀ ਰਾਜ ਦੀ ਕਾਇਮੀ ਦਾ ਸੰਦੇਸ਼ ਦਿੱਤਾ। ਕਾਫੀ ਗਿਣਤੀ 'ਚ ਮੁਸਾਫਰ ਗਦਰੀ ਯੋਧੇ ਬਣ ਗਏ। ਯੋਕੋਹਾਮਾਂ ਵਿਖੇ ਭਾਈ ਸੋਹਣ ਸਿੰਘ ਭਕਨਾਂ (ਪ੍ਰਧਾਨ ਗਦਰ ਪਾਰਟੀ) ਨੇ ਮੁਸਾਫਰਾਂ ਨੂੰ ਹਿੰਦ ਚ ਗਦਰ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ, 200 ਪਿਸਤੌਲ ਤੇ 2000 ਗੋਲੀਆਂ ਸਪਲਾਈ ਕੀਤੀਆਂ। ਕਾਮਾਗਾਟਾਮਾਰੂ ਜਹਾਜ਼ 23 ਸਤੰਬਰ ਨੂੰ ਕਲਕੱਤਾ ਨੇੜੇ ਕਾਲਪੀ ਵਿਖੇ ਪੁੱਜਿਆ।

ਇਸ ਤੋਂ ਬਾਅਦ ਜਹਾਜ਼ 26 ਸਤੰਬਰ ਨੂੰ ਬੱਜ-ਬੱਜ ਘਾਟ ਵਿਖੇ ਲੱਗਿਆ। ਅੰਗਰੇਜ਼ ਹਕੂਮਤ ਨੇ 29 ਸਤੰਬਰ ਨੂੰ ਅਚਾਨਕ ਧੋਖੇ ਨਾਲ ਰੇਲਵੇ ਸਟੇਸ਼ਨ ਨੇੜੇ ਮੁਸਾਫਰਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਿੱਟੇ ਵੱਜੋਂ 19 ਮੁਸਾਫਰ ਤੇ ਇੱਕ ਹੋਰ ਸ਼ਹਿਰੀ ਸ਼ਹੀਦ ਕੀਤੇ 23 ਫੱਟੜ ਕੀਤੇ, 222 ਜੇਲਾਂ 'ਚ ਡੱਕ ਦਿੱਤੇ ਤੇ 72 ਹੋਰ ਨਿਕਲ ਕੇ ਪੰਜਾਬ ਨੂੰ ਰਵਾਨਾਂ ਹੋਏ (ਜਿਨ੍ਹਾਂ ਵਿੱਚੋਂ ਉਦੋਂ ਲੋਕਾਂ ਮੁਤਾਬਕ 29 ਮੁਸਾਫਰ ਗੋਰਿਆਂ ਹੱਥੋ ਸ਼ਹੀਦ ਕੀਤੇ ਦੱਸੇ ਜਾਂਦੇ ਸਨ)।

ਮੁਸਾਫਰਾਂ ਵੱਲੋਂ ਦੋ-ਤਿੰਨ ਪਸਤੌਲਾਂ ਨਾਲ ਕੀਤੇ ਟਾਕਰੇ 'ਚ 6 ਗੋਰੇ ਅਫਸਰ/ਸਿਪਾਹੀ ਤੇ 5 ਦੇਸੀ ਸਿਪਾਹੀ ਫੱਟੜ ਹੋਏ। ਜੇਲ੍ਹੀਂ ਡੱਕੇ, ਜੂਹਬੰਦ ਕੀਤੇ ਅਤੇ ਗੁਪਤਵਾਸ ਹੋਏ ਮੁਸਾਫਿਰਾਂ 'ਚੋਂ ਕਾਫੀ ਜਣੇ ਗਦਰੀ ਯੋਧੇ ਬਣੇ। ਇਸ ਤਰ੍ਹਾਂ, ਕਾਮਾਗਾਟਾਮਾਰੂ ਦੇ ਗਦਰੀ ਯੋਧਿਆਂ ਨੇ ਬਰਤਾਨਵੀ ਸਾਮਰਾਜ ਵਾਦ ਤੇ ਉਸ ਦੇ ਪਿਠੂਆਂ ਦੇ ਜਾਲਮ ਰਾਜ ਦਾ ਖਾਤਮਾਂ ਕਰਨ ਅਤੇ ਨਿਆਂ, ਬਰਾਬਰੀ, ਖੁਸ਼ਹਾਲੀ ਤੇ ਆਜਾਦੀ ਵਾਲਾ, ਖਰਾ ਲੋਕ ਜਮਹੂਰੀ ਰਾਜ ਪ੍ਰਬੰਧ ਸਿਰਜਣ ਲਈ ਬੇਮਿਸਾਲ ਤਿਆਗ ਤੇ ਕੁਰਬਾਨੀਆਂ ਕੀਤੀਆਂ। ਗਦਰੀ ਸ਼ਹੀਦਾਂ ਦਾ ਮਿਸ਼ਨ ਅਧੂਰਾ ਰਹਿ ਗਿਆ, ਲੇਕਿਨ ਇਹ ਮਿਸ਼ਨ ਅੱਜ ਵੀ ਜਿਊਂਦਾ ਹੈ ਤੇ ਰਾਹ ਦਰਸਾਊ ਹੈ।ਗਦਰੀ ਬਾਬੇ ਅਜਿਹਾ ਰਾਜ ਪ੍ਰਬੰਧ ਚਾਹੁੰਦੇ ਸਨ, ਜਿਸ ਵਿੱਚ ਕਿਰਤ ਦਾ ਸਨਮਾਨ ਤੇ ਪੁੱਗਤ ਹੋਵੇ, ਰੋਟੀ ਕਪੜੇ ਤੇ ਮਕਾਨ ਦੀ ਗਰੰਟੀ ਹੋਵੇ, ਹਰ ਬੇਰੋਜ਼ਗਾਰ ਨੂੰ ਪੱਕਾ ਰੋਜ਼ਗਾਰ ਮਿਲੇ, ਹਰ ਵਿਦਿਆਰਥੀ ਨੂੰ ਮੁਫਤ ਵਿੱਦਿਆ ਮਿਲੇ, ਹਰ ਬਿਮਾਰ ਦਾ ਮੁਫਤ ਇਲਾਜ ਹੋਵੇ, ਹਰ ਪੀੜਤ ਨੂੰ ਫੌਰੀ ਨਿਆਂ ਮਿਲੇ, ਹਰ ਤਰ੍ਹਾਂ ਦੀ ਵਿਦੇਸ਼ੀ ਤੇ ਦੇਸੀ ਲੁੱਟ ਤੇ ਜੁਲਮ ਦਾ ਖਾਤਮਾਂ ਹੋਵੇ। ਲਾਜ਼ਮੀ ਇੱਕ ਦਿਨ ਅਜਿਹਾ ਆਵੇਗਾ ਜਦੋਂ ਹਿੰਦ 'ਚ ਗਦਰੀ ਬਾਬਿਆਂ ਦੇ ਸੁਪਨਿਆਂ ਵਾਲਾ ਰਾਜ ਪ੍ਰਬੰਧ ਉਸਰ ਕੇ ਰਹੇਗਾ। ਇਹੀ ਉਨ੍ਹਾਂ ਮਹਾਨ ਯੋਧਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਮਿਹਨਤਕਸ਼ ਵਰਗ ਅਤੇ ਕਿਸਾਨ ਇਕਜੁਟ

(ਸਫ਼ਾ 3 ਦੀ ਬਾਕੀ)

ਅਸਲ ਮਾਲਕਾਂ ਨੂੰ ਇਸ ਵਾਰੇ ਪੁੱਛਿਆ ਵੀ ਨਹੀਂ ਜਾਂਦਾ। ਇਸ ਲੈਂਡ ਗਰੈਬ ਵਿੱਚ ਵਰਲਡ ਬੈਂਕ ਤੋਂ ਲਿਆ ਕਰਜ਼ਾ ਵੀ ਵਰਤਿਆ ਜਾਂਦਾ ਹੈ। ਸ਼ਹਿਰਾਂ ਦੇ ਨੇੜਲੀ ਜ਼ਮੀਨ ਧੱਕੇ ਨਾਲ਼ ਕਿਸਾਨਾਂ ਤੋਂ ਲੈ ਕੇ ਵੱਡੇ ਵੱਡੇ ਉਦਯੋਗਿਕ ਘਰਾਣਿਆਂ ਨੂੰ ਦੇਣੀ ਤਾਂ ਬਹੁਤ ਪੁਰਾਣੀ ਗੱਲ ਹੋ ਗਈ ਹੈ। ਪ੍ਰਸਿੱਧ ਇਨਕਲਾਬੀ ਚੀ ਗੁਵੇਰਾ ਨੇ ਜਦੋਂ ਮੋਟਰ ਸਾਈਕਲ ਤੇ ਦੱਖਣੀ ਅਮਰੀਕਾ ਦਾ ਟੂਰ ਕੀਤਾ ਤਾਂ ਉਸ ਨੇ ਦੇਖਿਆ ਕਿ ਦੱਖਣੀ ਅਮਰੀਕਾ ਦੇ ਮੁਲਕਾਂ ਵਿੱਚ ਅਮਰੀਕਣ ਲੋਕਾਂ ਦੇ ਵੱਡੇ ਵੱਡੇ ਫਾਰਮ ਹਨ ਅਤੇ ਉਥੋਂ ਦੇ ਅਸਲੀ ਲੋਕ ਜਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਤੋਂ ਵੀ ਵਾਂਝੇ ਹਨ, ਇਸ ਦ੍ਰਿਸ਼ ਨੂੰ ਦੇਖ ਕੇ ਚੀ ਗੁਵੇਰਾ ਨੇ ਪਰਣ ਕਰ ਲਿਆ ਸੀ ਕਿ ਉਹ ਅਮਰੀਕਣ ਸਾਮਰਾਜੀਆਂ ਨੂੰ ਦੱਖਣੀ ਅਮਰੀਕਾ ਵਿੱਚੋਂ ਕੱਢ ਕੇ ਹੀ ਦਮ ਲਵੇਗਾ। ਆਪਾਂ ਥੋੜ੍ਹੀਆਂ ਜਿਹੀਆਂ ਉਦਾਹਰਣਾਂ ਜ਼ਮੀਨ ਖੋਹਣ ਦੀਆਂ ਤੇ ਨਿਗਾਹ ਮਾਰਦੇ ਹਾਂ : ਅਰਜਨਟਾਈਨਾਂ ਵਿੱਚ ਜਿਹੜੀ ਜ਼ਮੀਨ ਤੇ ਖੇਤੀ ਹੁੰਦੀ ਸੀ, ਉਸ ਤੇ ਮੈਗਾ ਫਾਰਮ ਬਣਾ ਕੇ ਤੇਲ ਦੇ ਬੀਜਾਂ ਦੀ ਖੇਤੀ ਕੀਤੀ ਜਾਂਦੀ ਹੈ। ਜਦ ਕਿ ਅਰਜਨਟਾਈਨਾਂ ਦੀ ਸਭ ਤੋਂ ਵੱਡੀ ਲੋੜ ਅਨਾਜ ਦੀ ਹੈ। ਫਿਲਪੀਨ ਅਤੇ ਇੰਡੋਨੇਸ਼ੀਆ ਦੇ ਲੋਕਾਂ ਤੋਂ ਖੇਤੀ ਯੋਗ ਜ਼ਮੀਨਾਂ ਖੋਹ ਕੇ ਮੈਗਾ ਫਾਰਮ ਬਣਾ ਦਿੱਤੇ ਗਏ ਹਨ, ਫਿਲਪੀਨ ਵਿੱਚ ਖਣਿਜ ਪਦਾਰਥਾਂ ਨਾਲ਼ ਭਰਪੂਰ ਪਹਾੜੀਆਂ ਖੋਹ ਲਈਆਂ ਗਈਆਂ ਹਨ। ਹੁਣ ਇਹ ਕੁੱਝ ਮੁਲਕਾਂ ਦੀ ਗੱਲ ਨਹੀਂ ਰਹੀ, ਕਾਰਪੋਰੇਸ਼ਨਾਂ ਸਾਰੀ ਦੁਨੀਆਂ ਦੀ ਜ਼ਮੀਨ ਦਾ ਹੀ ਉਦਯੋਗੀਕਰਨ ਕਰਨ ਜਾ ਰਹੀਆਂ ਹਨ। ਬਾਕੀ ਰਹੀ ਸਰਕਾਰਾਂ ਦੀ ਗੱਲ, ਸਰਕਾਰਾਂ ਜਿਹੜੀਆਂ ਕਿ ਬਣਦੀਆਂ ਹੀ ਕਾਰਪੋਰੇਟ ਪੈਸੇ ਨਾਲ਼ ਹਨ, ਕਿਸਾਨਾਂ ਲਈ ਹਾਲਾਤ ਹੀ ਇਹੋ ਜਿਹੇ ਪੈਦਾ ਕਰ ਰਹੀਆਂ ਹਨ ਕਿ ਕਿਸਾਨੀ ਆਪਦੇ ਆਪ ਹੀ ਹੱਥ ਖੜੇ ਕਰ ਦੇਵੇ। ਸਾਰੀ ਦੁਨੀਆਂ ਵਿੱਚ ਕਿਸਾਨ ਖੁਦਕਸ਼ੀ ਕਰ ਰਹੇ ਹਨ, ਸਰਕਾਰਾਂ ਉਹਨਾਂ ਨੂੰ ਕੋਈ ਰਾਹਤ ਦੇਣ ਦੀ ਬਜਾਏ ਉਹਨਾਂ ਦੇ ਗਲ਼ਾਂ ਵਿੱਚ ਪਾਏ ਰੱਸੇ ਨੂੰ ਹੋਰ ਟਾਈਟ ਕਰ ਰਹੀਆਂ ਹਨ।

ਜ਼ਮੀਨ ਖਰੀਦਣ ਅਤੇ ਵੇਚਣ ਦੇ ਕਨੂੰਨ ਬਹੁਤ ਹੀ ਨਰਮ ਕਰ ਦਿੱਤੇ ਗਏ ਹਨ ਅਤੇ ਲੋਕਾਂ ਦੇ ਹੋ ਰਹੇ ਇਸ ਸ਼ੋਸ਼ਣ ਲਈ ਭਰਿਸ਼ਟ ਮਹਿਕਮੇ ਵੀ ਘੱਟ ਜ਼ਿਮੇਵਾਰ ਨਹੀਂ। ਨਵ-ਉਦਾਰਵਾਦ ਨੇ ਬਦੇਸ਼ੀ ਪੈਸੇ ਨੂੰ ਜਿਹੜਾ ਸੱਦਾ ਦਿੱਤਾ ਹੈ ਇਸਦੇ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ। ਇੱਕ ਵਾਰ ਇਹ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਦੇ ਹੱਥ ਆ ਗਈਆਂ ਫਿਰ ਜਿਣਸਾਂ ਦਾ ਭਾਅ ਵੀ ਇਹ ਕਾਰਪੋਰੇਟ ਅਦਾਰੇ ਹੀ ਬੰਨਿਆ ਕਰਨਗੇ ਅਤੇ ਲੋਕ ਰੋਟੀ ਪਾਣੀ ਲਈ ਇਹਨਾਂ ਕਾਰਪੋਰੇਟ ਅਦਾਰਿਆਂ ਦੇ ਮੁਥਾਜ ਹੋ ਜਾਣਗੇ। ਅਰਜਨਟਾਈਨਾ ਅਤੇ ਕੋਸਟਾਰੀਕਾ ਦੇ ਮੁਲਕਾਂ ਵਿੱਚ ਇਹ ਵਰਤਾਰਾ ਜੇਕਰ ਸਦੀਆਂ ਨਹੀਂ ਤਾਂ ਦਹਾਕਿਆਂ ਤੋਂ ਚੱਲ ਰਿਹਾ ਹੈ। ਦੱਖਣੀ ਅਮਰੀਕਾ ਵਿੱਚ, ਅਮਰੀਕੀ ਕੰਪਨੀਆਂ ਦੇ ਵੱਡੇ ਵੱਡੇ ਫਾਰਮ ਬੀਹਵੀਂ ਸਦੀ ਦੇ ਅੱਧ ਵਿੱਚ ਹੋਂਦ ਵਿੱਚ ਆ ਗਏ ਸਨ। ਕੀਨੀਆਂ ਵਿੱਚ ਇਹ ਕਾਰਪੋਰੇਟ ਫਾਰਮਿੰਗ ਬਸਤੀਵਾਦੀ ਦੌਰ ਵਿੱਚ ਹੀ ਸ਼ੁਰੂ ਹੋ ਗਈ ਸੀ। ਬਹੁਤ ਵਾਰ ਇਹ ਕਾਰਪੋਰੇਸ਼ਨਾਂ ਜ਼ਮੀਨ ਅਕੁਆਇਰ ਕਰਕੇ ਉਸ ਤੇ ਖੇਤੀ ਵੀ ਨਹੀਂ ਕਰਦੀਆਂ ਸਗੋਂ ਉਸ ਜ਼ਮੀਨ ਨੂੰ ਬੰਜਰ ਹੀ ਰਹਿਣ ਦਿੰਦੀਆਂ ਹਨ, ਉਸ ਨੂੰ ਹੈਜ ਫੰਡ ਦੀ ਤਰਾਂ ਵਰਤਦੀਆ ਹਨ, ਮਹਿੰਗੀ ਹੋਣ ਤੇ ਫੇਰ ਵੇਚ ਦਿੰਦੀਆਂ ਹਨ। ਵੱਡੇ ਫਾਰਮਾ ਵਿੱਚ ਕੰਮ ਕਰਨ ਵਾਲ਼ਿਆਂ ਲਈ ਕਲੋਨੀਆਂ ਬਣਾਈਆਂ ਜਾਣਗੀਆਂ ਤੇ ਵਰਕਰ ਕਾਰਪੋਰੇਸ਼ਨ ਤੋਂ ਕਰਜਾ ਲੈ ਕੇ ਆਪਦਾ ਮਕਾਨ ਲੈ ਸਕਣਗੇ ਤੇ ਸਾਰੀ ਉਮਰ ਕਿਸ਼ਤ ਭਰਨ ਲਈ ਬੰਧੂਆ ਮਜ਼ਦੂਰਾਂ ਦੀ ਤਰਾਂ ਕੰਮ ਕਰਨਗੇ। ਪੱਛਮੀ ਮੁਲਕਾਂ ਵਿੱਚ ਇਹ ਵਰਤਾਰਾ ਥੋੜੇ ਬਹੁਤੇ ਫਰਕ ਨਾਲ਼ ਚੱਲ ਰਿਹਾ ਹੈ, ਜਿੱਥੇ ਮੌਰਗੇਜ਼ 35 ਸਾਲ ਤੱਕ ਲੰਬੀ ਕਰ ਦਿੱਤੀ ਗਈ ਹੈ ਤੇ ਪੈਂਤੀ ਸਾਲਾ ਵਿੱਚ ਕਿਸ਼ਤ ਦੇਣ ਵਾਲ਼ੇ ਦਾ ਵੀ ਭੋਗ ਪੈ ਜਾਦਾ ਹੈ।

ਸਮੇਂ ਦੀ ਲੋੜ ਤਾਂ ਇਹ ਸੀ ਕਿ ਛੋਟੇ ਛੋਟੇ ਖੇਤ ਹੋਣ ਤੇ ਔਰਗੈਨਿਕ ਖੇਤੀ ਹੋਵੇ ਤਾਂ ਕਿ ਧਰਤੀ ਹਵਾ ਪਾਣੀ ਸੁਰੱਖਿਅਤ ਰਹੇ। ਛੋਟੇ ਛੋਟੇ ਫਾਰਮ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ। ਪਰ ਇਸਦੀ ਜਗਾਹ ਤੇ ਕਾਰਪੋਰੇਸ਼ਨਾਂ ਵੱਡੇ ਫਾਰਮਾਂ ਵਿੱਚ ਸਭ ਤਰ੍ਹਾਂ ਦੇ ਕੈਮੀਕਲ ਵਰਤ ਕੇ ਉਤਪਾਦਨ ਵਧਾਉਣਗੀਆਂ ਤਾਂ ਕਿ ਵੱਧ ਤੋਂ ਵੱਧ ਨਫ਼ਾ ਕਮਾਇਆ ਜਾ ਸਕੇ, ਵੱਡੀ ਮਸ਼ੀਨਰੀ ਵਰਤ ਕੇ ਲੋਕਾਂ ਤੋਂ ਰੁਜ਼ਗਾਰ ਖੋਹੇਗੀ। ਕਿਉਂਕਿ ਕਾਰਪੋਰੇਸ਼ਨਾਂ ਨੂੰ ਨਫੇ ਤਾਂਈ ਮਤਲਬ ਹੈ ਨਾਂ ਕਿ ਕਿਸੇ ਕਿਸਮ ਦੀ ਨੈਤਿਕਤਾ ਦੀ ਜ਼ਿਮੇਵਾਰੀ ਹੈ। ਅਫਰੀਕਾ ਦੇ ਵਿੱਚ ਅਰਬ ਦੇਸ਼ਾਂ ਅਤੇ ਚੀਨ, ਰੂਸ, ਇੰਡੀਆ ਨੂੰ ਰਲ਼ਾ ਕੇ ਇਹਨਾਂ ਕੁੱਲ ਮੁਲਕਾਂ ਨੇ ਇੰਗਲੈਂਡ ਨਾਲ਼ੋਂ ਦੁਗਣਾ ਏਰੀਆ ਖਰੀਦ ਲਿਆ ਹੈ। ਜਿੱਥੇ ਕਿ ਅਫਰੀਕਨ ਮੁਲਕਾਂ ਨੂੰ ਖਾਦ ਪਦਾਰਥਾਂ ਦੀ ਲੋੜ ਹੈ ਉਥੇ ਇਹ ਮੁਲਕ ਬਾਇਓ ਫਿਊਲ ਲਈ ਤੇਲ ਦੇ ਬੀਜਾਂ ਦੀ ਖੇਤੀ ਕਰਨਗੇ ਅਤੇ ਪਹਿਲਾਂ ਹੀ ਭੁੱਖ ਨਾਲ਼ ਮਰ ਰਹੇ ਅਫਰੀਕਣ ਹੋਰ ਭੁੱਖੇ ਮਰਨਗੇ। ਅਰਬ ਮੁਲਕਾਂ ਨੇ ਆਪਦੇ ਦੇਸ਼ਾਂ ਵਿੱਚ ਪਾਣੀ ਦੀ ਬੱਚਤ ਕਰਨ ਲਈ, ਆਪਦੇ ਮੁਲਕਾਂ ਵਿੱਚ ਖੇਤੀ ਤੋਂ ਬੋਝ ਘਟਾ ਕੇ, ਅਫਰੀਕੀ ਮੁਲਕਾਂ ਵਿੱਚ ਫਾਰਮਿੰਗ ਲਈ ਆਪਦੀਆਂ ਕੰਪਨੀਆਂ ਨੂੰ ਵੱਡੇ ਲੋਨ ਮੁਹੱਈਆ ਕਰਵਾ ਦਿੱਤੇ ਹਨ। ਅਰਬ ਮੁਲਕਾਂ ਦੀ ਨਿਗਾਹ ਸਿਰਫ ਜ਼ਮੀਨ ਤੇ ਹੀ ਨਹੀਂ ਅਫਰੀਕਨ ਮੁਲਕਾਂ ਦੇ ਪਾਣੀ ਤੇ ਵੀ ਹੈ, ਕਿਉਂਕਿ ਯੂਨਾਰਈਟਡ ਨੇਸ਼ਨਜ ਦੀ ਰਿਪੋਰਟ ਦੇ ਮੁਤਾਬਿਕ ਅਗਲੇ ਸੌ ਸਾਲਾਂ ਨੂੰ ਪਾਣੀ ਪਿੱਛੇ ਵੀ ਲੜਾਈਆਂ ਹੋਇਆ ਕਰਨਗੀਆ। ਫੇਰ ਤਾਂ ਗਰੀਬ ਮੁਲਕਾਂ ਦੇ ਲੋਕ ਸਿਰਫ ਭੁੱਖ ਨਾਲ਼ ਹੀ ਨਹੀਂ ਪਿਆਸ ਨਾਲ਼ ਵੀ ਮਰਨਗੇ।

ਵਿਰੋਧ ਜਾਰੀ ਹੈ ਇਹੋ ਜਿਹੀ ਗੱਲ ਵੀ ਨਹੀਂ ਕਿ ਲੋਕ ਇਹ ਸਾਰਾ ਤਮਾਸ਼ਾ ਚੁੱਪ ਕਰਕੇ ਦੇਖ ਰਹੇ ਹਨ। ਅੱਜ ਜਿਸ ਤਰ੍ਹਾਂ ਪੰਜਾਬ ਸੰਘਰਸ਼ ਦੇ ਰਾਹ ਤੁਰਿਆ ਹੈ ਕਿ ਜੇਕਰ ਲੋਕ ਕਿਸੇ ਵੀ ਕਿਸਮ ਦੀ ਧਾਰਮਿਕ ਭੜਕਾਹਟ ਵਿੱਚ ਨਾਂ ਆਏ ਤਦ ਪੰਜਾਬ ਦੀ ਇਹ ਜੱਦੋਜਹਿਦ ਬਾਕੀ ਦੇ ਸਾਰੇ ਮੁਲਕ ਵਿੱਚ ਫੈਲ ਸਕਦੀ ਹੈ ਅਤੇ ਹੋ ਸਕਦਾ ਸਰਕਾਰ ਨੂੰ ਇਹ ਪਾਸ ਹੋਇਆ ਆਰਡੀਨੈਂਸ ਵਾਪਸ ਲੈਣਾ ਪਵੇ। ਸਾਰੀ ਦੁਨੀਆਂ ਵਿੱਚ ਲੋਕ-ਪੱਖੀ ਮੀਡੀਆ ਇਸ ਅਣਹੋਣੀ ਲਈ ਲੋਕਾਂ ਨੂੰ ਚੇਤੰਨ ਕਰ ਰਿਹਾ ਹੈ। ਅੱਗੇ ਨਿਰਭਰ ਕਰਦਾ ਹੈ, ਇਹ ਸੰਘਰਸ਼ ਕੀ ਰੁੱਖ ਅਖਤਿਆਰ ਕਰਦਾ ਹੈ। ਜੇਕਰ ਹਿੰਦ ਤੋਂ ਬਾਹਰ ਦੀ ਗੱਲ ਕਰਾਂ ਤਾਂ ਮੈਡਗਾਸਕਰ ਨਾਂ ਦਾ ਇੱਕ ਦੇਸ਼ ਹੈ। ਉਥੋਂ ਦੀ ਸਰਕਾਰ ਨੇ ਇੱਕ ਕੋਰੀਅਨ ਕੰਪਨੀ 'ਦੈਵੂ ਲੌਗਿਸਟਿਕ' ਨੂੰ ਜ਼ਮੀਨ ਮੁਹੱਈਆ ਕਰਵਾਈ ਸੀ। ਮੈਡਗਾਸਕਰ ਦੇ ਲੋਕਾਂ ਨੇ ਆਪਦੀ ਸਰਕਾਰ ਦੇ ਇਸ ਹੁਦਰੇਪਨ ਦਾ ਇੰਨਾ ਵਿਰੋਧ ਕੀਤਾ ਕਿ ਸਰਕਾਰ ਨੂੰ ਅਸਤੀਫਾ ਦੇਣਾ ਪਿਆ। ਫੇਰ ਉਥੇ ਦੁਬਾਰਾ ਚੋਣਾਂ ਹੋਈਆ ਅਤੇ ਨਵੇਂ ਚੁਣੇ ਗਏ ਪਰਧਾਨ ਨੂੰ ਇਹ ਐਲਾਨ ਕਰਨਾ ਪਿਆ ਕਿ 'ਮੈਡਗਾਸਕਰ ਦੀ ਜ਼ਮੀਨ ਨਾਂ ਹੀ ਸੇਲ ਤੇ ਹੈ ਅਤੇ ਨਾਂ ਹੀ ਕਿਰਾਏ ਤੇ ਦੇਣ ਲਈ ਹੈ'। ਇਹ ਹੈ ਜਾਗੇ ਹੋਏ ਲੋਕਾਂ ਦੀ ਤਾਕਤ। ਇੱਕ ਹੋਰ ਬੜੀ ਖਤਰਨਾਕ ਉਦਾਹਰਣ ਹੈ, ਜੈਫ ਬੀਜੋ ਜਿਹੜਾ ਕਿ ਐਮਾਜੌਨ ਦਾ ਮਾਲਕ ਹੈ ਇਸ ਦੇ ਘਰ ਦੇ ਮੂਹਰੇ ਕੋਈ 'ਗਿਲੋਟੀਨ' ਰੱਖ ਗਿਆ। ਹੁਣ ਪਾਠਕਾਂ ਨੂੰ ਦੱਸ ਦੇਈਏ ਕਿ ਇਹ 'ਗਿਲੋਟੀਨ' ਉਹ ਹਥਿਆਰ ਹੈ ਜਿਹੜਾ ਫਰਾਂਸ ਦੇ ਇਨਕਲਾਬ ਵੇਲ਼ੇ ਲੋਕਾਂ ਨੇ ਸਰਦਾਰਾਂ ਦੇ ਸਿਰ ਵੱਡਣ ਲਈ ਵਰਤਿਆ ਸੀ । ਇਸ ਤੋਂ ਲੋਕਾਂ ਦੇ ਗੁਸੇ ਦਾ ਪਤਾ ਲੱਗ ਜਾਂਦਾ ਹੈ। ਯਾਦ ਰਹੇ ਜੈਫ ਬੀਜੋ ਨੇ ਆਪਦੇ ਘਰ ਮੂਹਰੇ ਗਲਤ ਪਾਰਕ ਕੀਤੇ ਟਰੱਕਾਂ ਕੰਸਟਰੱਕਸ਼ਨ ਵਾਲ਼ੇ ਦਾ ਤੀਹ ਹਜ਼ਾਰ ਜ਼ੁਰਮਾਨਾ ਭਰਿਆ ਹੈ ਜਦ ਕਿ ਦਸ ਹਜਾਰ ਜੁਰਮਾਨਾ ਹੋਣ ਤੇ ਜੇਲ਼ ਦੀ ਹਵਾ ਖਾਣੀ ਪੈ ਸਕਦੀ ਹੈ, ਪਰ ਕੋਈ ਵੀ ਕਨੂੰਨ ਤਕੜੇ ਮੂਹਰੇ ਮੋਮ ਦੀ ਤਰਾਂ ਹੈ। ਅੱਗੇ ਹੀ ਇਹਨਾਂ ਸਰਮਾਏਦਾਰਾਂ ਨੇ ਧਰਤੀ ਦਾ ਬਹੁਤ ਫਾਹਾ ਵੱਡਿਆ ਹੈ। ਕੈਨੇਡਾ ਵਿੱਚ ਇੰਗਲੈਂਡ ਦੇ ਏਰੀਏ ਜਿੰਨਾ ਜੰਗਲ਼ ਵੱਡ ਕੇ ਤੇਲ ਕੰਪਨੀਆਂ ਦੇ ਹਵਾਲੇ ਕੀਤਾ ਜਾ ਚੁੱਕਿਆ ਹੈ। ਦਰਿਆਵਾਂ ਤੇ ਡੈਮ ਬਨਾਉਣ ਲਈ ਇਸ ਦੁਨੀਆਂ ਵਿੱਚ ਲੱਖਾਂ ਹੀ ਪਿੰਡ ਉਜਾੜ ਦਿੱਤੇ ਗਏ ਹਨ ਤੇ ਉਹਨਾਂ ਉਜਾੜੇ ਹੋਏ ਲੋਕਾਂ ਦੇ ਮੁੜ ਵਸੇਬੇ ਦਾ ਕੋਈ ਵੀ ਕਿਤੇ ਵੀ ਇੰਤਜ਼ਾਮ ਨਹੀਂ ਕੀਤਾ ਗਿਆ, ਯਾਦ ਰਹੇ ਇਹ ਵੱਡੇ ਡੈਮ ਇਸ ਕਰਕੇ ਉਸਾਰੇ ਗਏ ਹਨ ਤਾਂ ਕਿ ਸਰਮਾਏਦਾਰਾਂ ਦੀਆਂ ਫੈਕਟਰੀਆਂ ਨੂੰ ਸਸਤੀ ਬਿਜਲੀ ਮੁਹੱਈਆ ਕਰਵਾਈ ਜਾ ਸਕੇ। ਲੱਖਾਂ ਏਕੜ ਐਮਾਜੌਨ ਦਾ ਜੰਗਲ਼ ਇਹਨਾਂ ਕਾਰਪੋਰੇਸ਼ਨਾਂ ਦੀ ਫਾਰਮਿੰਗ ਲਈ ਸਾੜ ਕੇ ਸੁਆਹ ਕਰ ਦਿੱਤਾ ਗਿਆ ਹੈ। ਆਦੀਵਾਸੀ ਲੋਕਾਂ ਤੋਂ ਜ਼ਮੀਨ ਖੋਹਣ ਦਾ ਰੁਝਾਨ ਅਮਰੀਕਾ, ਕੈਨੇਡਾ, ਬਰਾਜੀਲ, ਭਾਰਤ, ਫਿਲਪੀਨ ਜਾਣੀ ਕਿ ਦੁਨੀਆਂ ਭਰ ਵਿੱਚ ਪਹਿਲਾਂ ਵੀ ਜਾਰੀ ਹੈ। ਇਸ ਰੁਝਾਨ ਨੂੰ ਕਿਤੇ ਨਾ ਕਿਤੇ ਤਾਂ ਠੱਲ ਪਾਉਣੀ ਹੀ ਪਵੇਗੀ ਨਾ ਤਾਂ ਧਰਤੀ ਸਭ ਜੀਅ ਜੰਤ ਦਾ ਅਤੇ ਬਨਸਪਤੀ ਦਾ ਬਿਸਤਰਾ ਗੋਲ਼ ਹੋ ਜਾਵੇਗਾ। ਕਿਸਾਨ ਜਿਹੜਾ ਕਿ ਧਰਤੀ ਮਾਂ ਦੀ ਰਾਖੀ ਲਈ ਉਠਆ ਹੈ, ਧਰਤੀ ਨੂੰ ਆਪਦੀ ਮਾਂ ਸਮਝਦਾ ਹੈ ਜਦ ਕਿ ਕਾਰਪੋਰੇਟ ਅਦਾਰਾ ਇਸ ਨੂੰ ਸਿਰਫ ਇੱਕ ਮਨੀ ਮੇਕਿੰਗ ਮਸ਼ੀਨ ਸਮਝਦਾ ਹੈ। ਹੁਣ ਮਾਂ ਦੀ ਰਾਖੀ ਲਈ ਉਠਿਆ ਇਹ ਕਾਫਲਾ ਕਿੰਨਾ ਕੁ ਕਾਮਯਾਬ ਹੁੰਦਾ ਹੈ, ਇਹ ਸਭ ਕੁੱਝ ਇਸ ਦੀ ਏਕਤਾ ਅਤੇ ਪ੍ਰਤੀਬੱਧਤਾ ਤੇ ਨਿਰਭਰ ਕਰਦਾ ਹੈ। ਇਸ ਦੁਨੀਆਂ ਦੀ ਅੱਧੀ ਤੋਂ ਵੀ ਵੱਧ ਅਬਾਦੀ, ਖੇਤੀ ਦੇ ਧੰਦੇ ਵਿੱਚ ਸ਼ਾਮਲ ਹੈ ਜਦੋਂ ਮੈਗਾ ਫਾਰਮ ਬਣ ਰਹੇ ਹਨ ਤਾਂ ਵੱਡੀ ਮਸ਼ੀਨਰੀ ਤਾਂ ਲੱਖਾਂ ਨਹੀਂ ਕਰੋੜਾਂ ਲੋਕਾਂ ਨੂੰ ਬੇਰੁਜ਼ਗਾਰ ਕਰ ਦੇਵੇਗੀ ਅਤੇ ਉਹ ਲੋਕ ਕਿੱਧਰ ਨੂੰ ਜਾਣਗੇ ? ਸਿਆਣਿਆਂ ਦੀ ਕਹੀ ਇਹ ਗੱਲ ਬਿਲਕੁਲ ਸੱਚ ਹੈ ਕਿ ਗਰੀਬ ਦਾ ਢਿੱਡ ਤਾਂ ਭਰ ਸਕਦਾ ਹੈ ਪਰ ਅਮੀਰ ਦੀ ਭੁੱਖ ਹਮੇਸ਼ਾਂ ਵਧਦੀ ਹੀ ਰਹਿੰਦੀ ਹੈ।

# ਐੱਨ ਆਰ ਸੀ ਰਜਿਸਟਰ ਦਾ ਹੰਗਾਮਾ ਹੈ ਕੀ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




2014 ਵਿੱਚ ਜਦੋਂ ਤੋਂ ਮੋਦੀ ਸਰਕਾਰ ਸੱਤਾ ਵਿੱਚ ਉਦੋਂ ਤੋਂ ਹੀ ਕੁਝ ਸ਼ਬਦ ਸੱਤਾ ਧਿਰ ਵੱਲੋਂ ਤੇਜ਼ੀ ਨਾਲ ਉਛਾਲੇ ਜਾਣ ਲੱਗੇ- ਇਹ ਸਨ ਦੇਸ਼ਭਗਤੀ, ਦੇਸ਼ ਧ੍ਰੋਹ, ਨਾਗਰਿਕਤਾ, ਘੁਸਪੈਠ, ਅਸਹਿਨਸ਼ੀਲਤਾ ਆਦਿ ਸਨ। ਨਾਗਰਿਕਤਾ ਵੀ ਸੰਘ-ਭਾਜਪਾ ਦੇ ਲੋਕਾਂ ਦਾ ਚਹੇਤਾ ਸ਼ਬਦ ਸੀ। ਅੱਜ ਭਾਰਤ ਦਾ ਨਾਗਰਿਕ ਕੌਣ ਹੈ?

ਪ੍ਰਾਚੀਨ ਕਾਲ ਵਿੱਚ ਭਾਰਤ ਦੇ ਮੂਲ ਨਿਵਾਸੀ ਕੌਣ ਸਨ? ਪਿੱਛੋਂ ਭਾਰਤ ਆਉਣ ਵਾਲੇ ਗੈਰ-ਹਿੰਦੂ ਧਰਮ ਦੇ ਲੋਕਾਂ ਨੂੰ ਭਾਰਤੀ ਮੰਨਿਆ ਜਾਵੇ ਜਾਂ ਨਹੀਂ ਆਦਿ ਬੇਵਜ੍ਹਾ ਦੇ ਸਵਾਲ ਸੰਘ-ਭਾਜਪਾ ਵੱਲੋਂ ਉਛਾਲੇ ਜਾਣ ਲੱਗੇ। ਇਨ੍ਹਾਂ ਦੇ ਹਿੰਦੂਤਵ ਦੀ ਪਰਿਯੋਜਨਾ ਵਿੱਚ ਇਹਨਾਂ ਸੁਆਲਾਂ ਦਾ ਭਾਰੀ ਮਹੱਤਵ ਸੀ। ਇਨ੍ਹਾਂ ਦੇ ਹਿੰਦੂ ਰਾਸ਼ਟਰ ਚ ਗ਼ੈਰ ਹਿੰਦੂਆਂ ਖਾਸ ਕਰਕੇ ਮੁਸਲਿਮ ਦੀ ਨਾਗਰਿਕਤਾ ਜਾਂ ਤਾਂ ਖੋਹੀ ਜਾਣੀ ਸੀ ਜਾਂ ਉਨ੍ਹਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਮੰਨਿਆ ਜਾਣਾ ਸੀ। ਅਜਿਹੇ ਵਿੱਚ ਅਤੀਤ ਵਿੱਚ ਉਨ੍ਹਾਂ ਨੂੰ ਜੋ ਵੀ ਮਦਦ ਮਿਲ ਸਕਦੀ ਸੀ, ਉਨ੍ਹਾਂ ਨੇ ਲੈਣ ਦੀ ਕੋਸ਼ਿਸ਼ ਕੀਤੀ। ਜਦ ਕੁਝ ਖਾਸ ਮਦਦ ਨਹੀਂ ਮਿਲੀ ਤਾਂ ਆਪਣੀ ਮਰਜ਼ੀ ਦੇ ਝੂਠ ਨੂੰ ਹੀ ਉਨ੍ਹਾਂ ਨੇ ਇਤਿਹਾਸ ਵਿੱਚ ਸਾਬਤ ਕਰਨ ਦੀ ਕਸਮ ਖਾ ਲਈ। ਇਨ੍ਹਾਂ ਦੇ ਹਿੰਦੂ ਰਾਸ਼ਟਰ ਵਿੱਚ ਵਿਦੇਸ਼ੀ ਹਿੰਦੂਆਂ ਦੀ ਵੀ ਚਿੰਤਾ ਕੀਤੀ ਗਈ। ਇਸ ਲਈ ਇਨ੍ਹਾਂ ਨੇ ਝੱਟਪੱਟ ਨਾਗਰਿਕਤਾ ਕਨੂੰਨ ਵਿੱਚ ਸੋਧ ਕਰਕੇ ਗੈਰ ਮੁਸਲਿਮਾਂ (ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼ ਤੋਂ ਆਉਣ ਵਾਲਿਆਂ) ਨੂੰ ਛੇ ਸਾਲ ਭਾਰਤੀ ਵਿੱਚ ਰਹਿਣ ਤੇ ਨਾਗਰਿਕਤਾ ਦੇਣ ਦਾ ਬਿੱਲ ਪੇਸ਼ ਕਰ ਦਿੱਤਾ। ਇਸ ਫਿਰਕੂ ਬਿੱਲ ਵਿੱਚ ਕੇਵਲ ਮੁਸਲਮਾਨਾਂ ਦੇ ਲਈ ਵਿਵਸਥਾਵਾਂ ਸਖਤ ਰੱਖੀਆਂ ਗਈਆਂ। ਇਸ ਦੌਰਾਨ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਅਸਮ ਵਿੱਚ ਬਣੇ ਰਹੇ ਰਾਸ਼ਟਰੀ ਜਨਸੰਖਿਆ ਰਜਿਸਟਰ ਨੇ ਇਨ੍ਹਾਂ ਨੂੰ ਆਪਣੀਆਂ ਫਿਰਕੂ ਤੇ ਅੰਧਰਾਸ਼ਟਰਵਾਦੀ ਰੋਟੀਆਂ ਸੇਕਣ ਦਾ ਮੌਕਾ ਦੇ ਦਿੱਤਾ। ਅਮਿਤ ਸ਼ਾਹ ਮੁੱਠੀ ਤਾਣ ਕੇ "ਬੰਗਲਾਦੇਸ਼ੀ ਘੁਸਪੈਠੀਆਂ" (ਮੁਸਲਿਮ) ਨੂੰ ਕੋਸਣ ਲੱਗੇ। ਘੁਸਪੈਠੀਆਂ ਤੇ ਆਤੰਕ ਦਾ ਰਿਸ਼ਤਾ ਕਾਇਮ ਕੀਤਾ ਜਾਣ ਲੱਗਿਆ। ਰੋਹਿੰਗਿਆ ਸ਼ਰਨਾਰਥੀਆਂ ਨੂੰ ਇਹ ਸੰਘੀ ਅਜੇ ਵੀ ਬਤੌਰ ਸ਼ਰਨਾਰਥੀ ਭਾਰਤ 'ਚ ਰੱਖਣ ਲਈ ਤਿਆਰ ਨਹੀਂ ਹਨ। ਅਸਮ ਦੇ ਰਾਸ਼ਟਰੀ ਜਨਸੰਖਿਆ ਰਜਿਸਟਰ ਦੇ ਪਿੱਛੋਂ ਤੋਂ ਹੁਣ ਇਹ ਇਸ ਨੂੰ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ਗੱਲ ਕਰਨ ਲੱਗੇ ਹਨ ਯਾਨੀ ਜੇ ਇਹ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਹੋ ਜਾਂਦੇ ਹਨ ਤਾਂ ਜੋ ਰੌਲਾ ਅਸਮ ਵਿੱਚ ਕਈ ਸਾਲਾਂ ਤੋਂ ਚੱਲ ਰਿਹਾ ਹੈ ਸਾਰੇ ਦੇਸ਼ ਵਿੱਚ ਭਖ ਜਾਵੇਗਾ। ਦੇਸ਼ ਵਿੱਚ ਹਰ ਨਿਵਾਸੀ ਨੂੰ ਆਪਣੀ ਨਾਗਰਿਕਤਾ ਸਾਬਤ ਕਰਨ ਲਈ ਕਾਗਜ਼ਾਂ/ਸਰਟੀਫਿਕੇਟਾਂ ਦੇ ਜੰਜਾਲ ਵਿੱਚ ਡੁੱਬਣਾ ਪਵੇਗਾ।

ਅਨੇਕਾਂ ਲੋਕਾਂ ਨੂੰ ਵਿਦੇਸ਼ੀ ਦਾ ਦਰਜਾ ਦੇ ਕੇ ਦੇਸ਼ ਚੋਂ ਕੱਢਣ ਦੀਆਂ ਗੱਲਾਂ ਹੋਣਗੀਆਂ ਅਤੇ ਇਹ ਸਭ ਜੇ ਸੰਘ-ਭਾਜਪਾ ਦੀ ਚਾਹਤ ਦੇ ਅਨੁਸਾਰ ਹੋਇਆ ਤਾਂ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੀ ਪਰਿਯੋਜਨਾ ਵਿੱਚ ਇਹ ਜਨ ਸੰਖਿਆ ਰਜਿਸਟਰ ਭਾਰੀ ਮਦਦ ਕਰ ਸਕਦਾ ਹੈ। ਇਸ ਲਈ ਅਮਿਤ ਸ਼ਾਹ ਹਮਲਾਵਰ ਤਰੀਕੇ ਨਾਲ ਇਸ ਨੂੰ ਪੂਰੇ ਦੇਸ਼ ਚ ਲਾਗੂ ਕਰਨ ਦੀ ਗੱਲ ਕਰਦੇ ਆ ਰਹੇ ਹਨ। ਨਾਗਰਿਕਤਾ, ਘੁਸਪੈਠੀਆ, ਵਿਦੇਸ਼ੀਆਂ ਦਾ ਸਵਾਲ ਅੱਜ ਭਾਜਪਾ-ਸੰਘ ਨੂੰ ਆਪਣੀ ਫਿਰਕੂ ਰਾਜਨੀਤੀ ਕਰਨ ਲਈ ਬਹੁਤ ਫਿੱਟ ਆ ਸਕਦਾ ਹੈ। ਪਰ ਇਸ ਸਵਾਲ ਦਾ ਦੇਸ਼ ਦੀ ਮਿਹਨਤਕਸ਼ ਜਨਤਾ ਨਾਲ ਸਿਰਫ ਇਨ੍ਹਾਂ ਹੀ ਸਬੰਧ ਹੈ ਕਿ ਇਹ ਸਵਾਲ ਜਾਤੀ, ਧਰਮ ਦੇ ਸਵਾਲਾਂ ਦੀ ਤਰ੍ਹਾਂ ਜਨਤਾ ਨੂੰ ਵੰਡਣ ਦਾ ਕੰਮ ਕਰਦੇ ਹਨ। ਇਸ ਲਈ ਮਜ਼ਦੂਰ ਵਰਗ ਵਾਰ ਵਾਰ 'ਦੁਨੀਆ ਦੇ ਮਜ਼ਦੂਰੋ ਇੱਕ ਹੋ ਜਾਓ' ਦਾ ਨਾਅਰਾ ਬੁਲੰਦ ਕਰਦੇ ਹੋਏ ਇਹ ਐਲਾਨ ਕਰ ਸਕਦਾ ਹੈ ਕਿ ਜੋ ਵੀ ਲੋਕ ਭਾਰਤ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਭਾਰਤ ਦਾ ਨਾਗਰਿਕ ਮੰਨਿਆ ਜਾਵੇ।

ਇਸ ਮਾਮਲੇ ਵਿੱਚ ਸਾਰੇ ਵੰਡ ਪਾਊ ਕਨੂੰਨ ਬੇਅਸਰ ਹੋਣ। ਜੇ ਦੁਨੀਆਂ ਭਰ ਦੀ ਪੂੰਜੀ ਨੂੰ ਭਾਰਤ ਵਿੱਚ ਆਉਣ ਤੇ ਜਾਣ ਦੀ ਛੋਟ ਹੈ ਤਾਂ ਮਜ਼ਦੂਰਾਂ ਨੂੰ ਵੀ ਕਿਤੇ ਵੀ ਆਉਣ ਜਾਣ ਦੀ ਛੋਟ ਹੋਣੀ ਚਾਹੀਦੀ ਹੈ, ਚਾਹੇ ਬੰਗਲਾਦੇਸ਼ੀ ਹੋਣ ਜਾਂ ਰੋਹਿੰਗੀਆ, ਉਨ੍ਹਾਂ ਨੂੰ ਭਾਰਤੀ ਬਾਗਾਂ ਵਿੱਚ ਵੀ ਕੰਮ ਕਰਨ ਦੀ ਖੁਲ੍ਹ ਹੋਵੇ। ਬੰਗਾਲੀ ਆਬਾਦੀ (ਹਿੰਦੂ-ਮੁਸਲਿਮ ਦੋਨੋਂ) ਵੱਡੀ ਗਿਣਤੀ ਵਿੱਚ ਬ੍ਰਹਮਪੁੱਤਰ ਘਾਟੀ ਵਿੱਚ ਵਸੇ ਗਏ ਅਤੇ ਉਨ੍ਹਾਂ ਨੇ ਅਸਮਿਆ ਭਾਸ਼ਾ ਤੇ ਸੰਸਕਿ ?ਤ ਅਪਣਾ ਲਈ। 1930 ਦੇ ਦਹਾਕੇ ਦੀ ਸ਼ੁਰੂਆਤ ਵਿੱਚ ਬੰਗਾਲ ਤੋਂ ਆਏ ਲੋਕਾਂ ਨੇ ਖੁਦ ਨੂੰ ਜਨਗਣਨਾ ਵਿੱਚ ਅਸਮੀ ਲੋਕਾਂ ਚ ਸ਼ਾਮਲ ਮੰਨਣ ਦੀ ਮੰਗ ਕੀਤੀ। ਅਸਮ ਦੇ ਸਥਾਨਕ ਨਿਵਾਸੀਆਂ ਤੇ ਬੋਡੋ ਜਨਜਾਤੀ ਵਿੱਚ ਬੰਗਾਲੀ ਲੋਕਾਂ ਨੂੰ ਬਾਹਰੀ ਤੇ ਆਪਣੇ ਲਈ ਖਤਰਾ ਮੰਨਿਆ। ਇਸ ਦੌਰਾਨ ਫਿਰਕੂ ਜਨੂੰਨ ਦੇ ਬੀਜ ਬੀਜਣ ਵਿੱਚ ਬ੍ਰਿਟਿਸ਼ ਹਾਕਮਾਂ ਦੀ ਵੀ ਭੂਮਿਕਾ ਰਹੀ ਜੋ ਵੰਡੋ ਤੇ ਰਾਜ ਕਰੋ ਦੀ ਨੀਤੀ ਨਾਲ ਹਕੂਮਤ ਕਰਦੇ ਸਨ। ਫਿਰਕੂ ਜਨੂੰਨ ਦੇ ਇਸ ਤੋਂ ਪਹਿਲਾਂ 1920 ਦੇ ਦਹਾਕੇ ਵਿੱਚ ਵੀ ਸੰਕੇਤ ਮਿਲ ਚੁੱਕੇ ਸਨ ਜਦ ਅਸਮੀ ਲੋਕਾਂ ਨੇ ਆਪਣੀ ਭੂਮੀ ਪਹਿਚਾਣ ਤੇ ਸੱਭਿਆਚਾਰ ਬੰਗਾਲੀ ਲੋਕਾਂ ਦੇ ਹੱਥੋਂ ਖੋਹਣ ਦਾ ਡਰ ਪੈਦਾ ਹੋ ਗਿਆ ਸੀ। 20 ਦੇ ਦਹਾਕੇ ਵਿੱਚ ਅਸਮ ਲੋਕਾਂ ਦੇ ਸੰਘਰਸ਼ ਕਾਰਨ ਬ੍ਰਿਟਿਸ਼ ਹਾਕਮਾਂ ਨੂੰ ਅਸਮ ਵਿੱਚ ਮਨਮਾਨੇ ਤਰੀਕੇ ਨਾਲ ਲੀਕ ਖਿੱਚ ਕੇ ਕੁਝ ਹੱਦਾਂ ਬਣਾਉਣੀਆਂ ਪਈਆਂ।

ਇਨ੍ਹਾਂ ਹੱਦਾਂ ਦੇ ਅੰਦਰ ਬੰਗਾਲੀ ਲੋਕਾਂ ਨੂੰ ਵਸਣ ਦੀ ਮਨਾਹੀ ਹੋ ਗਈ। ਬਾਹਰ ਤੋਂ ਆਏ ਬੰਗਾਲੀ ਤੇ ਹੋਰ ਲੋਕਾਂ ਨੇ ਵੀ ਇਨ੍ਹਾਂ ਹੱਦਾਂ ਦਾ ਵਿਰੋਧ ਕੀਤਾ ਪਰ ਇਹ ਸਿਸਟਮ ਜਾਰੀ ਰਿਹਾ। ਇਸ ਦੇ ਨਾਲ ਅਸਮੀ ਤੇ ਬੰਗਾਲੀ ਲੋਕਾਂ ਦਾ ਆਪਸੀ ਵਿਰੋਧ ਅਤੇ ਟਕਰਾਅ ਵੀ ਵਧਦਾ ਗਿਆ। ਬੰਗਾਲੀ ਲੋਕਾਂ ਦੀ ਖੇਤੀ, ਸਨਅਤ, ਕਾਰੋਬਾਰ ਵਿੱਚ ਤਰੱਕੀ ਸਥਾਨਕ ਲੋਕਾਂ ਨੂੰ ਪਸੰਦ ਨਹੀਂ ਆਉਂਦੀ ਸੀ। ਆਜ਼ਾਦੀ ਮੌਕੇ ਹੋਈ ਵੰਡ ਦੇ ਸਮੇਂ ਅਸਮ ਵੀ ਫ਼ਿਰਕੂ ਦੰਗਿਆਂ ਦਾ ਸ਼ਿਕਾਰ ਹੋਇਆ। ਮੁਸਲਿਮਾਂ ਨੂੰ ਇਹਨਾਂ ਦੰਗਿਆਂ ਦੀ ਅਸਮ ਵਿੱਚ ਕਰੋਪੀ ਵੱਧ ਝਲਣੀ ਪਈ ਬੰਗਾਲੀ ਮੁਸਲਮਾਨਾਂ ਦੀ ਇੱਕ ਅੱਛੀ ਖਾਸੀ ਗਿਣਤੀ ਅਸਮ ਤੋਂ ਪੂਰਬੀ ਪਾਕਿਸਤਾਨ ਚਲੀ ਗਈ ਪਰ ਪਿੱਛੋਂ ਨਹਿਰੂ-ਲਿਆਕਤ ਸੰਧੀ ਦੇ ਤਹਿਤ ਉਨ੍ਹਾਂ ਨੂੰ ਵਾਪਸ ਅਸਮ ਵਿੱਚ ਆਉਣ ਦਾ ਮੌਕਾ ਮਿਲਿਆ।

1950 ਵਿੱਚ ਭਾਰਤ ਸਰਕਾਰ ਨੇ ਇਮਾਈਗ੍ਰੇਟਸ (ਅਸਮ ਤੋਂ ਨਿਕਲੋ) ਐਕਟ ਪਾਸ ਕੀਤਾ। ਇਸ ਦੇ ਤਹਿਤ ਨਾਜਾਇਜ਼ ਤੌਰ ਤੇ ਅਸਮ ਵਿੱਚ ਆਏ ਅਪ੍ਰਵਾਸੀਆਂ ਨੂੰ ਬਾਹਰ ਕੱਢਣਾ ਸੀ। ਇਸ ਹਿੱਤ 1951 ਵਿੱਚ ਪਹਿਲੀ ਵਾਰ ਅਸਾਮ ਵਿੱਚ ਜਨਸੰਖਿਆ ਰਜਿਸਟਰ ਬਣਾਇਆ ਗਿਆ। ਹਾਲਾਂਕਿ ਉਦੋਂ ਤੋਂ ਇਸ ਨੂੰ ਲਾਗੂ ਕਰਨਾ ਕਠਿਨ ਬਣਿਆ ਰਿਹਾ। 1960 ਦੇ ਦਹਾਕੇ ਵਿੱਚ ਭਾਰਤ ਪਾਕਿਸਤਾਨ ਦੇ ਆਪਸੀ ਵਧਦੇ ਝਗੜੇ ਦੇ ਪ੍ਰਸੰਗ ਵਿੱਚ ਪਰਵੈਨਸ਼ਨ ਆਫ ਇਨਫਿਲਟਰੇਸ਼ਨ ਫਰੌਮ ਪਾਕਿਸਤਾਨ ਦੇ ਤਹਿਤ ਪੂਰਬੀ ਪਾਕਿਸਤਾਨ ਤੋਂ ਆਏ ਮੁਸਲਮਾਨ ਦੀ ਇੱਕ ਗਿਣਤੀ ਨੂੰ ਜਬਰਨ ਪੂਰਬੀ ਪਾਕਿਸਤਾਨ ਭੇਜ ਦਿੱਤਾ ਗਿਆ। ਇਸ ਕੰਮ ਨੂੰ ਅਸਮ ਪੁਲਿਸ ਦੀ ਬਾਰਡਰ ਯੂਨਿਟ ਨੇ ਕਾਫੀ ਮਨਮਰਜ਼ੀ ਨਾਲ ਕੀਤਾ। ਉਸ ਨੇ ਮਨਮਾਨੇ ਢੰਗ ਨਾਲ ਪਾਕਿਸਤਾਨੀ ਲੋਕਾਂ ਦੀ ਪਹਿਚਾਣ ਕੀਤੀ। ਇਸ ਤੋਂ ਪਿੱਛੋਂ ਵੀ 60 ਤੇ 70 ਦੇ ਦਹਾਕੇ ਵਿੱਚ ਪੂਰਬੀ ਪਾਕਿਸਤਾਨ (ਬਾਅਦ ਵਿੱਚ ਬੰਗਲਾਦੇਸ਼) ਤੋਂ ਬੰਗਾਲੀ ਆਬਾਦੀ ਅਸਮ ਵਿੱਚ ਆਉਂਦੀ ਰਹੀ ਇਸ ਆਬਾਦੀ ਦੇ ਖਿਲਾਫ ਆਲ ਅਸਮ ਸਟੂਡੈਂਟਸ ਯੂਨੀਅਨ (ਆਸੂ) ਨੇ ਸੰਘਰਸ਼ ਦੀ ਸ਼ੁਰੂਆਤ ਕੀਤੀ, ਜੋ ਕਈ ਵਾਰ ਹਿੰਸਕ ਹਮਲਿਆਂ ਵਿੱਚ ਵੀ ਬਦਲੀ। ਇਸ ਦੀ ਹਿੰਸਾ ਦੇ ਨਿਸ਼ਾਨੇ ਤੇ ਬੰਗਾਲੀ ਹਿੰਦੂ ਤੇ ਮੁਸਲਮਾਨ ਦੋਨੋਂ ਸਨ।

ਹਾਲਾਂਕਿ ਮੁਸਲਿਮਾਂ ਦੇ ਨਾਲ ਹਿੰਸਾ ਦੀ ਜ਼ਿਆਦਾ ਵਾਰਦਾਤਾਂ ਹੋਈਆਂ। 1983 ਵਿੱਚ ਜਦ ਇੰਦਰਾ ਗਾਂਧੀ ਨੇ ਬੰਗਲਾਦੇਸ਼ ਤੋਂ ਆਏ ਲੋਕਾਂ ਨੂੰ ਰਾਜ ਚੋਣਾਂ ਵਿੱਚ ਵੋਟ ਦਾ ਅਧਿਕਾਰ ਦੇਣ ਦੀ ਗੱਲ ਕੀਤੀ ਤਾਂ ਕਰੀਬ ਦੋ ਹਜ਼ਾਰ ਮੁਸਲਿਮਾਂ ਦੀ ਜਾਨ ਲੈਣ ਵਾਲਾ ਨੇਲੀ ਕਤਲੇਆਮ ਰਚਿਆ ਗਿਆ। ਅੰਤ ਵਿੱਚ ਆਸੂ ਦੇ ਅੰਦੋਲਨ ਦੇ ਦਬਾਅ ਹੇਠ ਇਲ-ਲੀਗੱਲ ਮਾਈਗ੍ਰੇਟ ਟ੍ਰਿਬਿਊਨਲ (ਆਈ ਐੱਮ ਡੀ ਟੀ) ਦਾ ਗਠਨ 1983 ਵਿੱਚ ਕੀਤਾ ਗਿਆ। ਇਸ ਦੇ ਤਹਿਤ ਜਿਸ ਵਿਅਕਤੀ ਦੇ ਵਿਦੇਸ਼ੀ ਹੋਣ ਦਾ ਦੋਸ਼ ਕੋਈ ਲਾਉਂਦਾ ਸੀ ਤਾਂ ਦੋਸ਼ ਲਾਉਣ ਵਾਲੇ ਨੂੰ ਸਿੱਧ ਕਰਨਾ ਪੈਂਦਾ ਸੀ ਕਿ ਉਹ ਵਿਦੇਸ਼ੀ ਹੈ ਕਿਉਂਕਿ ਇਹ ਸਿੱਧ ਔਖਾ ਸੀ, ਇਸ ਲਈ ਇਸ ਦੇ ਤਹਿਤ ਬੇਹੱਦ ਘੱਟ ਲੋਕਾਂ ਨੂੰ ਵਿਦੇਸ਼ੀ ਕਰਾਰ ਦਿੱਤਾ ਗਿਆ। ਪਿੱਛੋਂ 2005 ਵਿੱਚ ਸੁਪਰੀਮ ਕੋਰਟ ਨੇ ਭਾਜਪਾ ਦੇ ਸਾਬਕਾ ਮੁੱਖ ਮੰਤਰੀ ਸਰਵਾਨੰਦ ਸੋਨੇਵਾਲ ਦੀ ਪਟੀਸ਼ਨ ਤੇ ਆਈ ਐੱਮ ਡੀ ਟੀ ਕਾਨੂੰਨ ਨੂੰ ਖਤਮ ਐਲਾਨ ਦਿੱਤਾ ਗਿਆ। 1985 ਵਿੱਚ ਆਸੂ ਦਾ ਅੰਦੋਲਨ ਰਾਜੀਵ ਗਾਂਧੀ ਦੇ ਨਾਲ ਕੀਤੇ ਗਏ ਅਸਮ ਸਮਝੌਤੇ ਨਾਲ ਖਤਮ ਹੋਇਆ।

ਇਸ ਸਮਝੌਤੇ ਤਹਿਤ ਤੈਅ ਕੀਤਾ ਗਿਆ ਕਿ ਇਹ ਇੱਕ ਜਨਵਰੀ 1966 ਤੋਂ ਪਹਿਲਾਂ ਅਸਮ ਵਿੱਚ ਆਏ ਲੋਕਾਂ ਨੂੰ ਨਾਗਰਿਕ ਮੰਨਿਆ ਜਾਵੇਗਾ। ਇੱਕ ਜਨਵਰੀ 1966 ਤੋਂ 24 ਮਾਰਚ 1971ਦੇ ਵਿਚਕਾਰ ਅਸਮ ਆਏ ਲੋਕਾਂ ਨੂੰ ਫੌਰਨਰਜ਼ ਐਕਟ 1946 ਦੇ ਤਹਿਤ ਗਠਿਤ ਟ੍ਰਿਬਿਊਨਲ ਦਾ ਸਾਹਮਣਾ ਕਰਨਾ ਪਵੇਗਾ। 24 ਮਾਰਚ 1971 ਪਿੱਛੋਂ ਆਏ ਲੋਕਾਂ ਨੂੰ ਅਸਮ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਇਸ ਵਾਸਤੇ ਇੱਕ ਰਾਸ਼ਟਰੀ ਜਨਸੰਖਿਆ ਰਜਿਸਟਰ ਬਣਾਇਆ ਜਾਵੇਗਾ ਪਰ ਰਜੀਵ ਗਾਂਧੀ ਦੇ ਕਾਰਜਕਾਲ ਵਿਚ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਕੋਈ ਵਿਸ਼ੇਸ਼ ਕੋਸ਼ਿਸ਼ ਨਹੀਂ ਕੀਤੀ ਗਈ। 90 ਦੇ ਦਹਾਕੇ ਦੇ ਅੰਧ ਵਿੱਚ ਚੋਣ ਕਮਿਸ਼ਨ ਨੇ ਅਸਮ ਦੇ ਲੋਕਾਂ ਨੂੰ 1971 ਤੋਂ ਪਹਿਲਾਂ ਰਹਿਣ ਦੇ ਦਸਤਾਵੇਜ਼ ਪੇਸ਼ ਕਰਨ ਨੂੰ ਕਿਹਾ ਅਤੇ ਜੋ ਲੋਕ ਅਜਿਹਾ ਕਰਨ ਵਿੱਚ ਨਾਕਾਮ ਹੋ ਉਨ੍ਹਾਂ ਦੇ ਨਾਂ ਦੇ ਅੱਗੇ ਚੋਣ ਸੂਚੀ ਵਿੱਚ ਡੀ ਅੰਕਿਤ ਕਰਕੇ ਉਨ੍ਹਾਂ ਨੂੰ ਡੀ ਵੋਟਰਜ਼ ਐਲਾਨ ਦਿੱਤਾ ਗਿਆ ਅਤੇ ਉਨ੍ਹਾਂ ਦੇ ਕੇਸਾਂ ਨੂੰ ਫੌਰਨਰਜ਼ ਟ੍ਰਿਬਿਊਨਲ ਕੋਲ ਸੌਂਪ ਦਿੱਤਾ ਗਿਆ।

2013 ਵਿੱਚ ਅਸਮ ਪਬਲਿਕ ਵਰਕਸ ਤੇ ਅਸਮ ਸੰਮਿਲਤ ਮਹਾਂਸੰਘ ਦੀ ਬੇਨਤੀ ਤੇ ਸੁਪਰੀਮ ਕੋਰਟ ਨੇ ਅਸਮ ਵਿੱਚ ਰਾਸ਼ਟਰੀ ਜਨਸੰਖਿਆ ਰਜਿਸਟਰ ਬਣਾਉਣ ਦਾ ਨਿਰਦੇਸ਼ ਜਾਰੀ ਕਰ ਦਿੱਤਾ। 2015 ਵਿੱਚ ਐੱਨ ਆਰ ਸੀ ਬਣਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਗਿਆ ਇਸ ਅਮਲ ਨੇ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਮੁਕੰਮਲ ਹੋਣਾ ਸੀ। ਇਸ ਤਰ੍ਹਾਂ ਅਮਲ ਵਿੱਚ ਨਾਗਰਿਕਤਾ ਪਹਿਚਾਣ ਦੀਆਂ ਦੋ ਪ੍ਰਕ੍ਰਿਆਵਾਂ ਸ਼ੁਰੂ ਹੋ ਗਈਆਂ, ਇੱਕ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਐਨਆਰਸੀ ਦਾ ਨਿਰਮਾਣ ਤੇ ਦੂਜਾ ਫੌਰਨਰਜ਼ ਐਕਟ 1946 ਦੇ ਤਹਿਤ ਗਠਿਤ ਟ੍ਰਿਬਿਊਨਲ ਦੁਆਰਾ ਮਾਮਲਿਆਂ ਦਾ ਨਿਪਟਾਰਾ। ਜਿੱਥੇ ਐੱਨ ਆਰ ਸੀ ਨਾਗਰਿਕਤਾ ਕਾਨੂੰਨ 1956 ਤੇ ਨਾਗਰਿਕਤਾ ਨਿਯਮ 2003 ਦੇ ਤਹਿਤ ਬਣਨੀ ਸੀ ਉੱਥੇ ਫੌਰਨਰਜ਼ ਟ੍ਰਿਬਿਊਨਲ ਨੇ 1946 ਦੇ ਕਨੂੰਨ ਦੇ ਤਹਿਤ ਕੰਮ ਕਰਨਾ ਸੀ। ਫਾਰਨਰਜ਼ ਐਕਟ 1946 ਦੇ ਤਹਿਤ ਵਿਦੇਸ਼ੀ ਵਿਅਕਤੀ ਦੀ ਪਹਿਚਾਣ ਉਸ ਦੇ ਰੰਗ ਰੂਪ ਨਾਲ ਹੋਣੀ ਸੀ। ਆਜ਼ਾਦੀ ਤੋਂ ਪਿੱਛੋਂ ਇਸ ਦੀ ਵਰਤੋਂ ਅਸਮ ਦੀ ਬਾਰਡਰ ਪੁਲਿਸ ਮਨਮਾਨੇ ਢੰਗ ਨਾਲ ਕਰਦੀ ਰਹੀ ਹੈ ਤੇ ਮਨਮਾਨੇ ਢੰਗ ਨਾਲ ਲੋਕਾਂ ਨੂੰ ਵਿਦੇਸ਼ੀ ਹੋਣ ਦਾ ਠੱਪਾ ਲਾਉਂਦੀ ਰਹੀ; ਹੁਣ ਵਿਦੇਸ਼ੀ ਵਿਅਕਤੀ ਨੂੰ ਫੌਰਨਰਜ਼ ਟ੍ਰਿਬਿਊਨਲ ਦੇ ਸਾਹਮਣੇ ਆਪਣੇ ਵਿਦੇਸ਼ੀ ਨਹੀਂ ਹੋਣ ਦੇ ਸਬੂਤ ਦੇਣੇ ਹੁੰਦੇ ਸਨ। ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ 2015 ਪਹਿਲਾਂ ਬਣ ਰਹੇ ਜਨ ਸੰਖਿਆ ਰਜਿਸਟਰ ਦੇ ਤਹਿਤ ਲੋਕਾਂ ਨੂੰ 24 ਮਾਰਚ 1971 ਤੋਂ ਪਹਿਲਾਂ ਅਸਮ ਵਿੱਚ ਆਉਣ ਦੇ ਸਬੂਤ ਪੇਸ਼ ਕਰਨੇ ਸਨ। ਇਸ ਦੇ ਲਈ ਉਹ ਅਨੇਕਾਂ ਦਸਤਾਵੇਜ਼ ਪੇਸ਼ ਕਰ ਸਕਦੇ ਸਨ ਪਰ ਸਾਰੇ ਲੋਕਾਂ ਦੇ ਲਈ ਇਨੇ ਪੁਰਾਣੇ ਸਮੇਂ ਦਾ ਸਬੂਤ ਪੇਸ਼ ਕਰਨਾ ਸੌਖਾ ਨਹੀਂ ਸੀ ਖਾਸ ਕਰ ਕਰਕੇ ਜਾਇਦਾਦ ਤੋਂ ਵਾਂਝੇ ਲੋਕਾਂ, ਮਜ਼ਦੂਰਾਂ ਤੇ ਗ਼ਰੀਬਾਂ ਲਈ ਅਜਿਹੇ ਸਬੂਤ ਇਕੱਠੇ ਕਰਨੇ ਸੌਖੇ ਨਹੀਂ ਸਨ। ਇਸ ਲਈ ਜਦ ਐੱਨ ਆਰ ਸੀ ਦੀ ਪਹਿਲੀ ਸੂਚੀ ਜਾਰੀ ਹੋਈ ਤਾਂ ਇਸ ਵਿੱਚ ਚਾਲੀ ਲੱਖ ਲੋਕਾਂ ਦੇ ਨਾਮ ਦਰਜ ਹੀ ਨਹੀਂ ਸਨ। ਇਸ ਵਿੱਚ ਬੰਗਾਲੀ ਲੋਕਾਂ ਦੇ ਨਾਲ ਕੁਝ ਸਥਾਨਕ ਆਦਿਵਾਸੀ ਲੋਕਾਂ ਤੱਕ ਦੇ ਨਾਂ ਕੱਟੇ ਹੋਏ ਸਨ। ਪਿੱਛੋਂ 26 ਜੂਨ ਨੂੰ ਐੱਨ ਆਰ ਸੀ ਨੇ 1.02 ਲੱਖ ਉਨ੍ਹਾਂ ਲੋਕਾਂ ਦੇ ਨਾਮ ਵੀ ਸੂਚੀ ਤੋਂ ਬਾਹਰ ਐਲਾਨ ਦਿੱਤੇ ਜਿਹਨਾਂ ਦਾ ਮਸਲਾ ਫੌਰਨਰਜ਼ ਟ੍ਰਿਬਿਊਨ ਵਿੱਚ ਚਲ ਰਿਹਾ ਹੈ।

ਇਸ ਪਿੱਛੋਂ ਲੋਕਾਂ ਨੂੰ ਆਪਣਾ ਨਾਂ ਸ਼ਾਮਲ ਕਰਾਉਣ ਤੇ ਰਜਿਸਟਰ ਵਿੱਚ ਸ਼ਾਮਲ ਨਾਂ ਤੇ ਇਤਰਾਜ਼ ਕਰਨ ਦਾ ਮੌਕਾ ਦਿੱਤਾ ਗਿਆ। ਇਨ੍ਹਾਂ ਇਤਰਾਜ਼ਾਂ ਤੇ ਸੁਣਵਾਈ ਪੂਰੀ ਹੋਕੇ ਅੰਤਿਮ ਰਜਿਸਟਰ 30 ਜੂਨ 2019 ਤੱਕ ਜਾਰੀ ਹੋਣਾ ਸੀ। ਇਸ ਨੂੰ ਹੁਣ ਸੁਪਰੀਮ ਕੋਰਟ ਨੇ 31 ਅਗਸਤ 2019 ਤੱਕ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਰਜਿਸਟਰ ਨੂੰ ਬਣਾਉਣ, ਇਤਰਾਜ਼ਾਂ ਦੀ ਸੁਣਵਾਈ ਵਿੱਚ ਭਾਰੀ ਵਿਗਾੜਾਂ ਦੇ ਦੋਸ਼ ਲਗਦੇ ਰਹੇ ਹਨ। ਚਾਲੀ ਲੱਖ ਲੋਕਾਂ ਵਿੱਚੋਂ ਪੰਦਰਾਂ ਲੱਖ ਮੁਸਲਿਮ ਦੱਸੇ ਜਾ ਰਹੇ ਹਾਂ, ਜਿਨ੍ਹਾਂ ਦੇ ਨਾਂ ਰਜਿਸਟਰ ਵਿਚ ਨਹੀਂ ਸਨ। ਅਕਸਰ ਐੱਨ ਆਰ ਸੀ ਅਧਿਕਾਰੀ ਜੋ ਖੁਦ ਫਿਰਕੂ ਰੁੱਖ ਦੇ ਸ਼ਿਕਾਰ ਹਨ ਮੁਸਲਿਮਾਂ ਦੇ ਦਾਅਵਿਆਂ ਵਿੱਚ ਅੜਿੱਕਾ ਲਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਦੇਖੇ ਗਏ। ਜਿੱਥੇ ਇਨ੍ਹਾਂ ਚਾਲੀ ਲੱਖ ਲੋਕ ਲੋਕਾਂ ਦੇ ਅਨੇਕਾਂ ਵਿਵਾਦਗ੍ਰਸਤ ਮਾਮਲੇ ਸ਼ਾਮਲ ਸਨ। ਮਿਸਾਲ ਵਜੋਂ ਸਾਬਕਾ ਰਾਸ਼ਟਰਪਤੀ ਦੇ ਰਿਸ਼ਤੇਦਾਰ ਦਾ ਨਾਮ ਨਾ ਹੋਣਾ, ਬਾਪ ਦਾ ਨਾਮ ਹੋਣਾ ਪਰ ਪੁੱਤਰ ਦਾ ਨਾ ਹੋਣਾ ਆਦਿ। ਹੁਣ ਅੰਤਿਮ ਰਜਿਸਟਰ ਦਾ ਕੀ ਹੱਲ ਹੁੰਦਾ ਹੈ ਇਹ ਵਕਤ ਦੱਸੇਗਾ।

ਅਜੇ ਇਹ ਤੈਅ ਨਹੀਂ ਹੈ ਕਿ ਜਿਸ ਦਾ ਨਾਮ ਰਜਿਸਟਰੀ ਵਿੱਚ ਨਹੀਂ ਸ਼ਾਮਲ ਹੋਵੇਗਾ ਉਸ ਦੇ ਨਾਲ ਕੀ ਸਲੂਕ ਕੀਤਾ ਜਾਵੇਗਾ। ਮੰਨਿਆ ਜਾ ਰਿਹੈ ਕਿ ਇਨ੍ਹਾਂ ਲੋਕਾਂ ਦਾ ਮਾਮਲਾ ਫੌਰਨਰਜ਼ ਟ੍ਰਿਬਿਊਨਲ ਵਿੱਚ ਭੇਜਿਆ ਜਾਵੇਗਾ ਜਿੱਥੇ ਵਿਅਕਤੀ ਨੂੰ ਵਿਦੇਸ਼ੀ ਐਲਾਨੇ ਹੋਣ ਤੇ ਵਿਅਕਤੀ ਨੂੰ ਡਿਟੈਂਸ਼ਨ ਕੰਪਿਊਟ ਕੈਂਪ ਵਿੱਚ ਭੇਜ ਦਿੱਤਾ ਜਾਂਦਾ ਹੈ। 1964 ਤੋਂ ਗਠਿਤ ਇਹ ਫੌਰਨਰਜ਼ ਟ੍ਰਿਬਿਊਨਲ ਅਨੇਕਾਂ ਲੋਕਾਂ ਨੂੰ ਪਹਿਲਾਂ ਵੀ ਵਿਦੇਸ਼ੀ ਐਲਾਨ ਕੇ ਡਿਟੈਂਸ਼ਨ ਕੈਂਪ ਵਿੱਚ ਭੇਜਦਾ ਰਿਹਾ ਹੈ। ਇੱਕ ਆਬਾਦੀ ਅੱਜ ਵੀ ਅਸਮ ਵਿੱਚ ਇਨ੍ਹਾਂ ਕੈਂਪਾਂ ਵਿੱਚ ਰਹਿ ਰਹੀ ਹੈ। ਇਨ੍ਹਾਂ ਟ੍ਰਿਬਿਊਨਲਾਂ ਵਿੱਚ ਮਨਮਾਨੇ ਤਰੀਕੇ ਨਾਲ ਨਵੇਂ ਵਕੀਲਾਂ ਦੀ ਨਿਯੁਕਤੀ ਕੀਤੀ ਗਈ ਸੀ ਜਿਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਦਾ ਕੋਈ ਖ਼ਾਸ ਤਜਰਬਾ ਨਹੀਂ ਸੀ ਅਜਿਹੇ ਵਿੱਚ ਗ਼ੈਰ ਤਜ਼ਰਬੇਕਾਰ ਕਈ ਜੱਜ ਲੋਕਾਂ ਨੂੰ "ਵਿਦੇਸ਼ੀ" ਕਰਾਰ ਦੇ ਰਹੇ ਹਨ। ਸਰਕਾਰ ਡਿਟੈਂਸ਼ਨ ਕੈਂਪ ਵਧਾਉਣ ਅਤੇ ਫਿਰਨਰਜ਼ ਟ੍ਰਿਬਿਊਨਲ ਵਧਾਉਣ ਦੀ ਗੱਲ ਕਰ ਰਹੀ ਹੈ ਪਰ ਲੱਖਾਂ ਦੀ ਆਬਾਦੀ ਨੂੰ ਅਜਿਹੀ ਕੈਂਪਾਂ ਵਿੱਚ ਰੱਖਣਾ ਮੁਸ਼ਕਿਲ ਹੈ। ਇਨ੍ਹਾਂ ਲੋਕਾਂ ਨੂੰ ਵਾਪਸ ਬੰਗਲਾ ਦੇਸ਼ ਵੀ ਨਹੀਂ ਭੇਜਿਆ ਜਾ ਸਕਦਾ ਕਿਉਂਕਿ ਬੰਗਲਾਦੇਸ਼ ਨਾਲ ਇਸ ਪ੍ਰਸੰਗ ਵਿੱਚ ਕੋਈ ਸੰਧੀ ਨਹੀਂ ਹੈ ਅਜਿਹੇ ਵਿਚ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਇਨ੍ਹਾਂ ਲੋਕਾਂ ਦੀ ਨਾਗਰਿਕਤਾ ਖੋਹ ਕੇ ਦੇਸ਼ ਵਿੱਚ ਸ਼ਰਨਾਰਥੀ ਦਾ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਜਾਵੇ। ਜਾਹਿਰ ਹੈ ਗਰੀਬ ਇਸ ਦੇ ਵੱਧ ਗਿਣਤੀ ਵਿੱਚ ਸ਼ਿਕਾਰ ਹੋਣਗੇ। ਸੰਘ ਭਾਜਪਾ ਸਰਕਾਰ ਆਪਣੇ ਫ਼ਿਰਕੂ ਨਾਗਰਿਕਤਾ ਸੋਧ ਬਿੱਲ ਦੇ ਜ਼ਰੀਏ ਇਸ ਆਬਾਦੀ ਵਿੱਚ ਗੈਰ ਮੁਸਲਿਮਾਂ ਨੂੰ ਕੁਝ ਸਾਲਾਂ ਵਿੱਚ ਨਾਗਰਿਕਤਾ ਦੇ ਦੇਣ ਅਤੇ ਮੁਸਲਿਮਾਂ ਨੂੰ ਦੋਮ ਦਰਜੇ ਦਾ ਜੀਵਨ ਜਿਊਣ ਲਈ ਮਜਬੂਰ ਕਰਕੇ ਆਪਣਾ ਹਿੰਦੂ ਰਾਸ਼ਟਰ ਦਾ ਸੁਪਨਾ ਸਾਕਾਰ ਹੁੰਦਾ ਦੇਖਣ ਦੀ ਫਿਰਾਕ ਵਿੱਚ ਹਨ।

ਅਜਿਹਾ ਦੇਖਦੇ ਹੋਏ ਭਾਰਤ ਵਿੱਚ ਵੱਡੀ ਆਬਾਦੀ ਬੰਗਲਾਦੇਸ਼ ਤੋਂ ਹੀ ਆਜ਼ਾਦੀ ਤੋਂ ਬਾਅਦ ਆਈ ਹੈ। ਜਦ ਸੰਘੀ ਦੇਸ਼ ਵਿੱਚ ਇਸ ਰਜਿਸਟਰ ਨੂੰ ਲਾਗੂ ਕਰਨ ਦੀ ਗੱਲ ਕਰਨਗੇ ਤਾਂ ਉਨ੍ਹਾਂ ਦੇ ਨਿਸ਼ਾਨੇ ਤੇ ਇਕ ਵਾਰ ਫਿਰ ਤੋਂ ਬੰਗਲਾ ਮੁਸਲਿਮ ਹੋਣਗੇ। ਅਜਿਹੇ ਵਿੱਚ ਭਾਜਪਾ-ਸੰਘ ਦੇ ਫਿਰਕੂ ਨਾਗਰਿਕਤਾ ਬਿੱਲ ਦਾ ਵਿਰੋਧ ਕਰਦੇ ਹੋਏ ਇਹ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਜਿਨ੍ਹਾਂ ਲੋਕਾਂ ਦੀ ਨਾਗਰਿਕਤਾ ਖੋਹੀ ਜਾ ਰਹੀ ਹੈ ਉਨ੍ਹਾਂ ਨੂੰ ਦੇਸ਼ ਵਿੱਚ ਨਾ ਸਿਰਫ਼ ਪੂਰਨ ਬਰਾਬਰੀ ਨਾਲ ਜਿਊਣ ਦਾ ਹੱਕ ਦਿੱਤਾ ਜਾਵੇ ਬਲਕਿ ਦੇਸ਼ ਦੀ ਨਾਗਰਿਕਤਾ ਵੀ ਵਾਪਸ ਕੀਤੀ ਜਾਵੇ ਪਰ ਪੂੰਜੀਵਾਦੀ ਹਾਕਮ ਆਪਣੇ ਸੌੜੇ ਨਿੱਜੀ ਸਵਾਰਥਾਂ ਦੇ ਚੱਲਦਿਆਂ ਇਹ ਸੰਘਰਸ਼ ਕੀਤੇ ਬਿਨਾ ਅਜਿਹਾ ਕਰਨ ਲਈ ਤਿਆਰ ਨਹੀਂ ਹੋਣਗੇ।

# ਮੋਦੀ ਹਕੂਮਤ ਅਤੇ ਸੰਘੀ ਲਾਣੇ ਦੀ ਫਿਰਕੂ ਸਿਆਸਤ ਦੀ ਨਿੰਦਾ : ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ ਵਿੰਨੀਪੈਗ

ਭਾਰਤ ਦੀ ਆਰ. ਐਸ.ਐਸ.ਦੇ ਫੱਟੇ ਭਾਜਪਾ ਦੀ ਮੋਦੀ ਸਰਕਾਰ ਵੱਲੋਂ ਇੱਕ ਪਾਸੇ ਜਲ, ਜੰਗਲ਼,ਜ਼ਮੀਨ, ਖਾਣਾ, ਆਵਾਜਾਈ ਤੇ ਸੰਚਾਰ ਦੇ ਸਾਧਨਾਂ, ਬੈਂਕਾਂ, ਰੇਲਾਂ, ਹਵਾਈ ਸੇਵਾਵਾਂ ਆਦਿ ਨੂੰ ਦੇਸੀ-ਬਦੇਸੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਲੁਟਾਉਣ ਦਾ ਰਾਹ ਫੜਿਆ ਹੋਇਆ ਹੈ। ਲੋਕਾਂ ਦੇ ਰੁਜ਼ਗਾਰ ਅਤੇ ਕਮਾਈ ਦੇ ਸਾਧਨਾਂ 'ਤੇ ਝਪਟਿਆ ਜਾ ਰਿਹਾ ਹੈ , ਦੂਜੇ ਪਾਸੇ ਇਸ ਆਰਥਿਕ ਹੱਲੇ ਖ਼ਿਲਾਫ਼ ਸੰਘਰਸ਼ਸ਼ੀਲ ਅਤੇ ਅਵਾਜ਼ ਉਠਾਉਣ ਵਾਲ਼ੀਆਂ ਇਨਕਲਾਬੀ ਜਮਹੂਰੀ, ਖੱਬੇਪੱਖੀ, ਅਗਾਂਹਵਧੂ ਅਤੇ ਇਨਸਾਫਪਸੰਦ ਤਾਕਤਾਂ, ਸ਼ਖ਼ਸੀਅਤਾਂ, ਬੁੱਧੀ-ਜੀਵੀਆਂ, ਪੱਤਰਕਾਰਾਂ, ਵਕੀਲਾਂ ਅਤੇ ਵਿਦਿਆਰਥੀਆਂ ਦੀ ਸੰਘੀ ਘੁੱਟਣ ਲਈ ਜਬਰ ਦਾ ਹੱਲਾ ਬੋਲਿਆ ਹੋਇਆਂ ਹੈ। ਹੁਣ ਕੋਵਿਡ-19 ਦੀਆਂ ਹਾਲਤਾਂ ਦਾ ਲਾਹਾ ਲੈਂਦਿਆਂ, ਇਸ ਹੱਲੇ ਨੂੰ ਹੋਰ ਵੀ ਤਿੱਖਾ ਅਤੇ ਵਿਆਪਕ ਕੀਤਾ ਜਾ ਰਿਹਾ ਹੈ। ਲੋਕਾਂ ਦੇ ਇਕੱਠੇ ਹੋਣ, ਰੈਲੀਆ ਅਤੇ ਵਿਖਾਵੇ ਕਰਨ 'ਤੇ ਪਾਬੰਦੀਆਂ ਮੜ੍ਹੀਆਂ ਜਾ ਰਹੀਆਂ ਹਨ। ਉਭਰਵੇਂ ਸਿਆਸੀ ਤੇ ਸਮਾਜਿਕ ਕਾਰਕੁੰਨਾਂ 'ਤੇ ਯੂ .ਏ .ਪੀ .ਏ .ਵਰਗੇ ਕਾਲੇ ਕਾਨੂੰਨ ਮੜ੍ਹਦਿਆਂ ਥਾਣਿਆਂ 'ਚ ਜ਼ਲੀਲ ਕੀਤਾ ਅਤੇ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ। ਵਿਸ਼ੇਸ਼ ਕਰਕੇ ਸੀ. ਏ.ਏ.(ਸਿਟੀਜਨ ਅਮੈਂਡਮੈਂਟ ਐਕਟ), ਐਨ.ਪੀ.ਆਰ (ਨੈਸ਼ਨਲ ਪਾਪੂਲੇਸ਼ਨ ਰਜਿਸਟਰ) ਅਤੇ ਐਨ. ਆਰ. ਸੀ (ਨੈਸ਼ਨਲ ਰਜਿਸਟਰ ਆਫ ਸਿਟੀਜਨਜ਼) ਖ਼ਿਲਾਫ਼ ਸ਼ਾਹੀਨਬਾਗ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਜਾਮੀਆ ਇਸਲਾਮੀਆ ਯੂਨੀਵਰਸਿਟੀ ਅਤੇ ਮੁਲਕ ਦੇ ਹੋਰਨਾਂ ਥਾਵਾਂ 'ਤੇ ਰੋਸ-ਪਰਦਰਸ਼ਨਾਂ 'ਚ ਮੋਹਰੀ ਰੋਲ ਨਿਭਾਉਣ ਵਾਲੇ ਅਣਗਿਣਤ ਕਾਰਕੁੰਨਾਂ 'ਤੇ ਝੂਠੇ ਦੋਸ਼ ਪੱਤਰ ਤਿਆਰ ਕਰਦਿਆਂ, ਉਹਨਾਂ ਨੂੰ ਜੇਲ੍ਹਾਂ 'ਚ ਤਾੜਿਆ ਜਾ ਰਿਹਾ ਹੈ।

ਸਿਰੇ ਦੀ ਗੱਲ ਇਹ ਹੈ ਕਿ ਮਹਾਂਰਾਸਟਰ ਦੇ ਭੀਮਾ ਕੋਰੇਗਾਉ 'ਚ ਦਲਿਤਾਂ ਵੱਲੋਂ ਸੂਰਬੀਰਤਾ ਦਿਨ ਮਨਾਉਣ ਲਈ ਕੀਤੇ ਇਕੱਠ 'ਤੇ ਫਿਰਕੂ - ਜਨੂੰਨੀ ਹਿੰਦੂ ਗਰੋਹਾਂ ਵੱਲੋਂ ਹਿੰਸਕ ਹਮਲਾ ਕੀਤਾ ਗਿਆ ਸੀ ਅਤੇ ਇਸੇ ਤਰ੍ਹਾਂ 24 ਫ਼ਰਵਰੀ 2020 ਨੂੰ ਦਿੱਲੀ ਵਿਖੇ ਭਾਜਪਾ ਵੱਲੋਂ ਬਾਹਰੋਂ ਗੁੰਡੇ ਅਤੇ ਬੁਰਛਾਗਰਦ ਨਾਲ ਲਿਆਕੇ ਵਿਉਂਤੇ ਹਿੰਸ਼ਕ ਹਮਲਿਆਂ ਤੇ ਸਾੜਫੂਕ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਪਰ ਦੋਵਾਂ ਮਾਮਲਿਆਂ 'ਚ ਕੇਂਦਰੀ ਹਕੂਮਤ ਦੇ ਹੁਕਮ ਵਜਾਉਂਦਿਆਂ ਸੁਰੱਖਿਆ ਏਜੰਸੀਆਂ ਵੱਲੋਂ ਫਿਰਕੂ-ਫਾਸ਼ੀ ਹਿੰਦੂ ਗਰੋਹਾਂ ਦੇ ਬੁਰਛਾਗਰਦ ਸਰਗਣਿਆ, ਮੈਂਬਰਾਂ ਅਤੇ ਸ਼ਰੇਆਮ ਨ਼ਫ਼ਰਤ ਭੜਕਾਉਣ ਅਤੇ ਹਿੰਸਕ ਹਮਲਿਆਂ ਦਾ ਸੱਦਾ ਦਿੰਦੇ ਭਾਜਪਾਈ ਆਗੂਆਂ 'ਤੇ ਕੇਸ ਦਰਜ ਕਰਨ ਦੀ ਬਜਾਇ,ਉਲਟਾ ਇਸ ਹਿੰਸਾ ਤੇ ਮਾਰਧਾੜ ਦਾ ਸ਼ਿਕਾਰ ਬਣੇ ਮੁਸਲਮਾਨ ਤੇ ਦਲਿਤ ਭਾਈਚਾਰੇ ਦੇ ਲੋਕਾਂ 'ਤੇ ਧੜਾਧੜ ਕੇਸ ਦਰਜ ਕਰਨ ਦਾ ਸਿਲਸਿਲਾ ਤੋਰ ਲਿਆ ਹੈ। ਇਸ ਦੇ ਨਾਲ ਹੀ ਫਿਰਕੂ ਹਿੰਦੂ ਲੱਠਮਾਰ ਗਰੋਹਾਂ ਵੱਲੋਂ ਕੀਤੇ ਕਾਤਲਾਨਾ ਹਮਲਿਆਂ ਅਤੇ ਮਾਰਧਾੜ ਖ਼ਿਲਾਫ਼ ਹੱਕੀ ਅਵਾਜ਼ ਉਠਾਉਣ ਵਾਲ਼ੀਆਂ ਜਥੇਬੰਦੀਆਂ ਦੇ ਆਗੂਆਂ ,ਬੁਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਯੂ.ਏ.ਪੀ.ਏ ਵਰਗੇ ਕਾਲੇ ਕਾਨੂੰਨ ਮੜ੍ਹਦਿਆਂ ਜੇਲ੍ਹਾਂ 'ਚ ਬੰਦ ਕਰਨ ਦਾ ਰਾਹ ਫੜ ਲਿਆ ਹੈ।

ਇੱਥੇ ਹੀ ਬੱਸ ਨਹੀਂ-ਜੰਮੂ ਕਸ਼ਮੀਰ 'ਚੋ ਧਾਰਾ 370 ਅਤੇ 35 ਏ ਹਟਾਉਣ ਦੀ ਧੌਂਸ਼ਬਾਜ ਕਾਰਵਾਈ ਕਰਦਿਆਂ ਸਭੇ ਸੰਵਿਧਾਨਿਕ ਕਾਇਦੇ-ਕਾਨੂੰਨਾਂ ਨੂੰ ਛਿੱਕੇ 'ਤੇ ਟੰਗਦਿਆਂ , ਸੂਬੇ ਨੂੰ ਦੋ ਹਿੱਸਿਆਂ 'ਚ ਵੰਡ ਦਿੱਤਾ ਗਿਆ ਅਤੇ ਯੂਨੀਅਨ ਸਾਸ਼ਤ ਇਲਾਕੇ ਐਲਾਨਦਿਆਂ , ਉੱਥੇ ਰਾਸ਼ਟਰਪਤੀ ਰਾਜ ਦੇ ਨਾਂ ਹੇਠ ਨੰਗਾ-ਚਿੱਟਾ ਫ਼ੌਜੀ ਰਾਜ ਮੜ੍ਹ ਦਿੱਤਾ ਗਿਆ ਹੈ। ਇੱਕ ਸਾਲ ਤੋਂ ਉੱਪਰ ਹੋ ਗਿਆ ਹੈ, ਕਸ਼ਮੀਰ ਦੇ ਲੋਕਾਂ ਨੂੰ ਫ਼ੌਜੀ ਸੰਗੀਨਾਂ ਦੀ ਦਹਿਸ਼ਤ ਹੇਠ ਜੀਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੂੰ ਜੀਣ ਦੇ ਹੱਕ ਸਮੇਤ ਸਭ ਤਰ੍ਹਾਂ ਦੀਆਂ ਨਿਗੂਣੀਆਂ ਸ਼ਹਿਰੀ ਆਜ਼ਾਦੀਆਂ ਤੋਂ ਵਾਂਝਾ ਕੀਤਾ ਹੋਇਆਂ ਹੈ ।ਹਥਿਆਰਬੰਦ ਨੀਮ-ਫ਼ੌਜੀ ਅਤੇ ਫ਼ੌਜੀ ਧਾੜਾਂ ਵੱਲੋਂ ਪਿੰਡਾਂ ਦੀ ਘੇਰਾਬੰਦੀ ਕਰਦਿਆਂ, ਜਬਰੀ ਤਲਾਸ਼ੀਆਂ ਲਈਆਂ ਜਾ ਰਹੀਆਂ ਹਨ, ਲੋਕਾਂ ਨੂੰ ਕੁੱਟਿਆ-ਮਾਰਿਆ ਤੇ ਜ਼ਲੀਲ ਕੀਤਾ ਜਾ ਰਿਹਾ ਹੈ ਅਤੇ ਨਿਹੱਥੇ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ 'ਚ ਮਾਰ ਖਪਾਇਆ ਜਾ ਰਿਹਾ ਹੈ।

ਮੋਦੀ ਹਕੂਮਤ ਵੱਲੋਂ ਲੋਕਾਂ ਵੱਲ ਸੇਧਤ ਜਬਰ-ਜ਼ੁਲਮ ਦਾ ਧਾਵਾ ਸਿਰਫ ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਅਧਿਕਾਰਾਂ ਤੱਕ ਹੀ ਸ਼ੀਮਤ ਨਹੀਂ ਹੈ। ਇਸਦੀ ਧਾਰ ਸਭਨਾਂ ਧਾਰਮਿਕ ਘੱਟ- ਗਿਣਤੀਆਂ (ਮੁਸਲਮਾਨਾਂ, ਸਿੱਖਾਂ, ਈਸਾਈਆਂ, ਬੋਧੀਆਂ, ਜੈਨੀਆਂ ਆਦਿ) ਵਿਸ਼ੇਸ਼ ਕਰਕੇ ਮੁਸਲਮਾਨ ਭਾਈਚਾਰੇ ਖ਼ਿਲਾਫ਼ ਸੇਧੀ ਹੋਈ ਹੈ। ਆਰ.ਐਸ.ਐਸ ਦੀ ਅਗਵਾਈ ਹੇਠਲੇ ਸੰਘ ਲਾਣੇ ਅਤੇ ਮੋਦੀ ਹਕੂਮਤ ਵੱਲੋਂ ਹਾਲ ਦੀ ਘੜੀ ਮੁਸਲਮਾਨ ਭਾਈਚਾਰੇ ਨੂੰ ਚੋਣਵਾਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤਾਂ ਇਸਦਾ ਇੱਕੋ ਇੱਕ ਕਾਰਣ ਇਹ ਹੈ ਕਿ ਮੁਸਲਮਾਨਾਂ ਦਾ ਪਾਕਿਸਤਾਨ ਅਤੇ ਕਸ਼ਮੀਰੀ ਮੁਸਲਮਾਨਾਂ ਨਾਲ ਕੜੀ-ਜੋੜ ਕਰਦਿਆਂ, ਮੁਲਕ ਦੀ ਬਹੁਗਿਣਤੀ ਬਣਦੇ ਹਿੰਦੂ ਭਾਈਚਾਰੇ ਅੰਦਰ ਫਿਰਕੂ ਨ਼ਫ਼ਰਤ ਭੜਕਾਉਣਾ ਅਤੇ ਫਿਰਕੂ ਪਾਲਾਬੰਦੀ ਨੂੰ ਉਗਾਸਾ ਦੇਣਾ ਮੁਕਾਬਲਤਨ ਸੌਖਾ ਹੈ। ਦੂਜੀਆਂ ਧਾਰਮਿਕ ਘੱਟ-ਗਿਣਤੀਆਂ ਦੀ ਆਜਾਦਾਨਾ ਹੈਸੀਅਤ ਨੂੰ ਤਾਂ ਸੰਘ ਲਾਣਾ ਪਰਵਾਨ ਹੀ ਨਹੀਂ ਕਰਦਾ। ਉਲਟਾ ਉਨ੍ਹਾਂ ਨੂੰ ਧੱਕੇ ਨਾਲ ਹਿੰਦੂ ਫ਼ਿਰਕੇ ਦੇ ਅੰਗ ਹੋਣ ਦਾ ਦਾਅਵਾ ਕਰਦਾ ਹੈ। ਪਿਛਲੇ ਅਰਸੇ 'ਚ ਕਦੇ ਬਾਬਰੀ ਮਸਜਿਦ, ਕਦੇ ਲਵਜਿਹਾਦ, ਕਦੀ ਗਊ-ਰੱਖਿਆ ਅਤੇ ਫਿਰ ਸੀ. ਏ.ਏ ਤੇ ਐਨ. ਆਰ.ਸ਼ੀ ਦੇ ਮੁੱਦਿਆਂ ਨੂੰ ਉਛਾਲਦਿਆਂ ਮੁਸਲਮਾਨ ਅਤੇ ਦਲਿਤ ਭਾਈਚਾਰੇ ਖ਼ਿਲਾਫ਼ ਫਿਰਕੂ ਨ਼ਫ਼ਰਤ ਨੂੰ ਲਾਂਬੂ ਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਜਿਸਦੇ ਸਿੱਟੇ ਵਜੋਂ ਮੁਸਲਮਾਨਾਂ 'ਤੇ ਕਾਤਲਾਨਾ ਹਮਲਿਆਂ ਦੀ ਸ਼ੁਰੂਆਤ ਹੋਈ। ਇਨ੍ਹਾਂ ਹਮਲਿਆਂ 'ਚ ਦਰਜਨਾਂ ਮੁਸਲਿਮ ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਸਿਲਸਿਲੇ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੋਣ ਕਰਕੇ ਪੁਲਸ ਤੇ ਕਾਨੂੰਨ-ਕਚਹਿਰੀਆਂ ਵੱਲੋਂ ਦੋਸ਼ੀਆਂ ਦੀ ਬਜਾਇ, ਉਲਟਾ ਇਨ੍ਹਾਂ ਹਮਲਿਆਂ ਦੇ ਸ਼ਿਕਾਰ ਲੋਕਾਂ ਨੂੰ ਹੀ ਮੁਜਰਿਮਾਂ ਦੇ ਕਟਹਿਰੇ 'ਚ ਖੜ੍ਹਾ ਕਰਨ 'ਤੇ ਤਾਣ ਲਾਇਆ ਗਿਆ।

ਮੋਦੀ ਹਕੂਮਤ ਤੇ ਭਾਜਪਾ ਦੀਆ ਸੂਬਾਈ ਸਰਕਾਰਾਂ ਅਤੇ ਸੰਘ -ਲਾਣੇ ਵੱਲੋਂ ਜਿੱਥੇ ਭਾਰਤ ਦੇ ਲੋਕਾਂ, ਵਿਸ਼ੇਸ਼ ਕਰਕੇ ਧਾਰਮਿਕ ਘੱਟ-ਗਿਣਤੀਆਂ ਖ਼ਿਲਾਫ਼ ਵਿੱਢੀਆ ਫਿਰਕੂ-ਜਨੂੰਨੀ ਹਮਲਾਵਰ ਕਾਰਵਾਈਆਂ ਦਾ ਸਿਲਸਿਲਾ ਹੀ ਜ਼ੋਰ ਨਹੀਂ ਫੜ ਰਿਹਾ, ਸਗੋਂ ਇਨ੍ਹਾਂ ਕਾਰਵਾਈਆਂ ਖ਼ਿਲਾਫ਼ ਉੱਠਦੀ ਹਰ ਅਵਾਜ਼ ਦੀ ਸੰਘੀ ਨੱਪਣ ਲਈ ਸੰਘਰਸ਼ਸ਼ੀਲ ਤੇ ਇਨਸਾਫ਼ਪਸੰਦ ਲੋਕਾਂ ਖ਼ਿਲਾਫ਼ ਧੜਾ ਧੜ ਨਿਹੱਕੇ ਕੇਸ ਮੜ੍ਹਦਿਆਂ, ਜੇਲ੍ਹਾਂ -ਥਾਣਿਆਂ 'ਚ ਬੰਦ ਕਰਨ ਦਾ ਅਮਲ ਵੀ ਜ਼ੋਰਾਂ 'ਤੇ ਹੈ।

ਉਪਰੋਕਤ ਸੰਖੇਪ ਵਿਆਖਿਆ ਦਿਖਾਉਂਦੀ ਹੈ ਕਿ ਲੋਕਾਂ ਖ਼ਿਲਾਫ਼ ਵਿੱਢਿਆ ਜਾਬਰ ਹੱਲਾ ਭਾਰਤੀ ਰਾਜ, ਭਾਜਪਾ ਸਰਕਾਰ, ਸਰਕਾਰੀ ਹਥਿਆਰਬੰਦ ਤਾਕਤਾਂ ਅਤੇ ਸੰਘ ਲਾਣੇ ਦੇ ਫਿਰਕੂ-ਫਾਸ਼ੀ ਗਰੋਹਾਂ ਦੇ ਨਾਪਾਕ ਗੱਠਜੋੜ ਵੱਲੋਂ ਵਿੱਢਿਆ ਗਿਆ ਹੈ। ਇਸ ਨੰਗੀ-ਚਿੱਟੀ ਹਕੀਕਤ ਨੇ ਭਾਰਤੀ ਰਾਜ ਦੇ ਚਿਹਰੇ 'ਤੇ ਸ਼ਿੰਗਾਰੇ ਅਖੌਤੀ ਜਮਹੂਰੀਅਤ ਦੇ ਨਕਾਬ ਨੂੰ ਭਰਾੜ ਕਰਦਿਆਂ ਇਸਦੇ ਫਿਰਕੂ-ਫਾਸ਼ੀ ਹਿੰਦੂਤਵੀ ਚਿਹਰੇ ਨੂੰ ਬੇਪਰਦ ਕਰ ਦਿੱਤਾ ਹੈ। ਇਸੇ ਕਰਕੇ ਭੀਮਾ ਕੋਰੇਗਾਉਂ ਅਤੇ ਦਿੱਲੀ ਆਦਿ ਥਾਂਵਾਂ 'ਤੇ ਫਿਰਕੂ-ਫਾਸ਼ੀ ਹਿੰਦੂ ਜਥੇਬੰਦੀਆਂ ਵੱਲੋਂ ਕੀਤੀਆਂ ਹਿੰਸਕ ਕਾਰਵਾਈਆਂ 'ਚ,ਉਨ੍ਹਾਂ ਨੂੰ ਮੁਜਰਿਮ ਕਰਾਰ ਦੇਣ ਦੀ ਬਜਾਇ, ਇਸ ਹਿੰਸਾ ਦੇ ਸ਼ਿਕਾਰ ਲੋਕਾਂ ਨੂੰ ਝੂਠੇ ਸੰਗੀਨ ਕੇਸਾਂ 'ਚ ਫਸਾਇਆ ਜਾ ਰਿਹਾ ਹੈ। ਇਸਦਾ ਕਾਰਨ ਵੀ ਇਹੀ ਹੈ, ਕਿ ਰਾਜ ਦੀਆਂ ਸੁਰੱਖਿਆ ਏਜੰਸੀਆਂ ਅਤੇ ਭਾਜਪਾਈ ਮੰਤਰੀਆਂ ਸੰਤਰੀਆਂ ਨੂੰ ਫਿਰਕੂ-ਹਿੰਦੂ ਗਰੋਹਾਂ ਵੱਲੋਂ ਲੋਕਾਂ 'ਤੇ ਕੀਤੇ ਕਾਤਲਾਨਾ ਹਮਲੇ ਅਤੇ ਮਾਰ-ਧਾੜ ਦੀਆਂ ਕਾਰਵਾਈਆਂ ਸਹੀ ਹੀ ਨਹੀਂ ਲੱਗਦੀਆਂ, ਸਗੋਂ ਉਹ ਇਨ੍ਹਾਂ ਕਾਰਵਾਈਆਂ 'ਚ ਅਸਿੱਧੇ/ਸਿੱਧੇ ਸ਼ਾਮਲ ਵੀ ਸਨ। ਜਿੰਨ੍ਹਾਂ ਵਿਅਕਤੀਆਂ ਨੂੰ ਝੂਠੇ ਮੁਕੱਦਮਿਆ 'ਚ ਉਲ਼ਝਾਕੇ ਜੇਲ੍ਹੀ ਡੱਕਿਆ ਗਿਆ ਜਾਂ ਡੱਕਣ ਦੀਆ ਤਿਆਰੀਆਂ ਕੀਤੀਆ ਜਾ ਰਹੀਆਂ ਹਨ, ਉਹਨਾਂ ਦੇ ਨਾਂ ਇਹ ਹਨ : ਭੀਮਾ ਕੋਰੇਗਾਉਂ ਮਾਮਲੇ 'ਚ ਵਾਰਵਰਾ ਰਾਓ, ਪ੍ਰੋ: ਅਨੰਦ ਤੇਲਤੂਬੜੇ, ਸੁਧਾ ਭਾਰਦਵਾਜ, ਗੌਤਮ ਨਵਲੱਖਾ, ਸੁਰਿੰਦਰ ਗੈਡਲਿੰਗ, ਰੋਨਾ ਵਿਲਸਨ, ਮਹੇਸ਼ ਰਾਉਤ ਅਤੇ ਹੋਰ। ਪ੍ਰੋ: ਸਾਈਂ ਬਾਬਾ -90% ਅਪਾਹਜ ਡਾ: ਕਾਫ਼ੀਲ ਖਾਨ।

ਦਿੱਲੀ ਹਿੰਸਕ ਮਾਮਲਿਆਂ ਸੰਬੰਧੀ ਹਰਸ਼ ਮੰਦਰ, ਪ੍ਰੋ: ਅਪੂਰਵਾਨੰਦ, ਜੋਗਿੰਦਰ ਯਾਦਵ, ਰਾਮਚੰਦਰ ਗੂਹਾ, ਵਜ਼ਾਹਤ ਹਬੀਬੁੱਲਾ, ਜੋਇਆ ਹਸਨ, ਮਾਰਥਾ ਚੈਟਰਜੀ, ਜਯਤੀ ਘੋਸ਼, ਸਫ਼ੂਰਾ ਜ਼ਰਗਰ, ਉਮਰ ਖਾਲ਼ਿਦ ਆਦਿ।

ਇਸਦੇ ਐਨ ਉਲਟ-ਗੋਆ 'ਚ ਹੈਡਕੁਆਰਟਰ ਬਣਾਈ ਬੈਠੇ ਹਿੰਦੂ ਸਨਾਤਨ ਸੰਗਠਨ ਦੇ ਕਾਰਕੁੰਨਾਂ ਵੱਲੋਂ ਡਾ: ਦਭੋਲਕਰ (ਪੂਨਾ) ਉੱਘੀ ਪੱਤਰਕਾਰ ਗੌਰੀ ਲੰਕੇਸ਼ (ਬੰਗਲੌਰ) ਸਮਾਜਿਕ ਕਾਰਕੁੰਨ ਗੋਬਿੰਦ ਪਨਸਾਰੇ (ਮਹਾਰਾਸ਼ਟਰ) ਅਤੇ ਕਲਬੁਰਗੀ (ਬੰਗਲੌਰ) ਨੂੰ ਕਤਲ ਕੀਤਾ ਗਿਆ, ਪਰ ਅੱਜ ਤੱਕ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ ਅਤੇ ਨਾ ਹੀ ਉਸ ਜਥੇਬੰਦੀ ਦਾ ਵਾਲ ਵਿੰਗਾ ਹੋਇਆ ਹੈ। ਦਿੱਲੀ ਅਸੰਬਲੀ ਚੋਣਾਂ 'ਚ ਸ਼ਰੇਆਮ ਭੜਕਾਊ ਭਾਸ਼ਣਾਂ ਤੇ ਨਾਹਰਿਆਂ ਨਾਲ ਸੀ.ਏ.ਏ ਅਤੇ ਐਨ. ਆਰ. ਸੀ. ਖ਼ਿਲਾਫ਼ ਹਿੰਸਾ ਭੜਕਾਉਣ ਵਾਲੇ ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਕਪਿਲ ਮਿਸ਼ਰਾ ਅਤੇ ਸੰਸਦ ਮੈਂਬਰ ਪ੍ਰਵੇਸ਼ ਵਰਮਾ 'ਤੇ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਹਿੰਸਕ ਹਿੰਦੂ ਫਿਰਕਾਪ੍ਰਸਤ ਗਰੋਹਾ ਦੀ ਅਗਵਾਈ ਕਰਨ ਵਾਲੇ ਕਪਿਲ ਮਿਸ਼ਰਾ ਅਤੇ ਹੋਰ ਭਾਜਪਾਈ ਆਗੂ ਦਨਦਨਾਉਦੇ ਫਿਰਦੇ ਹਨ।

18ਜਨਵਰੀ 2007 ਨੂੰ ਸਮਝੌਤਾ ਐਕਸਪਰੈਸ (ਦਿੱਲੀ ਤੋਂ ਲਾਹੌਰ ਜਾਣ ਵਾਲੀ) ਰੇਲ ਗੱਡੀ 'ਚ ਬੰਬ ਧਮਾਕੇ ਕਰਕੇ 68 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸੇ ਤਰ੍ਹਾਂ ਮਾਲੇਗਾਉਂ (ਮਹਾਰਾਸ਼ਟਰ) 'ਚ ਬੰਬ ਧਮਾਕਿਆਂ ਰਾਹੀਂ ਦਰਜਨ ਦੇ ਕਰੀਬ ਬੰਦਿਆਂ ਨੂੰ ਮਾਰ ਦਿੱਤਾ ਗਿਆ। ਇਨ੍ਹਾਂ ਧਮਾਕਿਆਂ 'ਚ ਦੋਸ਼ੀ ਪਾਏ ਗਏ (ਨੈਸ਼ਨਲ ਸੁਰੱਖਿਆ ਏਜੰਸੀ ਵੱਲੋਂ) ਵਿਅਕਤੀਆਂ 'ਚ ਸੁਆਮੀ ਅਸੀਮਾਨੰਦ ਤੇ ਚਾਰ ਵਿਅਕਤੀਆਂ ਨੂੰ ਸਾਫ਼ ਬਰੀ ਕਰ ਦਿੱਤਾ ਗਿਆ। ਇਸੇ ਤਰ੍ਹਾਂ ਹੀ ਮਾਲੇਗਾਉਂ ਧਮਾਕਿਆਂ ਦੀ ਦੋਸ਼ੀ ਟਿੱਕੀ ਗਈ ਸਾਧਵੀ ਪ੍ਰਗਿਆ ਠਾਕਰ ਅਤੇ ਕਰਨਲ ਪਰੋਹਤ ਨੂੰ ਕਲੀਨ ਚਿੱਟ ਹੀ ਨਹੀਂ ਦਿੱਤੀ ਗਈ, ਸਗੋਂ ਸਾਧਵੀ ਪ੍ਰਗਿਆ ਠਾਕੁਰ ਨੂੰ ਭਾਜਪਾ ਵੱਲੋਂ ਲੋਕ ਸਭਾ ਦੀ ਟਿਕਟ ਨਾਲ ਨਿਵਾਜਿਆ ਗਿਆ।

ਸੋ ਆਓ ਸਾਰੇ ਇਨਸਾਫਪਸੰਦ ਲੋਕ ਰਲਕੇ ਇਸ ਜ਼ੁਲਮ ਜਬਰ ਦੇ ਖ਼ਿਲਾਫ਼ ਅਵਾਜ਼ ਉਠਾਈਏ ਅਤੇ ਕੈਨੇਡਾ ਸਰਕਾਰ ਤੋਂ ਮੰਗ ਕਰੀਏ ਕਿ ਉਹ ਭਾਰਤ ਸਰਕਾਰ ਤੇ ਦਬਾਅ ਪਾਏ ਕਿ ਜੇਲ੍ਹੀ ਡੱਕੇ ਬੇਕਸੂਰ ਲੋਕਾਂ, ਬੁੱਧੀਜੀਵੀਆ, ਸਮਾਜਿਕ ਕਾਰਕੁੰਨਾਂ, ਲੇਖਕਾਂ, ਵਕੀਲਾਂ ਅਤੇ ਵਿਦਿਆਰਥੀਆਂ ਨੂੰ ਰਿਹਾਅ ਕਰੇ ਅਤੇ ਉਨ੍ਹਾਂ ਤੇ ਦਰਜ ਝੂਠੇ ਪਰਚੇ ਰੱਦ ਕਰੇ ।ਇਸ ਲ਼ਈ ਮਿਤੀ 10 ਅਕਤੂਬਰ 2020 ਦਿਨ ਸਨਿੱਚਰਵਾਰ ਨੂੰ ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ ਲੈਜਿਸਲੇਟਿਵ ਅਸੰਬਲੀ ਦੀ ਗਰਾਊਂਡ (west side) ਸਾਢੇ ਬਾਰਾਂ ਤੋਂ ਤਿੰਨ ਵਜੇ ਤੱਕ ਕੀਤੀ ਜਾ ਰਹੀ ਰੋਸ ਰੈਲੀ 'ਚ ਸ਼ਾਮਲ ਹੋਈਏ।




## ਕੈਨੇਡਾ ਦੀਆਂ ਜਥੇਬੰਦੀਆਂ ਵਲੋਂ ਜੰਮੂ ਕਸ਼ਮੀਰ ਦੀ ਨਵੀਂ ਸਿੱਖਿਆ ਨੀਤੀ ਵਿੱਚੋਂ ਪੰਜਾਬੀ ਨੂੰ ਬਾਹਰ ਕਰਨ ਉੱਤੇ ਸਖਤ ਸ਼ਬਦਾਂ ਵਿੱਚ ਨਿਖੇਧੀ

ਸਰੋਕਾਰਾਂ ਦੀ ਆਵਾਜ਼ ਟੋਰਾਂਟੋ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਤੇ ਪੰਜਾਬੀ ਲਿਖਾਰੀ ਸਭਾ ਅਤੇ ਅਰਪਨ ਲਿਖਾਰੀ ਵਲੋਂ ਜੰਮੂ ਕਸ਼ਮੀਰ ਦੀ ਨਵੀਂ ਸਿੱਖਿਆ ਨੀਤੀ ਵਿਚੋਂ ਪੰਜਾਬੀ ਨੂੰ ਬਾਹਰ ਕਰਨ ਉਤੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਭਾਸ਼ਾ ਕਿਸੇ ਵੀ ਕੌਮ ਜਾਂ ਸੂਬੇ ਦੀ ਪਛਾਣ, ਸ਼ਨਾਖਤ ਤੇ ਆਵਾਜ਼ ਹੁੰਦੀ ਹੈ। ਜਿੱਥੇ ਪੰਜਾਬੀ ਭਾਸ਼ਾ ਦਾ ਵਿਦੇਸ਼ਾਂ ਵਿੱਚ ਰੇਡੀਓ, ਟੀ ਵੀ, ਅਖਬਾਰ, ਮੈਗਜੀਨ, ਸਾਹਿਤਕ ਸੰਸਥਾਵਾਂ ਤੇ ਪੰਜਾਬੀਆਂ ਦੀਆਂ ਅਨੇਕਾਂ ਕੋਸ਼ਿਸ਼ਾ ਸਦਕਾ ਪਸਾਰ ਵਧਿਆ ਹੈ, ਉਥੇ ਹੀ ਆਪਣੇ ਦੇਸ਼ ਅੰਦਰ ਇਸ ਨੂੰ ਖਤਮ ਕਰਨ ਦੀਆਂ ਨਿੱਤ ਨਵੀਆਂ ਕੋਸ਼ਿਸ਼ਾ ਹੋ ਰਹੀਆਂ ਹਨ। ਪੰਜਾਬ ਦੇ ਨਿੱਜੀ ਸਕੂਲਾਂ ਅੰਦਰ ਪੰਜਾਬੀ ਬੋਲਣ ਤੇ ਜੁਰਮਾਨੇ ਲਗਾਏ ਜਾ ਰਹੇ ਹਨ। ਸ਼ਹਿਰਾਂ ਵਿੱਚ ਇਸ ਨੂੰ ਪਿੰਡਾਂ ਦੀ ਬੋਲੀ ਕਹਿ ਕੇ ਨਿਕਾਰਿਆ ਜਾ ਰਿਹਾ ਹੈ। ਸਾਈਨ ਬੋਰਡਾਂ ਉੱਤੇ ਇਸ ਨੂੰ ਤੀਸਰੇ ਦਰਜੇ ਤੇ ਲਿਖਿਆ ਜਾਂਦਾਂ ਹੈ। ਇਸੇ ਲੜੀ ਵਿੱਚ ਹੀ ਹੁਣ ਜੰਮੂ ਕਸ਼ਮੀਰ ਦੀ ਨਵੀਂ ਸਿੱਖਿਆ ਨੀਤੀ 2020 ਤਹਿਤ ਕਸ਼ਮੀਰੀ ਡੋਗਰੀ ਤੇ ਹਿੰਦੀ ਨੂੰ ਸਰਕਾਰੀ ਭਾਸ਼ਾ ਵਿੱਚ ਸ਼ੁਮਾਰ ਕਰਕੇ ਪੰਜਾਬੀ ਨੂੰ ਬਾਹਰ ਕਰ ਦਿੱਤਾ ਗਿਆ ਹੈ। ਜਦਕਿ ਦੇਸ਼ ਦੀ ਵੰਡ ਦੇ ਬਾਅਦ ਪੰਜਾਬੀ ਉੱਥੇ ਦੀ ਪਹਿਲੇ ਦਰਜੇ ਦੀ ਭਾਸ਼ਾ ਸੀ। ਜਿਸਨੂੰ ਹੌਲੀ ਹੌਲੀ ਪਿਛੇ ਧੱਕਦਿਆ ਹੁਣ ਬਿੱਲਕੁਲ ਬਾਹਰ ਕਰ ਦਿੱਤਾ ਗਿਆ। ਪੰਜਾਬੀ ਦੇ ਲੇਖਕਾਂ, ਪੰਜਾਬੀ ਬੋਲਣ ਵਾਲਿਆਂ ਤੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਲੋਕਾਂ ਵਲੋਂ ਇਸਦਾ ਵਿਰੋਧ ਕੀਤਾ ਜਾ ਰਿਹਾ ਹੈ। ਵੱਖ-ਵੱਖ ਖੇਤਰਾਂ ਵਿੱਚ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਪੰਜਾਬੀ ਭਾਸ਼ਾ ਨਾਲ ਹੋ ਰਹੇ ਵਿਤਕਰੇ ਤੇ ਵਿਦੇਸ਼ਾ ਵਿੱਚ ਵਸਦੇ ਪੰਜਾਬੀਆਂ ਨੇ ਇਸ ਤੇ ਬਹੁਤ ਦੁੱਖ ਮਹਿਸੂਸ ਕੀਤਾ।

# ਕਰੋਨਾ ਮਹਾਂਮਾਰੀ ਦੇ ਚੱਲਦਿਆਂ ਦਰਪੇਸ਼ ਮੁਸਲਿਆਂ 'ਤੇ ਵਿਚਾਰ-ਚਰਚਾ ਕੀਤੀ








ਸਰ੍ਹੀ/ਪਰਮਿੰਦਰ ਸਵੈਚ : ਬੀਤੇ ਕੱਲ੍ਹ ਸਰ੍ਹੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਤਰਕਸ਼ੀਲ ਸਭਿਆਚਾਰਕ ਸੁਸਾਇਟੀ ਦੀ ਮੀਟਿੰਗ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿਚ ਮੌਜੂਦਾ ਸਮੇਂ ਦੀਆਂ ਹਾਲਤਾਂ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਦਰਪੇਸ਼ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਗਈ।

1. ਬੀ. ਸੀ. ਵਿਧਾਨ ਸਭਾ ਦੀਆਂ ਚੋਣਾਂ ਦੇ ਐਲਾਨ ਹੋ ਜਾਣ ਨਾਲ ਲੋਕਾਂ ਦਾ ਧਿਆਨ ਚੋਣਾਂ ਵਾਲੇ ਪਾਸੇ ਹੋ ਜਾਣਾ ਕੁਦਰਤੀ ਹੈ ਸੋ ਸੁਸਾਇਟੀ ਨੇ ਸਾਰੀਆਂ ਹੀ ਸਿਆਸੀ ਪਾਰਟੀਆਂ ਜੋ ਇਹ ਚੋਣਾਂ ਲੜ ਰਹੀਆਂ ਹਨ, ਦਾ ਧਿਆਨ ਅਖੌਤੀ ਜੋਤਿਸ਼, ਤੰਤਰ ਮੰਤਰ, ਜਾਦੂ ਟੂਣੇ, ਕਾਲੇ ਇਲਮ, ਤੇ ਕਰਾਮਾਤੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਜੋ ਸਿਰਫ ਇੱਕ ਫੋਨ ਕਾਲ ਰਾਹੀਂ ਸਭ ਸਮੱਸਿਆਵਾਂ ਹੱਲ ਕਰ ਦੇਣ ਦੇ ਵੱਡੇ ਇਸ਼ਤਿਹਾਰਾਂ ਰਾਹੀਂ ਦਾਅਵੇ ਕਰਦੇ ਹਨ ਤੇ ਲੋਕਾਂ ਨੂੰ ਲੁੱਟਦੇ ਹਨ, ਵੱਲ ਖਿੱਚਣ ਦੀ ਕੋਸ਼ਿਸ਼ ਕੀਤੀ ਹੈ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਅੱਜ ਕੱਲ੍ਹ ਇਹ ਲੋਕ ਇਸ਼ਤਿਹਾਰਬਾਜ਼ੀ ਲਈ ਬੀ. ਸੀ. ਟਰਾਂਜਿਟ ਦੇ ਸਾਧਨਾਂ ਦੀ ਵਰਤੋਂ ਵੀ ਵੱਡੀ ਪੱਧਰ 'ਤੇ ਕਰਨ ਲੱਗੇ ਹਨ। ਇਹ ਲੋਕ ਪਹਿਲਾਂ ਹੀ ਸਾਡੇ ਸਿਹਤ, ਇਮੀਗ੍ਰੇਸ਼ਨ ਅਤੇ ਸਾਡੇ ਨਿਆਂਇਕ ਪ੍ਰਬੰਧ ਲਈ ਖਤਰਾ ਬਣੇ ਹੋਏ ਹਨ। ਇਹ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਪਾਸੋਂ ਪਾਰਕਾਂ ਅਤੇ ਸਾਡੇ ਜਲ ਸਰੋਤਾਂ ਵਿਚ ਰਸਾਇਣ ਤੇ ਹੋਰ ਨਿੱਕ ਸੁੱਕ ਸੁੱਟਵਾ ਰਹੇ ਹਨ। ਜੇਕਰ ਇਨ੍ਹਾਂ ਲੋਕਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਨਾ ਰੱਖੀ ਗਈ ਤੇ ਰੋਕ ਨਾ ਲਾਈ ਗਈ ਤਾਂ ਇਹ ਲੋਕ ਸਾਡੇ ਮੁਲਕ ਦਾ ਬਹੁਤ ਵੱਡਾ ਨੁਕਸਾਨ ਕਰ ਦੇਣਗੇ। ਸੁਸਾਇਟੀ ਸਾਰੀਆਂ ਸਿਆਸੀ ਪਾਰਟੀਆਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਇਸਦੀ ਰੋਕਥਾਮ ਕਰਨ ਦੇ ਏਜੰਡੇ ਨੂੰ ਸ਼ਾਮਲ ਕਰਨ ਤੇ ਮੁਕੰਮਲ ਰੋਕ ਲਾਉਣ ਦੇ ਉਪਰਾਲੇ ਕਰਨ।

2. ਇੱਕ ਦੂਸਰੇ ਮਤੇ ਰਾਹੀਂ ਭਾਰਤ ਦੀ ਮੋਦੀ ਸਰਕਾਰ ਵੱਲੋਂ ਭਾਰਤ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਕਿਸਾਨੀ, ਮਜ਼ਦੂਰ, ਮੁਲਾਜ਼ਮ ਅਤੇ ਛੋਟੇ ਵਪਾਰੀਆਂ ਤੇ ਵੱਡਾ ਹਮਲਾ ਬੋਲਦਿਆਂ ਉਥੇ ਖੇਤੀ ਮੰਡੀ ਬਾਰੇ ਤਿੰਨ ਆਰਡੀਨੈਂਸ

1. ਖੇਤੀ ਉਪਜ ਵਪਾਰ ਅਤੇ ਵਣਜ-2020
2. ਜ਼ਰੂਰੀ ਵਸਤਾਂ ਆਰਡੀਨੈਂਸ-2020
3. ਕੀਮਤ ਗਰੰਟੀ ਅਤੇ ਖੇਤੀ ਸੇਵਾਵਾਂ ਬਾਰੇ ਕਿਸਾਨੀ ਠੇਕਾ (ਸ਼ਕਤੀਕਰਨ ਤੇ ਸੁਰੱਖਿਆ) ਆਰਡੀਨੈਂਸ 2020 ਲਿਆਂਦੇ ਗਏ ਹਨ ਤੇ ਜੋ ਲੋਕ ਸਭਾ ਤੇ ਰਾਜ ਸਭਾ ਵਿਚ ਪਾਸ ਵੀ ਕਰਵਾ ਲਏ ਗਏ ਹਨ ਤੋਂ ਇਲਾਵਾ

4. ਪੰਜਾਬੀ ਮਾਂ ਬੋਲੀ ਤੇ ਹਮਲਾ

5.ਜਮਹੂਰੀ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਬੁਧੀਜੀਵੀਆਂ ਨੂੰ ਝੂਠੇ ਕੇਸਾਂ ਰਾਹੀਂ ਜੇਲ੍ਹਾਂ ਵਿਚ ਬੰਦ ਕਰਨ।

6. ਮਜ਼ਦੂਰਾਂ/ਕਿਰਤੀਆਂ ਦੇ ਹੱਕ ਬਹਾਲ ਕਰਨ ਦੀ ਮੰਗ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਇਨ੍ਹਾਂ ਕਾਲੇ ਕਾਨੂੰਨਾਂ ਦੀ ਸਖਤ ਨਿਖੇਧੀ ਕੀਤੀ ਤੇ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਭਾਰਤ ਦੀ ਕਿਸਾਨੀ ਸਮੇਤ ਸਮੁੱਚੇ ਲੋਕਾਂ ਵੱਲੋਂ ਲੜੇ ਜਾ ਰਹੇ ਇਸ ਘੋਲ ਦੀ ਪੁਰਜ਼ੋਰ ਹਮਾਇਤ ਕੀਤੀ ਅਤੇ ਕਿਹਾ ਕਿ ਇਹ ਸਭ ਕੁਝ ਕਿਸਾਨੀ ਤੋਂ ਜ਼ਮੀਨਾਂ ਖੋਹਕੇ ਵੱਡੇ ਪੂੰਜੀਪਤੀਆਂ ਦੇ ਹੱਥਾਂ ਵਿਚ ਦੇਣ ਦੀ ਇੱਕ ਸਾਜਿਸ਼ ਹੈ। ਲੋਕ ਜਾਗਰੂਕ ਹਨ, ਲੜ ਰਹੇ ਹਨ ਉਹ ਕਦੇ ਵੀ ਅਜਿਹਾ ਨਹੀਂ ਹੋਣ ਦੇਣਗੇ ਤੇ ਮੋਦੀ ਹਕੂਮਤ ਸਿੱਧਾ ਫਾਸ਼ੀਵਾਦ ਲਾਗੂ ਕਰ ਚੁੱਕੀ ਹੈ ਇਸਨੇ ਹੁਣ ਸੂਬਿਆਂ ਤੋਂ ਵੀ ਸਾਰੇ ਅਧਿਕਾਰ ਖੋਹ ਲੈਣੇ ਹਨ ਅਜਿਹਾ ਸਪਸ਼ਟ ਦਿਖਾਈ ਦੇ ਰਿਹਾ ਹੈ। ਮੀਟਿੰਗ ਵਿਚ ਸ਼ਾਮਲ ਹਰ ਮੈਂਬਰ ਨੇ ਆਪਣੇ ਵਿਚਾਰ ਅਤੇ ਚਿੰਤਾਵਾਂ ਜ਼ਾਹਰ ਕੀਤੀਆਂ। ਤਿੰਨ ਘੰਟੇ ਲਗਾਤਾਰ ਇਹ ਮੀਟਿੰਗ ਅਖੀਰ ਵਿਚ ਰੈਲੀ ਦੀ ਸ਼ਕਲ ਵਿਚ ਨਾਹਰੇ ਮਾਰਦਿਆਂ ਸਮਾਪਤ ਕਰ ਦਿੱਤੀ ਗਈ। ਇਹ ਵਾਅਦਾ ਵੀ ਕੀਤਾ ਗਿਆ ਕਿ ਆਉਣ ਵਾਲੇ ਸਮੇਂ ਦੌਰਾਨ ਵੀ ਸੰਘਰਸ਼ ਦੀ ਹਮਾਇਤ ਜਾਰੀ ਰੱਖੀ ਜਾਵੇਗੀ।

# ਭਾਰਤ ਵਿੱਚ ਖੇਤੀ ਮੰਡੀ ਬਾਰੇ ਲਿਆਂਦੇ ਗਏ ਤਿੰਨ ਬਿਲਾਂ ਦੇ ਵਿਰੋਧ ਤੇ ਕਿਸਾਨ ਅੰਦੋਲਨ ਦੇ ਹੱਕ ਵਿੱਚ ਕੈਨੇਡਾ ਵਿੱਚੋਂ ਅਵਾਜ਼ ਉੱਠੀ












ਸਰੀ/ਪਰਮਿੰਦਰ ਸਵੈਚ : ਅੱਜ ਸ਼ਹੀਦ ਭਗਤ ਸਿੰਘ ਦੇ 113ਵੇਂ ਜਨਮ ਦਿਹਾੜੇ ਤੇ ਉਸ ਨੂੰ ਯਾਦ ਕਰਦਿਆਂ ਕਿਸਾਨਾਂ ਦੇ ਹੱਕ ਵਿੱਚ ਰੈਲੀ ਕੀਤੀ ਗਈ। ਭਾਰਤ ਵਿੱਚ ਪਿਛਲੇ ਸਮੇਂ ਵਿੱਚ ਜੋ ਕਿਸਾਨ ਵਿਰੋਧੀ ਤਿੰਨ ਬਿੱਲ ਭਾਰਤ ਦੀ ਮੋਦੀ ਸਰਕਾਰ ਵਲੋਂ ਪਾਸ ਕੀਤੇ ਗਏ ਹਨ, ਉਹਨਾਂ ਦੇ ਖਿਲਾਫ਼ ਤੇ ਕਿਸਾਨ ਅੰਦੋਲਨ ਜੋ ਭਾਰਤ ਵਿੱਚ ਆਪਣੇ ਹੱਕਾਂ ਦੀ ਲੜਾਈ ਲੜ ਰਿਹਾ ਹੈ, ਉਸਦਾ ਸਮਰਥਨ ਕਰਨ ਲਈ ਸਰ੍ਹੀ ਦੇ ਹਾਲੈਂਡ ਪਾਰਕ ਵਿੱਚ ਜਥੇਬੰਦੀ ਵਲੋਂ ਇੱਕ ਰੈਲੀ ਅਯੋਜਤ ਕੀਤੀ ਗਈ ਜਿਸ ਵਿੱਚ ਸੁਹਿਰਦ ਲੋਕਾਂ ਨੇ ਹਿੱਸਾ ਲੈ ਕੇ ਕੇ ਭਾਰਤ ਸਰਕਾਰ ਖਿਲਾਫ ਆਪਣਾ ਰੋਸ ਜ਼ਾਹਰ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਕਰਨ ਸਮੇਂ ਰੇਡਿਓ ਹੋਸਟ ਗੁਰਪ੍ਰੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਮੋਦੀ ਦੀ ਫਾਸ਼ੀਵਾਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਚਾਨਣਾ ਪਾਇਆ। ਕਿਸਾਨ ਅੰਦੋਲਨ ਤੋਂ ਪ੍ਰਭਾਵਤ ਹੋ ਕੇ ਨੌਜਵਾਨ ਸਰਬਜੀਤ ਸਿੰਘ ਨੇ ਇਸ ਮਸਲੇ ਤੇ ਆਪਣੀ ਲਿਖੀ ਕਵਿਤਾ ਸਾਰਿਆਂ ਨਾਲ ਸਾਂਝੀ ਕੀਤੀ। ਰਾਕੇਸ਼ ਸ਼ਰਮਾ ਜੋ ਇਸ ਸੰਸਥਾ ਦਾ ਪ੍ਰਬੰਧਕ ਹੈ ਉਸਨੇ ਆਪਣੀ ਜਥੇਬੰਦੀ ਅਤੇ ਭਾਰਤ ਦੇ ਲੋਕਾਂ ਤੇ ਹੋ ਰਹੇ ਨਿੱਤ ਦੇ ਤਸ਼ੱਦਦ ਬਾਰੇ ਚਾਨਣਾ ਪਾਇਆ ਅਤੇ ਭਗਤ ਸਿੰਘ ਨੂੰ ਅੱਜ ਦੇ ਦਿਨ ਤੇ ਯਾਦ ਕਰਨ ਦੇ ਮਕਸਦ ਨੂੰ ਦੁਹਰਾਇਆ ਕਿ ਅਜੇ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਲੋੜ ਹੈ। ਤਜਿੰਦਰ ਨੇ ਵੀ ਕਿਸਾਨਾਂ ਦੇ ਹੱਕ ਵਿੱਚ ਖੜ੍ਹਨ ਲਈ ਕਿਹਾ। ਇੰਦਰਜੀਤ ਸਿੰਘ ਬੈਂਸ ਜੋ ਬੰਦਾ ਬਹਾਦਰ ਸਿੰਘ ਸੁਸਾਇਟੀ ਤੋਂ ਆਏ ਸਨ ਨੇ ਕਿਹਾ ਕਿ ਬੰਦਾ ਬਹਾਦਰ ਦੇ ਸਮੇਂ ਨੂੰ ਮੁੜ ਕੇ ਯਾਦ ਕਰਨਾ ਪਵੇਗਾ। ਉਸੇ ਤਰ੍ਹਾਂ ਦੀ ਲੜਾਈ ਲੜਨ ਲਈ ਸਭ ਨੂੰ ਇੱਕ ਜੁੱਟ ਹੋਣ ਦੀ ਲੋੜ ਹੈ ਤਾਂ ਅਸੀਂ ਕਾਰਪੋਰੇਟ ਘਰਾਣਿਆਂ ਤੋਂ ਆਪਣੀਆਂ ਜ਼ਮੀਨਾਂ ਬਚਾ ਸਕਦੇ ਹਾਂ। ਸਰੋਕਾਰਾਂ ਦੀ ਅਵਾਜ਼ ਵਲੋਂ ਪਰਮਿੰਦਰ ਸਵੈਚ ਨੇ ਜਿੱਥੇ ਗ਼ਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵੈਨਕੂਵਰ ਤੋਂ ਸ਼ੁਰੂ ਕੀਤੀ ਸੀ, ਉਸ ਧਰਤੀ ਤੋਂ ਅੱਜ ਵੀ ਬੁਲੰਦ ਅਵਾਜ਼ ਭਾਰਤ ਦੇ ਦੱਬੇ ਕੁਚਲੇ ਲੋਕ ਜਿਨ੍ਹਾਂ ਤੇ ਭਾਰਤ ਦੀ ਮੋਦੀ ਸਰਕਾਰ ਆਏ ਦਿਨ ਜ਼ੁਲਮ ਢਾਹ ਰਹੀ ਹੈ, ਉਹਨਾਂ ਦੇ ਹੱਕ ਵਿੱਚ ਖੜ੍ਹਨ ਲਈ ਇੱਕ ਕਵਿਤਾ ' ਜੇ ਅਸੀਂ ਅੱਜ ਵੀ ਉੱਠੇ ਨਾ' ਦੇ ਰੂਪ ਵਿੱਚ ਲੋਕਾਂ ਨੂੰ ਏਕਤਾ ਲਈ ਸੱਦਾ ਦਿੱਤਾ। ਸੀ ਪੀ ਸੀ ਐਮ ਐਲ ਦੇ ਨੁਮਾਇੰਦੇ ਜੋਸਫ ਨੇ ਵੀ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਹਾਅਦਾ ਨਾਹਰਾ ਮਾਰਿਆ ਅਤੇ ਲੋਕ ਦੋਖੀ ਸਰਕਾਰਾਂ ਨੂੰ ਰੱਜ ਕੇ ਕੋਸਿਆ। ਸੀ ਪੀ ਸੀ ਦੇ ਨੁਮਾਇੰਦੇ ਰਾਇਨ ਐਵਟ ਨੇ ਆਪਣੇ ਵਿਚਾਰ ਸਾਂਝੇ ਕੀਤੇ ਜੋ ਇਸ ਵਾਰ ਦੀ ਇਲੈਕਸ਼ਨ ਵਿੱਚ ਕਮਿਊਨਿਸਟ ਪਾਰਟੀ ਆਫ ਕੈਨੇਡਾ ਵਲੋਂ ਚੋਣ ਮੈਦਾਨ ਵਿੱਚ ਹੈ। ਰਵਾਇਤ ਸਿੰਘ ਨੇ ਕਿਹਾ ਕਿ ਕਾਂਗਰਸ ਦੇ ਕਾਰਜ ਕਾਲ ਤੋਂ ਸ਼ੁਰੂ ਹੋਇਆ ਜੋ ਤਸ਼ੱਸ਼ਦ ਘੱਟ ਗਿਣਤੀਆਂ, ਬੁੱਧੀਜੀਵੀਆਂ, ਵਿਦਿਆਰਥੀਆਂ, ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਤੇ ਕਸ਼ਮੀਰੀਆਂ ਤੇ ਢਾਹਿਆ ਜਾ ਰਿਹਾ ਸੀ ਉਹ ਬੀ ਜੇ ਪੀ ਦੇ ਕਾਰਜ ਕਾਲ ਵਿੱਚ ਆ ਕੇ ਸਿਖ਼ਰ ਤੇ ਜਾ ਪਹੁੰਚਿਆ ਹੈ, ਜਿਸਦੇ ਖਿਲਾਫ਼ ਅੱਜ ਭਾਰਤ ਦੀ ਧਰਤੀ ਤੇ ਨੌਜਵਾਨ ਖੜ੍ਹੇ ਹੋ ਗਏ ਹਨ, ਇਸ ਕਰਕੇ ਜਿੱਤ ਯਕੀਨੀ ਹੈ। ਅੰਮ੍ਰਿਤ ਦਿਵਾਨਾ ਨੇ ਸ਼ਹੀਦ ਭਗਤ ਸਿੰਘ ਨੂੰ ਯਾਦ ਕਰਦਿਆਂ ਭਗਤ ਸਿੰਘ ਦੀ ਸੋਚ ਨੂੰ ਮੁੱਖ ਰੱਖ ਕੇ ਜਾਤੀਵਾਦ ਦੇ ਖਿਲਾਫ਼ ਤੇ ਮਨੁੱਖਤਾ ਦੇ ਪੱਖ ਨੂੰ ਦਰਸਾਉਂਦੀ ਕਵਿਤਾ ਭਾਵਪੂਰਤ ਸ਼ਬਦਾਂ ਵਿੱਚ ਕਹੀ। ਕੁਲਵਿੰਦਰ ਸਿੰਘ ਨੇ ਵੀ ਕਿਸਾਨਾਂ ਦੇ ਹੱਕ ਵਿੱਚ ਸਮਰਥਨ ਦਿੱਤਾ ਤੇ ਅੰਤ ਵਿੱਚ ਸੰਸਥਾ ਦੇ ਮੈਂਬਰ ਹਰਬੀਰ ਰਾਠੀ ਨੇ ਸਾਰੇ ਹੀ ਲੋਕਾਂ ਨੂੰ ਇਸ ਸਾਂਝੇ ਮਸਲੇ ਤੇ ਇੱਕ ਜੁੱਟ ਹੋਣ ਨੂੰ ਕਿਹਾ ਤੇ ਸਾਰੇ ਆਏ ਲੋਕਾਂ ਦਾ ਧੰਨਵਾਦ ਵੀ ਕੀਤਾ ਤੇ ਸਟੇਜ ਦੀ ਕਾਰਵਾਈ ਗੁਰਪ੍ਰੀਤ ਸਿੰਘ ਨੇ ਸ਼ਿੱਦਤ ਨਾਲ ਨਿਭਾਈ।

GILL
Truck & Trailer Repair and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr, Brampton, ON L6P 2X5
gilltruckandtrailer@yahoo.com
Inderjit Gill
Heavy Duty Truck & Trailer Mechanic

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਪਾਸ਼ ਦੀ ਬੇਟੀ ਵਿੰਕਲ ਸੰਧੂ ਵਲੋਂ ਕਵੀ ਪਿਤਾ ਦੀਆਂ ਯਾਦਾਂ



'ਉਸ ਦੇ ਨਿੱਕੇ ਹੱਥਾਂ ਨੂੰ ਕੇਕ ਕੱਟਣਾ ਮੁਸ਼ਕਲ ਲੱਗ ਰਿਹਾ ਸੀ ੍ਉਹ ਮੋਮਬੱਤੀਆਂ ਵੇਖ ਕੇ ਹੈਰਾਨ ਰਹਿ ਗਈ, ਪਹਿਲਾਂ ਰੋਸ਼ਨ ਹੋਈ ਅਤੇ ਫਿਰ ਉੱਡ ਗਈ। 'ਵਿੰਕਲ ਇਕ ਹੋ ਗਈ ਸੀ ੍ਅੱਠਤੀ ਸਰਦੀ ਪਹਿਲਾਂ, ਪਾਸ਼ ਨੇ ਆਪਣੀ ਡਾਇਰੀ ਵਿੱਚ ਆਪਣੀ ਧੀ ਦੇ ਪਹਿਲੇ ਜਨਮ ਦਿਨ ਦੀ ਐਂਟਰੀ ਕੀਤੀ ਸੀ ੍ਕੁਝ ਮਹੀਨਿਆਂ ਬਾਅਦ, ਉਹ ਇਸ ਤਰੀਕੇ ਨਾਲ ਮਨਾ ਰਿਹਾ ਸੀ ਕਿ ਵਿੰਕਲ ਨੇ ਅਚਾਨਕ ਨਵੇਂ ਸ਼ਬਦਾਂ ਨੂੰ ਚੁਣਨਾ ਸ਼ੁਰੂ ਕਰ ਦਿੱਤਾ ਸੀ ੍ਉਸਨੇ ਇਸਨੂੰ "ਮਨੁੱਖੀ ਭਾਸ਼ਾ" 'ਤੇ ਪਕੜ ਬਣਾਉਣਾ ਕਿਹਾ ।9 ਸਤੰਬਰ ਨੂੰ ਪਾਸ਼ ਦੀ 70 ਵੀਂ ਜਨਮ ਦਿਵਸ ਤੋਂ ਪਹਿਲਾਂ, ਵਿੰਕਲ ਸੰਧੂ - ਉਹ ਸੱਤ ਸਾਲਾਂ ਦੀ ਸੀ ਜਦੋਂ ਉਹ ਇਕੱਠੇ ਰਹਿਣ ਦੀ ਯਾਤਰਾ ਕਰ ਰਹੇ ਸਨ ਜਿਹੜੀ ਬਹੁਤ ਭਿਆਨਕ ਸੀ ਅਤੇ ਅਚਾਨਕ ਛੋਟਾ ਜਿਹਾ ਹਿੱਸਾ ਵੀ ਕੱਟਿਆ ਗਿਆ। ਬੁੱਧਵਾਰ, 23 ਮਾਰਚ, 1988 ਨੂੰ ਖਾਲਿਸਤਾਨੀਆਂ ਦੇ ਇੱਕ ਸਮੂਹ ਨੇ ਮੇਰੇ ਪਿਤਾ ਦਾ ਕਤਲ ਕਰ ਦਿੱਤਾ। ਪਰ, ਉਹ ਕਦੇ ਵੀ ਪਾਸ਼ ਦੇ ਜੀਵਣ ਦੇ ਸਭ ਤੋਂ ਮਹੱਤਵਪੂਰਨ ਅੰਗਾਂ ਨੂੰ ਛੂਹਣ ਦੇ ਯੋਗ ਨਹੀਂ ਸਨ ਉਸਦੇ ਵਿਸ਼ਵਾਸ, ਵਿਚਾਰਧਾਰਾ ਅਤੇ ਆਤਮਾ ਨੂੰ। 32 ਸਾਲ ਬਾਅਦ ਮੇਰੇ ਪਿਤਾ ਜੀ ਲੋਕਾਂ ਦੇ ਦਿਲਾਂ 'ਤੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹਨ, ਵਿਚਾਰ ਵਟਾਂਦਰੇ ਨੂੰ ਸ਼ੁਰੂਆਤ ਦਿੰਦੇ ਨੇ, ਇਸ ਨੂੰ ਯੂਨੀਵਰਸਿਟੀ ਦੇ ਸਿਲੇਬਸ ਵਿਚ ਸ਼ਾਮਲ ਕਰਦੇ ਹਨ ਅਤੇ ਅਕਸਰ ਖੋਜ ਵਿਦਵਾਨਾਂ ਦੇ ਪੀਐਚਡੀ ਦਾ ਵਿਸ਼ਾ ਹੁੰਦਾ ਹੈ। ਅੱਜ ਵੀ, ਉਹਨਾਂ ਦੀ ਕਵਿਤਾ ਜਵਾਨੀ ਦੇ ਜੀਵਨ ਨੂੰ ਬਦਲਦੀ ਹੈ ਅਤੇ ਨੌਜਵਾਨ ਆਦਮੀਆਂ ਅਤੇ ਔਰਤਾਂ ਨੂੰ ਉਸਦੇ ਕਦਮਾਂ ਤੇ ਚੱਲਣ ਲਈ ਪ੍ਰੇਰਦੀ ਹੈ ੍ਇਹ ਬਿਨਾਂ ਕੁਝ ਕਹੇ, ਮੈਨੂੰ ਇਸ ਇਨਕਲਾਬੀ, ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ, ਅਗਾਂਹਵਧੂ ਅਤੇ ਦਲੇਰ ਕਵੀ ਦੀ ਧੀ ਹੋਣ 'ਤੇ ਮਾਣ ਹੈ ੍ਮੈਂ ਜਨਵਰੀ 1981 ਵਿੱਚ ਤਲਵੰਡੀ ਸਲੇਮ (ਜਲੰਧਰ) ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਪੈਦਾ ਹੋਈ ਸੀ। ਉਹ ਵੇਲਾ ਸੀ ਜਦੋਂ ਲੋਕ ਇੱਕ ਧੀ ਦੇ ਜਨਮ ਤੇ ਹੰਝੂ ਵਹਾਉਂਦੇ ਸਨ। ਪਰ ਇਹ ਮੇਰੇ ਪਿਤਾ ਜੀ ਸਨ-ਮੇਰੇ ਇਸ ਸੰਸਾਰ ਵਿੱਚ ਆਉਣ ਦਾ ਜਸ਼ਨ ਮਨਾ ਰਹੇ ਸਨ, ਸਾਡੇ ਪਿੰਡ ਵਿੱਚ ਹਰੇਕ ਨੂੰ ਮਠਿਆਈਆਂ ਵੰਡਦੇ ਹੋਏ ਅਤੇ ਸਪੀਕਰ ਉੱਤੇ ਉੱਚੀ ਸੰਗੀਤ ਵਜਾਉਂਦੇ ਹੋਏ! ਬਹੁਤ ਸਾਰੇ ਉਸਦੀ ਖੁਸ਼ੀ 'ਤੇ ਹੈਰਾਨ ਸਨ, ਪਰ ਸਿਰਫ ਉਹ ਇਕ ਧੀ ਦੇ ਜਨਮ ਦੀ ਸੁੰਦਰਤਾ, ਸੁਹਿਰਦਤਾ ਅਤੇ ਮੁੱਲ ਨੂੰ ਸਮਝਦੇ ਨੇ ਕਿ ਉਹ ਆਪਣੇ ਪਰਿਵਾਰ ਵਿਚ ਕੀ ਲਿਆਉਂਦੀ ਹੈ। ਮੈਂ ਸੱਤ ਸਾਲਾਂ ਦੀ ਸੀ ਜਦੋਂ ਦੁਖਾਂਤ ਹੋਇਆ। ਪਹਿਲੇ ਦਰਜੇ ਤਾਂ ਮੈਨੂੰ ਅਹਿਸਾਸ ਨਹੀਂ ਹੋਇਆ ਕਿ ਇਹ ਪੰਜਾਬ ਲਈ ਕਿੰਨਾ ਘਾਟਾ ਸੀ। ਮੈਂ ਬੱਸ ਜਾਣਦੀ ਸੀ ਕਿ ਮੈਂ ਫਿਰ ਕਦੇ ਆਪਣੇ ਪਿਤਾ ਦੀਆਂ ਬਾਹਾਂ ਵਿੱਚ ਨਹੀਂ ਦੌੜ ਸਕਾਂਗੀ, ਨਾ ਉਹਨਾਂ ਦੀ ਆਵਾਜ਼ ਸੁਣ ਸਕਾਂਗੀ,ਨਾ ਮੀਲ ਪੱਥਰ ਇਕੱਠੇ ਸਾਂਝੇ ਕਰ ਸਕਾਂਗੀ, ਜਾਂ ਨਾ ਹੀ ਉਸ ਦੁਆਰਾ ਪਿਆਰ ਕੀਤਾ ਜਾ ਸਕੇਗਾ। ਹੌਲੀ ਹੌਲੀ, ਯਾਦਾਂ ਮੱਧਮ ਪੈ ਗਈਆਂ ਜਿਵੇਂ ਜਿਵੇਂ ਮੈਂ ਵੱਡੀ ਹੋਈ। ਮੇਰੇ ਪਰਿਵਾਰ ਨੇ ਉਸ ਨੂੰ ਸਮਝਣ ਵਿਚ ਮੇਰੀ ਮਦਦ ਕੀਤੀ, ਉਹ ਇਕ ਪਿਤਾ ਵਜੋਂ ਇਕ ਲੇਖਕ ਦੇ ਰੂਪ ਵਿਚ ਵਧੇਰੇ ਸੀ ੍ਮੇਰੀ ਮਾਸੀ ਪੰਮੀ ਅਤੇ ਰਜਿੰਦਰ, ਅਜੀਤ ਅਤੇ ਸੁੱਚਾ, ਮੇਰੇ ਮੰਮੀ, ਮੇਰੀ ਨਾਨੀ ਅਤੇ ਮੇਰੇ ਪਿਤਾ ਦੇ ਸਭ ਤੋਂ ਨਜ਼ਦੀਕੀ ਦੋਸਤ-ਸੁਰਿੰਦਰ ਧੰਜਲ, ਚਮਨ ਲਾਲ, ਸੁਕਵਿੰਦਰ ਕੰਬੋਜ ਅਤੇ ਅਮਰਜੀਤ ਚੰਦਨ, ਜਿਨ੍ਹਾਂ ਦੇ ਕੁਝ ਨਾਮ ਸਨ-ਨੇ ਮੈਨੂੰ ਦੱਸਿਆ ਕਿ ਉਹ ਕਿਹੋ ਜਿਹੇ ਸਨ ਅਤੇ ਮੈਂ ਅੱਜ ਮਹਿਸੂਸ ਕਰਦੀ ਹਾਂ ਕਿ ਭਾਵੇਂ ਉਹ ਇਥੇ ਨਹੀਂ ਨੇ ਪਰ ਮੈਂ ਉਹਨਾਂ ਨੂੰ ਜਾਣਦੀ ਹਾਂ। ਮੈਂ ਸਦਾ ਲਈ ਮੇਰੇ ਦਾਦਾ, ਮੇਜਰ ਸੋਹਣ ਸਿੰਘ ਸੰਧੂ ਦੀ ਰਿਣੀ ਹਾਂ, ਜੋ ਮੇਰੇ ਪਿਤਾ 'ਤੇ ਮੇਰੇ ਸਰਬੋਤਮ ਸਰੋਤ ਵਿਅਕਤੀ ਸਨ ੍ਪਾਪਾ ਦੀ ਮੌਤ ਤੋਂ ਬਾਅਦ, ਉਹ ਮੇਰੀ ਜ਼ਿੰਦਗੀ ਦਾ ਪਿਤਾ ਸੀ।

ਪਿਛਲੇ ਤਿੰਨ ਦਹਾਕਿਆਂ ਵਿਚ, ਸਾਰੇ ਸੰਸਾਰ ਭਰ 'ਚੋਂ ਲੋਕ ਮੇਰੇ ਕੋਲ ਮੇਰੇ ਪਿਤਾ ਨੂੰ ਕਿੰਨਾ ਪਿਆਰ ਅਤੇ ਪ੍ਰਸ਼ੰਸਾ ਪ੍ਰਗਟ ਕਰਨ ਲਈ ਆਏ ਹਨ। ਘੱਟੋ ਘੱਟ ਕਹਿਣ ਲਈ,ਮੈਂ ਬਹੁਤ ਮਾਣ ਮਹਿਸੂਸ ਕਰਦੀ ਹਾ ਸ਼ੁਕਰਗੁਜ਼ਾਰੀ ਨਾਲ ਬੋਲਿਆ ਨਹੀਂ ਜਾਂਦਾ ੍ਹਰ ਵਾਰ ਜਦੋਂ ਮੈਂ ਤਲਵੰਡੀ ਸਲੇਮ ਵਾਪਸ ਜਾਂਦੀ ਹਾਂ, ਘਰ ਵਿਚ ਰਹਿਣਾ, ਖੇਤ ਨੂੰ ਵੇਖਣਾ ਅਤੇ ਮਹਿਸੂਸ ਕਰਨਾ ਜਿਹੜੇ ਖੇਤਾਂ ਨੂੰ ਮੇਰੇ ਪਿਤਾ ਜੀ ਬਹੁਤ ਪਿਆਰ ਕਰਦੇ ਨੇ ਅਤੇ ਉਸ ਬਾਰੇ ਲਿਖਿਆ ਹੈ,ਇਸ ਸਭ ਨੂੰ ਮਹਿਸੂਸ ਕਰਣਾ ਮੇਰੀ ਖੁਸ਼ਕਿਸਮਤੀ ਹੈ। ਸਧਾਰਨ ਜਿਹੀ ਜ਼ਿੰਦਗੀ ਜਿਉਣ ਨਾਲ ਮੈਨੂੰ ਬਹੁਤ ਖੁਸ਼ੀ ਮਿਲਦੀ ਹੈ। ਮੈਂ ਇੰਨੇ ਪਲਾਂ ਨੂੰ ਉਹਨਾਂ ਦੇ ਪੋਤੇ-ਪੋਤੀਆਂ ਨਾਲ ਸਾਂਝਾ ਕਰਨ ਲਈ ਇੰਤਜ਼ਾਰ ਨਹੀਂ ਕਰ ਸਕਦੀ। ਹਰ ਕਵਿਤਾ ਉਤਸਵ ਵਿੱਚ



ਮੈਂ ਹਮੇਸ਼ਾ ਹੀ ਵਿਸ਼ਵ ਭਰ ਵਿੱਚ ਸ਼ਮੂਲੀਅਤ ਕੀਤਾ ਹੈ ਪਾਸ਼ ਨੂੰ ਪਛਾਣਨ ਲਈ ਅਤੇ ਇੱਥੇ ਹਮੇਸ਼ਾ ਇੱਕ ਪੈਰੋਕਾਰ, ਵਿਸ਼ਵਾਸੀ ਜਾਂ ਭਾਵੁਕ ਮਨੁੱਖ ਹੁੰਦਾ ਹੈ ਜੋ ਉਹਨਾਂ ਦੀ ਕਵਿਤਾ ਨਾਲ ਜੁੜਨਾ ਅਤੇ ਉਸਦੇ ਪੈਰਾਂ ਤੇ ਚੱਲਣਾ ਚਾਹੁੰਦਾ ਹੈ। ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਟਰੱਸਟ ਅਤੇ ਵਿਸ਼ਵ ਭਰ ਦੇ ਰੇਡੀਓ ਅਤੇ ਟੀਵੀ ਚੈਨਲ ਵਰਗੀਆਂ ਸੰਸਥਾਵਾਂ ਪਾਸ਼ ਦੀ ਕਵਿਤਾ ਨੂੰ ਜ਼ਿੰਦਾ ਰੱਖਣ ਵਿੱਚ ਸਹਾਇਤਾ ਕਰਦੀਆਂ ਹਨ।

ਜਿਵੇਂ ਜਿਵੇਂ ਸਾਲ ਲੰਘਦੇ ਜਾ ਰਹੇ ਹਨ, ਮੈਂ ਆਪਣੇ ਬੱਚਿਆਂ, ਅਰਮਾਨ ਅਤੇ ਅਨਾਇਤ ਨੂੰ ਉਨ੍ਹਾਂ ਦੇ ਦਾਦਾ ਜੀ ਬਾਰੇ ਸਿਖਾ ਕੇ ਆਪਣੇ ਦਾਦਾ ਜੀ ਦੀ ਜਗ੍ਹਾ ਲੈ ਲਈ ਹੈ ਅਤੇ ਇਹ ਸੁਨਿਸ਼ਚਿਤ ਕੀਤਾ ਹੈ ਕਿ ਪਾਸ਼ ਜਾਣਦਾ ਹੈ ਕਿ ਉਹ ਅਸਲ ਵਿੱਚ ਕੌਣ ਸੀ, ਉਸਦੀ ਮਹੱਤਤਾ, ਅਤੇ ਕਿਹੜੀ ਸ਼ਕਤੀਸ਼ਾਲੀ ਕਵਿਤਾ ਲਈ ਉਸਨੇ ਪਿੱਛੇ ਛੱਡ ਦਿੱਤਾ ਹੈ ਪੜ੍ਹਨ ਅਤੇ ਅਨੁਭਵ ਕਰਨ ਲਈ ਸੰਸਾਰ।




ਜੇ ਉਹ ਅੱਜ ਜਿੰਦਾ ਹੁੰਦੇ,ਮੈਂ ਮਹਿਸੂਸ ਕਰਦੀ ਹਾਂ ਕਿ ਮੇਰਾ ਪਰਿਵਾਰ ਬਹੁਤ ਵੱਖਰੀ ਜ਼ਿੰਦਗੀ ਜੀ ਰਿਹਾ ਹੁੰਦਾ, ਪਰ ਮੈਂ ਉਹਨਾਂ ਦੇ ਸ਼ਬਦਾਂ ਅਤੇ ਵਿਚਾਰਧਾਰਾ ਦੁਆਰਾ ਜੀਉਣ ਦੀ ਪੂਰੀ ਕੋਸ਼ਿਸ਼ ਕਰਦੀ ਹਾਂ।

ਮੇਰੇ ਪਿਤਾ ਜੀ ਦੀਆਂ ਕੁਝ ਕਵਿਤਾਵਾਂ ਨੇ ਮੇਰੇ ਸਭ ਤੋਂ ਮੁਸ਼ਕਲ ਜ਼ਿੰਦਗੀ ਦੇ ਫੈਸਲਿਆਂ ਵਿੱਚ ਮੇਰੀ ਅਗਵਾਈ ਕੀਤੀ ਹੈ ਅਤੇ ਮੈਂ ਸਦਾ ਉਸ ਲਈ ਧੰਨਵਾਦੀ ਰਹਾਂਗੀ ੍ਉਹਨਾਂ ਨੇ ਮੈਨੂੰ ਉਸ ਔਰਤ ਦਾ ਰੂਪ ਵੀ ਦਿੱਤਾ ਹੈ ਜੋ ਮੈਂ ਅੱਜ ਹਾਂ ੍ਉਹਨਾਂ ਮੈਨੂੰ ਅਤੇ ਮੇਰੀ ਮਾਂ ਨੂੰ ਉਹਨਾਂ ਬਚਨਾਂ ਦੁਆਰਾ ਜੀਉਣ ਦੀ ਤਾਕਤ ਦਿੱਤੀ ਹੈ।

ਉਹਨਾਂ ਦਾ ਪੋਰਟਰੇਟ ਮੇਰੇ ਬੈਠਕ ਵਾਲੇ ਕਮਰੇ ਵਿਚ ਲਟਕਿਆ ਹੋਇਆ ਹੈ ਜਿਸ ਦੇ ਬਿਲਕੁਲ ਨਾਲ ਹੀ 'ਸਭ ਤੋਂ ਖਤਰਨਾਕ' ਕਵਿਤਾ ਹੈ। ਮੈਨੂੰ ਲਗਦਾ ਹੈ ਕਿ ਉਹ ਹਰ ਰੋਜ ਸਾਡੇ ਵੱਲ ਵੇਖਦੇ ਹੈ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਅਸੀਂ ਕਿਸੇ ਨੂੰ ਵੀ ਸਾਡੇ ਸੁਪਨਿਆਂ ਨੂੰ ਖਤਮ ਕਰਨ ਨਹੀਂ ਦਿੰਦੇ ੍ਜਦੋਂ ਹਾਲ ਹੀ ਵਿੱਚ ਇੱਕ ਪ੍ਰਤੀਤ ਹੋਣ ਯੋਗ ਚੁਣੌਤੀ ਦਾ ਸਾਹਮਣਾ ਕੀਤਾ ਗਿਆ ਸੀ, ਤਾਂ ਇਹ ਕਵਿਤਾ ਮੇਰੇ ਖੰਭ ਦੇ ਹੇਠਾਂ ਹਵਾ ਦੀ ਸੇਵਾ ਕਰਦਿਆਂ ਮੈਨੂੰ ਲੰਘਦੀ ਸੀ।

ਪਾਸ਼ ਦੀ ਕਵਿਤਾ ਸੁਸ਼ੀਲ ਅਤੇ ਤਾਕਤ, ਰੋਜ਼ੀ-ਰੋਟੀ ਅਤੇ ਉਮੀਦ ਦਿੰਦੀ ਹੈ ਕਿ ਅਗਲੀ ਪੀੜ੍ਹੀ ਨੂੰ ਇਸ ਦੇ ਆਪਣੇ ਰਸਤੇ ਤੇ ਨਿਰਮਾਣ ਕਰਨ ਲਈ ਮਾਰਗ ਦਰਸ਼ਨ ਕਰੇ। ਅਜਿਹੀ ਸ਼ਕਤੀਸ਼ਾਲੀ ਅਤੇ ਅਗਾਂਹਵਧੂ ਕਵਿਤਾ ਨੂੰ ਮਾਨਤਾ, ਮਨਾਇਆ ਅਤੇ ਰਹਿਣਾ ਚਾਹੀਦਾ ਹੈ।

**ਪੰਜਾਬੀ ਤਰਜਮਾ**









ਦੁਰਲੱਭ ਦਸਤਾਵੇਜ਼

# ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ

ਅਨੁਵਾਦ : ਡਾ. ਚਮਨ ਲਾਲ



ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਇਨ੍ਹਾਂ ਤਿੰਨਾਂ ਨੂੰ ਆਖੀਰ ਫ਼ਾਂਸੀ ਉੱਤੇ ਲਟਕਾ ਦਿੱਤਾ ਗਿਆ। ਇਨ੍ਹਾਂ ਤਿੰਨਾਂ ਉੱਤੇ ਇਹ ਇਲਜ਼ਾਮ ਲਗਾਇਆ ਗਿਆ ਕਿ ਉਨ੍ਹਾਂ ਨੇ ਸਾਂਡਰਸ ਨਾਮਕ ਅੰਗਰੇਜ਼ੀ ਅਫਸਰ ਅਤੇ ਚਮਨ ਸਿੰਘ ਨਾਮਕ ਸਿੱਖ ਪੁਲਿਸ ਅਧਿਕਾਰੀ ਦੀ ਲਾਹੌਰ ਵਿਚ ਹੱਤਿਆ ਕੀਤੀ। ਇਸਦੇ ਇਲਾਵਾ ਬਨਾਰਸ ਵਿਚ ਕੈਨਾਲ਼ ਪੁਲਿਸ ਅਧਿਕਾਰੀ ਦੀ ਹੱਤਿਆ ਦਾ ਇਲਜ਼ਾਮ, ਅਸੈਂਬਲੀ ਵਿਚ ਬੰਬ ਸੁੱਟਣ ਦਾ ਇਲਜ਼ਾਮ ਅਤੇ ਮੌਲੀਮੀਆ ਨਾਮਕ ਪਿੰਡ ਵਿਚ ਇਕ ਮਕਾਨ ਉੱਤੇ ਡਕੈਤੀ ਕਰ ਕੇ ਓਥੇ ਲੁੱਟ-ਖਸੁੱਟ ਅਤੇ ਮਕਾਨ ਮਾਲਿਕ ਦੀ ਹੱਤਿਆ ਕਰਨ ਵਰਗੇ ਤਿੰਨ ਚਾਰ ਇਲਜ਼ਾਮ ਵੀ ਉਨ੍ਹਾਂ ਉੱਤੇ ਲੱਗੇ। ਇਹਨਾਂ ਵਿਚੋਂ ਅਸੈਂਬਲੀ ਵਿਚ ਬੰਬ ਸੁੱਟਣ ਦਾ ਇਲਜ਼ਾਮ ਭਗਤ ਸਿੰਘ ਨੇ ਆਪਣੇ ਆਪ ਕਬੂਲ ਕੀਤਾ ਸੀ ਅਤੇ ਇਸਦੇ ਲਈ ਉਸਨੂੰ ਅਤੇ ਬਟੁਕੇਸ਼ਵਰ ਦੱਤ, ਜੋ ਉਨ੍ਹਾਂ ਦੇ ਇਕ ਸਹਾਇਕ ਦੋਸਤ ਸਨ, ਨੂੰ ਉਮਰ ਕੈਦ ਦੇ ਤੌਰ ਉੱਤੇ ਕਾਲ਼ੇ ਪਾਣੀ ਦੀ ਸਜ਼ਾ ਸੁਣਾਈ ਗਈ। ਸਾਂਡਰਸ ਦੀ ਹੱਤਿਆ ਭਗਤ ਸਿੰਘ ਵਰਗੇ ਕਰਾਂਤੀਕਾਰੀਆਂ ਦਾ ਅਜਿਹਾ ਕਬੂਲਨਾਮਾ ਹੈ ਜਿਸ ਦੀ ਪੁਸ਼ਟੀ ਜੈ ਗੋਪਾਲ ਨਾਮਕ ਭਗਤ ਸਿੰਘ ਦੇ ਦੂੱਜੇ ਸਾਥੀ ਨੇ ਵੀ ਕੀਤੀ ਸੀ ਅਤੇ ਉਸੇ ਬੁਨਿਆਦ ਉੱਤੇ ਸਰਕਾਰ ਨੇ ਭਗਤ ਸਿੰਘ ਦੇ ਖਿਲਾਫ਼ ਮੁਕੱਦਮਾ ਦਰਜ ਕੀਤਾ ਸੀ। ਇਸ ਮੁਕਦਮੇ ਵਿਚ ਤਿੰਨਾਂ ਨੇ ਭਾਗ ਨਹੀਂ ਲਿਆ ਸੀ। ਹਾਈਕੋਰਟ ਦੇ ਤਿੰਨ ਜੱਜਾਂ ਦੇ ਸਪੈਸ਼ਲ ਟ੍ਰਿਬਿਊਨਲ ਦਾ ਗਠਨ ਕਰਕੇ ਉਨ੍ਹਾਂ ਦੇ ਸਾਹਮਣੇ ਇਹ ਮੁਕੱਦਮਾ ਚੱਲਿਆ ਅਤੇ ਉਨ੍ਹਾਂ ਤਿੰਨਾਂ ਨੇ ਇਨ੍ਹਾਂ ਨੂੰ ਦੋਸ਼ੀ ਐਲਾਨਿਆਂ ਅਤੇ ਉਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ।

ਇਸ ਸਜ਼ਾ ਉੱਤੇ ਅਮਲ ਨਾ ਹੋਵੇ ਅਤੇ ਫ਼ਾਂਸੀ ਦੇ ਬਜਾਏ ਉਨ੍ਹਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਕਾਲ਼ੇ ਪਾਣੀ ਦੀ ਸਜ਼ਾ ਸੁਣਾਈ ਜਾਵੇ ਅਜਿਹੀ ਗੁਜਾਰਿਸ਼ ਦੇ ਨਾਲ ਭਗਤ ਸਿੰਘ ਦੇ ਪਿਤਾ ਨੇ ਰਾਜਾ ਅਤੇ ਵਾਇਸਰਾਏ ਕੋਲ ਦਰਖ਼ਾਸਤ ਵੀ ਦਿੱਤੀ। ਅਨੇਕਾਂ ਵੱਡੇ-ਵੱਡੇ ਨੇਤਾਵਾਂ ਅਤੇ ਤਮਾਮ ਹੋਰ ਲੋਕਾਂ ਨੇ ਭਗਤ ਸਿੰਘ ਨੂੰ ਇਸ ਤਰ੍ਹਾਂ ਦੀ ਸਜ਼ਾ ਨਾ ਦਿੱਤੇ ਜਾਣ ਦੀ ਸਰਕਾਰ ਨੂੰ ਅਪੀਲ ਵੀ ਕੀਤੀ। ਗਾਂਧੀ ਜੀ ਅਤੇ ਲਾਰਡ ਇਰਵਿਨ ਦੇ ਵਿਚ ਚੱਲੀਆਂ ਆਪਸੀ ਚਰਚਾਵਾਂ ਵਿਚ ਵੀ ਭਗਤ ਸਿੰਘ ਦੀ ਫ਼ਾਂਸੀ ਦੀ ਸਜ਼ਾ ਦਾ ਮਸਲਾ ਜ਼ਰੂਰ ਉੱਠਿਆ ਹੋਵੇਗਾ ਅਤੇ ਲਾਰਡ ਇਰਵਿਨ ਨੇ ਭਲੇ ਹੀ- 'ਮੈਂ ਭਗਤ ਸਿੰਘ ਦੀ ਜਾਨ ਬਚਾਉਂਗਾ' ਅਜਿਹਾ ਠੋਸ ਵਾਅਦਾ ਗਾਂਧੀ-ਜੀ ਨਾਲ਼ ਨਾ ਕੀਤਾ ਹੋਵੇ, ਪਰ ਲਾਰਡ ਇਰਵਿਨ ਇਸ ਸੰਦਰਭ ਵਿਚ ਪੂਰੀ ਕੋਸ਼ਿਸ਼ ਕਰਨਗੇ ਅਤੇ ਆਪਣੇ ਅਧਿਕਾਰਾਂ ਦੇ ਦਾਇਰੇ ਵਿਚ ਇਨ੍ਹਾਂ ਤਿੰਨਾਂ ਦੀ ਜਾਨ ਬਚਾਉਣਗੇ ਅਜਿਹੀ ਉਮੀਦ ਗਾਂਧੀ-ਜੀ ਦੇ ਭਾਸ਼ਣ ਤੋਂ ਪੈਦਾ ਹੋਈ ਸੀ। ਪਰ ਇਹ ਸਾਰੀਆਂ ਉਮੀਦਾਂ, ਅਨੁਮਾਨ ਅਤੇ ਗੁਜਾਰਿਸ਼ਾਂ ਗ਼ਲਤ ਸਾਬਤ ਹੋਈਆਂ ਅਤੇ ਗੁਜ਼ਰੀ 23 ਮਾਰਚ ਨੂੰ ਸ਼ਾਮ 7 ਵਜੇ ਇਨ੍ਹਾਂ ਤਿੰਨਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫ਼ਾਂਸੀ ਦੇ ਦਿੱਤੀ ਗਈ । 'ਸਾਡੀ ਜਾਨ ਬਖਸ਼ੀ ਹੋਵੇ' ਅਜਿਹੀ ਤਰਸ ਦੀ ਅਪੀਲ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਨੇ ਵੀ ਨਹੀਂ ਕੀਤੀ ਸੀ। ਹਾਂ, 'ਫ਼ਾਂਸੀ ਉੱਤੇ ਚੜ੍ਹਾਉਣ ਦੀ ਬਜਾਇ ਸਾਨੂੰ ਗੋਲ਼ੀਆਂ ਨਾਲ਼ ਉੱਡਾਇਆ ਜਾਵੇ' ਅਜਿਹੀ ਇੱਛਾ ਭਗਤ ਸਿੰਘ ਨੇ ਪ੍ਰਗਟ ਕੀਤੀ ਸੀ , ਅਜਿਹੀਆਂ ਖਬਰਾਂ ਜ਼ਰੂਰ ਆਈਆਂ ਸਨ। ਪਰ ਉਨ੍ਹਾਂ ਦੀ ਇਸ ਆਖਰੀ ਇੱਛਾ ਦਾ ਵੀ ਸਨਮਾਨ ਨਹੀਂ ਕੀਤਾ ਗਿਆ । ਜੱਜ ਦੇ ਆਦੇਸ਼ ਉੱਤੇ ਹੁਬਹੂ ਅਮਲ ਕੀਤਾ ਗਿਆ! 'ਅੰਤਿਮ ਸਾਹ ਤੱਕ ਫ਼ਾਂਸੀ ਉੱਤੇ ਲਟਕਾ ਦਿਉ' ਇਹੀ ਫ਼ੈਸਲਾ 'ਮੁਨਸਫ਼' ਨੇ ਸੁਣਾਇਆ ਸੀ। ਜੇਕਰ ਗੋਲੀਆਂ ਨਾਲ਼ ਉਡਾ ਦਿੱਤਾ ਜਾਂਦਾ ਤਾਂ ਇਹ ਫ਼ੈਸਲੇ ਉੱਤੇ ਸ਼ਾਬਦਿਕ ਅਮਲ ਨਹੀਂ ਸੀ ਮੰਨਿਆ ਜਾਣਾ। 'ਨਿਆਂ ਦੇਵਤਾ' ਦੇ ਫ਼ੈਸਲੇ ਉੱਤੇ ਬਿਲਕੁਲ ਸ਼ਾਬਦਿਕ ਅਰਥਾਂ ਵਿਚ ਹੁਬਹੂ ਅਮਲ ਕੀਤਾ ਗਿਆ ਅਤੇ ਉਸਦੇ ਹੁਕਮ ਅਨੁਸਾਰ ਹੀ ਇਨ੍ਹਾਂ ਤਿੰਨਾਂ ਨੂੰ ਸ਼ਿਕਾਰ ਬਣਾਇਆ ਗਿਆ।

**ਇਹ ਕੁਰਬਾਨੀ ਕਿਸਦੇ ਲਈ**

ਜੇਕਰ ਸਰਕਾਰ ਨੂੰ ਇਹ ਉਮੀਦ ਹੋਵੇ ਕਿ ਇਸ ਘਟਨਾ ਨਾਲ਼ 'ਅੰਗਰੇਜ਼ੀ ਸਰਕਾਰ ਬਿਲਕੁਲ ਆਦਲ ਹੈ - ਅਦਾਲਤ ਦੇ ਆਦੇਸ਼ ਉੱਤੇ ਹੁਬਹੂ ਅਮਲ ਕਰਦੀ ਹੈ' ਅਜਿਹੀ ਸਮਝਦਾਰੀ ਲੋਕਾਂ ਦੇ ਵਿਚ ਮਜ਼ਬੂਤ ਹੋਵੇਗੀ ਅਤੇ ਸਰਕਾਰ ਦੀ ਇਸ 'ਨਿਆਂਪ੍ਰਿਯਤਾ' ਦੇ ਚਲਦੇ ਲੋਕ ਉਸਦਾ ਸਮਰਥਨ ਕਰਨਗੇ ਤਾਂ ਇਹ ਸਰਕਾਰ ਦੀ ਨਦਾਨੀ ਸਮਝੀ ਜਾ ਸਕਦੀ ਹੈ । ਕਿਉਂਕਿ, ਇਹ ਕੁਰਬਾਨੀ ਬ੍ਰਿਟਿਸ਼ ਨਿਆਂ ਦੇਵਤਾ ਦੀ ਸ਼ੁਹਰਤ ਨੂੰ ਜ਼ਿਆਦਾ ਉਜਾਗਰ ਅਤੇ ਪਾਰਦਰਸ਼ੀ ਬਣਾਉਣ ਦੇ ਇਰਾਦੇ ਨਾਲ਼ ਲਈ ਗਈ ਹੈ, ਇਸ ਗੱਲ ਉੱਤੇ ਕਿਸੇ ਦਾ ਵੀ ਭਰੋਸਾ ਨਹੀਂ ਹੈ। ਆਪਣੇ ਆਪ ਸਰਕਾਰ ਵੀ ਇਸ ਸਮਝਦਾਰੀ ਦੇ ਆਧਾਰ ਉੱਤੇ ਆਪਣੇ ਆਪ ਨੂੰ ਸੰਤੁਸ਼ਟ ਨਹੀਂ ਕਰ ਸਕਦੀ ਹੈ। ਫਿਰ ਬਾਕੀਆਂ ਨੂੰ ਵੀ ਇਸ ਨਿਆਂਪ੍ਰਿਯਤਾ ਦੇ ਪਰਦੇ ਹੇਠ ਉਹ ਕਿਸ ਤਰ੍ਹਾਂ ਸੰਤੁਸ਼ਟ ਕਰ ਸਕਦੀ ਹੈ ? ਨਿਆਂ ਦੇਵਤਾ ਦੀ ਭਗਤੀ ਦੇ ਤੌਰ ਉੱਤੇ ਨਹੀਂ ਸਗੋਂ ਵਲਾਇਤ ਦੇ ਕੰਜ਼ਰਵੇਟਿਵ/ ਰਾਜਨੀਤਕ ਰੂੜ੍ਹੀਵਾਦੀ/ਪਾਰਟੀ ਅਤੇ ਜਨਮਤ ਦੇ ਡਰ ਤੋਂ ਇਸ ਕੁਰਬਾਨੀ ਨੂੰ ਅੰਜਾਮ ਦਿੱਤਾ ਗਿਆ ਹੈ, ਇਸ ਗੱਲ ਨੂੰ ਸਰਕਾਰ ਦੇ ਨਾਲ਼-ਨਾਲ਼ ਤਮਾਮ ਦੁਨੀਆ ਵੀ ਜਾਣਦੀ ਹੈ।

ਜਿਵੇਂ ਰਾਜਨੀਤਕ ਬੰਦੀਆਂ ਨੂੰ ਬਿਨਾ ਸ਼ਰਤ ਰਿਹਾ ਕਰਨ ਅਤੇ ਗਾਂਧੀ ਖੇਮੇ ਨਾਲ਼ ਸਮਝੌਤਾ ਕਰਨ ਨਾਲ਼ ਬ੍ਰਿਟਿਸ਼ ਸਾਮਰਾਜ ਦੀ ਬਦਨਾਮੀ ਹੋਈ ਹੈ ਅਤੇ ਜਿਸਦੇ ਲਈ ਲੇਬਰ ਪਾਰਟੀ ਦੀ ਮੌਜੂਦਾ ਸਰਕਾਰ ਅਤੇ ਉਨ੍ਹਾਂ ਦੇ ਇਸ਼ਾਰੇ ਉੱਤੇ ਚੱਲਣ ਵਾਲਾ ਵਾਇਸਰਾਏ ਹੈ, ਅਜਿਹਾ ਰੌਲਾ ਵਲਾਇਤ ਦੇ ਰਾਜਨੀਤਕ ਰੂੜ੍ਹੀਵਾਦੀ ਪਾਰਟੀ ਦੇ ਕੁੱਝ ਕਟੱਰਪੰਥੀ ਨੇਤਾਵਾਂ ਨੇ ਮਚਾ ਰੱਖਿਆ ਹੈ । ਅਤੇ ਅਜਿਹੇ ਸਮੇਂ ਵਿਚ ਇਕ ਅੰਗ੍ਰੇਜ਼ ਵਿਅਕਤੀ ਅਤੇ ਅਧਿਕਾਰੀ ਦੀ ਹੱਤਿਆ ਕਰਨ ਦਾ ਇਲਜ਼ਾਮ ਜਿਸ ਉੱਤੇ ਲਗਾ ਹੋਵੇ ਅਤੇ ਉਹ ਸਾਬਤ ਵੀ ਹੋ ਚੁੱਕਿਆ ਹੋਵੇ, ਅਜਿਹੇ ਰਾਜਨੀਤਕ ਕ੍ਰਾਂਤੀਕਾਰੀ ਅਪਰਾਧੀ ਨੂੰ ਜੇਕਰ ਇਰਵਿਨ ਨੇ ਮੁਆਫ਼ੀ ਦਿੱਤੀ ਹੁੰਦੀ ਤਾਂ ਬ੍ਰਿਟੇਨ ਦੇ ਰਾਜਨੀਤਕ ਰੂੜ੍ਹੀਵਾਦੀਆਂ ਦੇ ਹੱਥ ਬਣਿਆ ਬਣਾਇਆ ਮੁੱਦਾ ਆ ਜਾਂਦਾ। ਪਹਿਲਾਂ ਤੋਂ ਹੀ ਬ੍ਰਿਟੇਨ ਵਿਚ ਲੇਬਰ ਪਾਰਟੀ ਦੀ ਸਰਕਾਰ ਡਾਂਵਾਡੋਲ ਚੱਲ ਰਹੀ ਹੈ ਅਤੇ ਉਸ ਹਾਲਾਤ ਵਿਚ ਜੇਕਰ ਇਹ ਮਸਲਾ ਰਾਜਨੀਤਕ ਰੂੜ੍ਹੀਵਾਦੀਆਂ ਨੂੰ ਮਿਲ਼ਦਾ ਕਿ ਉਹ ਅੰਗ੍ਰੇਜ਼ ਵਿਅਕਤੀ ਅਤੇ ਅਧਿਕਾਰੀ ਦੇ ਹਿੰਦੁਸਤਾਨੀ ਹਤਿਆਰੇ ਨੂੰ ਵੀ ਮਾਫ਼ ਕਰਦੀ ਹੈ ਤਾਂ ਇਹ ਚੰਗਾ ਬਹਾਨਾ ਓਥੇ ਦੇ ਰਾਜਨੀਤਕ ਰੂੜ੍ਹੀਵਾਦੀਆਂ ਨੂੰ ਮਿਲ਼ਦਾ ਅਤੇ ਇੰਗਲੈਂਡ ਦਾ ਲੋਕਮਤ ਲੇਬਰ ਪਾਰਟੀ ਦੇ ਖਿਲਾਫ਼ ਬਣਾਉਣ ਵਿਚ ਉਨ੍ਹਾਂ ਨੂੰ ਸੌਖ ਹੁੰਦੀ । ਇਸ ਸੰਕਟ ਤੋਂ ਬਚਣ ਲਈ ਅਤੇ ਰੂੜ੍ਹੀਵਾਦੀਆਂ ਦੇ ਗੁੱਸੇ ਦੀ ਅੱਗ ਨਾ ਭੜਕੇ ਇਸ ਤੋਂ ਪਾਰ ਪਾਉਣ ਲਈ ਫ਼ਾਂਸੀ ਦੀ ਇਸ ਸਜ਼ਾ ਨੂੰ ਅੰਜਾਮ ਦਿੱਤਾ ਗਿਆ ਹੈ।

ਇਹ ਕਦਮ ਬ੍ਰਿਟਿਸ਼ ਅਦਾਲਤ ਨੂੰ ਖੁਸ਼ ਕਰਨ ਲਈ ਨਹੀਂ ਸਗੋਂ ਬ੍ਰਿਟਿਸ਼ ਲੋਕਮਤ ਨੂੰ ਖੁਸ਼ ਕਰਣ ਲਈ ਚੁੱਕਿਆ ਗਿਆ ਹੈ। ਜੇਕਰ ਨਿੱਜੀ ਤੌਰ ਉੱਤੇ ਇਹ ਮਾਮਲਾ ਲਾਰਡ ਇਰਵਿਨ ਦੀ ਪਸੰਦ-ਨਾਪਸੰਦ ਨਾਲ਼ ਜੁੜਿਆ ਹੁੰਦਾ ਤਾਂ ਉਨ੍ਹਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲ ਕਰਕੇ ਫ਼ਾਂਸੀ ਦੀ ਸਜ਼ਾ ਰੱਦ ਕਰਕੇ ਉਸਦੀ ਥਾਂ ਉੱਤੇ ਉਮਰ ਕੈਦ ਦੀ ਸਜ਼ਾ ਭਗਤ ਸਿੰਘ ਆਦਿ ਨੂੰ ਸੁਣਾਈ ਹੁੰਦੀ। ਵਲਾਇਤ ਦੀ ਲੇਬਰ ਪਾਰਟੀ ਦੇ ਮੰਤਰੀ ਮੰਡਲ ਨੇ ਵੀ ਲਾਰਡ ਇਰਵਿਨ ਨੂੰ ਇਸਦੇ ਲਈ ਸਮਰਥਨ ਪ੍ਰਦਾਨ ਕੀਤਾ ਹੁੰਦਾ, ਗਾਂਧੀ ਇਰਵਿਨ ਕਰਾਰ ਦੇ ਬਹਾਨੇ ਨਾਲ਼ ਇਸਨੂੰ ਅੰਜਾਮ ਦੇ ਕੇ ਭਾਰਤ ਦੇ ਜਨਮਤ ਨੂੰ ਰਾਜ਼ੀ ਕਰਨਾ ਜ਼ਰੂਰੀ ਸੀ। ਜਾਂਦੇ-ਜਾਂਦੇ ਲਾਰਡ ਇਰਵਿਨ ਵੀ ਜਨਤਾ ਦਾ ਦਿਲ ਜਿੱਤ ਲੈਂਦੇ। ਮਗਰ ਇੰਗਲੈਂਡ ਦੀ ਆਪਣੇ ਰੂੜ੍ਹੀਵਾਦੀ ਬਿਰਾਦਰੀ ਅਤੇ ਇੱਥੋਂ ਦੀ ਉਸੇ ਮਨੋਬਿਰਤੀ ਦੀ ਨੌਕਰਸ਼ਾਹੀ ਦੇ ਗੁੱਸੇ ਦਾ ਉਹ ਸ਼ਿਕਾਰ ਹੁੰਦੇ। ਇਸ ਲਈ ਭਾਰਤੀ ਜਨਮਤ ਦੀ ਪਰਵਾਹ ਕੀਤੇ ਬਿਨਾਂ ਲਾਰਡ ਇਰਵਿਨ ਦੀ ਸਰਕਾਰ ਨੇ ਭਗਤ ਸਿੰਘ ਆਦਿ ਨੂੰ ਫ਼ਾਂਸੀ ਉੱਤੇ ਚੜ੍ਹਾ ਦਿੱਤਾ ਅਤੇ ਉਹ ਵੀ ਕਰਾਚੀ ਵਿਖੇ ਹੋਣ ਜਾ ਰਹੇ ਕਾਂਗਰਸ ਦੇ ਕੌਮੀ ਅਧਿਵੇਸ਼ਨ ਤੋਂ ਤਿੰਨ-ਚਾਰ ਦਿਨ ਪਹਿਲਾਂ। ਗਾਂਧੀ-ਇਰਵਿਨ ਕਰਾਰ ਨੂੰ ਮਲੀਆਮੇਟ ਕਰਨ ਅਤੇ ਸਮਝੌਤੇ ਤੋਂ ਗਾਂਧੀ ਦੇ ਹੰਭਲਿਆਂ ਨੂੰ ਅਸਫ਼ਲ ਕਰਨ ਲਈ ਭਗਤ ਸਿੰਘ ਨੂੰ ਫ਼ਾਂਸੀ ਅਤੇ ਫ਼ਾਂਸੀ ਲਈ ਮੁਕੱਰਰ ਕੀਤਾ ਸਮਾਂ, ਇਹ ਦੋਨੋਂ ਗੱਲਾਂ ਕਾਫੀ ਸਨ। ਜੇਕਰ ਇਸ ਸਮਝੌਤੇ ਨੂੰ ਖ਼ਤਮ ਕਰਨ ਦਾ ਹੀ ਇਰਾਦਾ ਲਾਰਡ ਇਰਵਿਨ ਸਰਕਾਰ ਦਾ ਸੀ ਤਾਂ ਇਸ ਕਾਰਵਾਈ ਤੋਂ ਇਲਾਵਾ ਅਤੇ ਕੋਈ ਮਜ਼ਬੂਤ ਮਸਲਾ ਉਸਨੂੰ ਲੱਭਿਆਂ ਵੀ ਨਾ ਲੱਭਦਾ। ਇਸ ਨਜਰੀਏ ਨਾਲ਼ ਵੀ ਵੇਖੀਏ ਤਾਂ ਗਾਂਧੀ-ਜੀ ਦੇ ਕਥਨ ਅਨੁਸਾਰ ਸਰਕਾਰ ਨੇ ਇਹ ਵੱਡੀ ਭੁੱਲ/ ਬਲੰਡਰ ਕੀਤੀ ਹੈ, ਇਹ ਕਹਿਣਾ ਅਣ-ਉਚਿਤ ਨਹੀਂ ਹੋਵੇਗਾ। ਲੱਬੋ ਲੁਬਾਬ ਇਹੀ ਹੈ ਕਿ ਜਨਮਤ ਦੀ ਪਰਵਾਹ ਕੀਤੇ ਬਿਨਾਂ, ਗਾਂਧੀ-ਇਰਵਿਨ ਸਮਝੌਤੇ ਦਾ ਕੀ ਹੋਵੇਗਾ ? ਇਸਦੀ ਚਿੰਤਾ ਕੀਤੇ ਬਿਨਾਂ ਵਲਾਇਤ ਦੇ ਰੂੜ੍ਹੀਵਾਦੀਆਂ ਦੇ ਗੁੱਸੇ ਦਾ ਸ਼ਿਕਾਰ ਹੋਣ ਤੋਂ ਆਪਣੇ ਆਪ ਨੂੰ ਬਚਾਉਣ ਲਈ, ਭਗਤ ਸਿੰਘ ਆਦਿ ਨੂੰ ਫਾਂਸੀ ਚੜ੍ਹਾਇਆ ਗਿਆ, ਇਹ ਗੱਲ ਹੁਣ ਲੁੱਕ ਨਹੀਂ ਸਕੇਗੀ, ਇਹ ਗੱਲ ਸਰਕਾਰ ਨੂੰ ਪੱਕੇ ਤੌਰ ਉੱਤੇ ਮੰਨ ਲੈਣੀ ਚਾਹੀਦੀ ਹੈ।


ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫੀਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਉਜਲ ਦੇ ਕੇਸ ਜਿਵੇਂ ਸਪਾਉਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਉਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com
www.metroimmigration.com
12-2355 Derry Road East, Mississauga, Ont. L5S 1V6

HOMELIFE SILVERCITY REALTY INC., BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com



MLS
11775 Bramalea Rd., Unit #201, Brampton ON L6R3S9

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

# ਲੰਬੇ ਅੰਤਰਾਲ ਬਾਅਦ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਭਾਵਪੂਰਤ ਮਿਲਣੀ



**ਸਰੋਕਾਰਾਂ ਦੀ ਅਵਾਜ਼ ਬਿਊਰੋ**

ਕਰੋਨਾ ਕਾਰਨ ਮਹੀਨਿਆਂ ਬੱਧੀ ਅੰਦਰ ਡੱਕੇ ਰਹਿਣ ਤੋਂ ਬਾਦ ਆਖਰ 12 ਸਤੰਬਰ 2020 ਨੂੰ ਸਭਾ ਦੇ ਸੰਚਾਲਕਾਂ ਨੇ ਪਰੇਰੀ ਵਿੰਡ ਪਾਰਕ ਦੇ ਖੁੱਲ੍ਹੇ ਡੁੱਲ੍ਹੇ ਮਾਹੌਲ ਵਿੱਚ ਮਿਲ ਬੈਠਣ ਦਾ ਪ੍ਰੋਗਰਾਮ ਬਣਾਇਆ। ਨਿਸ਼ਚਤ ਸਮੇਂ ਤੇ ਚਾਲੀ ਕੁ ਦੇ ਕਰੀਬ ਭੈਣਾਂ ਸਰਕਾਰੀ ਹਦਾਇਤਾਂ ਅਨੁਸਾਰ ਮਾਸਕ ਪਾਈ ਅਤੇ ਇੱਕ ਦੂਜੇ ਤੋਂ ਲੋੜੀਂਦੀ ਦੂਰੀ ਰੱਖਦੀਆਂ ਪਹੁੰਚ ਗਈਆਂ। ਉਸ ਨੇ ਇਸ ਭਿਆਨਕ ਮਹਾਂਮਾਰੀ ਦਾ ਆਮ ਲੋਕਾਂ ਦੇ ਜੀਵਨ ਤੇ, ਸਮਾਜ ਤੇ, ਦੇਸ਼ ਤੇ ਅਤੇ ਸਮੁੱਚੀ ਦੁਨੀਆਂ ਉਪਰ ਪੈਣ ਵਾਲੇ ਪ੍ਰਭਾਵਾਂ ਦਾ ਜ਼ਿਕਰ ਕਰਦੇ ਇਸ ਤੋਂ ਬਚਣ ਲਈ ਲੋੜੀਂਦੀਆਂ ਸਾਵਧਾਨੀਆਂ ਨੂੰ ਦੁਹਰਾਇਆ ਅਤੇ ਸਭ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੱਤਾ। ਉਪਰੰਤ ਬਲਵਿੰਦਰ ਬਰਾੜ ਨੇ ਵੀ ਇਸ ਮਾੜੇ ਸਮੇਂ ਦੇ ਲੰਘ ਜਾਣ ਦੀ ਉਮੀਦ ਕਰਦੇ ਸਭ ਨੂੰ ਮੇਜ਼ ਤੇ ਪਰੋਸੇ ਖਾਣੇ ਦੀ ਸੁਗੰਧ ਬਖੇਰਦੇ ਖਾਣੇ ਦਾ ਸੁਆਦ ਮਾਨਣ ਦਾ ਸੱਦਾ ਦਿੱਤਾ। ਜੁਗਿੰਦਰ ਪੁਰਬਾ ਦੇ ਪੋਤੇ, ਪੋਤੀ ਅਤੇ ਦੋਹਤੀ ਦੇ ਵਿਆਹ-ਮੰਗਣਿਆਂ ਦੀ ਖੁਸ਼ੀ ਵਿੱਚ ਲਿਆਂਦੇ ਲੱਡੂਆਂ ਦੀ ਮਿਠਾਸ ਚੱਖਦਿਆਂ ਉਸ ਨੂੰ ਵਧਾਈ ਦਿੱਤੀ ਅਤੇ ਬੋਲੀਆਂ ਪਾ ਗਿੱਧੇ ਦੇ ਪਿੜ ਵਿੱਚ ਗੇੜਾਂ ਦੇਂਦੀਆਂ ਇਹਨਾਂ ਬਜ਼ੁਰਗ ਮੁਟਿਆਰਾਂ ਨੇ ਥੋੜ੍ਹਾ ਚਿਰ ਧਮਾਲ ਪਾਈ।

ਆਖਰ ਵਿੱਚ ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਸੰਸਾਰ ਭਰ ਵਿੱਚ ਸੁੱਖ ਸ਼ਾਂਤੀ ਦੀ ਅਰਦਾਸ ਕਰਦਿਆਂ ਕਿਹਾ ਕਿ ਪ੍ਰਮਾਤਮਾ ਅਜਿਹੇ ਖੁਸ਼ੀ ਦੇ ਮੌਕਿਆਂ ਤੇ ਮਿਹਰ ਭਰੀ ਨਜ਼ਰ ਬਣਾਈ ਰਖੇ। ਇੰਜ ਸਭਾ ਦੀ ਇਹ ਮੀਟਿੰਗ, ਪਿਕਨਿਕ ਅਤੇ ਤੀਆਂ ਦਾ ਸੁਮੇਲ ਇਹ ਮਿਲਣੀ, ਸੁੱਖੀ ਸਾਂਦੀ ਨੇਪਰੇ ਚੜ੍ਹ ਖਤਮ ਹੋ ਗਈ। ਬਲਵਿੰਦਰ ਬਰਾੜ – 403-590-9629; ਗੁਰਚਰਨ ਥਿੰਦ – 403-402-9635, ਗੁਰਦੀਸ਼ ਗਰੇਵਾਲ – 403-404-1450

Shaheed Bhagat Singh Book Centre Calgary
Call Master Bhajan Singh at 403-455-4220 to buy or order books.
ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।



SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2-5-10 Year Warranty

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com

STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call Sukhi for FREE Estimate
7 Days A Week
100% Satisfaction Guarantee
416.230.4000 • 647.409.1092
www.starlinepainting.com

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com




ਦਰਦ ਲਾਕਡਾਉਨ ਦਾ/ Agony of Lockdown
ਪੇਸ਼ਕਸ਼: PAM Media, Canada
(ਪੀਪਲਸ ਅਲਟਰਨੇਟ ਮੀਡੀਆ, ਕੈਨੇਡਾ)

ਮੀਡੀਆ ਸਹਿਯੋਗੀ:
-ਕੈਨੇਡੀਅਨ ਪੰਜਾਬੀ ਅਖਬਾਰ
" ਸਰੋਕਾਰਾਂ ਦੀ ਅਵਾਜ਼"
-ਲੋਕ ਸੰਗੀਤ ਮੰਡਲੀ, ਭਦੌੜ
-ਪੰਜਾਬ ਖੇਤ ਮਜ਼ਦੂਰ ਯੂਨੀਅਨ
-ਟੈਕਸਟਾਇਲ-ਹੌਜ਼ਰੀ ਕਾਮਗਾਰ ਯੂਨੀਅਨ,ਪੰਜਾਬ
-ਕਾਰਖਾਨਾ ਮਜ਼ਦੂਰ ਯੂਨੀਅਨ, ਪੰਜਾਬ

ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ (ਟੋਰਾਂਟੋ) 416-817-7142


ਦੇਵਿੰਦਰ ਤੂਰ (ਟੋਰਾਂਟੋ) 416 902 9372


ਮਾਸਟਰ ਭਜਨ (ਕੈਲਗਰੀ) 403-455-4220


ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794


ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598

**Reliance Immigration**

Reliance Immigration Inc




K.P. Singh
RCIC

#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332

**FIVE STAR INSURANCE**

Save up to 51%

• Auto • Home • Business

Get the best rates with us!

FIVE STAR INSURANCE BROKERS LIMITED

We work with 15 major insurance companies& can get you the best prices guaranteed!

www.fivestarinsurance.ca

*With qualified discounts

Call: Harman Pandher

905.459.0555

270 Orenda Rd., Unit # 200 Brampton, ON L6T 4X6



HOMELIFE HIGHER STANDARDS

HomeLife SilverCity Realty Inc.
BROKERAGE Independently Owned & Operated

**Harbans Singh**
Sales Representative

416-817-7142
905-913-8500
dharbans@hotmail.com

11775 Bramalea Rd., Unit #201, Brampton L6R3S7

EXPERIOR FINANCIAL GROUP INC

Representing Many financial institutions

SuperVisa,Life Insurance
Disability, Critical Illness, Health

SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS

LOWEST RATES
FREE QUOTE
Call



Call: 416.209.6363

Hardeep Atwal
Sr. Financial Advisor

# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-24



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

ਗੀਤਾਂ ਦੀ ਕਿਤਾਬ ਵਿਚੋਂ
ਮੁੰਡੇ ਜੰਮਣਗੇ ਤਾਂ ਲੇਫ
ਤਲਾਈਆਂ ਵਿਚ ਸੌਣਗੇ॥
ਰੇਸ਼ਮੀਂ ਪੱਟ ਪਹਨਣਗੇ,
ਸੁਹਣੀਆਂ ਖੇਡਾਂ ਖੇਡਣਗੇ॥
ਉੱਚੀ ਚਿੰਘਾੜੀਆਂ ਮਾਰ ਰੋਣਗੇ,
ਠੰਡ ਤੋਂ ਬਚਾਅ ਵਾਸਤੇ॥
ਊਨੀ ਟੋਪੀਆਂ ਪਾਉਣਗੇ,
ਜਾਇਦਾਦ ਦੇ ਵਾਰਸ ਜੁ ਨੇ॥
ਕੁੜੀਆਂ ਹੋਣਗੀਆਂ,
ਫਰਸ਼ਾਂ ਤੇ ਸੌਣਗੀਆਂ॥
ਫਟੇ ਪੁਰਾਣੇ ਪਾਉਣਗੀਆਂ,
ਗੀਟੇ ਖੇਡਣਗੀਆਂ॥
ਨਾ ਚੰਗੀ ਨਾ ਮਾੜੀ ਗੱਲ ਕਰਨਗੀਆਂ,
ਸਿਰਫ ਖਾਣ ਨੂੰ,
ਜਾਂ ਜਹੰਨਮ ਬਾਰੇ ਸੋਚਣਗੀਆਂ॥
ਮਾਪਿਆਂ ਵਾਸਤੇ ਨਮੋਸ਼ੀਆਂ ਨਾ ਖੱਟਣਗੀਆਂ॥
ਰੱਬ ਨੂੰ ਧੋਖਾ ਕਿਵੇਂ ਦੇਣਾ

ਜਦੋਂ ਵਖਤਾਂ ਮਾਰੇ ਸ਼ਹਿਰ ਵਿਚ, ਵਗਦੀ ਪੱਛੋਂ ਦੀ ਹਵਾ ਧੂੜ ਗੁਬਾਰ ਉਡਾਉਂਦੀਆ ਅਤੇ ਹਵਾ ਦਾ ਰੰਗ ਸੁਨਿਹਰੀ ਰੰਗਾ ਹੋ ਜਾਂਦਾ; ਉਦੋਂ ਘਰ ਦੀ ਨੂੰਹ ਸੁਹਗੀਂ ਆ ਗਈ।

ਆਉਂਦੀ ਨੂੰ ਸੱਸ ਅੱਧੀ ਪਾਗਲ ਹੋਈ ਫਿਰਦੀ ਸੀ ਅਤੇ ਗਰ ਉਜੜਿਆ ਪਿਆ ਸੀ, ਸਿਰਫ ਇਕ ਸਿੱਧੜ ਜਿਹਾ ਨੌਕਰ ਬਚਿਆ ਸੀ। ਸ਼ਹਿਨਸ਼ਾਹ ਨੇ ਜਦੋਂ ਰਾਜ ਭਾਗ ਛੱਡ ਦਿੱਤਾ ਤਾਂ ਹੋਰ ਬਹੁਤ ਸਾਰੇ ਘਰਾਂ ਵਾਂਗ ਇਹ ਘਰ ਵੀ ਅਗਨ ਭੇਟ ਕਰ ਦਿੱਤਾ ਗਿਆ ਅਤੇ ਗੋਦ ਲਿਆ ਪੁੱਤਰ ਵੀ ਉਸ ਅੱਗ ਵਿਚ ਸੜ ਗਿਆ। ਉਸ ਦੀ ਵਿਧਵਾ ਤਾਂ ਵਾਪਸ ਪਿੰਡਾਂ ਵੱਲ ਮੁੜ ਗਈ ਪਰ ਲੋਟਸ ਡੀਲਾਈਟ, ਸੱਸ ਨੇ ਉਹਦੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਸ਼ਹਿਰ ਵਾਲੇ ਉਸ ਨੂੰ ਸੁਹੱਪਣ ਦੀ ਪਰੀ ਆਖਿਆ ਕਰਦੇ ਸਨ। ਉਸ ਨੇ ਐਲਾਨ ਕੀਤਾ ਕਿ ਉਹ ਤਾਂ ਇਸੇ ਮਿੱਟੀ ਵਿਚ ਮਰਨਾ ਚਾਹੁੰਦੀ ਹੈ।

ਆਉਣ ਸਾਰ ਸਪਰਿੰਗ ਮੂਨ ਨੇ ਫਾਸਟੋ ਨੂੰ ਬੁਲਾ ਭੇਜਿਆ ਅਤੇ ਕਿਸੇ ਨਵੇਂ ਅਤੇ ਛੋਟੇ ਘਰ, ਜਿਹੜਾ ਭਾਵੇਂ ਕਿਸੇ ਗਰੀਬ ਬਸਤੀ ਵਿਚ ਹੋਵੇ; ਦੀ ਤਲਾਸ਼ ਕਰਨ ਲੱਗੀ। ਸੱਸ ਸਾਰਾ ਦਿਨ ਘਰ ਦੇ ਮਲਬੇ ਦੇ ਢੇਰ ਵੱਲ ਵੇਖ-ਵੇਖ ਬੁੜ ਬੁੜਾਉਂਦੀ ਰਹਿੰਦੀ "ਕਿਵੇਂ ਦਾ ਰਾਜ ਪਲਟਾ ਆਇਆ ਰੱਬ ਦੀ ਕੀ ਰਜ਼ਾ ਆ, ਹੁਣ ਕੋਈ ਚੀਨਾ ਗੁੱਤ ਨੀ ਰੱਖਦਾ।"

ਪਹਿਲਾ ਮਹੀਨਾ ਲੰਘ ਗਿਆ ਪਰ ਸਪਰਿੰਗ ਮੂਨ ਨੂੰ ਕੋਈ ਪਤਾ ਨਾ ਲੱਗਿਆ ਪਰ ਦੂਜੇ ਲੱਘੇ ਤੋਂ ਉਹ ਸਮਝਣ ਲੱਗੀ ਅਤੇ ਲੋਕਾਂ ਦੀਆਂ ਕਹਾਣੀਆਂ ਚਿੱਤਵਣ ਲੱਗੀ, ਫਲਾਣੇ ਦੀ ਘਰਵਾਲੀ ਕਾਰਨ ਉਸਨੂੰ ਮਰਨਾ ਪਿਆ। ਮਾਸਟਰ ਕੂ ਨੇ ਆਪਦੇ ਘਰਵਾਲੀ ਉਸਦੇ ਆਸ਼ਕ ਦਾ ਸਿਰ ਵੱਢ ਦਿੱਤਾ ਤੇ ਰਾਜੇ ਨੇ ਉਸ ਨੂੰ ਮਾਫ਼ ਕਰ ਦਿੱਤਾ, ਫਲਾਣੀ ਜਿਸਨੂੰ ਲੋਕਾਂ ਨੇ ਜਿਊਂਦੀ ਨੂੰ ਕਬਰ ਵਿੱਚ ਪਾ ਦੱਬ ਦਿੱਤਾ ਕਿਉਂਕਿ ਉਸ ਨੇ ਖਾਨਦਾਨ ਦੇ ਨਾਉਂ ਨੂੰ ਧੱਬਾ ਲਾਇਆ ਸੀ।

ਉਸ ਨੇ ਬੋਲਡ ਟੇਲੈਂਟ ਨੂੰ ਪਿਆਰ ਕੀਤਾ ਸੀ ਅਤੇ ਜਦੋਂ ਤੱਕ ਉਸਦਾ ਭੇਦ ਛੁਪਿਆ ਰਵੇ ਉਸ ਨੂੰ ਕੋਈ ਪਛਤਾਵਾ ਜਾਂ ਸ਼ਰਮ ਨਹੀਂ ਸੀ। ਐਵੇਂ ਲੋਕਾਂ ਨੇ ਈ ਤਾਂ ਅਜਿਹੇ ਕਾਇਦੇ ਕਾਨੂੰਨ ਘੜ ਰੱਖੇ ਹਨ; ਇਹ ਕਿਹੜੇ ਪਰਮਾਤਮਾਂ ਦੇ ਬਣਾਏ ਨੇ।

ਪਰ ਤੀਜਾ ਮਹੀਨਾ ਲੰਘਦੇ ਉਸ ਨੂੰ ਫਿਕਰ ਹੋਣ ਲੱਗਿਆ ਛੇਤੀ ਹੀ ਸੱਭ ਲੋਕਾਂ ਨੂੰ ਪਤਾ ਲੱਗ ਜਾਣਾ। ਆਖਣਗੇ "ਚੰਗ ਅਤੇ ਵੂ" ਦੋਵਾਂ ਖਾਨਦਾਨਾ ਦੀ ਮਿੱਟੀ ਪਲੀਤ ਕੀਤੀ ਆ। ਬੜੇ ਓਹਵ ਪੋਹੜ ਕਰੇ; ਹਰੀ ਅਦਰਕ ਦੇ ਕਾਅੜੇ ਪੀਤੇ, ਸੰਤਰਿਆਂ ਦੇ ਛਿਲਕੇ ਅਤੇ ਉਬਲਦਿਆਂ ਪਾਣੀਆਂ ਨਾਲ ਨਹਾਤੀ ਪਰ ਗਰਭ ਨਾ ਗਿਰਿਆ।

ਫਾਸਟੋ ਆਪ ਈ ਬੋਲ ਪਈ "ਮਾਲਕਣ ਮੈਂ ਤਾਂ ਕਈ ਹਫਤਿਆਂ ਤੋਂ ਦੇਖ ਰਹੀ ਸੀ। ਜੇ ਤਾਂ ਮੇਰੀ ਉਮਰ ਹੁੰਦੀ ਜਮਾਂ ਜੰਮ ਕੇ ਕਹਿ ਸਕਦੇ ਸੀ ਕਿ ਮੇਰਾ......ਪਰ ਹੁਣ..... ਮੈਨੂੰ ਆਗਿਆ ਕਰ ਮੈਂ ਡੱਮੀ ਦੀ ਭਾਲ਼ ਕਰਾਂ, ਤਾਂ ਕਿ ਉਹ ਤੈਨੂੰ ਉੱਥੇ ਰੱਖ ਲਵੇ। ਬੁੱਢੜੀ ਨੂੰ ਮੈਂ ਕਹਿ ਦਊਂ ਕਿ ਤੈਨੂੰ ਲਾਂਭੇ ਵਧੀਆਂ ਨੌਕਰੀ ਮਿਲ ਗਈ ਆ। ਜਿਨਾਂ ਚਿਰ ਤੂੰ ਮੁੜ ਨੀ ਆਉਂਦੀ ਮੈਂ ਇਸ ਦੀ ਪੂਰੀ ਸੰਭਾਲ ਕਰੂੰ।" ਬਿਨਾ ਕੋਈ ਹੋਰ ਗੱਲ ਕੀਤੇ ਫਾਸਟੋ ਡੱਮੀ ਦੇ ਪਹੁੰਚ ਗਈ।

ਦੂਜੇ ਹਫ਼ਤੇ ਸਪਰਿੰਗ ਮੂਨ ਰਖੇਲਾਂ ਵਾਲਾ ਹਰੀ ਘੱਗਰੀ ਦਾ ਪਹਿਰਾਵਾ ਪਾ ਡੱਮੀ ਦੇ ਪਿੰਡ ਲਰਨਡ ਸਿੰਡਰਜ਼ ਜਾਣ ਨਹਿਰ ਵਿਚਲੀ ਕਿਸ਼ਤੀ ਤੇ ਸਵਾਰ ਹੋ ਗਈ। ਅੱਗੇ ਇਕ ਗੱਡੇ ਨੇ ਪਿੰਡ ਲੈ ਜਾਣਾ ਸੀ। ਜਦੋਂ ਉਹ ਪਿੰਡ ਦੀਆਂ ਝੁੱਗੀਆਂ ਝੋਪੜੀਆਂ ਲੱਘਦੇ ਜਾ ਰਹੇ ਸਨ ਤਾਂ ਗਲੀ ਦੇ ਨਿੱਕੇ ਨਿਆਣੇ ਮਗਰ ਲੱਗ ਗਏ, ਸਿਆਣੇ ਵਿ ਬਾਹਰ ਖੜੋ ਦੇਖ ਰਹੇ ਸਨ। ਕੁੱਝ ਮੰਗਤੇ ਵੀ ਦਾਨ ਵਾਸਤੇ ਹੱਥ ਅੱਡ ਰਹੇ ਸਨ। ਕੁੱਤਿਆਂ ਨੂੰ ਵੀ ਓਪਰਾ ਮੁਸ਼ਕ ਆਇਆ ਤਾਂ ਮਗਰ ਹੋ ਲੱਗੇ। ਸਪਰਿੰਗ ਮੂਨ ਨੀਵੀਂ ਪਾਈ ਬੈਠੀ ਰਹੀ ਜਿਵੇਂ ਕੁੱਝ ਵਿ ਦਿਸਦਾ ਨਾ ਹੋਵੇ। ਗੱਡਾ ਰੁੱਕ ਗਿਆ ਛੋਹਰ ਉਸ ਨੂੰ ਅਤੇ ਉਸ ਦੇ ਸਮਾਨ ਨੂੰ ਹੱਥ ਲਾ ਲਾ ਕੇ ਦੇਖਣ ਲੱਗੇ। ਗੱਡੀਵਾਨ ਗੱਡੇ ਦੇ ਪਿਛੇ ਜਾ ਕੇ ਘੋੜੀ ਵੱਲੋਂ ਕੀਤੀ ਲਿੱਦ ਚੁੱਕ ਕੇ ਬਾਲਟੀ ਵਿਚ ਪਾਉਣ ਲੱਗਿਆ ਤਾਂ ਕਿ ਕੋਈ ਹੋਰ ਨਾ ਲੈ ਜਾਵੇ। ਇਹ ਉਸ ਨੇ ਖੇਤਾਂ ਵਿੱਚ ਖਾਦ ਵਜੋਂ ਪਾਉਣੀ ਸੀ। ਇਕੱਠ ਵੱਧਦਾ ਗਿਆ ਜਨਾਨੀਆਂ ਵੀ ਆ ਰਲ਼ੀਆਂ। ਸਪਰਿੰਗ ਮੂਨ ਚਿਹਰਿਆਂ ਦੀ ਤਲਾਸ਼ ਕਰਨ ਲੱਗੀ। "ਆਈ ਆ ਆਈ ਆ ਤੂੰ ਪਹੁੰਚ ਗਈ ਏਂ", ਜਨਾਨੀਆਂ ਨੇ ਰੌਲ਼ਾ ਪਾ ਦਿੱਤਾ। ਡੱਮੀ ਨੇ ਕੋਈ ਜਵਾਬ ਨਹੀਂ ਦਿੱਤਾ। ਉਸ ਨੇ ਸਪਰਿੰਗ ਮੂਨ ਨੂੰ ਸਹਾਰਾ ਦੇ ਕੇ ਗੱਡੇ ਤੋਂ ਉਤਾਰਿਆ "ਆਪਣਾ ਘਰ ਬੱਸ ਥੋੜੀ ਦੂਰ ਈ ਆ" ਸਪਰਿੰਗ ਮੂਨ ਨੇ ਗੱਡੇ ਵਾਲੇ ਨੂੰ ਕਰਾਇਆ ਫੜਾਉਂਦੀ ਨੇ ਆਖਿਆ ਟਰੰਕ ਚੱਕ ਲਿਆ। ਕਰਾਇਆ ਦੇਖ ਕੇ ਉਸ ਦੀਆਂ ਵਾਛਾਂ ਖਿੜ ਗਈਆਂ "ਹਾਂ ਮਾਲਕਣ ਤੁਸੀਂ ਤੁਸੀਂ ਤੁਰੋ ਮੈਂ ਟਰੰਕ ਲਿਆਉਂਦਾ" ਉਭੈਣੇ ਤੁਸੀਂ ਵਾਧੂ ਪੈਸੇ ਦੇ ਕੇ ਇਹਨਾਂ ਨੂੰ ਵਗਾੜ ਦਿੰਦੇ ਓ" ਕਈ ਜਨਾਨੀਆਂ ਇਕੱਠੀਆਂ ਬੋਲੀਆਂ। ਛੋਹਰਾਂ ਨੂੰ ਉਹ ਪਿੱਛੇ ਭਜਾਉਂਦੀਆਂ ਬਿਨਾਂ ਕਿਸੇ ਭੈ ਤੋਂ ਉਹ ਡੱਮੀਂ ਅਤੇ ਸਪਰਿੰਗ ਮੂਨ ਨਾਲ ਘਰ ਵਿੱਚ ਆ ਵੜੀਆਂ। ਉਹ ਸਪਰਿੰਗ ਮੂਨ ਦੇ ਕੱਪੜਿਆਂ, ਵਾਲਾਂ ਅਤੇ ਬਾਹਵਾਂ ਤੇ ਹੱਥ ਲਾ ਲਾ ਦੇਖ ਰਹੀਆਂ ਸਨ। "ਜਿਵੇਂ ਅਰਸ਼ੋਂ ਉੱਤਰੀ ਹੂਰ ਪਰੀ ਹੋਵੇ।" "ਸ਼ਹਿਰ ਤੋਂ ਕੋਈ ਤੋਹਫ਼ੇ ਵੀ ਲਿਆਈਆਂ" ਇਕ ਬੋਲੀ। ਦੂਜੀ ਉਬਹੁਤ ਚਿਰ ਰਹੇਂਗੀ ਇਥੇ।" "ਤੇਰੇ ਵਾਲਾਂ ਵਿਚਲੀ ਕੰਘੀ ਕਿੰਨੇ ਦੀ ਆ।" "ਡੱਮੀ ਭੈਣ ਸਾਡੀ ਜਾਣ ਪਛਾਣ ਕਰਵਾ।" ਸਪਰਿੰਗ ਮੂਨ ਤ੍ਰਿੰਹਦੀ ਅਜੇ ਨਾ ਅਜੇ ਨਾ। ਡੱਮੀ ਸਮਝ ਗਈ ਸਪਰਿੰਗ ਮੂਨ ਦੇ ਲੱਕ ਦੁਆਲੇ ਬਾਂਹ ਵਲਦੀ ਬੋਲੀ "ਦੇਖੋ ਅੱਜ ਮੇਰੀ ਕੋਈ ਤਿਆਰੀ ਨੀ, ਨਾ ਪਕੌੜੇ ਕੱਢੇ ਆ ਨਾ ਮਠਿਆਈਆਂ ਨਾ ਕੇਕ, ਜਦੋਂ ਮੈਂ ਤਿਆਰੀ ਕਰ ਲਈ ਥੋਨੂੰ ਸਾਰੀਆਂ ਨੂੰ ਬਲਾਊਂ ਤੇ ਪਾਰਟੀ ਕਰੂੰ ਅੱਜ ਕਿਰਪਾ ਕਰਕੇ ਜਾਉ" ਡੱਮੀ ਦੀ ਹਲੀਮੀ ਭਰੀ ਗੱਲ ਅਤੇ ਪਾਰਟੀ ਕਰਨ ਦਾ ਸੁਣ ਕੇ ਕੱਲੀ ਕੱਲੀ ਜਣੀ ਉੱਠ ਕੇ ਚਲੀ ਗਈ।

ਜਦੋਂ ਚਲੀਆਂ ਗਈਆਂ ਤਾਂ ਡੱਮੀ ਕੋਲ ਬੈਠੀ ਸਪਰਿੰਗ ਮੂਨ ਫੁਸ ਫੁਸਾਈ "ਭੈਣ" "ਹਾਂ ਮਾਲਕਣ" "ਤੂੰ ਮੇਰੀ ਉਦੋਂ ਤੋਂ ਭੈਣ ਆਂ, ਕੀ ਤੈਨੂੰ ਫਾਸਟੋ ਨੇ ਸਾਰੀ ਗੱਲ ਦੱਸ ਦਿੱਤੀ ਆ" "ਹਾਂ ਸੱਭ ਦੱਸ ਦਿੱਤਾ। ਐਥੇ ਆ ਕੇ ਤੂੰ ਕੋਈ ਫਿਕਰ ਨਾ ਕਰੀਂ। ਸਭ ਗੱਲ ਦੱਬੀ ਰਹੂ। ਮੈਂ ਤਾਂ ਘਰ ਵਾਲੇ ਨੂੰ ਵੀ ਨੀ ਦੱਸਿਆ। ਸਾਰੇ ਇਹੀ ਸਮਝਦੇ ਨੇ ਕੇ ਤੂੰ ਮੇਰੀ ਦੂਰੋਂ ਰਿਸ਼ਤੇਦਾਰ ਏਂ, ਜਿਸ ਨੂੰ ਅਮੀਰਜ਼ਾਦੇ ਨੇ ਘਰ ਵਾਲੀ ਦੇ ਰੋਹਬ ਅੱਗੇ ਕੱਢ ਦਿੱਤਾ ਕਿਉਂਕਿ ਤੂੰ ਉਸ ਦੀ ਰਖੇਲ ਸੀ।" ਸਪਰਿੰਗ ਮੂਨ ਨੂੰ ਸ਼ਰਮ ਆਈ ਤੇ ਉਸ ਨੇ ਮੂੰਹ ਲਕੋ ਲਿਆ। "ਫਿਕਰ ਨਾ ਕਰ ਸਭ ਠੀਕ ਰਹੂ ਇਥੇ, ਮੈਂ ਤੈਨੂੰ ਜੀ ਆਇਆਂ ਆਖਦੀ ਆਂ ਮੇਰੇ ਘਰ ਵਾਲਾ ਵੀ ਬੜਾ ਚੰਗਾ ਬੰਦਾ ਏ।"

ਭਰਾ ਹੂਆ ਵਾਕਿਆ ਈ ਵੱਧੀਆ ਬੰਦਾ ਸੀ। ਉਹ ਇਸ ਘਰ ਦਾ ਮਜਦੂਰ ਸੀ। ਜਦੋਂ ਕੱਸਿਆਂ ਮੁੱਕਿਆਂ ਨੇ ਡੱਮੀ ਦੇ ਪਰੀਵਾਰ ਹੂਆ ਖਾਨਦਾਨ ਨੂੰ ਮਾਰ ਮੁਕਾਇਆ ਸੀ ਅਤੇ ਘਰ ਅੱਗ ਲਾ ਕੇ ਸਾੜ ਦਿੱਤਾ ਸੀ। ਉਸ ਵੇਲੇ ਉਹ ਖੇਤਾਂ ਵਿੱਚ ਕੰਮ ਕਰ ਰਿਹਾ ਸੀ। ਆ ਕੇ ਦੇਖਿਆ ਤਾਂ ਸੱਭ ਰਾਖ਼ ਹੋ




ਚੁੱਕਿਆ ਸੀ। ਤਾਂ ਉਹ ਇਸ ਘਰ ਦਾ ਹੀ ਹੋ ਕੇ ਰਹਿ ਗਿਆ। ਪੰਜ ਖੇਤ ਜ਼ਮੀਨ ਜੋ ਸੀ। ਵਾਹੀ ਕਰਦਾ ਰਿਹਾ ਅਤੇ ਮੁੜ ਕੇ ਘਰ ਉਸਾਰ ਲਿਆ। ਨਾ ਦਾਰੂ ਪੀਂਦਾ ਨਾ ਜੂਆ ਖੇਡਦਾ ਬਸ ਖੇਤ ਹੀ ਉਸ ਦੇ ਸਾਥੀ ਸਨ। ਸਾਰਾ ਦਿਨ ਕਾਲੇ ਢੱਗੇ ਵਾਂਗ ਕੰਮ ਕਰਦਾ। ਲੋਕਾਂ ਨੇ ਉਸ ਦਾ ਨਾਂ ਨਾਨ-ਸਟਾਪ ਪਾ ਲਿਆ ਸੀ। ਘਰ ਉਸ ਨੇ ਮੁਰਗੀਆਂ ਅਤੇ ਸੂਰ ਵੀ ਪਾਲ਼ ਲਏ ਓਤੇ ਘਰ ਬਾਜਰੇ ਓਤੇ ਮੱਕੀ ਨਾਲ ਭਰਿਆ ਰਹਿੰਦਾ ਸੀ। ਘਰ ਛੱਤ ਕੇ ਉਹ ਕਮਰਿਆਂ ਵਿੱਚ ਸੌਣ ਲੱਗ ਪਿਆ ਸੀ। ਪਰ ਹੋਰ ਕਿਸੇ ਕਿਸਮ ਦੀ ਮਾਲਕੀ ਉਸ ਨੇ ਨਾਂ ਜਤਾਈ।

ਜਦੋਂ ਡੱਮੀ ਘਰ ਮੁੜੀ ਤਾਂ ਉਹ ਉਸ ਦਾ ਬੜਾ ਸ਼ੁਕਰਾਨਾ ਕਰਦੀ ਸੀ। ਉਸ ਦੇ ਆਉਣ ਤੇ ਉਸ ਘਰ ਬਾਰ ਡੱਮੀ ਨੂੰ ਸੰਭਾਲ ਕੇ ਬਾਹਰ ਸੌਣ ਲੱਗ ਪਿਆ ਸੀ। ਜਦੋਂ ਦੋਵਾਂ ਨੇ ਵਿਆਹ ਕਰਵਾ ਲਿਆ ਤਾਂ ਉਸ ਨੇ ਖਾਨਦਾਨ ਦਾ ਨਾਂਓ "ਹੂਆ" ਵੀ ਅਪਣਾ ਲਿਆ ਤਾਂ ਕਿ ਨਾਂਓ ਚਲਦਾ ਰਵੇ। ਹੁਣ ਉਹ ਪਹਿਲਾਂ ਨਾਲੋਂ ਵੀ ਜਿਆਦਾ ਕੰਮ ਕਰਨ ਲੱਗ ਪਿਆ। ਭਾਵੇਂ ਲੋਕ ਕੁੱਝ ਵੀ ਕਹਿੰਦੇ ਹੋਣ ਪਰ ਉਸ ਨੇ ਕਦੇ ਵੀ ਮਾਲਕੀ ਦਾ ਦਾਹਵਾ ਨਹੀਂ ਸੀ ਕੀਤਾ। ਜਦੋਂ ਡੱਮੀ ਨੇ ਆਖਿਆ ਕਿ ਸਪਰਿੰਗ ਮੂਨ ਨੇ ਉਹਨਾਂ ਨਾਲ ਰਹਿਣਾ ਹੈ ਤਾਂ ਉਸ ਨੇ ਕੋਈ ਉਜਰ ਨਾ ਕੀਤਾ। ਫਿਰ ਵੀ ਜਦੋਂ ਰਾਤ ਉਹ ਤੇ ਡੱਮੀ ਸੌਣ ਵਾਸਤੇ ਪਏ ਤਾਂ ਬੋਲਿਆ, "ਦੇਖ ਇਹ ਘਰ ਕਿਸੇ ਅਮੀਰਜ਼ਾਦੇ ਦਾ ਨਹੀਂ ਹੈ। ਮੈਂ ਤੇਰਾ ਬੋਝਾ ਤਾਂ ਚੱਕਦਾ ਰਿਹਾ ਪਰ ਇਹ ਇਸ ਨੂੰ ਆਖ ਆਪਦੇ ਹਿੱਸੇ ਦਾ ਕੰਮ ਵਿੱਚ ਹੱਥ ਵਟਾਇਆ ਕਰੇ।"

ਸਪਰਿੰਗ ਮੂਨ ਨੂੰ ਵੀ ਇਹ ਗੱਲ ਸੁਣ ਗਈ ਅਤੇ ਸਹੁੰ ਖਾਦੀ ਕੇ ਉਹ ਹਰ ਕੰਮ ਵਿਚ ਹੱਥ ਵਟਾਏਗੀ। ਜਿਹੜੀ ਉੱਚ ਖਾਨਦਾਨ ਵਿੱਚ ਸੀ ਜਿਸਨੇ ਕਦੇ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਇਆ। ਸਿਰਫ਼ ਕੰਘੀ ਅਤੇ ਕਸ਼ੀਦੇ ਵਾਲ਼ੀ ਸੂਈ ਹੀ ਅੱਜ ਤੱਕ ਉਸ ਨੇ ਚੱਕੀ ਸੀ। ਨਾ ਕਦੇ ਚੁੱਲੇ ਅੱਗ ਬਾਲ਼ੀ ਨਾ ਮੁਰਗੀਆਂ ਦੇ ਆਂਡੇ ਕੱਠੇ ਕੀਤੇ। ਰੋਟੀ ਪਕਾਉਣੀ ਤਾਂ ਇਕ ਪਾਸੇ। ਉਸ ਨੇ ਆਖਿਆ ਕਿ ਰਸੋਈ ਦਾ ਸਾਰਾ ਕੰਮ ਉਹ ਕਰੂ। ਪਰ ਖਾਣਾ ਜਿਹੜਾ ਉਹ ਬਣਾਉਂਦੀ ਡੱਮੀ ਤਾਂ ਚੁੱਪ ਕਰਕੇ ਖਾ ਲੈਂਦੀ। ਪਰ ਹੂਆ ਸ਼ਿਕਾਇਤ ਕਰਦਾ, ਕੱਚੇ ਚੌਲ਼ ਅਤੇ ਕੱਚੀ ਰੋਟੀ ਅਤੇ ਬੇਸੁਆਦ ਸਬਜ਼ੀ ਖਾ ਕੇ ਸਾਰਾ ਦਿਨ ਖੇਤਾਂ ਵਿਚ ਕੰਮ ਕਰਨਾ ਉਸ ਲਈ ਔਖਾ ਹੈ। ਡੱਮੀ ਨੇ ਦੁਬਾਰਾ ਰਸੋਈ ਸਾਂਭ ਲਾਈ।

ਸਟਰਾਬੇਰੀ ਪੱਕਣ ਦੀ ਰੱਤ ਆ ਗਈ। ਸਪਰਿੰਗ ਮੂਨ ਹੋਰਾਂ ਤੀਵੀਆਂ ਵਾਂਗ ਬਾਹਰੋਂ ਸਟਰਾਬੇਰੀ ਕੱਠੀ ਕਰਨ ਗਈ ਸ਼ਾਮ ਨੂੰ ਵੱਡੀ ਭਰੀ ਹੂਆ ਅੱਗੇ ਲਿਆ ਰੱਖੀ ਤਾਂ ਕਿ ਉਹ ਮੰਡੀ ਜਾ ਕੇ ਵੇਚ ਦੇਵੇ। ਕੰਮ ਕਰਦੀ ਦੇਖ ਦੂਜੀਆਂ ਤੀਵੀਆਂ ਉਸ ਨੂੰ ਰੱਜ ਕੇ ਮਖੌਲ ਕਰਦੀਆਂ ਪਰ ਉਹ ਆਪਣੇ ਕੰਮ ਲੱਗੀ ਰਹਿੰਦੀ। ਜਦੋਂ ਉਸ ਦਾ ਪੇਟ ਵੀ ਦਿਸਣ ਲੱਗ ਪਿਆ ਤਾਂ ਵੀ ਉਹ ਬਾਹਰ ਕੰਮ ਤੇ ਜਾਂਦੀ ਰਹੀ ਹੁਣ ਤੱਕ ਦੂਜੀਆਂ ਔਰਤਾਂ ਦਾ ਰਵੱਈਆ ਵੀ ਬਦਲ ਗਿਆ। ਉਹ ਕੰਮ ਵੇਲੇ ਉਹਨਾਂ ਨੂੰ ਕਹਾਣੀਆਂ ਵੀ ਸੁਣਾਉਂਦੀ ਜਿਹੜੀਆਂ ਸੱਭ ਨੂੰ ਚੰਗੀਆਂ ਲੱਗਦੀਆਂ। ਇਕ ਵਾਰ ਉਸਨੇ ਦੋ ਹਜ਼ਾਰ ਸਾਲ ਪਹਲਾਂ ਦੀ ਬਾਤ ਪਾਈ। ਜਦੋਂ ਬਾਦਸ਼ਾਹ ਚਿੰਨ ਸਿਹ ਹਵਾਂਗ ਤੀ ਨੇ ਸਾਰੇ ਚੀਨ ਨੂੰ ਇਕੱਠਾ ਕੀਤਾ, ਵੱਡੀ ਦੀਵਾਰ ਬਣਾਈ ਕਨਫੂਸੀਅਸ ਦੀ ਸਿੱਖਿਆ ਦੀ ਭੰਡੀ ਕੀਤੀ, ਲਾਇਬਰੇਰੀਆਂ ਸਾੜ ਦਿੱਤੀਆਂ। ਉਸ ਵੇਲ਼ੇ ਇਕ ਵੱਡਾ ਵਿਦਵਾਨ ਵੀ ਰਾਜ ਵਿੱਚ ਰਹਿੰਦਾ ਸੀ। ਉਸ ਨੇ ਰਾਜੇ ਨੂੰ ਲਾਇਬਰੇਰੀਆਂ ਸਾੜਨ ਤੋਂ ਵਰਜਿਆ ਪਰ ਅਫਸੋਸ ਵਿਦਵਾਨ ਮਾਰ ਦਿੱਤਾ ਗਿਆ। ਪਰ ਸਾਲਾਂ ਵਿੱਚ ਚੀਨ ਦਾ ਰਾਜ ਗਿਰਾਵਟ ਵਿੱਚ ਗਿਰ ਗਿਆ। ਹਵਾਂਗ ਤੀ ਦੇ ਰਾਜ ਦਾ ਅੰਤ ਹੋ ਗਿਆ। ਨਵੇਂ ਰਾਜੇ ਨੇ ਮੁੜ ਕੇ ਕਨਫੂਸੀਅਸ ਦੀ ਸਿੱਖਿਆ ਸਥਾਪਤ ਕੀਤੀ ਅਤੇ ਉੱਜੜੀ ਥੇਹ ਤੇ ਨਵਾਂ ਪਿੰਡ ਵਸਾਇਆ ਇਹ ਪਿੰਡ ਅੱਜ ਵਾਲਾ ਲਰਨਡ ਸਿੰਡਰ ਆਪਣਾ ਪਿੰਡ ਹੈ। ਇਸ ਤੋਂ ਬਾਅਦ ਔਰਤਾਂ ਉਸ ਤੋਂ ਨਵੀਂ ਤੋਂ ਨਵੀਂ ਕਹਾਣੀ ਸੁਣਾਉਣ ਦੀ ਜ਼ਿਦ ਕਰਦੀਆਂ।

ਹੁਣ ਹੂਆ ਦਾ ਵਤੀਰਾ ਵੀ ਬਦਲ ਗਿਆ। ਉਹ ਉਸ ਨਾਲ ਹਮਦਰਦੀ ਭਾਵ ਰੱਖਣ ਲੱਗਿਆ। ਭਾਰੇ ਕੰਮ ਤੋਂ ਰੋਕਦਾ। ਇਕ ਦਿਨ ਉਸ ਨੇ ਡੱਮੀ ਨੂੰ ਆਖਿਆ ਕਿ ਮੁਰਗੀਆਂ ਦੇ ਆਂਡੇ ਉਸ ਨੂੰ ਜ਼ਿਆਦਾ ਦੇ ਦਿਆ ਕਰੇ। ਖੇਤਾਂ ਵਿੱਚ ਬਾਜਰਾ ਓਤੇ ਮੱਕੀ ਪੱਕ ਗਈ ਸੀ। ਉਸ ਨੇ ਸਪਰਿੰਗ ਮੂਨ ਨੂੰ ਆਖਿਆ ਕੇ ਹੋਰ ਕੰਮ ਨਾ ਕਰੇ। ਪਰ ਬਾਜਰੇ ਦੀ ਰਾਖੀ ਜ਼ਰੂਰ ਕਰੇ ਇਕ ਸਫ਼ ਲਿਜਾਕੇ ਖੇਤ ਵਿੱਚ ਬੈਠੀ ਰਵੇ ਅਤੇ ਰੋਟੀ ਪਾਣੀ ਨਾਲ ਲੈ ਜਾਵੇ ਤਾਂ ਕਿ ਕੋਈ ਚੋਰ ਨਾ ਪੈਣ।

"ਜੇ ਚੋਰ ਚੋਰੀ ਕਰਨ ਆ ਲੱਗੇ ਤਾਂ ਮੈਂ ਕੀ ਕਰਨਾ" "ਬਸ ਸਮਝਾ ਬੁਝਾ ਕੇ ਹਟਾ ਦੇਵੀਂ, ਅਖੇ ਅਗਲੇ ਖੇਤਾਂ ਵਿੱਚੋਂ ਕਰ ਲਵੇ ਸਾਡੇ ਨਾ ਕਰੋ। ਜੇ ਕੋਈ ਭੁੱਖਾ ਆਉਂਦਾ ਤਾਂ ਉਸ ਨੂੰ ਖਾਣ ਵਾਸਤੇ ਤਾਂ ਬਾਜਰਾ ਮੱਕੀ ਚਾਹੀਦੀ ਓਂ। ਕਿਸੇ ਨੂੰ ਭੁੱਖੇ ਥੋੜੇ ਮਾਰਨਾ। ਜੇ ਤੂੰ ਖੇਤੀਂ ਬੈਠੀ ਹੋਵੇਂ ਤਾਂ ਚੋਰ ਆਉਂਦੇ ਈ ਨੀ। ਠੰਡ ਉੱਤਰ ਰਹੀ ਸੀ। ਅੱਜ ਸਪਰਿੰਗ ਮੂਨ ਦੇ ਦਰਦਾਂ ਸ਼ੁਰੂ ਹੋਈਆਂ ਅਤੇ ਉਹ ਮੰਜੇ ਤੇ ਲੇਟ ਗਈ। ਪਹਿਲੇ ਜਣੇਪੇ ਵੇਲੇ ਇਉਂ ਨੀ ਸੀ ਹੋਇਆ ਉਹ ਕਰਾਜ ਰਹੀ ਸੀ। ਸੋਚਦੀ ਸ਼ਇਦ ਬੱਚਾ ਆਉਣ ਤੋਂ ਸ਼ਰਮਾਉਂਦਾ ਹੈ ਕਿ ਉਸ ਦਾ ਹੱਕ ਵੀ ਹੈ ਕਿ ਨਹੀਂ ਇਸ ਜੱਗ ਤੇ ਜਨਮ ਲੈਣ ਦਾ। ਦਾਈ ਉਹੜ ਪੁਹੜ ਕਰਦੀ ਰਹੀ। ਸਪਰਿੰਗ ਮੂਨ ਬੇਹੋਸ਼ੀ ਵਿਚ ਚਲੀ ਗਈ। ਜਦੋਂ ਸੁਰਤ ਆਈ ਤਾਂ ਦਾਈ ਘਰ ਦੇ ਅੰਦਰ ਕੱਟਿਆ ਨਾੜੂਆ ਦੱਬ ਰਹੀ ਸੀ। ਸੋਚਿਆ ਮੁੰਡਾ ਹੋਵੇਗਾ, ਜੇ ਕੁਵੀ ਹੁੰਦੀ ਤਾਂ ਨਾੜ ਘਰ ਦੇ ਬਾਹਰ ਦੱਬਿਆ ਜਾਂਦਾ ਹੈ ਕਿਉਂਕਿ ਕੁੜੀ ਨੇ ਤਾਂ ਜਾਣਾ ਹੀ ਬੇਗਾਨਿਆ ਦੇ ਹੁੰਦਾ। ਉਸਨੇ ਵੱਖ ਨਾਲ ਪਏ ਬੰਡਲ ਨੂੰ ਹੱਥ ਮਾਰਿਆ। ਡੱਮੀ ਜੋ ਕੋਲ਼ ਖੜ੍ਹੀ ਸੀ ਉੱਚੀ ਬੋਲ ਪਈ "ਕੁੜੀ ਹੋਈ ਆ, ਕੁੜੀ ਹੋਈ ਆ" ਫਿਰ ਡੱਮੀ ਨੇ ਹੌਲ਼ੀ ਜਿਹੀ ਸਪਰਿੰਗ ਮੂਨ ਦੇ ਕੰਨ ਵਿੱਚ ਆਖਿਆ ਉਵਧਾਈ ਮੁੰਡਾ ਹੋਇਆ, ਪਹਿਲੀ ਗੱਲ ਤਾਂ ਰੱਬ ਨੂੰ ਧੋਖਾ ਦੇਣ ਵਾਸਤੇ ਆਖੀਦੀ ਆ" "ਭੈਣ ਹੂਆ ਧੰਨਵਾਦ ਤੇਰਾ" ਡੱਮੀ ਨੇ ਲਾਗ ਦੇ ਕੇ ਦਾਈ ਨੂੰ ਤੋਰ ਦਿੱਤਾ। ਸਪਰਿੰਗ ਮੂਨ ਦਾ ਦੂਜਾ ਜਣੇਪਾ ਸੀ। ਉਸਦਾ ਕੋਈ ਵੀ ਲਾਗ ਪਾਸ ਨਹੀਂ ਸੀ। ਕੋਈ ਵੀ "ਉਸ ਨੂੰ ਜਨਮੇ ਮੁੰਡੇ ਵਾਸਤੇ ਤੋਹਫ਼ਾ ਦੇਣ ਵਾਲਾ ਨਹੀਂ ਸੀ। ਨਾ ਨਾ ਵਧਾਈਆਂ ਨਾ ਕੋਈ ਸ਼ਗਨ ਨਾ ਰਸਮ। ਕੁੜੀ ਜੋ ਅੱਜ 12 ਸਾਲ ਦੀ ਹੋ ਗਈ ਆ ਉਦੋਂ ਵੀ ਇਵੇਂ ਹੀ ਸੀ।

ਝਣੇਪੇ ਤੋਂ ਚਾਰ ਦਿਨ ਬਾਅਦ ਡੱਮੀ ਸਪਰਿੰਗ ਮੂਨ ਕੋਲ ਖੜ੍ਹੀ ਸੀ। ਦਰਵਾਜੇ ਤੇ ਖਵਕਾਰ ਹੋਇਆ। "ਇਹ ਕੌਣ ਆ ਭੈਣ ਹੁਆ" "ਜੇ ਤੂੰ ਮੰਨੇ ਤਾਂ ਨਿਖੱਟੂ ਮੇਰੇ ਘਰਵਾਲਾ ਹੂਆ ਬੱਚਾ ਦੇਖਣ ਲਈ ਕਈ ਦਿਨਾਂ ਤੋਂ ਤਰਸਦਾ।" "ਹਾਂ ਹਾਂ ਉਸ ਨੂੰ ਆਖ ਆ ਜਾਵੇ" ਉਹ ਵੱਡੇ ਕਦਮ ਪੁੱਟਦਾ ਸਿਰਾਹਣੇ ਆ ਖੜ੍ਹਿਆ। ਉਸ ਨੇ ਨਹਾ ਧੋ ਕੇ ਨਵੇਂ ਕਪੜੇ ਪਾਏ ਹੋਏ ਸਨ। ਅੱਟਣਾ ਭਰੇ ਵੱਡੇ ਵੱਡੇ ਹੱਥ ਉਸਨੇ ਸੁੱਤੇ ਪਏ ਮੁੰਡੇ ਵੱਲ ਵਧਾਏ ਪਰ ਰੁਕ ਗਿਆ "ਅੱਜ ਨੀ ਮੈਂ ਫੇਰ ਆਊਂ, ਕਿਨਾ ਸੋਹਣਾ ਕਿੰਨੀ ਵਧੀਆ ਸਿਹਤ ਆ ਮੁੰਡੇ ਦੀ" ਆਖਦਾ ਬਾਹਰ ਨਿਕਲਣ ਲੱਗਿਆ ਬੋਲਿਆ "ਅਸੀਂ ਕਿਵੇਂ ਤੇਰਾ ਸ਼ੁਕਰਾਨਾ ਕਰੀਏ। ਮੇਰੇ ਤਾਂ ਚਿੱਤ ਚੇਤੇ ਵੀ ਨਹੀਂ ਸੀ ਕਿ ਸਾਡੇ ਘਰ ਵੀ ਇੰਨਾ ਭਾਗਾਂ ਵਾਲਾ ਚਿਰਾਗ ਜਗੂ।" ਸਪਰਿੰਗ ਮੂਨ ਦਾ ਗੱਚ ਭਰ ਆਇਆ ਅਤੇ ਬੱਚੇ ਨੂੰ ਛਾਤੀ ਨਾਲ ਲਾ ਸੋਚਿਆ "ਇਹੀ ਤਾਂ ਬੰਦਾ, ਹੂਆ, ਜਸ ਨੇ ਬੱਚੇ ਦਾ ਬਾਪ ਅਖਵਾਉਣਾ।"

# ਹਰਿਆਣਾ ਦੇ ਕਿਸਾਨਾਂ 'ਤੇ ਪੁਲਿਸ ਲਾਠੀਚਾਰਜ ਦੀ ਸਖਤ ਨਿਖੇਧੀ

ਮੋਦੀ ਹਕੂਮਤ ਦੇ ਇਸ਼ਾਰਿਆਂ ਉੱਪਰ ਨੱਚਦੀ ਹਰਿਆਣਾ ਦੀ ਖੱਟਰ ਹਕੂਮਤ ਵੱਲੋਂ ਕੁਰੂਕਸ਼ੇਤਰ ਦੇ ਕਸਬਾ ਪਿਪਲੀ ਵਿਖੇ ਤਿੰਨ ਖੇਤੀ ਆਰਡੀਨੈਂਸਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਉੱਪਰ ਬੇਤਹਾਸ਼ਾ ਲਾਠੀਚਾਰਜ ਕਰਨ ਦੀ ਇਨਕਲਾਬੀ ਕੇਂਦਰ, ਪੰਜਾਬ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਇਨਕਲਾਬੀ ਕੇਂਦਰ, ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕਿਹਾ ਕਿ ੨੦੧੯ ਦੀਆਂ ਲੋਕ ਸਭਾ ਚੋਣਾਂ ਮੌਕੇ ਕਿਸਾਨਾਂ ਸਮੇਤ ਹੋਰਨਾਂ ਵਰਗਾਂ ਨਾਲ ਤਰ੍ਹਾਂ-ਤਰ੍ਹਾ ਦੇ ਲੋਕ ਲੁਭਾਊ ਵਾਅਦੇ ਕਰਕੇ ਹਕੂਮਤੀ ਗੱਦੀ ਉੱਪਰ ਕਾਬਜ ਹੋਈ ਭਾਜਪਾ ਦੀ ਅਗਵਾਈ ਵਾਲੀ ਮੋਦੀ ਹਕੂਮਤ ਨੇ ਆਪਣੇ ਅਸਲ ਰੰਗ ਵਿਖਾਉਣੇ ਸ਼ੁਰੂ ਕਰ ਦਿੰਤੇ ਹਨ। ਖੇਤੀ ਪ੍ਰਧਾਨ ਮੁਲਕ ਅੰਦਰ ੮੬% ਤੋਂ ਵਧੇਰੇ ਛੋਟੀਆਂ ਜੋਤਾਂ ਵਾਲੇ ਗਰੀਬ ਕਿਸਾਨਾਂ ਨੂੰ ਹੋਰ ਤੇਜੀ ਨਾਲ ਖੇਤੀ ਧੰਦੇ ਵਿੱਚੋਂ ਬਾਹਰ ਧੱਕਣ ਲਈ ਤਿੰਨ ਖੇਤੀ ਆਰਡੀਨੈਂਸ ਜਾਰੀ ਕਰ ਦਿੱਤੇ ਹਨ। ਨਾਲ ਹੀ ਬਿਜਲੀ ਸੋਧ ਬਿਲ-੨੦੨੦ ਲਾਗੂ ਕਰਦਿਆਂ ਰਾਜਾਂ ਦੇ ਅਧਿਕਾਰਾਂ ਦੇ ਗਲ ਅੰਗੂਠਾ ਦੇ ਦਿੱਤਾ ਗਿਆ ਹੈ। ਰੇਲਵੇ, ਜਹਾਜਰਾਨੀ, ਕੋਇਲਾ ਖਾਣਾਂ,ਪੈਟਰੋਲੀਅਮ ਸਮੇਤ ਜਨਤਕ ਖੇਤਰ ਦੇ ਸਾਰੇ ਅਦਾਰੇ ਕਰੋਨਾ ਸੰਕਟ ਦੇ ਬਹਾਨੇ ਅਡਾਨੀਆਂ, ਅੰਬਾਨੀਆ, ਟਾਟਿਆਂ, ਮਿੱਤਲਾਂ ਨੂੰ ਵੇਚਣ ਲਈ ਰਾਹ ਪੱਧਰਾ ਕਰ ਲਿਆ ਹੈ। ਕਿਰਤ ਕਾਨੂੰਨਾਂ ਵਿੱਚ ਕਿਰਤੀਆਂ ਵਿਰੋਧੀ ਸੋਧਾਂ ਕਰਕੇ ਸੰਘਰਸ਼ਾਂ ਦੇ ਜੋਰ ਹਾਸਲ ਕੀਤੇ ਮੂਲ ਅਧਿਕਾਰਾਂ ਦਾ ਭੋਗ ਪਾਇਆ ਜਾ ਰਿਹਾ ਹੈ। ਰਾਜ/ਸੱਤਾ ਦੇ ਸਾਰੇ ਅੰਗ ਵਿਰੋਧ ਦੀ ਲੋਕ ਅਵਾਜ ਨੂੰ ਦਬਾਉਣ ਲਈ ਦੇਸ਼ ਧ੍ਰੋਹ ਦੇ ਕਾਨੂੰਨ ਦੀ ਬੇਦਰਗ ਵਰਤੋਂ ਕਰਕੇ ਬੁੱਧੀਜੀਵੀਆਂ, ਵਕੀਲਾਂ, ਸਮਾਜਿਕ ਕਾਰਕੁਨਾਂ, ਘੱਟ ਗਿਣਤੀਆਂ, ਦਲਿਤ ਚਿੰਤਕਾਂ ਨੂੰ ਲੰਬੇ ਸਮੇਂ ਲਈ ਜੇਲ੍ਹੀਂ ਡੱਕ ਰਹੀ ਹੈ। ਤਿੰਨੋ ਖੇਤੀ ਆਰਡੀਨੈਂਸਾਂ ਵਿਰੁੱਧ ਮੁਲਕ ਪੱਧਰ ਤੇ ੨੫੦ ਤੋਂ ਵਧੇਰੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਆਲ ਇੰਡੀਆ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਸੰਘਰਸ਼ ਦੇ ਮੈਦਾਨ ਵਿੱਚ ਹਨ। ਪਾਰਲੀਮੈਂਟ ਸ਼ੈਸ਼ਨ ਦੇ ਪਹਿਲੇ ਦਿਨ 14 ਸਤੰਬਰ ਜਿੱਥੇ ਬਰਨਾਲਾ ਸਮੇਤ ਚਾਰ ਹੋਰ ਥਾਵਾਂ ਤੇ ਵੱਡੀਆਂ ਕਿਸਾਨ ਲਲਕਾਰ ਰੈਲੀਆਂ ਕੀਤੀਆਂ ਜਾ ਰਹੀਆਂ ਹਨ, ਮੁਲਕ ਪੱਧਰ ਤੇ ਇਸ ਦਿਨ ਦਿੱਲੀ ਪਾਰਲੀਮੈਂਟ ਵੱਲ ਵਿਸ਼ਾਲ ਮਾਰਚ ਵੀ ਕੀਤਾ ਜਾ ਰਿਹਾ ਹੈ। ਹਰ ਥਾਂ ਖੱਟਰ ਹਕੂਮਤ ਦੇ ਜਾਬਰ ਕਿਸਾਨ ਵਿਰੋਧੀ ਫਾਸ਼ੀ ਕਦਮਾਂ ਖਿਲ਼ਾਫ ਅਵਾਜ ਬੁਲੰਦ ਕੀਤੀ ਜਾਵੇਗੀ। ਪੰਜਾਬ ਅੰਦਰ ਦੋ ਮਹੀਨਿਆਂ ਤੋਂ ਕਿਸਾਨ ਸੰਘਰਸ਼ਾਂ ਦਾ ਅਖਾੜਾ ਮਘਿਆ ਹੋਇਆ ਹੈ। ਹਰਿਆਣਾ ਦੇ ਕਿਸਾਨਾਂ ਨੇ ਜਦ ਇਨ੍ਹਾਂ ਆਰਡੀਨੈਂਸਾਂ ਦਾ ਵਿਰੋਧ ਕਰਨ ਲਈ ਮੁੱਢ ਬੰਨਣਾ ਸ਼ੁਰੂ ਕੀਤਾ ਤਾਂ ਹਰਿਆਣਾ ਦੀ ਹਕੂਮਤੀ ਮਸ਼ੀਨਰੀ ਡੰਡੇ ਦੇ ਜੋਰ ਸੰਘਰਸ਼ ਨੂੰ ਕੁਚਲਣ ਦੇ ਰਾਹ ਪੈ ਤੁਰੀ ਹੈ। ਖੱਟਰ ਹਕੂਮਤ ਦੇ ਕਿਸਾਨ ਸੰਘਰਸ਼ ਨੂੰ ਬਹਾਨੇ ਚੁੱਕੇ ਗਏ ਜਾਬਰ ਫਾਸ਼ੀ ਕਦਮ ਸੰਘਰਸ਼ ਦੀ ਧਾਰ ਨੂੰ ਕਦਾਚਿਤ ਵੀ ਰੋਕ ਨਹੀਂ ਸਕਣਗੇ। ਖੱਟਰ ਹਕੂਮਤ ਦਾ ਜਾਬਰ ਹੱਲਾ ਠੱਲਣ ਲਈ ਮੁਲਕ ਪੱਧਰ ਦੀਆਂ ਇਨਕਲਾਬੀ ਜਮਹੂਰੀ ਜਨਤਕ ਇਨਸਾਫਪਸੰਦ ਜਥੇਬੰਦੀਆਂ ਵਿਆਪਕ ਘੇਰੇ ਵਾਲੀ ਅਵਾਜ ਬੁਲੰਦ ਕਰਨ ਦੀ ਲੋੜ ਤੇ ਆਗੂਆਂ ਨੇ ਜੋਰ ਦਿੱਤਾ।

## ਗੂਗਲ ਰੋਗ

ਗੂਗਲ ਰੋਗ ਲਾਇਆ ਗੁਗਲੀਆਂ-ਮੁਗਲੀਆਂ ਨੂੰ
ਕੀਤੇ ਦਰ ਸਕੂਲਾਂ ਦੇ ਬੰਦ ਮੀਆਂ
ਸਾਜਸ਼ "ਗੁਰੂ" ਦੀ ਹੋਂਦ ਮਿਟਾਵਣੇ ਦੀ
ਕੱਢੇ ਸਿੱਖਿਆ ਦੇ ਨਵੇਂ ਢੰਗ ਮੀਆਂ

ਤਾਲ਼ਾਬੰਦੀ ਨੇ ਸਭ ਤਪਾਅ ਛੱਡੇ
ਹੋ ਗਈ ਜ਼ਿੰਦਗੀ ਹੋਰ ਵੀ ਤੰਗ ਮੀਆਂ
ਚਿੰਤਾ ਰੋਟੀ ਦੀ ਗੁੱਲ ਦਿਹਾੜੀਆਂ ਨੇ
ਬੱਚੇ ਕਰਨ ਮੋਬਾਇਲ ਦੀ ਮੰਗ ਮੀਆਂ

ਮੱਝ ਵੇਚ ਮਬਾਇਲ ਖਰੀਦ ਲਿੱਤਾ
ਹੋ ਗਏ ਦੁੱਧ ਖੁਣੋਂ ਹੁਣ ਤੰਗ ਮੀਆਂ
ਪੜ੍ਹਾਈ ਕਾਹਦੀ ਹੈ ਆਨਲਾਈਨ ਹੋਈ
ਸਾਡੇ ਵਿਗੜ ਚੱਲੇ ਫ਼ਰਜ਼ੰਦ ਮੀਆਂ

ਝਾਕ ਲੋਕਾਂ ਨੂੰ ਕੌਮ ਨਿਰਮਾਤਿਆਂ ਤੋਂ
ਨਵਾਂ ਦੇਣ ਕੋਈ ਸੋਝੀ ਨੂੰ ਰੰਗ ਮੀਆਂ
ਹੱਥੀਂ ਡਿਗਰੀਆਂ ਤਾਂ ਭਾਵੇਂ ਬਥੇਰੀਆਂ ਨੇ
ਐਪਰ ਅਕਲਾਂ ਦੇ ਕਈ ਨੇ ਨੰਗ ਮੀਆਂ

ਆਫ਼ਤ ਜਿੰਨ੍ਹਾਂ ਲਈ ਓਹੀ ਵਕੀਲ਼ ਬਣ ਗਏ
ਝੜ ਗਏ ਲਿਆਕਤਾਂ ਦੇ ਨੇ ਖੰਭ ਮੀਆਂ
ਓਸੇ ਟਾਹਣੇ ਨੂੰ ਵੱਢੀ ਜਾਂਵਦੇ ਨੇ
ਧਰੀ ਬੈਠੇ ਜਿਸ ਉੱਤੇ ਟੰਗ ਮੀਆਂ

ਏਸ ਗੁਫ਼ਾ ਵਿੱਚ ਪਸਰੇ ਨੇਰ੍ਹ ਤਾਈਂ
ਕਦੇ ਮਾਰਨਾ ਚਾਨਣੇ ਡੰਗ ਮੀਆਂ
ਇਹ ਸੱਚ ਹੈ ਓੜਕਾਂ ਮੁੱਦਤਾਂ ਦਾ
ਸੁੱਟਣੀ ਲੋਕਾਂ ਬੁਰਾਈ ਦੀ ਕੰਧ ਮੀਆਂ

**ਲੈਕ. ਗੁਰਮੇਲ ਸਿੰਘ ਭੁਟਾਲ਼**
9417759042

## .ਗ਼ਜ਼ਲ

ਲੜਾਂਗੇ ਜਾਂ ਮਰਾਂਗੇ, ਹੱਕਾਂ ਦੀ ਰਾਖੀ ਕਰਾਂਗੇ
ਤੂੰ ਖੋਹਣੀ ਚਾਹੁੰਦਾ ਜਮੀਨ ਸਾਡੀ, ਨਹੀਂ ਜਰਾਂਗੇ।

ਅਸੀਂ ਖਪੇ ਔਖੇ ਹੋਏ ਤੇ ਟਿੱਬੇ ਪੱਧਰ ਕੀਤੇ,
ਹਾਕਮ ਸਾਰੇ ਵੇਚਣ ਲੱਗੇ, ਲੜਾਂਗੇ ਤਾਂ ਬਚਾਂਗੇ।

ਨਵੇਂ ਕਾਨੂੰਨ ਲੈ ਆਏ, ਸਾਡੇ ਗਲ ਵਿਚ ਰੱਸੇ ਪਾਏ
ਇਕ ਹੋਕੇ ਰੱਦ ਕਰਾਉਣੇ, ਲੜਾਂਗੇ ਤੇ ਰੱਦ ਕਰਾਂਗੇ।

ਅਸੀਂ ਮਾਰਾਂਗੇ ਬੰਨ ਛੂਕਦੇ ਦਰਿਆਵਾਂ ਨੂੰ ਵੀ,
ਮੰਨਿਆ ਦੁਸ਼ਮਣ ਡਾਢਾ ਤਕੜਾ, ਪਰ ਨਹੀਂ ਡਰਾਂਗੇ।

ਨਹੀਂ ਕਮਜ਼ੋਰ ਹੋਏ ਏਨੇ ਕਿ ਬੈਠੇ ਹੀ ਡੋਲ ਜਾਈਏ,
ਹਜੇ ਤਾਕਤ ਹੈ ਬਾਕੀ, ਅਸੀਂ ਲੜਾਂਗੇ ਤੇ ਖੜਾਂਗੇ।

ਤੂੰ ਸੋਚੇਂ ਕਿ ਤੇਰਾ ਦਬਕਾ ਤੇ ਸਾਥੋਂ ਖੋਹ ਲਵੇਂਗਾ ਸਭ,
ਹੈ ਹਿੰਮਤ ਤਾਂ ਚੁਣੌਤੀ ਕਬੂਲ ਕਰ, ਅਸੀਂ ਲੜਾਂਗੇ।



**- ਬਲਵਿੰਦਰ ਸਿੰਘ (ਸੋਨੀ)**

## ਆਜ਼ਾਦੀ ਦਿਵਸ 15 ਅਗਸਤ 1947

ਤੈਨੂੰ ਅਜੇ ਤਕ ਇਨਸਾਫ ਨਾ ਮਿਲ ਸਕਿਆ ਏ
ਤੇਰੇ ਅੱਲ੍ਹੇ ਜਖਮਾ ਨੂੰ ਨਾ ਕੋਈ ਸਿਲ ਸਕਿਆ ਏ
ਆਜ਼ਾਦ ਪਰਿੰਦਾ ਬਣ ਗਿਆ ਭਾਵੇ ਵਿੱਚ ਕਾਗਜ਼ੀ
ਬਿਨ੍ਹਾ ਹੁਕਮਾਂ ਦੇ ਪਰ ਕੋਈ ਫੁੱਲ ਨਾ ਖਿਲ ਸਕਿਆ ਏ
ਸੁਣਿਆ ਤੇਰੇ ਵਸਨੀਕ ਅੱਜ ਆਜ਼ਾਦੀ ਦਿਵਸ ਬਣਾਉਣਗੇ
ਕੁਝ ਰੰਗਾ-ਰੰਗ ਪ੍ਰੋਗਰਾਮ ਤੇ ਗੀਤ ਖ਼ੁਸ਼ੀ ਦੇ ਗਾਉਣਗੇ
ਜੋ ਵਿਛੜਗੇ ਸੀ ਪਰਿਵਾਰ ਆਪਣੇ ਤੋ ਵੰਡ 47 ਵੇਲੇ
ਦੱਸ ਉਹ ਹੱਸਦੇ ਚੇਹਰੇ ਕਿੱਥੋਂ ਖਰੀਦ ਲਿਆਉਣਗੇ
ਰਜਨੀਸ਼ ਤਦ ਆਜ਼ਾਦੀ ਦਿਵਸ ਬਣਾਵੇਗਾ
ਜਦ ਕੋਈ ਲੁੱਟ ਕੇ ਨਾ ਤੈਨੂੰ ਖਾਵੇਗਾ
ਹਿੰਦੂ, ਮੁਸਲਿਮ, ਸਿੱਖ ਨੂੰ ਛੱਡ ਕੇ
ਜਦ ਕੋਈ ਪੰਜਾਬ ਇੱਕ ਕਰ ਦਿਖਾਵੇਗਾ



**ਰਜਨੀਸ਼ ਗਰਗ**
90412-50087

*(ਡਾ. ਲੋਕ ਰਾਜ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਮੰਨੀ ਪ੍ਰਮੰਨੀ ਸ਼ਖਸ਼ੀਅਤ ਹਨ। ਮਾਨਸਿਕ ਰੋਗਾਂ ਦੀ ਮੁਹਾਰਤ ਨਾਲ ਉਹ ਇੰਗਲੈਂਡ ਦੀਆਂ ਨੈਸ਼ਨਲ ਹੈਲਥ ਸੇਵਾਵਾਂ ਵਿੱਚ ਸੇਵਾ ਨਿਭਾ ਰਹੇ ਹਨ।)*

1.
ਛਾਪ ਕਲੰਡਰ ਵੇਚਦੇ, ਸਭ ਕੁਝ ਆਪਣੇ ਭਾਅ
ਬਾਬੇ ਨਾਨਕ ਹੱਥ ਵੀ, ਮਾਲਾ ਦੇਣ ਫੜਾਅ

ਕਿਧਰੋਂ ਐਸੀ ਵਗ ਪਈ, ਚੱਕਰਵਾਤੀ ਵਾਅ
ਜਿੰਨਾ ਕੂੜਾ ਹੂੰਝੀਏ, ਮੁੜ ਮੁੜ ਜਾਂਦਾ ਆ

ਬਾਬਾ ਤੇਰੀ ਸਿੱਖਿਆ, ਵੇਚ ਕੇ ਖਾ ਗਏ ਲੋਕ
ਆਪੇ ਆ ਕੇ ਬਹਿ ਗਿਆ, ਬੋਲ੍ਹ ਦੀ ਰਾਖੀ ਬੋਕ

ਰਾਜੇ ਅਤੇ ਮੁਕੱਦਮਾਂ, ਗੰਢ ਲਈ ਭਾਗੋ ਨਾਲ
ਪੰਜ ਕੁ ਸਦੀਆਂ ਬਾਅਦ ਵੀ, ਲਾਲੋ ਓਸੇ ਹਾਲ

ਬਾਬਾ ਤੇਰੇ ਪੰਥ ਦਾ, ਚੋਰਾਂ ਮੱਲਿਆ ਰਾਹ
ਥਾਂ ਥਾਂ ਉੱਤੇ ਬਹਿ ਗਏ, ਆਪਣੀ ਚੁੰਗੀ ਲਾ

ਬਾਬੇ ਰਾਹ ਦਿਖਾਲਿਆ, ਤੁਰਨਾ ਪੈਣਾ ਆਪ
ਐਸੇ ਰਸਤੇ ਜੋ ਚਲੇ, ਜਗ ਢੂੰਡੇ ਪਦ-ਚਾਪ

2.
ਅੱਜ ਦੇ ਰਾਵਣ ਵਧਦੇ ਜਾਵਣ
ਲਖਾਂ ਸਿਰ ਨੇ ਵੱਡੀ ਧਿਰ ਨੇ
ਰਾਮ ਧਿਆਉਂਦੇ ਮਸਜਿਦ ਢਾਹੁੰਦੇ
ਫਿਰ ਵਣ ਸੀਤਾ ਕੋਈ ਨਾ ਮੀਤਾ
ਵਾਨਰ ਸੁੱਤੇ ਢਿੱਡਾਂ ਉੱਤੇ
ਸ਼ੀਸ਼ ਝੁਕਾਉਂਦੇ ਪੂਛ ਹਿਲਾਉਂਦੇ
ਵੋਟਾਂ ਪਾਵਣ ? ਫਿਰ ਸੌਂ ਜਾਵਣ

3.
ਚੁੱਪ ਫੈਲੀ ਹੈ ਚਾਰ ਚੁਫੇਰੇ
ਨਾ ਵੱਸ ਤੇਰੇ, ਨਾ ਵੱਸ ਮੇਰੇ

ਸੁੰਨੀਆਂ ਗਲ਼ੀਆਂ, ਖਾਲ਼ੀ ਸੜਕਾਂ
ਸੁੰਨੀਆਂ ਸੱਥਾਂ, ਉੱਜੜੇ ਡੇਰੇ

ਅੰਦਰ ਭੁੱਖ ਹੈ ਬਾਹਰ ਦੁੱਖ ਹੈ
ਬਹਿ ਸਰਦਲ ਤੇ ਅੱਥਰੂ ਕੇਰੇ

ਦੇਖਣ ਆਉਂਦੇ, ਕਿੱਥੇ ਬੰਦਾ
ਚੀਤੇ, ਬਾਂਦਰ, ਮੋਰ, ਬਟੇਰੇ

ਲਾਠੀ-ਚਾਰਜ, ਡੰਡ, ਬੈਠਕਾਂ
ਜਿਓਂ ਕਾਂਵਾਂ ਨੇ ਉੱਲੂ ਘੇਰੇ

ਤੂੰ ਵੀ ਲਾ ਲੈ ਜ਼ੋਰ ਕਰੋਨੇ
ਪਹਿਲਾਂ ਹੀ ਸਨ ਕਾਲ਼ ਬਥੇਰੇ

ਜੀਵਨ ਦੀ ਲੋਅ ਫਿਰ ਫੈਲੇਗੀ
ਸਦਾ ਨਾ ਰਹਿੰਦੇ ਘੁੱਪ ਹਨੇਰੇ

4.
### ਸਰਹੱਦਾਂ
ਕਿਸੇ ਸ਼ੈਤਾਨੀ
ਤੇ ਲੋਭੀ ਮਨ ਅੰਦਰ
ਪਣਪਦੀ ਹਿਰਸ
ਕਾ.ਗਜ਼ ਤੇ ਉੱਤਰਦੀ ਹੈ
ਧਰਤੀ ਦੇ ਕਿਸੇ ਅਭਾਗੇ ਟੁਕੜੇ ਤੇ
ਸਾਕਾਰ ਹੁੰਦੀ ਹੈ
ਤਾਂ ਸਰਹੱਦ ਦਾ ਜਨਮ ਹੁੰਦਾ ਹੈ
ਸ਼ੈਤਾਨੀ ਮਨ ਦਾ ਵਿਕਾਰ
ਬਣਾ ਦਿੱਤਾ ਜਾਂਦਾ ਹੈ ਜਨੂਨ
ਨਾਸਮਝ ਦਿਲਾਂ ਵਾਸਤੇ
ਲੋੜਾਂ ਮਾਰੇ ਢਿੱਡ
ਮਜਬੂਰ ਕਰ ਦਿੱਤੇ ਜਾਂਦੇ ਨੇ
ਇਸ ਦੀ ਰਖਵਾਲੀ ਕਰਨ ਲਈ
ਇਹ ਸ਼ੈਤਾਨੀ ਸਰਪ-ਲੀਹ
ਪੀਂਦੀ ਹੈ ਖ਼ੂਨ ਫਿਰ
ਦੋਵੇਂ ਪਾਸੇ ਕਤਾਰਾਂ ਬੰਨ੍ਹ ਖੜੇ ਢਿੱਡਾਂ ਦਾ
ਇਸ ਸਰਪ-ਲੀਹ ਦੇ ਦੋਵੇਂ ਪਾਸੇ
ਖਿੱਲਰੇ ਹੋਏ ਲਹੂ ਦੇ ਛਿੱਟੇ
ਕਦੇ ਤਮਗਿਆਂ ਨਾਲ ਢਕੇ ਜਾਂਦੇ ਨੇ
ਤੇ ਕਦੇ ਵੋਟਾਂ ਦੀਆਂ ਪਰਚੀਆਂ ਨਾਲ
ਲੋੜਾਂ ਮਾਰੇ ਢਿੱਡਾਂ ਦੀ
ਅਗਲੀ ਫਸਲ ਤਿਆਰ ਹੋਣ ਤੱਕ
ਪਤਾ ਨਹੀਂ ਕਦੋਂ ਸਮਝਣਗੇ ਢਿੱਡ
ਕਿ ਕਿਸ ਨੂੰ ਲੋੜ ਹੈ ਆਖ਼ਿਰ
ਇਨ੍ਹਾਂ ਸਰਹੱਦਾਂ ਦੀ!



**ਡਾ. ਲੋਕ ਰਾਜ**
**ਮਿਲਟਨ ਕੀਨਸ**
**(ਇੰਗਲੈਂਡ)**

## ਪਲਸ ਮੰਚ ਦਾ ਹੋਕਾ:



ਰੰਗ ਮੰਚ ਦਿਹਾੜਾ, ਇੰਜ ਮਨਾਈਏ ਲੋਕਾਂ
ਗੁਰਸ਼ਰਨ ਭਾਅ ਜੀ ਦੇ ਵਿਛੋੜੇ ਦਾ ਦਿਹਾੜਾ
ਉਹਨਾਂ ਦੇ ਰੰਗ ਮੰਚ ਨੂੰ ਮਿਲਣ ਦਾ ਦਿਹਾੜਾ

ਕਿਸਾਨ ਮੋਰਚਿਆਂ ਦੀ ਗੂੰਜ 'ਚ ਸ਼ਾਮਿਲ ਹੈ
ਧਮਕ ਨਗਾਰੇ ਦੀ
ਇਹ ਲ਼ਹੂ ਕਿਸਦਾ ਹੈ
ਇਨਕਲਾਬ ਜ਼ਿੰਦਾਬਾਦ

ਔਰਤਾਂ ਦੇ ਕਾਫ਼ਲਿਆਂ ਚ ਗਰਜਦੀ ਹੈ
ਬੇਗਮੋਂ ਦੀ ਧੀ
ਜੇਲ੍ਹਾਂ ਵਿੱਚ ਡੱਕੇ ਬੁੱਧੀਜੀਵੀਆਂ ਦੇ ਬੁੱਲਾਂ ਤੇ ਹੈ

ਤੂੰ ਖ਼ੁਦਕੁਸ਼ੀ ਕਰੇਂਗਾ
ਅਸੀਂ ਸ਼ਹੀਦ ਹੋਵਾਂਗੇ

ਦਲਿਤਾਂ ਦੇ ਪਿੰਡਿਆਂ ਤੇ
ਛਮਕਾਂ ਦੀ ਮਾਰ ਬਿਆਨ ਕਰਦੀ ਹੈ
ਵੱਢ- ਖਾਣੇਂ ਪ੍ਰਬੰਧ ਨੇ ਹਾਸ਼ੀਏ ਤੋਂ ਵੀ ਪਾਰ ਧੱਕ ਦਿੱਤਾ ਹੈ

ਮੋਚੀ ਦਾ ਪੁੱਤ
ਬਾਬਾ ਬੋਲਦਾ ਹੈ

ਉਦੋਂ ਤੱਕ ਲੜਾਂਗੇ ਸਾਥੀ
ਜਦੋਂ ਤੱਕ ਰਾਜ ਨਹੀਂ ਕਰੇਗਾ
ਬੇਗਮਪੁਰਾ ਦਾ ਵਾਸੀ ।

ਚੰਦਰੇ ਮੌਸਮ ਨੂੰ ਬਸੰਤ ਚ ਬਦਲਣ ਲਈ ਭਾਅ ਜੀ ਦਾ
ਰੰਗ ਮੰਚ ਆਪਣੇ ਅੰਦਾਜ਼ ਬਦਲਦਾ ਰਿਹਾ ਉਸੇ ਤਰ੍ਹਾਂ
ਬਰਨਾਲਾ ਦਾਣਾ ਮੰਡੀ ਦਾ ਪੰਡਾਲ ਫੈਲ ਗਿਆ ਹੈ :
ਪਿੰਡ ਪਿੰਡ, ਗਲੀ ਗਲੀ, ਘਰ ਘਰ
ਬਾਦਲਾਂ ਦੇ ਬਾਰ ਮੂਹਰੇ
ਕੈਪਟਨ ਦੇ ਬਾਰ ਮੂਹਰੇ
ਹਰੀਕੇ ਪੱਤਣ ਦੇ ਪੁਲ ਤੇ
ਜਲ੍ਹਿਆਂਵਾਲਾ ਬਾ.ਗ ਤੋਂ ਸ਼ਾਹੀਨ ਬਾ.ਗ
ਖਟਕੜ ਕਲਾਂ
ਹੁਸੈਨੀਵਾਲਾ
ਬਾਬਾ ਬਕਾਲਾ
ਨਵਾਂ ਸ਼ਹਿਰ ਚੰਡੀਗੜ੍ਹ
ਪ੍ਰੋ. ਅਜਮੇਰ ਸਿੰਘ ਔਲਖ ਦੇ ਰੰਗ ਮੰਚ ਨਗਰ।

ਬਾਬਾ ਸੋਹਨ ਸਿੰਘ ਭਕਨਾ ਦੀਆਂ ਦੇਸ਼ ਬਦੇਸ਼ ਛਪੀਆਂ ਅਮਿਟ ਪੈੜਾਂ ਤੋਂ ਥਾਂ ਥਾਂ ਸਰਗਰਮ
ਰੰਗ ਮੰਚੀ ਅਤੇ ਗੀਤ ਸੰਗੀਤ ਦੀਆਂ ਟੋਲੀਆਂ ਤੱਕ।
ਅਮਰੀਕਾ, ਕਨੇਡਾ, ਇੰਗਲੈਂਡ, ਨਿਊਜ਼ੀਲੈਂਡ ਨਾਰਵੇ, ਆਸਟ੍ਰੇਲੀਆ ਦਿੱਲੀ ਤੇ ਲਾਹੌਰ

ਭਾਅ ਜੀ ਤੁਸੀਂ ਹਲੂਣਿਆਂ ਕਰਦੇ ਸੀ :

" ਜਦੋਂ ਬੁੱਢੇ ਬਾਬੇ ਰੇਲਵੇ ਲਾਈਨਾਂ ਤੇ ਸਿਰ ਰੱਖਕੇ
ਸੰਘਰਸ਼ ਕਰਦੇ ਨੇ ਮੈਂ ਪੁੱਛਣਾ ਕਿ
ਪੰਜਾਬ ਦੀ ਜੁਆਨੀ ਕਿੱਥੇ ਹੈ"

ਇਹ ਵੇਖੋ ਭਾਅ ਜੀ
ਤੁਹਾਡੇ ਬੋਲਾਂ ਦੀ ਜ਼ਮੀਨ 'ਚ
ਜੁਆਨੀ ਦੀ ਫ਼ਸਲ ਝੂਮਦੀ ਹੈ
ਗੀਤ ਗਾਉਂਦੀ ਹੈ
ਨੱਚਦੀ ਤੇ ਲਹਿਰਾਉਂਦੀ ਹੈ ।

ਭਾਅ ਜੀ
ਤੁਸੀਂ ਹਰ ਸਟੇਜ ਸ਼ਹੀਦ ਭਗਤ ਸਿੰਘ ਦੀ ਘੋੜੀ ਨਾਲ਼ ਸ਼ੁਰੂ ਕਰਿਆ ਕਰਦੇ ਸੀ
ਅਸੀਂ ਜਦੋਂ ਅੱਜ ਅਤੇ ਭਲਕੇ ਵੀ
ਸ਼ਹੀਦ ਦੀ ਘੋੜੀ ਮੰਚ ਤੋਂ ਗਾਵਾਂਗੇ ਤੁਸੀਂ ਹਮੇਸ਼ਾਂ
ਸਾਡੀ ਅਗਵਾਈ ਕਰੋਗੇ ।

ਅਸੀਂ ਸੁਪਨਿਆਂ ਨੂੰ ਲੋਰੀ ਨਹੀਂ ਦਿਆਂਗੇ
ਦਹਿਕਦੇ ਅੰਗਿਆਰਾਂ ਤੇ ਸਉਂਦੇ ਰਹੇ ਨੇ ਲੋਕ
ਸ਼ੁਰੂ ਕਰਨ ਵੇਲੇ ਤੁਸੀਂ ਗਰਜਿਆ ਕਰਦੇ ਸੀ :

ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ ।

ਭਾਅ ਜੀ ਅਤੇ ਸਾਡੇ ਸਾਥੀ
ਅਸੀਂ ਲੜਾਂਗੇ ਸਾਥੀ
ਅਸੀਂ ਤੁਹਾਡੇ ਬੋਲ ਇਹਨਾਂ ਬੋਲਾਂ ਨਾਲ ਬੁਲੰਦ ਕਰਾਂਗੇ
ਛੱਟਾ ਚਾਨਣਾ ਦਾ ਦੇਈ ਜਾਣਾ ....

ਖਾਲਸਾ ਨਿਵਾਸ਼ ਅੰਮ੍ਰਿਤਸਰ
ਹੁਣ ਲੋਕਾਂ ਦੇ ਮੋਰਚਿਆਂ
ਰੰਗ ਮੰਚ ਅਤੇ ਘੋਲਾਂ ਵਿਚ ਨਿਵਾਸ਼ ਕਰ ਗਿਆ ।
ਖਾਲਸਾ ਨਿਵਾਸ਼ ਨੇ 38 ਸਾਲ ਪਹਿਲਾਂ ਗੀਤ ਗਾਇਆ ਸੀ ਉਹ ਇੱਕ ਦਿਨ ਹਕੀਕਤ ਬਣੇਗਾ:

ਦਿੱਲੀ ਦੀ ਹਕੂਮਤੇ
ਨੀ ਲੋਕਾਂ ਦੀਏ ਵੈਰਨੇ
ਲੋਕ ਹੜ੍ਹ ਲੈਜੂਗਾ ਹੜ੍ਹਾ ....

ਸੂਬਾ ਕਮੇਟੀ, ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ)

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# PIONEER FINANCIAL SERVICES

# TRUCK LOANS

Low Interest Rates, Fast Approval




## PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

## Monarch
INSURANCE BROKERS

# TRUCK INSURANCE

BEST INSURANCE RATES IN ALBERTA

CALL: 587-832-1208

HOMELIFE SILVERCITY
REALTY INC.,BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 600 REALTORS
HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.